# ਵਿਅੰਗ-ਵਢਾਂਗਾ

(ਕਾਵਿ-ਸੰਗ੍ਰਹਿ)

ਸ਼ੇਰ ਸਿੰਘ ਕੰਵਲ

ਪੇਸ਼ਕਸ਼

ਰਘਬੀਰ ਰਚਨਾ ਪ੍ਰਕਾਸ਼ਨ

ਸਹਿਯੋਗ : ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ:)

**Viang Vadhanga**
(Poetry)

by : Sher Singh Kanwal
12016N 36th. Street
Phoenix AZ85028, U.S.A.
Phone : 602-482-2276

Title designed by T. Singh

ISBN : 978-81-7914-476-3

Edition : 2012

Price : Rs. 270

© Author

**Published by :**
Tarlochan Publishers
3236, Sector 15-D, Chandigarh
Mob. 98786 03236, 98146 73236
E-mail : tarlochanpublishers@yahoo.co.in

**Branch :** CB-67, DDA Flats, Hari Nagar, New Delhi

---

**ਵਿਅੰਗ ਵਢਾਂਗਾ** (ਕਾਵਿ-ਸੰਗ੍ਰਹਿ), ਲੇਖਕ : ਸ਼ੇਰ ਸਿੰਘ ਕੰਵਲ
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਛਾਪਕ** : ਮੋਨਾ ਐਂਟਰਪ੍ਰਾਈਜ਼ਜ, ਦਿੱਲੀ

ਵਿਅੰਗ ਦੇ ਪ੍ਰਸ਼ੰਸਕ ਉਹਨਾਂ ਪਾਠਕਾਂ ਦੇ ਨਾਂ

ਜਿਹਨਾਂ ਦੇ ਪਿਆਰੇ ਬੋਲ

ਮੈਨੂੰ ਹਮੇਸ਼ਾ ਪ੍ਰੇਰਨਾ ਦੀ ਝੱਲ ਮਾਰਦੇ ਰਹੇ।

## ਲੇਖਕ ਦੀਆਂ ਹੋਰ ਰਚਨਾਵਾਂ :

**ਕਾਵਿ-ਸੰਗ੍ਰਹਿ :**

* ਪੱਥਰ ਦੀ ਅੱਖ (1970)
* ਗੁਲਾਬ ਫ਼ਾਨੂਸ ਤੇ ਬਰਫ਼ (1977)
  (ਭਾਈ ਵੀਰ ਸਿੰਘ ਪੁਰਸਕਾਰ ਵਿਜੇਤਾ)
* ਆਨੰਦਪੁਰ ਬਨਾਮ ਦਿੱਲੀ (1977)
* ਮੋਹ ਮਹਿਲ (1981)
* ਸੰਦਲੀ ਰੁੱਤ (2006)
* ਮਿੱਟੀ ਦੇ ਮੋਰ (2006)
* ਹੱਸਦੇ ਹੱਸਦੇ ਜਾਂਦੇ ਜਾਂਦੇ (2009)
* ਕੇਸਗੜ੍ਹ ਦੇ ਕਿੰਗਰੇ (2011)
* ਚੀਨੇ ਕਬੂਤਰ (2011)
* ਕੱਚ ਦੀਆਂ ਮੁੰਦਰਾਂ (2012)
* ਵਿਅੰਗ-ਵਢਾਂਗਾ (2012)

**ਗ਼ਜ਼ਲ-ਸੰਗ੍ਰਹਿ :**

* ਕਾਸ਼ਨੀ ਦੇ ਫੁੱਲ (2003)
  (ਸਰਵ-ਸ੍ਰੇਸ਼ਠ ਪੁਸਤਕ ਪੁਰਸਕਾਰ ਪ੍ਰਾਪਤ)

**ਵਾਰਤਕ :**

* ਰਾਜ ਕਰੇਗਾ ਖਾਲਸਾ
* ਮੇਲ-ਮੁਲਾਕਾਤਾਂ ਤੇ ਮੁਹਾਂਦਰੇ (2009)

**ਛਪਣ ਹਿਤ :**

* ਢਾਈ ਪੱਤ ਮੱਛਲੀ ਦੇ (ਚੋਣਵੀਂ ਕਵਿਤਾ)
* ਪੰਜਾਬ ਦੇ ਮੇਲੇ
* ਕਿੱਸਾ ਪ੍ਰਦੇਸੀ ਰਾਂਝਣ

# ਜੀਵਨ ਬਿਉਰਾ

| | | |
|---|---|---|
| ਨਾਮ | : | ਸ਼ੇਰ ਸਿੰਘ ਕੰਵਲ |
| ਜਨਮ | : | 15 ਦਸੰਬਰ, 1943 |
| ਜਨਮ ਸਥਾਨ | : | ਤਲਵੰਡੀ ਮੱਲ੍ਹੀਆਂ, ਜ਼ਿਲ੍ਹਾ ਫਿਰੋਜ਼ਪੁਰ (ਹੁਣ ਮੋਗਾ) |
| ਵਿੱਦਿਅਕ ਯੋਗਤਾ | : | ਐਮ.ਏ. |
| ਪਿਤਾ | : | ਸਰਦਾਰ ਚੰਨਣ ਸਿੰਘ ਬਾਸੀ |
| ਮਾਤਾ | : | ਸਰਦਾਰਨੀ ਸ਼ਾਮ ਕੌਰ |
| ਪਤਨੀ | : | ਸਰਦਾਰਨੀ ਸਤਵੰਤ ਕੌਰ |
| ਬੱਚੇ | : | ਹਰਿਸਿਮਰਨ ਕੌਰ (ਬੇਟੀ)<br>ਹਰਿਕੀਰਤ ਸਿੰਘ (ਬੇਟਾ) |

• ਖੇਤੀਬਾੜੀ ਵਿਭਾਗ 'ਚ ਕੰਮ ਕਰਨ ਉਪਰੰਤ ਬੀ.ਐਡ. ਕਰਕੇ ਕੁਝ ਸਕੂਲਾਂ 'ਚ ਥੋੜ੍ਹੇ ਅਰਸੇ ਲਈ ਨੌਕਰੀ ਕਰਕੇ ਕੁਝ ਸਮਾਂ ਗੌਰਮਿੰਟ ਕਾਲਜ ਟਾਂਡਾ, ਗੌਰਮਿੰਟ ਕਾਲਜ ਕਰਮਸਰ ਤੇ ਮਗਰੋਂ ਮੁਖੀ ਪੰਜਾਬੀ ਵਿਭਾਗ ਗੁਰੂ ਨਾਨਕ ਕਾਲਜ ਮੋਗਾ ਹੁੰਦਿਆਂ ਨੌਕਰੀ ਛੱਡ ਕੇ 1980 'ਚ ਅਮਰੀਕਾ ਨਿਵਾਸ।

• 1964 'ਚ ਰੋਜ਼ਾਨਾ 'ਨਵੀਂ ਪ੍ਰਭਾਤ' ਕਲਕੱਤਾ ਦੀ ਸਬ-ਐਡੀਟਰੀ ਨਾਲ ਪੰਜਾਬੀ ਪੱਤਰਕਾਰੀ 'ਚ ਪ੍ਰਵੇਸ਼ ਕਰਕੇ ਦੇਸ਼-ਵਿਦੇਸ਼ 'ਚ ਵਿਚਰਦਿਆਂ ਪੰਜਾਬੀ ਪੱਤਰਾਂ ਲਈ ਨਿਰੰਤਰ ਲਿਖਿਆ ਤੇ 1985 'ਚ ਕੈਲੇਫ਼ੋਰਨੀਆਂ (ਅਮਰੀਕਾ) ਤੋਂ ਪਹਿਲਾ ਸਾਹਿਤਕ ਪੰਜਾਬੀ ਮਾਸਿਕ ਪੱਤਰ 'ਜਾਗੋ' ਪ੍ਰਕਾਸ਼ਿਤ ਕਰਨਾ ਆਰੰਭ ਕੀਤਾ। ਕਵਿਤਾ ਤੋਂ ਬਿਨ੍ਹਾਂ ਸਿੱਖਾਂ ਦੇ ਧਾਰਮਿਕ ਸਿਆਸੀ ਮਸਲਿਆਂ ਅਤੇ ਪੰਜਾਬ ਦੇ ਮੇਲਿਆਂ ਸੰਬੰਧੀ ਸੈਂਕੜੇ ਆਰਟੀਕਲ ਲਿਖੇ।

• 1978 'ਚ 'ਗ਼ੁਲਾਬ, ਫ਼ਾਨੂਸ ਤੇ ਬਰਫ਼' ਉੱਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਭਾਈ ਵੀਰ ਸਿੰਘ ਪੁਰਸਕਾਰ ਅਤੇ ਅਨੇਕ ਸਾਹਿਤ ਸਭਾਵਾਂ ਤੇ ਸੰਸਥਾਵਾਂ ਵੱਲੋਂ ਕਈ ਸਨਮਾਨ।

• ਸੰਸਾਰ ਵਿੱਚ ਸਭ ਤੋਂ ਲੰਮੀ ਤੋਰੀ (Longest Zucchini Courgette) ਪੈਦਾ ਕਰਕੇ, ਕਿਸੇ ਖੇਤੀ ਉਪਜ ਲਈ ਪਹਿਲੇ ਸਿੱਖ, ਪੰਜਾਬੀ ਤੇ ਭਾਰਤੀ ਮੂਲ ਦੇ ਵਿਅਕਤੀ ਵਜੋਂ 2002 ਅਤੇ 2003 ਵਿੱਚ ਦੋ ਵੇਰ 'ਗਿਨੀਸ ਵਰਲਡ ਰਿਕਾਰਡ' ਕਾਇਮ ਕੀਤਾ।

ਇਸ ਪੁਸਤਕ ਵਿਚਲੀ ਛਪੀ ਸਮੱਗਰੀ ਦਾ ਕੇਵਲ ਲੇਖਕ ਹੀ ਜ਼ਿੰਮੇਵਾਰ ਹੈ।
(ਸ਼ੇਰ ਸਿੰਘ ਕੰਵਲ)



## 1. ਵੇਦਾਂਤੀ-ਛੁੱਟੀ

ਕੱਢੇ ਇਓਂ ਵੇਦਾਂਤੀ ਅਕਾਲ ਤਖ਼ਤੋਂ ਜਿਵੇਂ ਮੱਖਣ 'ਚੋਂ ਕੱਢੀਦੈ ਵਾਲ ਮੀਆਂ।
ਐਨ ਮੋਮ ਬਣਾਇਕੇ ਤੋਰਿਓ ਨੇ ਕੱਲ੍ਹ ਹੁੰਦੜੇ ਸਨ ਜੋ ਢਾਲ ਮੀਆਂ।
ਫੂਲਾ ਸਿੰਘ ਹੁਣ ਪੰਥ ਵਿੱਚ ਉਹ ਬਣਦੈ ਤੁਰਦੈ ਹੁਕਮ ਦੇ ਜੋ ਨਾਲੋ ਨਾਲ ਮੀਆਂ।
ਪਰਚੀ ਜੇਬ 'ਚੋਂ ਕੱਢ ਕੇ ਦੇਣ ਹਾਸੇ ਲਾਹ ਕੇ ਰੋਂਦਿਆਂ ਦੇਣ ਰੁਮਾਲ ਮੀਆਂ।
ਰੁੱਸ ਗਈ ਕਮੇਟੀ ਸਰਕਾਰ ਰੁੱਸੀ ਰਿਸ਼ਤਾ ਟੁੱਟਿਆ ਹਾਏ ਪਿਆਰ ਵਾਲਾ!
ਜਦੋਂ ਯਾਰੀਆਂ ਸਾਰੀਆਂ ਟੁੱਟ ਗਈਆਂ ਚੇਤਾ ਆ ਗਿਆ ਚੰਗਾ ਸੁਧਾਰ ਵਾਲਾ!!

## 2. ਕੈਪਟਨ-ਅਰੂਸਾ

ਵੇਖ ਚਾਖ ਅਰੂਸਾ ਨੇ ਆਖਿਆ ਸੀ-ਗੱਲ ਵੱਖਰੀ ਮੇਰੇ ਕਪਤਾਨ ਦੀ ਏ।
ਇਹਦੇ ਬਦਲ ਵਿੱਚ ਬਾਦਲ ਨਹੀਂ ਇਕ ਭੋਰਾ ਗੱਲ ਧੁੰਮੀ ਹੋਈ ਜੱਗ-ਜਹਾਨ ਦੀ ਏ।
ਜਿੱਧਰ ਪਵੇ ਇਹ ਉੱਤਰਦਾ ਹੈ ਪੂਰਾ ਗੱਲ ਤਦੇ ਮੈਂ ਮੰਨੀ ਕਮਾਨ ਦੀ ਏ।
ਇਹਨੂੰ ਸਿੱਖ ਤਾਂ ਕੁਝ ਨਹੀਂ ਜਾਣ ਸਕੇ ਗੱਲ ਬੁੱਝੀ ਮੈਂ ਪੂਰੀ ਈਮਾਨ ਦੀ ਏ।
ਫ਼ੱਕਰ ਕਿਹਾ-ਇਹ ਬੀਬੀ ਜੀ ਕੀ ਆਖੋਂ? ਧੁੱਕੀ ਕੱਢ ਦਿਊ ਇਹ ਅਕਾਲੀਆਂ ਦੀ!
ਬੀਬੀ ਕਿਹਾ ਸ਼ਰਮਾਇ-ਮੈਂ ਕੀ ਜਾਣਾਂ? ਪੰਥਕ-ਬਾਗ਼ ਦੇ ਅੱਥਰੇ ਮਾਲੀਆਂ ਦੀ!!

## 3. ਟੇਢੀ-ਖੀਰ

ਜਥੇਦਾਰ ਜੀ! ਨਵੇਂ ਹੋ ਜੀ-ਆਇਆਂ!! ਪੰਥ ਨਵਿਆਂ ਦਾ ਕਰੇ ਸਤਿਕਾਰ ਸੋਹਣਾ।
ਬਣਨ ਸਾਰ ਦਸਤਾਰ ਦਸਤਾਰ ਬੱਝੇ ਪਵੇ ਸੀਸ 'ਤੇ ਵੀ ਚੰਗਾ ਭਾਰ ਸੋਹਣਾ।
ਭਾਰਾ ਮਾਮਲਾ ਪੰਥ ਦਾ ਪਵੇ ਸਿਰ ਤੇ ਸੀਸ ਓਹੀ ਫਿਰ ਹੋਵੇ ਉਲਾਰ ਸੋਹਣਾ।
'ਇਹਨੂੰ ਆਏਂ ਨਜਿੱਠਣੈ ਆਏਂ ਕਰਨੈਂ' ਚੰਡੀਗੜ੍ਹ ਤੋਂ ਕਹੇ ਦਿਲਦਾਰ ਸੋਹਣਾ।
ਜੇ ਨਾ ਕਰੋਂ ਤਾਂ ਬਿਸਤਰਾ ਪਵੇ ਮੋਢੇ ਹੋ ਗਈ ਨੌਕਰੀ ਕੱਚ ਦੀ ਵੰਗ ਵਰਗੀ!
ਬਣ ਗਏ ਕੌਮੀ -ਜਰਨੈਲ ਮਜੂਰ ਅੱਜ ਕੱਲ੍ਹ ਗੱਲ ਲੱਦ ਗਈ ਫੂਲੇ ਨਿਹੰਗ ਵਰਗੀ!!

## 4. ਅਕਲ-ਕਿਸਮਤ

ਹੱਸੇ ਮੁਸਕਣੀ ਸਾਡੇ ਮਨਮੋਹਣ ਸਿੰਘ ਜੀ ਮਿਲੀ ਟਰਮ ਕਿ ਅਕਲ ਨੂੰ ਵੋਟ ਮਿਲ ਗਈ।
ਕੀ ਜੇ ਭਲਾ ਅਕਾਲੀ ਇਹ ਦਗ਼ਾ ਦੇ ਗਏ ਵੇਖੋ ਸਿੰਘ ਨੂੰ ਗੁਰੂ ਦੀ ਓਟ ਮਿਲ ਗਈ।
ਰਾਸ ਕਿਸੇ ਨੂੰ ਕਿਸੇ ਨੂੰ ਮਾਂਹ ਬਾਦੀ ਮਿਲੀ ਸੋਨੀਆ ਕਿਸ ਤਰ੍ਹਾਂ ਲੋਟ ਮਿਲ ਗਈ
ਮਿਲੀ ਮੋਹਣੇ ਨੂੰ ਨਸ਼ੇ ਦੀ ਕਿਵੇਂ ਸ਼ੀਸ਼ੀ ਵੇਖੋ ਕਿਵੇਂ ਅਡਵਾਨੀ ਨੂੰ ਤੋਟ ਮਿਲ ਗਈ।
ਸਭੇ ਹੱਥ ਕਰਤਾਰ ਦੇ ਸ਼ੇਰ ਸਿੰਘਾ ਆਪੇ ਸਿੱਧੀਆਂ ਪੁੱਠੀਆਂ ਪਾਂਵਦਾ ਈ!
ਇਕ ਤਾਂ ਲੈਣ ਰਜਾਈਆਂ ਵਿਚ ਮਸਤ-ਮੌਜਾਂ ਇਕਨਾਂ ਕੁਲਫ਼ੀਆਂ ਬਾਹਰ ਜਮਾਂਵਦਾ ਈ!!

(15 ਸਤੰਬਰ, 08)

## 5. ਚੋਣ

ਬਿਗਲ ਆਣ ਕੇ ਵੱਜਿਆ ਚੋਣ ਸੰਦਾ ਦੋਵੇਂ ਬਾਦਸ਼ਾਹੀ ਫ਼ੌਜਾਂ ਭਾਰੀਆਂ ਨੇ।
ਇਕ ਪਾਸੇ ਸਰਕਾਰ ਤੇ ਦੂਏ ਰਾਜਾ ਮਰਨ ਮਾਰਨ ਦੀਆਂ ਖ਼ੂਬ ਤਿਆਰੀਆਂ ਨੇ।
ਦੋਹਾਂ ਧਿਰਾਂ ਨੇ ਥਾਪੜੇ ਦੇ ਫ਼ੌਜਾਂ ਵਣਾਂ ਵਾਲੀ ਤੇ ਲੰਬੀ ਉਤਾਰੀਆਂ ਨੇ।
ਧੂੰਆਂ-ਧਾਰ ਮੈਦਾਨ ਘਮਸਾਨ ਬਣਿਆ ਡੀਂਗਾਂ ਤੋਪਾਂ ਦੀਆਂ ਰੱਜ ਕੇ ਮਾਰੀਆਂ ਨੇ।
ਪੜ੍ਹ ਕੇ ਖ਼ਬਰ ਨਾ ਰੋਕਿਆ ਗਿਆ ਹਾਸਾ ਕਿਹਾ ਫ਼ੱਕਰ-ਤੂੰ ਹਾਸੇ ਨੂੰ ਰੋਕ ਬਾਬਾ!
ਵੋਟ ਵੋਟ ਵੱਲ ਝਾਕਣਾ ਲੀਡਰਾਂ ਨੇ ਝਾਕੇ ਤੁੱਕਿਆਂ ਨੂੰ ਜੀਕੂੰ ਬੋਕ ਬਾਬਾ!!

## 6. ਗ਼ਲਤ ਫ਼ੈਸਲਾ ?

ਜਿਹੜਾ ਪੈੜ ਦੇ ਵਿਚ ਨਾ ਪੈਰ ਰੱਖੇ ਉਹਨੂੰ ਸੰਗੀ ਬਣਾਉਣ ਦਾ ਕੀ ਫ਼ਾਇਦਾ?
ਕੀਤੀ ਮਨੋਂ ਪ੍ਰੀਤ ਜੋ ਨਹੀਂ ਮੰਨੇ ਉਹਨੂੰ ਕੁਰਸੀ ਬਿਠਾਉਣ ਦਾ ਕੀ ਫ਼ਾਇਦਾ?
ਕਹੀਏ ਦਿਨ ਉਹ ਦਿਨ ਨੂੰ ਰਾਤ ਆਖੇ ਐਸੇ ਚੰਦ ਚੜ੍ਹਾਉਣ ਦਾ ਕੀ ਫ਼ਾਇਦਾ?
ਦਿੱਤੀ ਚਾਬੀ ਨਾ ਲੱਗੇ ਖਜ਼ਾਨਿਆਂ ਐਸੀ ਚਾਬੀ ਘੁੰਮਾਉਣ ਦਾ ਕੀ ਫ਼ਾਇਦਾ?
ਧੁਖਦੀ ਅੱਗ ਨੂੰ ਖੀਸੇ ਵਿਚ ਪਾਇ ਤੁਰੀਏ ਸਾਨੂੰ ਪੋਂਹਦਾ ਨਹੀਂ ਇਹੋ ਜਿਹਾ ਲੋਕ-ਤੰਤਰ!
ਪਰਚੀ ਕੱਢਕੇ ਅਸੀਂ ਹਾਂ ਪਾੜ ਸਕਦੇ ਸਿੱਖੇ ਭਾਜਪਾ ਤੋਂ ਅਸੀਂ ਬਹੁਤ ਮੰਤਰ!!

## 7. ਅਧੂਰਾ-ਚਾਅ

ਬੈਠੇ ਸੋਫ਼ੇ ਤੇ ਸੋਚੇ ਸ਼ਰੀਫ਼ ਮੀਆਂ ਗੁਣਾ ਕਿਵੇਂ ਜ਼ਰਦਾਰੀ ਦਾ ਪੈ ਗਿਆ ਈ।
ਮੂੰਹ ਤੇ ਹਾਸੜੇ ਬਗਲ ਵਿਚ ਛੁਰੀ ਹੋਸੀ? ਵੱਡਾ ਸਾਨੂੰ ਭੁਲੇਖੜਾ ਲੈ ਗਿਆ ਈ।
ਮਸੀਂ ਬਚੇ ਕੁਰੱਪਸ਼ਨ ਦੇ ਜਾਲ਼ ਵਿੱਚੋਂ ਮੂਹਰੇ ਸੱਚ ਦੇ ਪੰਗੜਾ ਡਹਿ ਗਿਆ ਈ।
ਬਣੀ ਟੌਅਰ ਨਾ ਹਾਏ ਨਾ ਹਿੰਡ ਪੁੱਗੀ ਚਾਓ ਦਿਲੇ ਦਾ ਦਿਲੇ ਵਿਚ ਰਹਿ ਗਿਆ ਈ।
ਆਖੇ ਆਪ ਨੂੰ ਇਕ ਤਾਂ ਹੋਈ ਚੰਗੀ ਲੱਗਾ ਕਿਵੇਂ ਮੁਸ਼ੱਰਫ਼ ਨੂੰ ਟੁੱਲ ਮੀਆਂ!
ਭਾਜੜ ਪਈ ਤੋਂ ਆਪੇ ਹੀ ਲਹਿ ਜਾਣਾ ਜਿਹੜਾ ਪਿਆ ਜ਼ਰਦਾਰੀ ਨੂੰ ਝੁੱਲ ਮੀਆਂ!!

## 8. ਡਰ

ਸਿਰ ਤੇ ਚੋਣ ਅਕਾਲੀਆਂ ਸਿਰ ਜੋੜੇ! ਬਣਤ ਕਿਸਤਰ੍ਹਾਂ ਕੋਈ ਬਣਾਈਏ ਜੀ।
ਸਿਰਸੇ ਵਾਲੇ ਦੇ ਤੱਤੜੇ ਮਸਲੜੇ ਨੂੰ ਜੱਥੇਦਾਰ ਦੇ ਰਾਹੀਂ ਸੁਲਝਾਈਏ ਜੀ।
ਕਾਹਤੋਂ ਬਲਦੀ ਦੇ ਬੂਥੜੇ ਆਵਣਾ ਈ ਮਚੜੀ ਅੱਗ 'ਤੇ ਡੋਲਣਾ ਪਾਈਏ ਜੀ।
ਭਾਰਾ ਮਾਮਲਾ ਐਵੇਂ ਨਹੀਂ ਚੱਕ ਹੋਣਾ ਫ਼ਾਲ਼ ਤਖ਼ਤ ਅਕਾਲ ਦੀ ਲਾਈਏ ਜੀ।
ਅੱਗੇ ਵਾਂਗੂੰ ਨਾ ਪੂਰਿਆ ਸੰਖ ਜਾਵੇ ਕਿਤੇ ਐਤਕੀਂ ਮਾਲਵੇ ਵਿੱਚ ਭਾਈਓ!
ਆਵੋ ਆਪਾਂ ਵੀ ਅਕਲ ਦੀ ਗੱਲ ਕਰੀਏ ਕਰੇ ਰਾਜਾ ਜਾਂ ਸਾਧ ਨਾ ਜਿੱਚ ਭਾਈਓ!!

(22 ਸਤੰਬਰ, 08)



## 9. ਕੁਰਸੀ-ਰਿਸ਼ਤਾ

ਲਿਆ ਗੋਦ ਪਟਿਆਲਾ ਕੀ ਖ਼ੂਬ ਕੀਤੀ ਬਾਦਲ ਕਰੀ ਆਖਰ ਜੇਹੀ ਕਰੇ ਅਕਸਰ।
ਕਿੰਨਾ ਪੁੱਤ ਪਿਆਰਾ ਸੁਖਬੀਰ ਵੇਖੋ ਦਾਖਲ ਕੀਤੋਸੁ ਕਿਸ ਤਰ੍ਹਾਂ ਜਾਇ ਦਫ਼ਤਰ।
ਪਿਛਲੀ ਉਮਰ ਇਹ ਕਿਹੋ ਜੀਹ ਤਾਂਘ ਜਾਗੀ? ਹੱਸਣ ਆਪਸ ਮੇਂ ਆਖਕੇ ਇਉਂ ਅਫ਼ਸਰ।
ਨੇਤਾ ਬਦਲਦੇ ਅੱਜ ਕੱਲ੍ਹ ਰਿਸ਼ਤਿਆਂ ਨੂੰ ਜਿਵੇਂ ਵਹੁਟੀਆਂ ਬਦਲਦੀਆਂ ਹਨ ਵਸਤਰ।
ਹੁੰਦੇ ਲੀਡਰਾਂ ਫ਼ੱਕਰਾਂ ਕੌਣ ਰਿਸ਼ਤੇ ਰਿਸ਼ਤਾ ਲੀਡਰਾਂ ਦਾ ਇੱਕੋ ਇੱਕ ਕੁਰਸੀ!
ਕਿਤੇ ਖਿਸਕ ਨਾ ਜਾਵੇ ਇਹ ਹੋਰ ਪਾਸੇ ਰਹੇ ਘਰ ਦੇ ਹੀ ਵਿੱਚੇ ਵਿੱਚ ਕੁਰਸੀ!!

## 10. ਬੇਫ਼ਿਕਰੀ

ਸਜਦੇ-ਸੰਵਰਦੇ ਕਿਹਾ ਸ਼ਿਵਰਾਜ ਪਾਟਿਲ-ਹੁੰਦੇ ਬੰਬ ਧਮਾਕੇ ਤਾਂ ਹੋਣ ਦੇਵੋ।
ਇਹ ਤਾਂ ਚੋਂਦਾ ਈ ਰਹਿੰਦਾ ਐ ਕਿਸੇ ਪਾਸੇ ਦਿੱਲੀ ਚੋਂਦਾ ਹੈ ਖ਼ੂਨ ਨੂੰ ਚੋਣ ਦੇਵੋ।
ਭੁੱਖ ਨੌਕਰੀ ਕਿਤੇ ਮਹਿੰਗਾਈ ਵਲੋਂ ਕਿੰਨੇ ਰੋਂਦੇ ਹਨ ਇਹਨਾਂ ਵੀ ਰੋਣ ਦੇਵੋ।
ਗੰਦ ਸੜਕਾਂ 'ਤੇ ਖਿਲਰਿਆ ਪਿਐ ਕਿੰਨਾ ਪਾਣੀ ਨਹੀਂ ਤਾਂ ਲਹੂ ਨੂੰ ਧੋਣ ਦੇਵੋ।
ਪਹਿਨ-ਪੱਚਰ ਕੇ ਜਲਸੇ ਦੇ ਵਿੱਚ ਜਾਈਏ ਚੱਲੀ ਜਾਣ ਦਿਓ ਇਹਨਾਂ ਪਟਾਕਿਆਂ ਨੂੰ!
ਝੰਡੀ ਵਾਲੜੀ ਕਾਰ ਦੀ ਨੀਂਦ ਮਿੱਠੀ ਅੱਖ ਲਾਉਣ ਦਿਉ ਦੇਸ਼ ਦੇ ਰਾਖਿਆਂ ਨੂੰ!!

## 11. ਕੋਰੀ-ਨਾਂਹ

ਝਾਰਖੰਡੀਏ ਸ਼ਿੱਬੂ ਸੋਰੇਨ ਦਿੱਤਾ ਦਿੱਤਾ ਗੱਡ ਕੇ ਕਿਵੇਂ ਬਿਆਨ ਵੱਡਾ।
ਰਾਵਣ-ਪੁਤਲੇ ਨੂੰ ਮੈਂ ਨ੍ਹਈਂ ਅੱਗ ਦੇਣੀ! ਉਹ ਸੀ ਪਹੁੰਚਿਆ ਸਾਡਾ ਵਿਦਵਾਨ ਵੱਡਾ।
ਵੇਦ ਸ਼ਾਸਤਰ ਸੱਭੇ ਸਨ ਕੰਠ ਉਹਦੇ ਕੁਲ-ਗੁਰੂ ਉਹ ਮੇਰਾ ਮਹਾਨ ਵੱਡਾ।
ਸੁੱਕਾ ਲੰਘਦਾ ਦਸਹਿਰਾ ਤਾਂ ਲੰਘ ਜਾਵੇ ਹੁੰਦਾ ਮੇਰਾ ਨਹੀਂ ਕੋਈ ਨੁਕਸਾਨ ਵੱਡਾ।
ਸ਼ੌਕ ਪੂਰਨ ਨੂੰ ਰਾਵਣ ਈ ਲੱਭਿਆ ਹੈ? ਓਸ ਗੁਜ਼ਰੇ ਨੂੰ ਅਜੇ ਜਲਾਂਵਦੇ ਹੋਂ!
ਜਿਹਨਾਂ ਜਿਉਂਦਿਆਂ ਦੇ ਪੁਤਲੇ ਨਿੱਤ ਜਲਦੇ ਹਾਰ ਇਹਨਾਂ ਪਤੰਦਰਾਂ ਪਾਂਵਦੇ ਹੋਂ!!

## 12. ਉਲਟ-ਜ਼ਮਾਨਾ

ਭਲੇ ਵੇਲ਼ੇ ਦੀ ਬਾਤ ਹੈ ਸ਼ੇਰ ਸਿੰਘਾ ਦੂਰ ਰਹਿ ਗਿਆ ਮੇਲਾ ਛਪਾਰ ਵਾਲਾ।
ਜਦੋਂ ਟੋਲੀਆਂ ਬੋਲੀਆਂ ਪਾਉਂਦੀਆਂ ਸੀ ਰੰਗ ਉੱਡ ਗਿਆ ਨਸ਼ੇ-ਗੁਬਾਰ ਵਾਲਾ।
ਰਹੀ ਗੱਲ ਨਾ ਮੇਲੀਆਂ ਗ਼ੇਲੀਆਂ ਦੀ ਰਿਸ਼ਤਾ ਰਹਿ ਗਿਆ ਉਹ ਨਾ ਪਿਆਰ ਵਾਲਾ।
ਫ਼ਿਕਰਾਂ ਫ਼ਾਕਿਆਂ ਕਰਜ਼ਿਆਂ ਭਾਰ ਪਾਏ ਮੌਸਮ ਲੰਘ ਗਿਆ ਸਿਰੋਂ ਬਹਾਰ ਵਾਲਾ।
ਕਿੱਧਰ ਮੇਲੇ ਦੀਆਂ ਉੱਡੀਆਂ ਰੌਣਕਾਂ ਉਹ? ਖੁਸਰੇ ਨੱਚਦੇ ਤੇ ਲੋਕੀ ਹੱਸਦੇ ਸਨ!
ਹੁਣ ਤਾਂ ਸਮੇਂ ਦੇ ਹੋਰ ਮੁਹਾਣ ਹੋ ਗਏ ਲੋਕੀ ਹੱਸਦੇ ਤੇ ਲੀਡਰ ਨੱਚਦੇ ਹਨ!!

(29 ਸਤੰਬਰ, 08)

## 13. ਰਾਹੁਲ ਬਠਿੰਡੇ ’ਚ !

ਰਾਹੁਲ ਮਿਲਿਆ ਬਠਿੰਡੇ ਵਿਚ ਅਮਲੀਆਂ ਨੂੰ ਅਮਲੀ ਮਿਲਦਿਆਂ ਹੀ ਮਾਲੋ-ਮਾਲ ਹੋ ਗਏ।
ਬਾਈ ਦਿੱਲੀ ਤੋਂ ਆਇਆ ਹੈ ਖਾਸ ਸਾਡਾ ਨਾਲ ਖ਼ੁਸ਼ੀ ਦੇ ਲਾਲੋ-ਗੁਲਾਲ ਹੋ ਗਏ।
ਭੋਰਾ ਭੁੱਕੀ ਦਾ ਲਿਆਇਆ ਨਹੀਂ ਕੀ ਹੋਇਆ ? ਖਾਧੇ-ਪੀਤੇ ਦੇ ਬਿਨਾਂ ਨਿਹਾਲ ਹੋ ਗਏ।
ਕੱਢੂ ਨਸ਼ੇ-ਛਡਾਊ ਕੈਦ ਖ਼ਾਨਿਆਂ ’ਚੋਂ ਹਿੱਕ ਥਾਪੜਕੇ ਤਾਂਹੀਏਂ ਹਾਂ ਨਾਲ ਹੋ ਗਏ।
ਮੁੰਡਾ ਬਾਈ ਇਹ ਕੰਮ ਦਾ ਲੱਗਦਾ ਹੈ ਵੋਟਾਂ ਆਈਆਂ ਤਾਂ ਜਮ੍ਹਾਂ ਭੁਗਤਾ ਦਿਆਂਗੇ!
ਨਸ਼ੇ-ਪੱਤੇ ਦੀ ਖੁੱਲ੍ਹੀ ਜੇ ਖੇਡ੍ਹ ਕਰਦੇ ਸਭ ਦੇ ਮੂਹਰਲਾ ਇਹਨੂੰ ਬਣਾ ਦਿਆਂਗੇ!!

## 14. ਰਗੜਾਈ

ਕੱਢਿਆ ਸਭਾ ’ਚੋਂ ਰਾਜਾ ਭੱਬਕਾਰਿਆ ਇਉਂ-ਜਿੱਥੇ ਜਾਣਗੇ ਇਹ ਲੰਮੇਂ ਪਾਵਾਂਗਾ ਮੈਂ।
ਮੈਨੂੰ ਪੁੱਜ ਕੇ ਇਹਨਾਂ ਜ਼ਲੀਲ ਕੀਤਾ ਦਾਅ ਲੱਗਿਆ ਤਾਰੇ ਦਿਖਾਵਾਂਗਾ ਮੈਂ।
ਆਪਣੇ ਏਕੜ ਸਤਾਸੀ ਇਹ ਭੁੱਲ ਬੈਠੇ ਬੱਤੀਆਂ ਵਾਲਾ ਹਿਸਾਬ ਬਤਾਵਾਂਗਾ ਮੈਂ।
ਇਹਨਾਂ ਦੋਹਾਂ ਨੂੰ ਸਬਕ ਸਿਖਾਉਣ ਖਾਤਰ ਹਾਈਕੋਰਟੋਂ ’ਤਾਹਾਂ ਦੀ ਜਾਵਾਂਗਾ ਮੈਂ।
ਦੋਵੇਂ ਪਿਓ-ਪੁੱਤ ਮੈਨੂੰ ਇਹ ਰਗੜਦੇ ਜੋ ਐਨ੍ਹ ਦੋਹਾਂ ਦੀ ਘੋਟ ਰਗੜਾਈ ਕਰਦੂੰ!
ਦੁੱਧ ਵਾਂਗ ਸਟੇਜਾਂ ਤੇ ਉਬਲਦੇ ਜੋ ਚੋਣ ਆਈ ਤਾਂ ਸੀਤ-ਸ਼ਰਦਾਈ ਕਰਦੂੰ!!

## 15. ਵੋਟ ਦੀ ਕਰਾਮਾਤ

ਫ਼ੱਕਰਾ! ਵੇਖ ਭਨਿਆਰੇ ਦੀ ਠੁਕੀ ਮੰਜੀ ਕਿਵੇਂ ਠੁਕੀ ਤੇ ਠੁਕੀ ਵੀ ਠਾਹ ਕਰ ਕੇ!
ਭਾਣਾ ਵਰਤਿਆ ਕਿੱਧਰੋਂ ਦਾ ਕਿੱਧਰ ਆ ਕੇ ਗਿਆ ਪੂਹਲੇ ਨੂੰ ਕਿਵੇਂ ਤਬਾਹ ਕਰ ਕੇ।
ਸਿਰਸੇ ਵਾਲਾ ਹੈ ਅਜੇ ਤੱਕ ਹਰੀ-ਕਾਇਮ ਬਚਿਆ ਹੋਇਐ ਜੁ ਇੱਕੋ ਬਚਾ ਕਰ ਕੇ।
‘ਜੀਹਦੇ ਹੱਥ ਵੋਟਾਂ ਉਹਨੂੰ ਸੈਅ ਓਟਾਂ’ ਮਿਲਦੇ ਲੀਡਰ ਨੇ ਪੈਰੀਂ ਹੱਥ ਲਾ ਕਰ ਕੇ।
ਤੂੰ ਨਾ ਬਾਲਟੀ ਚੁੱਕ ਲਈਂ ਚੋਣ ਖ਼ਾਤਰ ਇਹ ਹੈ ਨਿਰਾ ਢਰਾਕਾ  ਕੋਈ ਫੰਡਰਾਂ ਦਾ!
ਵੋਟਾਂ-ਬੁਰਕੀਆਂ ਬੋਚਣ ਲਈ ਜਾਂ ਆਉਂਦੈ ਛੂਟ ਵੱਟ ਕੇ ਲਾਣਾ ਕੋਈ ਲੰਡਰਾਂ ਦਾ!!

## 16. ਅਮਲਾਂ ਬਾਝ

ਯੂਨੀਵਰਸਿਟੀ ਪਟਿਆਲੇ ਵਿਚ ਕਿਹਾ ਬਾਦਲ-ਸਿੱਖਾਂ ਸਿੱਖ-ਸਿਧਾਂਤਾਂ ਤੋਂ ਮੂੰਹ ਮੋੜੇ।
ਮਦਦ ਕਰੋ ਗ਼ਰੀਬਾਂ ਦੇ ਬੱਚਿਆਂ ਦੀ ਘੰਟੇ ਇਹਨਾਂ ਪੜ੍ਹਾਉਣ ਲਈ ਕੱਢੋ ਥੋੜੇ।
ਪੁਸਤਕ ਵਧੀਆ ਬਡੂੰਗਰ ਨੇ ਲਿਖੀ ਆਹਾ ਕਿਵੇਂ ਅੱਖਰਾਂ ਤੇ ਅੱਖਰ ਸ਼ਬਦ ਜੋੜੇ।
ਮੈਂ ਇਹ ਪੜ੍ਹੀ ਨਹੀਂ ਏਸ ਤੇ ਬੋਲਦਾ ਹਾਂ ਅਮਲ ਕਰਾਂ ਮੈਂ ਮੇਰਾ ਵੀ ਮਨ ਲੋੜੇ।
ਅਸਾਂ ਲੀਡਰਾਂ ਅਮਲ ਪਰ ਆਪ ਕਰਨੈਂ ? ਸਿੱਖ ਕਾਸਦੇ ਲਈ ਬਣਾਏ ਹੋਏ ਹਨ ?
ਸਾਨੂੰ ਵਿਹਲ ਨਹੀਂ ਭਾਸ਼ਣ-ਉਦਘਾਟਨਾਂ ਤੋਂ ਪੰਗੇ ਐਵੇਂ ਵਿਦਵਾਨਾਂ ਨੇ ਪਾਏ ਹੋਏ ਹਨ ?

(5 ਅਕਤੂਬਰ, 08)



## 17. ਲੱਟੂ

ਪੇਲਿਨ ਉੱਤੇ ਜ਼ਰਦਾਰੀ ਜਾਂ ਹੋਇਆ ਲੱਟੂ ਫ਼ਿਕਰ ਪੈ ਗਿਆ ਕਿਵੇਂ ਮੁਲਾਣਿਆਂ ਨੂੰ।
ਕਿਵੇਂ ਰੰਗ ਦੇ ਵਿੱਚ ਨੇ ਭੰਗ ਪਾਉਂਦੇ ਸੱਪ ਲੜ ਗਿਐ ਵੱਡੇ ਸਿਆਣਿਆਂ ਨੂੰ।
ਕੋਈ ਪੁੱਛੇ ਵਈ ਕੀਹਦਾ ਨੀਂ ਜੀ ਕਰਦਾ ਛੋਲੇ ਚੱਬਦਿਆਂ ਕਦੇ ਮਖਾਣਿਆਂ ਨੂੰ।
ਮਸਾਂ ਰੜੇ ਹੈ ਰੰਡੇ ਨੂੰ ਹੀਰ ਲੱਭੀ ਭਾਉਂਦੀ ਗੱਲ ਨਾ ਕੈਦੋਆਂ ਕਾਣਿਆਂ ਨੂੰ।
ਹਿੱਕ ਠੋਕ ਕੇ ਪੇਲਿਨ ਨੂੰ ਕਿਹਾ ਆਖਰ- ਜੇ ਤੂੰ ਕਹੇਂ ਮੈਂ ਜੱਫੀ ਨਹੀਂ ਪਾ ਸਕਦਾ ?
ਕੇਸ ਉਮਰ ਭਰ ਮੇਰੇ ਤੇ ਪਏ ਕਿੰਨੇ ਇਕ ਤੇਰਾ ਨਹੀਂ ਕੇਸ ਪੁਆ ਸਕਦਾ ?

## 18. ਇਸ਼ਤਿਹਾਰ

ਹੋਵੇ ਚੋਣ ਗੁਰਦੁਆਰੇ ਦੀ ਸ਼ੇਰ ਸਿੰਘਾ ਕਿਵੇਂ ਵਿਚ ਅਖ਼ਬਾਰਾਂ ਇਸ਼ਤਿਹਾਰ ਲੱਗਣ।
ਚੱਕੇ ਚਿਮਟੇ ਨਾਲ ਮੁਖਤ ਵੀ ਕੋਈ ਊਂ ਨਾ ਦਿਨੀਂ ਚੋਣਾਂ ਦੇ ਬੜੇ ਅਖ਼ਬਾਰ ਲੱਗਣ।
ਜਿਹੜੇ ਹਿੱਕ ਵਿੱਚ ਵੱਜੇ ਸਨ ਨਹੀਂ ਦੀਂਹਦੇ ਸੜਕ ਪਾਰ ਵੀ ਖੜ੍ਹੇ ਦਿਲਦਾਰ ਲੱਗਣ।
ਜਿੱਤ ਜਾਣ ਜੋ ਸਕੇ ਭਰਾ ਸਾਡੇ ਹਾਰ ਜਾਣ ਜੋ ਭੋਇੰ ਤੇ ਭਾਰ ਲੱਗਣ।
ਫ਼ੱਕਰਾ ਧਰਮ ਤੇ ਹੋਈ ਸਵਾਰ ਨੀਤੀ ਰਤਨੀ ਲੱਭੂ ਨੂੰ ਜੜ੍ਹਾਂ ਤੋਂ ਪੱਟਿਆ ਈ!
ਐਸੀ ਯਾਰੀ ਖੁਆਰੀ ਦਾ ਮੂਲ ਬਣਦੀ ਨਫ਼ਾ ਏਸ  ਚੋਂ ਕਿਸੇ ਨਾ ਖੱਟਿਆ ਈ!!

## 19. ਮਸਲਾ ਦਸਤਾਰ

ਪੂਰੇ ਅਕਲ ਦੇ ਧਨੀ ਮਨਮੋਹਨ ਸਿੰਘ ਨੇ ਜਲਵਾ ਕਿਵੇਂ ਦਿਖਲਾਇਆ ਸਰਦਾਰ ਵਾਲਾ।
ਮਿਲਕੇ ਨਾਲ ਸਰਕੋਜ਼ੀ ਫਰਾਂਸੀਏ ਦੇ ਮਸਲਾ ਰੱਖਿਆ ਕਿਵੇਂ ਦਸਤਾਰ ਵਾਲਾ।
ਕਿੱਥੇ ਕੱਢਣਾ ਕੰਮ ਕਿਰਪਾਨ ਨਾਹੀਂ ਢੰਗ ਵਰਤੀਏ ਓਥੇ ਪਿਆਰ ਵਾਲਾ।
ਕਾਟ ਕਰੇ ਦਲੀਲ ਤੇ ਮੱਤ ਜਿੱਥੇ ਪਾਈਏ ਖ਼ੁਰਦਰੂ ਨਾ ਮਾਰੋ-ਮਾਰ ਵਾਲਾ।
ਫ਼ੱਕਰ ਪੜ੍ਹਿਆ ਤਾਂ ਕਿਹਾ ਅਕਾਲੀਆਂ ਨੂੰ-ਜਿਹੜੇ ਜਾਲਣੇ ਨੇ ਜਫ਼ਰ ਜਾਲਦੇ ਰਹੋ!
ਮਸਲਾ ਪੱਗ ਦਾ ਮੋਹਣ ਸਿਹੁੰ ਹੱਲ ਕਰਲੂ ਤੁਸੀਂ ਆਪਸ ਮੇਂ ਪੱਗਾਂ ਉਛਾਲਦੇ ਰਹੋ!!

## 20. ਬਾਹਰਲੇ-ਬੱਚੇ

ਫ਼ੱਕਰਾ ਵੇਖਲਾ ਬਦਲਗੀ ਕਿਵੇਂ ਦੁਨੀਆਂ ਵਿੰਹਦੇ ਵਿੰਹਦਿਆਂ ਕੇਹੇ ਵਿਹਾਰ ਹੋ ਗਏ।
ਆਪਣੇ ਵਰਗੇ ਸੁਹਾਗਿਆਂ ਚੜ੍ਹਨ ਵਾਲੇ ਸੱਤ ਸਾਗਰੋਂ ਕਿਸਤਰ੍ਹਾਂ ਪਾਰ ਹੋ ਗਏ।
ਖਾ ਖਾ ਠੋਕਰਾਂ ਸਿਰਾਂ ਤੇ ਛੱਤ ਬੰਨ੍ਹੀ ਘਰ ਜੱਦੀ ਜੋ ਕਿਵੇਂ ਵਿਸਾਰ ਹੋ ਗਏ।
ਕਿਵੇਂ ਰਹੇ ਉਡੀਕਦੇ ਰੰਗ ਬੱਝੂ ਬੱਚੇ ਆਪਣੇ ਜਦੋਂ ਉਡਾਰ ਹੋ ਗਏ।
ਜਦੋਂ ਪਾਲ ਸੰਭਾਲ ਕੇ ਹੋਏ ਬੁੱਢੇ ਉੱਡਣਹਾਰ ਬਿਠਾਇਕੇ ਕਹਿਣ ਲੱਗੇ-
ਤੁਸੀਂ ਕੌਣ ਹੋ ਅਸੀਂ  ਕਨਫ਼ਿਊਜ਼ ਜਿਹੇ ਹਾਂ ? ਜਿਹੜੇ ਰੋਜ਼ ਹੋ ਸਾਡੇ ਨਾਲ ਰਹਿਣ ਲੱਗੇ!

(12 ਅਕਤੂਬਰ, 08)

## 21. ਲੀਡਰ

ਮਿਰਕਣ ਅਤੇ ਕੈਨੇਡਾ ਵਿਚ ਚੋਣ ਆਈ ਲੀਡਰ ਚਾਹ ਨਿਆਣਿਆਂ ਚੱਕਦੇ ਹਨ।
ਚੋਣ–ਦਿਨਾਂ ਵਿਚ ਆਉਂਦਾ ਪਿਆਰ ਕਿੰਨਾ ਪੂੰਝ ਪੂੰਝ ਕੇ ਨੱਕ ਨਾ ਥੱਕਦੇ ਹਨ।
ਉਧਰ ਗਧੇ ਨੂੰ ਲੀਡਰ ਹਨ ਬਾਪ ਕਹਿੰਦੇ ਵੀਲ–ਚੇਅਰ ਪਾ ਕੇ ਏਧਰ ਧੱਕਦੇ ਹਨ।
ਸਿਰਫ਼ ਲੀਡਰ ਹੀ ਐਸੇ ਹਲਵਾਈ ਹੁੰਦੇ ਵੜੇ ਥੁੱਕ ਥੀਂ ਜਿਹਨਾਂ ਤੋਂ ਪੱਕਦੇ ਹਨ।
ਫ਼ੱਕਰਾ ਕਿਤੇ ਜਾਲੈ ਕੋਈ ਮੁਲਕ ਗਾਹ ਲੈ ਲੀਡਰ ਇੱਕੋ ਹੀ ਮਿੱਟੀ ਦੇ ਬਣੇ ਹੋਏ ਨੇ!
ਪਤਾ ਕਿਸੇ ਦੇ ਬਾਪੂ ਦਾ ਨਹੀਂ ਭਾਵੇਂ ਸਾਰੇ ਇੱਕੋ ਹੀ ਮਾਓਂ ਦੇ ਜਣੇ ਹੋਏ ਨੇ!!

## 22. ਹਨੇਰ

ਅੱਖਾਂ ਮੁਰਦਿਆਂ ਲੱਗੀਆਂ ਵਿਕਣ ਫ਼ੱਕਰ ਚੰਦ ਹੋਰ ਈ ਕਿਤੇ ਨਾ ਚੜ੍ਹ ਜਾਵੇ।
ਇਹ ਨਾ ਹੋਵੇ ਕੋਈ ਐਸਾ ਨਾਲਾਇਕ ਉੱਠੇ ਰਾਜਨੀਤੀ ਦੇ ਵਿਚ ਨਾ ਵੜ ਜਾਵੇ।
ਇਥੇ ਘਾਟਾ ਨਹੀਂ ਅਕਲ ਦੇ ਅੰਨ੍ਹਿਆਂ ਦਾ ਇਹਨਾਂ ਅੰਨ੍ਹਿਆਂ ਵਿਚ ਨਾ ਦੜ ਜਾਵੇ।
ਕਿਸੇ ਲੀਡਰ ਦੀ ਜਦੋਂ ਫਿਰ ਮੌਤ ਹੋਵੇ ਅੱਖਾਂ ਕੱਢ ਨਾ ਕਿਸੇ ਨੂੰ ਜੜ ਜਾਵੇ।
ਅੱਗੇ ਦੁਨੀਆਂ ਵਿੱਚ ਪਿਐ ਹਨੇਰ ਐਨਾ ਕਰਨ ਨ੍ਹੇਰੀਆਂ ਅੱਖਾਂ ਨਾ ਘੁੱਪ ਬਾਬਾ!
ਬਹੁਤੀ ਜੀਭ ਚਲਾਈਏ ਨਾ ਲੀਡਰਾਂ ਤੇ ਹੋ ਜਾ ਚੁੱਪ ਬਾਬਾ! ਹੋ ਜਾ ਚੁੱਪ ਬਾਬਾ!!

## 23. ਭਖਦਾ ਮਸਲਾ

ਚੰਡੀਗੜ੍ਹ ਵਿਚ ਆਵੇ ਅਡਵਾਨੀ ਤਾਂ ਸਹੀ ਝੰਡੀਆਂ ਕਾਲ਼ੀਆਂ ਅਸੀਂ ਦਿਖਾ ਦਿਆਂਗੇ।
ਏਹੀ ਅੰਬਰਸਰ ਹਮਲਾ ਕਰਵੌਣ ਵਾਲੈ ਝੰਡੀ–ਹਮਲੇ ਨਾਲ ਮੂੰਹ ਭੰਵਾ ਦਿਆਂਗੇ।
ਫ਼ੱਕਰ ਪੁੱਛਿਆ ਕਿਰਪਾਨ ਤਾਂ ਮਾਨ ਬੋਲੇ–ਅਸੀਂ ਓਹਦਾ ਵੀ ਜੌਹਰ ਦਿਖਾ ਦਿਆਂਗੇ।
ਜੇ ਨਾ ਚੱਲੀ ਜਾਂ ਕਿਸੇ ਨਾ ਚੱਲਣ ਦਿੱਤੀ ਅਸੀਂ ਵਿਚ ਮਿਆਨ ਦੇ ਪਾ ਦਿਆਂਗੇ।
ਅਸੀਂ ਜਾਣਦੇ ਹਾਂ ਮਸਲੇ ਖੜ੍ਹੇ ਕਰਨੇ ਇਹ ਨਹੀਂ ਲਾਜ਼ਮੀ ਕਿ ਮਸਲਾ ਹੱਲ ਹੋਵੇ!
ਮਸਲਾ ਓਹੀ ਹੁੰਦੈ ਜਿਹੜਾ ਰਹੇ ਭੱਖਦਾ ਜੀਹਦੀ ਮੀਡੀਏ ’ਚ ਚਲਦੀ ਗੱਲ ਹੋਵੇ!!

## 24. ਸੰਗਤ-ਦਰਸ਼ਨ

‘ਸੰਗਤ ਦਰਸ਼ਨ’ ਦੀ ਫ਼ੱਕਰਾਂ ਗੱਲ ਚੱਲੀ ਸੰਗਤ ਕਰਦੀ ਸੀ ਗੁਰਾਂ ਦੇ ਜਾ ਦਰਸ਼ਨ।
ਦਰਸ ਪਰਸ ਕੇ ਸੰਗਤ ਨਿਹਾਲ ਹੁੰਦੀ ਜਦੋਂ ਗੁਰੂ ਜੀ ਦਿੰਦੇ ਸਨ ਆ ਦਰਸ਼ਨ।
ਹੁਣ ਪਰ ਲੀਡਰ ਸੁਆਰਥ ਲਈ ਆਪ ਆਉਂਦੇ ਦਿੰਦੇ ਸੇਲ ਤੇ ਆਇਕੇ ਲਾ ਦਰਸ਼ਨ।
ਮੰਗ ਮੰਗੇ ਤਾਂ ਸੰਗਤ ਤੇ ਡਾਂਗ ਵਰ੍ਹਦੀ ਸਕਦਾ ਕੋਈ ਨਾ ਮੰਗ ਮਨਾ ਦਰਸ਼ਨ।
ਆਉਂਦੇ ਜਲਸਿਆਂ ਤੋਂ ਪਹਿਲੋਂ ਹੁਕਮ ਡਾਢੇ–ਦਰਸ਼ਕ ਲਿਆਉਣੇ ਨੇ ਵੀਹ ਟਰੱਕ ਭਰ ਕੇ!
ਜੇ ਨਾ ਲਿਆਏ ਤਾਂ ’ਗਾਹਾਂ ਨਹੀਂ ਟਿਕਟ ਮਿਲਣੀ ਕੱਚੀ ਨੌਕਰੀ ਟੁੱਟੂ ਤੜੱਕ ਕਰ ਕੇ!!

(18 ਅਕਤੂਬਰ,08)



## 25. ਮੁਜ਼ਾਹਰਾ ਨੇਤਰਹੀਣਾਂ

ਨੇਤਰਹੀਣਾਂ ਨੇ ਸੋਚ ਕੇ ਕਾਢ ਕੱਢੀ ਚੋਰੀ–ਛੱਪੇ ਜਾ ਬਾਦਲ ਨੂੰ ਘੇਰ ਲਈਏ।
ਊਂ ਤਾਂ ਹੈ ਅਟੇਰਨਾ ਖਰਾ ਔਖਾ ਨੇੜ੍ਹੇ ਵਿੱਚ ਗਲੋਟਾ ਅਟੇਰ ਲਈਏ।
ਜੱਫਾ ਮਾਰੀਏ ਜਿਹੜਾ ਮਸ਼ਹੂਰ ਸਾਡਾ ਜਿਹੜੀ ਅੜੀ ਇਜ਼ਾਜਤ ਇਹ ਫੇਰ ਲਈਏ।
ਕਿਰਨ ਨੌਕਰੀ ਦੀ ਖ਼ਬਰ ਹੱਥ ਆਵੇ ਪਹਿਲਾਂ ਵਾਂਗ ਹੀ ਨਹੀਂ ਹਨ੍ਹੇਰ ਲਈਏ।
ਪਈ ਪੁਲਸ ਪਰ ਅੱਗੋਂ ਉਸ ਪੁੱਛਿਓ ਨੇ–ਚੰਗਾ ਧਰਨਾ ਹੈ ਕਿ ਹਵਾਲਾਤ ਚੰਗੀ?
ਅਸਾਂ ਬੇਰੁਜ਼ਗਾਰਾਂ ਨੂੰ ਸ਼ਗਨ ਵਰਗੀ ਹਵਾਲਾਤ ਦੀ ਕਹਿਣ ਸੌਗ਼ਾਤ ਚੰਗੀ!

## 26. ਕਾਕੇ

ਕੀਕਰ ਗੱਲ ਕਰੀਏ ਫ਼ੱਕਰ ਕਾਕਿਆਂ ਦੀ ਸਾਰੇ ਪਾਸੇ ਹੀ ਬਣੇ ਮਹਾਨ ਕਾਕੇ।
ਕਾਂਗਰਸ ਅਕਾਲੀ ਕੀ ਮਾਨ ਦਲ ਕੀ ਸਭ ਪਾਰਟੀ ਸਮਝੋ ਪ੍ਰਧਾਨ ਕਾਕੇ।
ਛੱਡੋ ਜੂਨੀਅਰ ਸੀਨੀਅਰ ਪਰ੍ਹਾਂ ਧੱਕੋ ਹੇਠੋਂ ਉੱਤੋਂ ਦੀ ਇੱਕੋ ਪ੍ਰਵਾਨ ਕਾਕੇ।
ਪਿਓਆਂ ਨਿੰਮੀ ਚੜ੍ਹਾਇਆ ਕਰੇਲਿਆਂ ਨੂੰ ਪਿਓ ਬਣੇ ਹੁਣ ਪੁੱਤਾਂ ਸਮਾਨ ਕਾਕੇ।
ਲੀਡਰਾਂ ਪੁਲਸੀਏ ਕਿਸੇ ਵਿਜੀਲੈਂਸੀਏ ਦੇ ਕੁਝ ਵੀ ਕਹੋ ਨਾ ਇਹਨਾਂ ਦੇ ਕਾਕਿਆਂ ਨੂੰ!
ਚਾਹੇ ਧਰਮ ਲੁੱਟਣ ਚਾਹੇ ਲੁੱਟਣ ਹੀਰੇ ਜ਼ਰਾ ਖੁੱਲ੍ਹਣ ਦਿਓ ਇਹਨਾਂ ਦੇ ਝਾਕਿਆਂ ਨੂੰ!!

## 27. ਸਿੰਘ ਇਜ਼ ਕਿੰਗ

ਧੁਖ ਮੱਚੀ ਗੱਲ ਧੂਣੀ ਦੀ ਅੱਗ ਵਾਂਗੂੰ ਸਿੰਘ ਕਿਵੇਂ ਸੰਸਾਰ ਵਿੱਚ ਕਿੰਗ ਹੋਇਆ।
ਰਾਜਨੀਤੀ ਤੇ ਫ਼ਿਲਮਾਂ ਤੇ ਗਾਇਕੀ ਕੀ ਸਭਨੀਂ ਖੇਤਰੀਂ ਰਾਜਾ–ਏ ਕਿੰਗ ਹੋਇਆ।
ਡੌਰ–ਭੌਰ ਬੱਚੇ ਪੁੱਛਦੇ ਮਾਪਿਆਂ ਨੂੰ–ਭਲਾ ਸਿੰਘ ਤੇ ਕਿੰਗ ਕੀ ਥਿੰਗ ਹੋਇਆ?
ਡੈਡੀ ਕਹੇ ਉਇ ਰੈਂਡੀ ਤੂੰ ਚੁੱਪ ਕਰਜਾ ਮਸਲਾ ਸਾਰਾ ਹੀ ਪੁੱਠਾ ਸਵਿੰਗ ਹੋਇਆ।
ਛੋਟਾ ਤੂੰ ਤੇ ਨਾਲੇ ਤੂੰ ਬਾਹਰਲਾ ਹੈਂ ਤਾਂਹੀਏਂ ਕੀਤੀਆਂ ’ਝਿੰਗ–ਬੜਿੰਗੀਆਂ ਨੇ!
ਜਿਹਨਾਂ ਸੁਰਤ ਨਾ ਕੋਈ ਪੰਜਾਬ ਸੰਦੀ ਉਹ ਅੱਜ ਕਾਗਜ਼ਾਂ ਤੇ ਵਾਹੁੰਦੇ ਕਿੰਗੀਆਂ ਨੇ!!

## 28. ਗਡਵਾ

ਮਨਸੇ ਕਿਹਾ ਅਡਵਾਨੀ ਨੂੰ ਆਣ ‘ਗਡਵਾ’ ਸ਼ਿਵਸੈਨੀਆਂ ਨੇ ਕੇਹਾ ਸਿਤਮ ਕਰਿਆ।
ਛਾਤੀ ਲੂਹੀ ਫਲੂਹੇ ਨੂੰ ਸੁੱਟ ਕੇ ਲੁੱਛੇ ਭਾਜਪਾ ਜਾਏ ਨਾ ਜ਼ੁਲਮ ਜਰਿਆ।
ਗਡਵਾ ਕਹਿੰਦੇ ਮਰਾਠੀ ਵਿੱਚ ਗਧੇ ਤਾਂਈ ਲਾਲ ਕ੍ਰਿਸ਼ਨ ਸਿਰ ਕੇਹਾ ਇਹ ਮੁਕਟ ਧਰਿਆ।
ਲਾਲ ਕਿਲ੍ਹੇ ਨੂੰ ਹੱਥ ਨਹੀਂ ਪੈਣ ਦਿੰਦੇ ਸੋਚ ਸੋਚ ਅਡਵਾਨੀ ਦਾ ਮਨ ਭਰਿਆ।
ਰਾਜ ਠਾਕਰੇ ਕਿਹਾ–ਰੱਥ ਜੋੜੀਓ ਖਾਂ ਅਸੀਂ ਟਾਇਰਾਂ ਚੋਂ ਹਵਾ ਕਢਵਾ ਦਿਆਂਗੇ!
ਰਥ ਫੇਰ ਜੇ ਚਾਹਲੇ ਵਿਚ ਰੁਕਣ ਲੱਗਾ ਬੀਂਡੀ ਗਡਵਾ ਜੀ ਅਸੀਂ ਪਵਾ ਦਿਆਂਗੇ!!

(26 ਅਕਤੂਬਰ,08)

## 29. ਕੰਮ ਕਾਕੇ ਦੇ

ਰਾਜਪਾਲ ਨੂੰ ਕਿਹਾ ਜਾ ਕਾਂਗਰਸੀਆਂ-ਅੱਖਾਂ ਖੋਹਲੋ ਪੰਜਾਬ ਕੀ ਹੋਈ ਜਾਂਦੈ।
ਕਾਕਾ ਕਿਸੇ ਨੂੰ ਬਿਨਾਂ ਹੀ ਪੁੱਛੇ-ਦੱਸੇ ਮੂੰਹ ਬੰਨ੍ਹ ਮਖਿਆਲ ਨੂੰ ਚੋਈ ਜਾਂਦੈ।
ਸਾਰੇ ਮੰਤਰੀ ਬਣੇ ਹਨ ਮੂਕ-ਦਰਸ਼ਕ ਜਣੇ-ਖਣੇ ਦੀ ਲਾਹੀ ਉਹ ਲੋਈ ਜਾਂਦੈ।
ਕਰੇ ਆਪ ਉਦਘਾਟਨ ਐਲਾਨ ਆਪੇ ਜਿੱਧਰ ਚਾਹੁੰਦੈ ਉਹ ਫੰਡਾਂ ਨੂੰ ਢੋਈ ਜਾਂਦੈ।
ਰਾਜਪਾਲ ਜੀ ਸਾਡੀ ਬੇਨਤੀ ਹੈ-ਰੁਵੇ ਰਾਜ-ਪ੍ਰਬੰਧ ਤੋਂ ਪਰ੍ਹੇ ਕਾਕਾ!
ਜਿਹੜਾ ਕੰਮ ਮਿਲਿਐ ਓਹੀ ਕਰੀ ਜਾਵੇ ਸਾਰੇ ਬਾਪੂ ਦੇ ਕੰਮ ਨਾ ਕਰੇ ਕਾਕਾ!!

## 30. ਬਿਗਾਨੀ-ਸ਼ਹਿ

ਸਿੱਧੀ ਪਈ ਤੇ ਪਈ ਹੈ ਵਿੰਗੀ ਭਾਵੇਂ ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ।
ਖੜ੍ਹਾ ਵਿਚ ਕਟਹਿਰੇ ਭਨਿਆਰੇ ਵਾਲਾ ਖੜ੍ਹਾ ਕਿਸਤਰ੍ਹਾਂ ਇੱਕ ਲੱਤ ਭਾਰ ਵੇਖੋ।
ਜਿਹੜੀ ਪੈਰਾਂ ਨੂੰ ਪੈਂਦੀ ਸੀ ਬਣਨ ਖਾਤਰ ਹੁਣ ਸੰਗਦੀ ਕਿਵੇਂ ਸਰਕਾਰ ਵੇਖੋ।
ਵੋਟਾਂ ਖਾਤਰ ਹੈ ਚਾਓ ਦੇ ਨਾਲ ਦਿੱਤੀ ਜਿਸਨੇ ਬੁਲਿਟ-ਪਰੂਫ਼ ਇਕ ਕਾਰ ਵੇਖੋ।
ਜੇ ਨਾ ਪਾਪ ਕਰਦਾ ਜੇ ਨਾ ਢਹੇ ਚੜ੍ਹਦਾ ਆਖੇ ਲੀਡਰਾਂ ਦੰਦ ਭੰਨਾਂਵਦਾ ਨਾ!
ਕਹੇ ਫ਼ੱਕਰ ਭਨਿਆਰਿਆ ਸੰਭਲਦਾ ਤੂੰ ਸ਼ਹਿ ਬਿਗਾਨੀ ਤੇ ਮੁੱਛਾਂ ਮੁਨਾਂਵਦਾ ਨਾ!!

## 31. ਪਤੀ ਕਿਰਾਏ ਤੇ !

ਅਰਜਨਟਾਈਨਾ ਵਿੱਚ ਫ਼ੱਕਰਾ ਹੱਦ ਹੋਗੀ ਮਿਲਣ ਲੱਗੇ ਨੇ ਪਤੀ ਕਿਰਾਏ ਉੱਤੇ।
ਹੋਈ ਪਤੀ ਦੀ ਪੁੱਜ ਕੇ ਬੇਕਦਰੀ ਤਰਸ ਕਰੇ ਨਾ ਕੋਈ ਸਤਾਏ ਉੱਤੇ।
ਖਾਣਾ ਲੱਗੇ ਲਗਾਏ ਜੋ ਬਹਿਣ ਚਾਹੇ ਪਵੇ ਬੈੱਡ ਜੋ ਬਣੇ-ਬਣਾਏ ਉੱਤੇ।
ਹੂਵਰ ਕਰੇ ਨਾ ਧੋਵੇ ਨਾ ਜੋ ਭਾਂਡੇ ਕੁਰਸੀ ਡਾਹੇ ਘਾਹ ਕੱਟੇ-ਕਟਾਏ ਉੱਤੇ।
ਐਸੇ ਪਤੀਆਂ ਨੂੰ ਘਰਾਂ 'ਚੋਂ ਚਲਦੇ ਕਰੋ ਰਾਬਤਾ ਕਰੋ ਕਾਇਮ ਈ-ਮੇਲ ਉੱਤੇ!
ਸਾਥੋਂ ਲਵੋ ਕਿਰਾਏ ਤੇ ਮਨ-ਭਾਉਂਦੇ ਲਾਏ ਕੰਪਨੀ ਪਤੀ ਹਨ ਸੇਲ ਉੱਤੇ!!

## 32. ਡਰਿੱਸ-ਚਰਚਾ

ਮਸਾਂ ਅਜੇ ਅਮਰੀਕਾ ਦੀ ਚੋਣ ਮੁੱਕੀ ਪੈ ਗਈ ਪੇਲਿਨ ਨੂੰ ਟੁੱਟ ਵਹੀਰ ਮੀਆਂ।
ਮੋਇਆ ਪੂੰਝਦੈ ਅੱਥਰੂ ਹਾਰਿਆਂ ਦੇ? ਲੋਕੀ ਕਾਲਜੇ ਨੂੰ ਦਿੰਦੇ ਚੀਰ ਮੀਆਂ।
ਕਿੰਨਾ ਰਾਮ-ਰੌਲਾ ਪਾਉਂਦੇ ਕੱਪੜਿਆਂ ਦਾ ਜੁੜਦੀ ਆਪ ਨਾ ਜਿਹਨਾਂ ਨੂੰ ਲੀਰ ਮੀਆਂ।
ਟੀ.ਵੀ. ਵੇਖ ਕੇ ਰਹੇ ਨਿਹਾਲ ਹੁੰਦੇ ਸਾਥ ਛੱਡ ਗਏ ਕਿਵੇਂ ਅਖੀਰ ਮੀਆਂ।
ਪਹਿਨੀਂ-ਪੱਚਰੀ ਨੂੰ ਮੈਨੂੰ ਨਜ਼ਰ ਲਾਈ ਦਿਨ ਸੀ ਚੋਣਾਂ ਦੇ ਚਾਰ ਹੰਢਾਉਣ ਵਾਲੇ!
ਸਣੇ ਕੋਟ-ਪਤਲੂਣੀਂ ਇਹ ਅੱਗ ਲੱਗਣ ਚੰਦਰੇ ਜੇਠ ਜੋ ਖੁਰ੍ਹਦਰੂ ਪਾਉਣ ਵਾਲੇ!!

(2 ਨਵੰਬਰ,08)



## 33. ਪ੍ਰਵਾਰਵਾਦ

ਭਖਣ ਲੱਗਾ ਬਠਿੰਡੇ ਦਾ ਚੋਣ-ਦੰਗਲ ਕਹਿੰਦੇ ਫ਼ੈਸਲਾ ਆਪੇ ਪ੍ਰਵਾਰ ਕਰ ਲੂ।
ਕੀਹਨੇ ਖੜ੍ਹਨਾ ਤੇ ਤਿਲ੍ਹਕਣਾ ਹੈ ਕੀਹਨੇ ਏਸ ਗੱਲ ਦੀ ਛੇਤੀ ਵਿਚਾਰ ਕਰ ਲੂ।
ਅਸੀਂ ਪੰਥ ਨੂੰ ਦੇਣੀ ਨਹੀਂ ਕੋਈ ਜਹਿਮਤ ਟੱਬਰ ਆਪ ਸਭ ਕਾਰ-ਵਿਹਾਰ ਕਰ ਲੂ।
ਪੰਥ ਚੋਣ ਲਈ ਜ਼ੋਰ ਨੂੰ ਜਮ੍ਹਾਂ ਰੱਖੇ ਹੋਰ ਸਾਰਾ ਪ੍ਰਬੰਧ ਸਰਕਾਰ ਕਰ ਲੂ।
ਪਰਚੀ ਜੇਬ 'ਚੋਂ ਕੱਢਣ ਦੀ ਰੁੱਤ ਲੱਦੀ ਹੁਕਮ ਕਰਾਂਗੇ ਸਿੱਖਾਂ ਵਿਚਾਰਿਆਂ ਨੂੰ!
ਦੱਸੋ ਰਗੜ ਕੇ ਗੋਡੇ ਤੇ ਪੰਥ ਲਾਉਣੈਂ? ਜੇ ਨਾ ਕਹੇ ਤੋਂ ਛੱਡੇ ਜੈਕਾਰਿਆਂ ਨੂੰ!!

## 34. ਝਟਕਾ !

ਫ਼ੱਕਰਾ ਵੇਖ ਨੰਦੇੜ ਵਿੱਚ ਕੀ ਹੋਇਆ ਬੱਕਰਾ ਝਟਕਣ ਤੋਂ ਟਲ਼ਿਆ ਤਕਰਾਰ ਵਧਦਾ।
ਸਿੰਘ ਕਹਿਣ ਕਿ ਅਸਾਂ ਦੀ ਰੀਤ ਏਹਾ ਰਸਮ ਕਰੀਏ ਹੈ ਤਾਂਹੀਂ ਪਿਆਰ ਵਧਦਾ।
ਵਾਰ ਚੰਡੀ ਦੇ ਪਾਠ ਦਾ ਕਰਨ ਮਗਰੋਂ ਸਾਡੇ ਚਿੱਤ ਦੇ ਵਿਚ ਕਰਾਰ ਵਧਦਾ।
ਤਿਲਕ ਲਾਈਏ ਨਾ ਲਹੂ ਦਾ ਸ਼ਸਤਰਾਂ ਨੂੰ ਸਾਡੇ ਸੀਸ ਤੇ ਵੱਡੜਾ ਭਾਰ ਵਧਦਾ।
ਇੱਕ ਸਿੱਖ ਅਮਰੀਕਾ ਦਾ ਪੁੱਛ ਬੈਠਾ-ਤੁਸੀਂ ਕਿਹੜੀ ਮਰਿਆਦਾ ਦੁਹਰਾਉਣ ਲੱਗੇ?
ਸਿੰਘਾਂ ਸੂਤ ਕਿਰਪਾਨਾਂ ਨੂੰ ਕਿਹਾ ਤੇਰਾ ਬਾਅਦ ਬੱਕਰੇ ਨੰਬਰ ਹਾਂ ਲਾਉਣ ਲੱਗੇ!

## 35. ਮੋਗਾ

'ਮੋਗਾ ਚਾਹ ਜੋਗਾ' ਐਂਵੇ ਕਹਿਣ ਲੋਕੀਂ ਤੀਆਂ ਮੋਗੇ ਦੀਆਂ ਲੱਗਣ ਸੰਸਾਰ ਨਾਹੀਂ।
ਤੀਰਥ ਰਾਮ ਜਿਹੇ ਬਾਲਾਂ ਦੇ ਮਾਹਿਰ ਏਥੇ ਬਚਿਆ ਜਿਹਨਾਂ ਤੋਂ ਬਾਲ ਬੀਮਾਰ ਨਾਹੀਂ।
ਗੋਲ਼ੀ ਵਾਲੜੇ ਮੋਗੇ ਦੇ ਖਰੇ ਬੱਤੇ ਹੋਰ ਕਿਸੇ ਵੀ ਮਿਲਣ ਬਾਜ਼ਾਰ ਨਾਹੀਂ।
ਨੀਤੀਵਾਨ ਤੇ ਸ਼ਾਇਰ ਵਿਅੰਗ-ਲੇਖਕ ਏਥੋਂ ਨਾਲ ਦੇ ਕਿਤੇ ਹੁਸ਼ਿਆਰ ਨਾਹੀਂ।
ਰਹਿੰਦੀ ਕਸਰ ਵੀ ਫ਼ੱਕਰਾ ਗਈ ਕੱਢੀ ਟੀਕੇ ਮੋਗੇ ਦੇ ਹੋਰ ਮਸ਼ਹੂਰ ਹੋ ਗਏ!
ਜਿਹਨਾਂ ਲਾਉਂਦਿਆਂ ਪੈਂਟ੍ਹ ਤੇ ਪੈਂਟ੍ਹ ਮਿਲਦੇ ਹੁਣ ਤਾਂ ਮੋਗੇ ਦੇ ਡੇਰੇ ਹੀ ਦੂਰ ਹੋ ਗਏ!!

## 36. ਸਮਾਗਮ

ਗੁਰਤਾ-ਗੱਦੀ ਸਮਾਗਮ ਦੇ ਦਰਸ਼ਨਾਂ 'ਚੋਂ ਨਿਕਲਦੀ ਨਿਕਲਦੀ ਇਕ ਵੀਚਾਰ ਨਿਕਲੀ।
ਪੰਥ ਖਾਲਸੇ ਨੂੰ ਚੜ੍ਹੀ ਖੁਸ਼ੀ ਐਸੀ ਵੇਖੋ ਕਿਵੇਂ ਪਸਤੌਲ ਤਲਵਾਰ ਨਿਕਲੀ।
ਖਹਿਬੜ ਪੰਥ ਨੇ ਲਾਹੇ ਨੂੰ ਖੱਟਿਓ ਸੂ ਏਸ ਗੱਲੋਂ ਤਾਂ ਮਾੜੀ ਸਰਕਾਰ ਨਿਕਲੀ।
ਗੁਰੂ ਗ੍ਰੰਥ ਸੰਸਾਰ ਨੂੰ ਜੋੜਦਾ ਹੈ ਭਾਈ ਭਾਈ ਵਿੱਚ ਏਥੇ ਦੀਵਾਰ ਨਿਕਲੀ।
ਫ਼ੱਕਰਾ ਸੋਚਿਆ ਸੋਚ ਨਾ ਕੁਝ ਹੋਵੇ ਸੱਚੇ ਗੁਰਾਂ ਨੇ ਸੱਚ ਨਿਤਾਰਿਆ ਈ!
ਖ਼ਬਰੇ ਤਾਂਹੀਏਂ ਈ ਸਿੱਖਾਂ ਕੁਝ ਸੋਚਿਆ ਨਹੀਂ ਖ਼ਬਰੇ ਤਾਹੀਂ ਨਾ ਕੁਝ ਵਿਚਾਰਿਆ ਈ!!

(10 ਨਵੰਬਰ, 08)

## 37. ਲੰਗਰ-ਪਕਵਾਨ

ਫ਼ੱਕਰ ਸੁਪਨੇ ਵਿਚ ਗਿਆ ਹਜ਼ੂਰ ਸਾਹਿਬ ਲੰਗਰ ਵੜਿਆ ਤੇ ਬਹੁਤ ਨਿਹਾਲ ਹੋਇਆ।
ਵੇਖੇ ਕੀ ਕਿ ਵੱਡੇ ਪਕਵਾਨ ਪੱਕਣ ਸੇਵਾ ਚੱਲੇ ਕਿ ਵੱਡਾ ਕਮਾਲ ਹੋਇਆ।
ਪੀਜ਼ਾ ਬਰਗਰ ਜਲੇਬੀ ਤੇ ਗੋਲ-ਗੱਪੇ ਬਰਫ਼ੀ-ਕੋਕੋਨਟ ਥਾਲ ਤੇ ਥਾਲ ਹੋਇਆ।
ਬੰਦਾ ਕੀ ਖਾਵੇ ਬੰਦਾ ਕੀ ਛੱਡੇ ਖਾਣ ਵਾਲੇ ਲਈ ਵੱਡਾ ਸੁਆਲ ਹੋਇਆ।
ਕੁੱਖਾਂ ਕੱਢ ਕੇ ਢਿੱਡ ਤੇ ਹੱਥ ਫੇਰੇ ਆਖੇ-ਵਾਹ ਜੀ! ਵਾਹ ਜੀ! ਵਾਹ ਸੰਤਹੁ!!!
ਸਿੱਖੀ-ਸੇਵਾ ਲਿਟਰੇਚਰ ਨੇ ਕੀ ਕਰਨੀ? ਅਸਲੀ ਸੇਵਾ ਤਾਂ ਹੋਈ ਨਾ ਆਹ ਸੰਤਹੁ!

## 38. ਬੇਕਦਰੀ

ਹੁੰਦੀ ਮਾਂ-ਪੰਜਾਬੀ ਦੀ ਬੇਕਦਰੀ ਸਦਮਾ ਪੁੱਜਾ ਪੰਜਾਬੀ ਦੇ ਭੌਰਿਆਂ ਨੂੰ
ਕਾਹਤੋਂ ਏਸਦਾ ਭੋਰਾ ਨਹੀਂ ਫ਼ਿਕਰ ਕਰਦੇ ਹੋਇਆ ਕੀ ਵਜ਼ੀਰਾਂ ਹੈ ਬੌਰਿਆਂ ਨੂੰ?
ਊਂ ਤਾਂ ਹੇਜ ਜਤਲਾਣ ਇਹ ਮਾਂ ਸੰਦਾ ਜਾਣ ਲੋਕਾਂ ਵਿਚ ਕਰਨ ਜਾਂ ਦੌਰਿਆਂ ਨੂੰ।
ਵਾਅਦੇ ਭੁੱਲਦਿਆਂ ਨੂੰ ਆਉਂਦੀ ਸੰਗ ਨਾਹੀਂ ਇਹਨਾਂ ਲੋਕਾਂ ਦੇ ਚੁਣੇ ਹੋਏ ਚੌਰਿਆਂ ਨੂੰ।
ਚਾਲੇ ਵੇਖ ਕੇ ਫ਼ੱਕਰ ਨੇ ਚੋਟ ਕੀਤੀ-ਟੱਟੂ ਦੇਸੀ ਦੁਲੱਤੇ ਹਨ ਖੁਰਾਸਾਨੀ!
ਵਹੁਟੀ ਮਾਂਓਂ ਦੇ ਫ਼ਰਕ ਦਾ ਪਤਾ ਨਾਹੀਂ ਕਰਨ ਤਦੇ ਵਿਚਾਰੇ ਇਹ ਮਨੋ-ਮਾਨੀ!!

## 39. ਦੇਸ-ਪ੍ਰਦੇਸ

ਫ਼ੱਕਰ ਪੁੱਛਿਆ ਆਪੇ ਨੂੰ ਬੈਠ ਇਕ ਦਿਨ ਦੱਸ ਦੇਸ ਕਿ ਹੈ ਪ੍ਰਦੇਸ ਚੰਗਾ?
ਚੰਗਾ ਰੰਗ ਗੋਰਾ ਚੰਗਾ ਰੰਗ ਕਾਲਾ ਚੰਗੀ ਭੂਰੀ ਕਿ ਗੁੱਦੜ ਹੈ ਖੇਸ ਚੰਗਾ?
ਚੰਗਾ ਰੰਗ-ਕਸੁੰਭੜਾ ਦੁਨੀ ਸੰਦਾ ਕਿ ਭਗਵਾਂ ਸਾਧੂਆਂ ਸੰਦੜਾ ਵੇਸ ਚੰਗਾ?
ਚੰਗੀ ਭਟਕਣਾ ਵਾਸ਼ਨਾ ਰਾਹਗੀਰੀ ਕਿ ਹੈ ਚਲਣਾ ਰਾਹ ਦਰਵੇਸ਼ ਚੰਗਾ?
ਸਿਰ ਖੁਰਕਿਆ ਖੁਰਕ ਕੇ ਕਹਿਣ ਲੱਗਾ-ਠਹਿਰ, ਥੋੜਾ ਅੰਦਾਜ਼ਾ ਤਾਂ ਲਾਉਣ ਦੇਹ ਤੂੰ!
ਫੇਰ ਕਿਹਾ ਕਿ ਇਕ ਨਾਲ ਨਹੀਂ ਸਰਦਾ ਆਏਂ ਕਰ ਕਿ ਦੋਵੇਂ ਈ ਆਉਣ ਦੇਹ ਤੂੰ!!

## 40. ਚੋਣ-ਰੁੱਤ

ਆਈ! ਬੱਲੇ ਵਈ ਚੋਣਾਂ ਦੀ ਰੁੱਤ ਆਈ!! ਆਉਂਦਾ ਜਿਵੇਂ ਫਰਾਈ-ਡੇ ਗੋਰਿਆਂ ਨੂੰ।
ਨੇਤਾ ਅਮਲੀ ਤੇ ਵਿਹਲੜ ਨੇ ਗਲੇ ਮਿਲਦੇ ਖੁਸ਼ੀ ਚੱਕਿਆ ਸਾਰਿਆਂ ਝੋਰਿਆਂ ਨੂੰ।
ਹੱਥ ਉੱਪੜੇ ਗਰਦਣਾਂ ਕੁੱਕੜਾਂ ਨੂੰ ਬੋਤਲ-ਗਲ਼ਾਂ ਤੇ ਨੋਟਾਂ ਦੇ ਬੋਰਿਆਂ ਨੂੰ।
ਪਾਣੀ ਖੁੱਡ ਪੈ ਨਿਕਲਣ ਜਿਉਂ ਬਾਹਰ ਕੀੜੇ ਸਾਧਾਂ ਛੱਡਿਆ ਡੇਰਿਆਂ-ਭੋਰਿਆਂ ਨੂੰ।
ਬੁਰਸ਼ ਪੇਂਟਰਾਂ, ਲੇਖਕਾਂ ਕਲਮ ਸਾਂਭੀ ਝੰਡੀਆਂ ਝੰਡੀਆਂ-ਵਾਲੇ ਬਣਾਉਣ ਲੱਗ ਪਏ!
ਪਾਟੀ ਜੇਬ 'ਚੋਂ ਚੋਣ-ਫੰਡ ਕਿਰੇ ਨਾਹੀਂ ਝੱਗੀਆਂ ਨਵੀਆਂ ਨੇ ਨੇਤਾ ਸਵਾਉਣ ਲੱਗ ਪਏ!!
(17 ਨਵੰਬਰ,08)



## 41. ਹੰਸੋਂ ਕਾਗ

ਫ਼ੱਕਰਾ ਵੇਖ ਜ਼ਮਾਨੇ ਦੇ ਤੌਰ ਬਦਲੇ ਕੰਮ ਕਿਵੇਂ ਅਵੱਲੜੇ ਹੋਣ ਲੱਗੇ।
ਔਰਤ ਔਰਤ ਨੂੰ ਵੇਖ ਵਿਆਹੁਣ ਲੱਗੀ ਮਰਦ ਪੁੱਠੀਆਂ ਚੱਕੀਆਂ ਝੋਣ ਲੱਗੇ।
ਬਾਜ਼ੀ ਮਾਰਗੀ ਸਾਧਵੀ ਕੱਲ੍ਹ ਜੰਮੀ ਕਹਿੰਦੇ ਬਿਨ-ਜਵਾਹਰੀ ਨੇ ਰੋਣ ਲੱਗੇ।
ਪੈਂਦੇ ਜਿਵੇਂ ਪ੍ਰਬੰਧਕ ਹਨ ਗੋਲਕਾਂ ਨੂੰ ਮਾਲ ਚੋਰੀ ਦਾ ਪੁਲਸੀਏ ਢੋਣ ਲੱਗੇ।
ਜੱਥੇਦਾਰ, ਖਿਡਾਰੀ ਜਾਂ ਸੰਤ, ਗਾਇਕ ਦਲਾਂ ਇਹਨਾਂ 'ਤੇ ਦਾਓ ਲਗਾਏ ਕੀਕਰ!
ਮਹਾਂ-ਪੁਰਸ਼ ਸੀ ਕਾਵਾਂ ਤੋਂ ਹੰਸ ਕਰਦੇ ਇਹਨਾਂ ਹੰਸਾਂ ਤੋਂ ਕਾਂਓਂ ਬਣਾਏ ਕੀਕਰ!!

## 42. ਬਲਾਤ

ਉੱਡੀ ਗ਼ਮੀ ਤੇ ਖੁਸ਼ੀ ਦੀ ਰੁੱਤ ਆਈ ਚਮਕਣ ਲੱਗਾ ਫਿਰ ਰਾਮ ਰਹੀਮ ਬੇਲੀ।
ਜੋ ਸੀ ਜ਼ਰਦ-ਵਸਾਰ ਹੁਣ ਲਾਲ ਹੋਇਆ ਮਲ਼ੀ ਚਿਹਰੇ ਤੇ ਗਈ ਕਰੀਮ ਬੇਲੀ।
ਭਾਅ ਚੋਣਾਂ ਦੀ ਵੱਜੀ ਕਿ ਚਾਅ ਚੜ੍ਹਿਆ ਦਿਸੇ ਢੱਟੇ ਨੂੰ ਜਿਵੇਂ ਬਰਸੀਮ ਬੇਲੀ।
ਜਿਹੜਾ ਲਊ ਵੋਟਾਂ ਓਹੀ ਦੇਊ ਛੋਟਾਂ ਅੰਤ ਚਲਣੀ ਏਹੀ ਸਕੀਮ ਬੇਲੀ।
ਬੰਦ ਕਮਰੇ ਵਿਚ ਮਾਮਲਾ ਤਹਿ ਹੋਣਾ ਓਹਲਾ ਰਹਿਣੈ ਸੁਹਾਗ ਦੀ ਰਾਤ ਵਾਂਗੂੰ!
ਮੀਆਂ-ਬੀਵੀ ਤਾਂ ਹੋਣਗੇ ਪੁੱਜ ਰਾਜ਼ੀ ਹੋਣਾ ਵੋਟਰਾਂ ਨਾਲ ਬਲਾਤ ਵਾਂਗੂੰ!!

## 43. ਸ਼ਕਤੀ

ਉਮਾ ਭਾਰਤੀ ਤੇ ਚੜ੍ਹੀ ਜਨ-ਸ਼ਕਤੀ ਪਾਰਾ ਚੜ੍ਹਿਆ ਕਿ ਹੱਦਾਂ ਤੋਂ ਪਾਰ ਹੋਇਆ।
ਅਨਿਲ ਰਾਏ ਨੂੰ ਮਾਰਿਆ ਠਾਹ ਥੱਪੜ ਜਿਵੇਂ ਕੋਈ ਜੁਆਲਾ ਦਾ ਵਾਰ ਹੋਇਆ।
ਪਾਰਾ ਸਾੜ੍ਹੀ ਦੇ ਵਾਗਰਾਂ ਭੋਇੰ ਡਿੱਗਾ ਦੂਜਾ ਮਸਾਂ ਹੀ ਉੱਘਰ ਕੇ ਮਾਰ ਹੋਇਆ।
ਹੱਥ ਫੇਰਿਆ ਰਾਏ ਸਿਰ ਸ਼ਾਂਤ ਹੁੰਦੇ ਭੈਣ ਵੀਰ ਫਿਰ ਡਾਢੜਾ ਪਿਆਰ ਹੋਇਆ।
ਸ਼ਕਤੀ ਦੂਸਰਾ ਨਾਂਓ ਚਲੂਣਿਆਂ ਦਾ ਫ਼ੱਕਰਾ ਲੀਡਰਾਂ ਲਈ ਸੰਨਵੀਂ ਰਹਿਣ ਦੇ ਤੂੰ!
ਸ਼ਕਤੀ ਰੱਖ ਕੇ ਦੇਵੇ ਰੱਥ ਲੀਡਰਾਂ ਨੂੰ ਮੈਨੂੰ ਸ਼ਾਂਤੀ ਨਾ ਟਿਕ ਕੇ ਬਹਿਣ ਦੇ ਤੂੰ!!

## 44. ਕੁਰਸੀ ਖਾਤਰ

ਜੇਕਰ ਭਾਰ ਵਧੇ ਸਿਰੇ ਪਾਪ ਸੰਦਾ ਕਹਿੰਦੇ ਤੀਰਥੀਂ ਕਰਨ ਇਸ਼ਨਾਨ ਚੰਗਾ।
ਜੇਕਰ ਨੀਤੀ ਵਿਚ ਸਿਰਾ ਨਾ ਹੱਥ ਆਵੇ ਆਵੇ ਜ਼ਿਹਨ ਵਿਚ ਜੋਤਿਸ਼-ਅਸਥਾਨ ਚੰਗਾ।
ਕਿਸੇ ਧਰਮ ਤੇ ਹੋਣ ਨਾ ਹੱਥ ਸਿੱਧੇ ਆਪੇ ਥਾਪਣਾ ਫੇਰ ਭਗਵਾਨ ਚੰਗਾ।
ਜੇਕਰ ਕੁਰਸੀ ਹੀ ਮੰਜ਼ਲ-ਮਕਸੂਦ ਬਣ ਜੇ ਮਾੜਾ ਵੇਚਣ ਨਹੀਂ ਧਰਮ-ਈਮਾਨ ਚੰਗਾ।
ਜਿਹੜੀ ਪਾਰਟੀ ਕੁਰਸੀ ਦੀ ਪੁਸ਼ਤ ਤੋਰੇ ਪੱਲਾ ਓਸਦਾ ਕਦੇ ਨਾ ਛੱਡੀਏ ਜੀ!
ਲੰਗਰ ਛਕੇ ਜਿਸ ਤੀਰਥ ਜਾ ਰਾਹੁਲ ਵਰਗਾ ਮਟਰ ਓਸੇ ਤੇ ਜਾਇਕੇ ਕੱਢੀਏ ਜੀ!!
(24 ਨਵੰਬਰ,08)

## 45. ਨੀਲਾਮੀ

ਹਿਕ ਥਾਪੜੀ ਕਿਹਾ ਵਿਸ਼ਵਿੰਦਰ ਸਿੰਘ ਨੇ ਅੱਜ ਕੱਲ੍ਹ ਭਾਜਪਾ ਟਿਕਟਾਂ ਨੀਲਾਮ ਕਰਦੀ।
ਏਸੇ ਲਈ ਅਸਤੀਫ਼ਾ ਮੈਂ ਹਈ ਦਿੱਤਾ ਗੱਲ ਈਹਾ ਸੀ ਨੀਂਦਰ ਹਰਾਮ ਕਰਦੀ।
ਮਾੜਾ ਵੇਖ ਮੈਂ ਕੀਤਾ ਨਹੀਂ ਆਪ ਮਾੜਾ ਐਵੇਂ ਤੀਂਵੀਂ-ਗੁਮਾਨੀ ਬਦਨਾਮ ਕਰਦੀ।
ਨੇੜੇ ਹੋ ਮੈਂ ਡਿੱਠਾ ਵਸੁੰਧਰਾ ਨੂੰ ਬੋਲੀ ਆਪ ਵੇਖੀ ਮੈਂ ਸ਼ਰ੍ਹੇ-ਆਮ ਕਰਦੀ।
ਫ਼ੱਕਰ ਕਿਹਾ-ਵਿਸ਼ਵਿੰਦਰਾ ਸਮਝ ਚੱਲੋ ਰਲੀਏ ਕਦੇ ਨਾ ਪਾਰਟੀ ਮਾੜੀ ਦੇ ਵਿੱਚ!
ਹੱਥ ਦੇਣ ਨੂੰ ਲੱਭੀਏ ਹੋਰ ਥਾਂਓਂ ਹੱਥ ਦੇਈਏ ਨਾ ਕਦੇ ਘਲਾੜੀ ਦੇ ਵਿੱਚ!!

## 46. ਸਿਫ਼ਤ ਪੰਜਾਬੀਆਂ

ਸਿਫ਼ਤਾਂ ਕੌਮਾਂ ਦੀਆਂ ਫ਼ੱਕਰਾ ਲੱਖ ਹੋਵਣ ਸਿਫ਼ਤ ਵੱਖਰੀ ਇੱਕ ਪੰਜਾਬੀਆਂ ਦੀ।
ਗੁਰੂਆਂ ਪੀਰਾਂ ਅਵਤਾਰਾਂ ਨਾ ਕਹੇ ਲੱਗੀ ਗਿਣਤੀ ਵੱਖਰੀ ਇਹਨਾਂ ਹਿਸਾਬੀਆਂ ਦੀ।
ਮੂੰਹ-ਜੋੜ ਮੂੰਹ-ਤੋੜ ਮੂੰਹ-ਜ਼ੋਰ ਏਨੇ ਤਾਬ ਅਉਖੜੀ ਝੱਲਣੀ ਤਾਬੀਆਂ ਦੀ।
ਸਿਰਜਣ ਇਹ ਇਤਿਹਾਸ ਤੇ ਘਰ ਸਿਰਜਣ ਸਾਰ ਰੱਖਣ ਨਾ ਐਪਰ ਇਹ ਚਾਬੀਆਂ ਦੀ।
ਪੁੱਛਿਆ ਕਿਸੇ-ਪੰਜਾਬੀਆਂ ਸਿਫ਼ਤ ਦੱਸੋ ਰੰਗ ਆਪਣਾ ਕਿਵੇਂ ਦਿਖਾਂਵਦੇ ਇਹ!
ਕਿਹਾ-ਲੀਡਰ ਬਣਾ ਹਾਥੀ ਚਾੜ੍ਹਦੇ ਨੇ ਲਾਹ ਕੇ ਗਧੇ ਤੇ ਫੇਰ ਬਿਠਾਂਵਦੇ ਇਹ!!

## 47. ਚਲਾਕ ਨੀਕਰ

ਫ਼ਤਹ ਜ਼ੋਰਾਵਰ ਜਿੱਥੇ ਸ਼ਹੀਦ ਹੋਏ ਫ਼ਤਹਗੜ੍ਹ ਬਣ ਉਹ ਮਸ਼ਹੂਰ ਹੋਇਆ।
ਪਿਛਲੇ ਦਿਨੀਂ ਇਕ ਐਸਾ ਹਨ੍ਹੇਰ ਝੁੱਲਾ ਏਨਾ ਨੇੜ ਸੀ ਸਿੱਖਾਂ ਤੋਂ ਦੂਰ ਹੋਇਆ।
ਓਥੇ ਪਹੁੰਚਗੀ ਰਾਸ਼ਟਰੀ ਸਿੱਖ ਸੰਗਤ ਚਕਨਾਚੌਂਧ ਪੰਥ ਚਕਨਾਚੂਰ ਹੋਇਆ।
ਭਗਵੇਂ ਟੋਲਿਆਂ ਨੂੰ ਮਿਲੇ ਸਿਰੋਪਾਓ ਕੁਝ ਤਾਂ ਮਾਮਲਾ ਗੜਬੜ ਜ਼ਰੂਰ ਹੋਇਆ।
ਕਿਸੇ ਪੁੱਛਿਆ-ਸਿੰਘ ਜੀ ਕੀ ਹੋਇਆ। ਕੀ ਹੋ ਗਿਐ ਥੋਡੇ ਮੁੱਛਹਿਰਿਆਂ ਨੂੰ!
ਕੋਈ ਬੋਲਿਆ-ਨੀਕਰ ਚਲਾਕ ਨਿੱਕਲੀ ਵਿੱਚੋਂ-ਵਿੱਚਦੀ ਪੈਗੀ ਕਛਹਿਰਿਆਂ ਨੂੰ!!

## 48. ਮੰਦਹਾਲੀ ਪ੍ਰਗਿਆ

ਪ੍ਰਗਿਆ ਸਾਧਣੀ ਵੱਡਾ ਇਤਰਾਜ਼ ਕੀਤਾ-ਮੈਨੂੰ ਸੀ.ਡੀ.ਅਸ਼ਲੀਲ ਦਿਖਾਈ ਕਾਹਤੋਂ?
ਏ.ਟੀ.ਐਸ.ਨੇ ਮੇਰੇ ਨਾਲ ਕਰੀ ਮਾੜੀ ਜੁੱਤੀ ਮੇਰੇ ਤੇ ਇਸਤਰ੍ਹਾਂ ਵ੍ਹਾਈ ਕਾਹਤੋਂ?
ਦਿੱਤਾ ਮਿੱਠਾ ਨਾ ਖਾਣ ਦਿਹਾਰ ਉੱਤੇ ਨੇਰ੍ਹੇ ਵਿਚ ਦੀਵਾਲੀ ਮਨਵਾਈ ਕਾਹਤੋਂ?
ਇਕ ਤਾਂ ਰੋਕਿਆ ਮੈਨੂੰ ਰਮਾਇਣ ਪੜ੍ਹਨੋਂ ਦੂਜਾ ਉੱਤੋਂ ਦੀ ਗਾਲ੍ਹ ਵਰ੍ਹਾਈ ਕਾਹਤੋਂ?
ਮੰਗਿਆ ਕੋਕਾ 'ਮਕੋਕਾ' ਈ ਠੋਕ ਦਿੱਤਾ ਨਾਲੇ ਕਿਹਾ ਕਿ ਪੁੱਠੀ ਲਟਕਾ ਦਿਆਂਗੇ!
ਮੰਨੀ ਗੱਲ ਨਾ ਜੇ ਸਾਊ ਮਾਂ ਬਣਕੇ ਕੇਸ ਨਸ਼ੇ ਦਾ ਪੁੱਤ ਤੇ ਪਾ ਦਿਆਂਗੇ!!

(2 ਦਸੰਬਰ,08)



## 49. ਝੰਡੇ 'ਚ ਡੰਡਾ

ਪਾਇਆ ਯੋਗ ਦੇ ਝੰਡੇ ਦੇ ਵਿੱਚ ਡੰਡਾ ਰਾਮਦੇਵ ਨੇ ਛੱਡ ਜੈਕਾਰਿਆਂ ਨੂੰ।
ਬਾਣ ਮਾਰਿਆ ਕਿਵੇਂ ਕ੍ਰਿਕਟਰਾਂ ਨੂੰ ਬਰਛੀ ਵਿੰਨ੍ਹਵੀਂ ਫ਼ਿਲਮੀ ਸਿਤਾਰਿਆਂ ਨੂੰ।
ਸਾਫ਼ਟ-ਡਰਿੰਕਸ ਨੂੰ ਤੁਸੀਂ ਮਸ਼ਹੂਰ ਕੀਤੈ ਜੰਕ-ਫੂਡ ਵਰਤਾਉਂਦੇ ਹੋ ਸਾਰਿਆਂ ਨੂੰ।
ਮੇਰਾ ਇਕ ਵੀ ਆਸਣ ਪਸੰਦ ਨਾਹੀਂ ਥੋਨੂੰ ਵਿਆਹਿਆਂ ਤੇ ਨਾਹੀਂ ਕੁਆਰਿਆਂ ਨੂੰ।
ਮਾਂ ਸੰਸਕ੍ਰਿਤੀ ਪਿਓ ਧਰਮ ਭੁੱਲਾ ਮਾਪੇ ਤੁਸਾਂ ਦੇ ਪੈਪਸੀ-ਕੋਕ ਬਣ ਗਏ!
ਚਿੱਪਸਾਂ-ਪੱਤਿਆਂ ਲਈ ਪੌਡੇ ਲਾਉਣ ਵਾਲੇ ਰਹੇ ਭਾਰਤੀ ਨਾ ਤੁਸੀਂ ਬੋਕ ਬਣ ਗਏ!!

## 50. ਮੱਕੜਾ

ਵੇਖੋ ਮੱਕੜ ਜੀ ਕਿੰਨੇ ਨਿਹਾਲ ਹੋਏ ਚੌਥੀ ਵੇਰ ਜੁ ਮੱਕੜਾ ਮਾਰਿਆ ਈ।
ਸ਼ਹਿਰੀ ਹੋਣ ਦਾ ਮਿਲਿਆ ਸੁ ਲਾਭ-ਲਾਹਾ ਏਸੇ ਗੱਲ ਨੇ ਪਾਰ ਉਤਾਰਿਆ ਈ।
ਆਕਾ ਵਿਚਦੀ ਅਡਵਾਨੀ ਪ੍ਰਵੇਸ਼ ਕੀਤਾ ਤਾਂਹੀਂਏ ਚੱਜ ਥੀਂ ਝੱਲ ਖਿਲਾਰਿਆ ਈ।
'ਯਾਦਗਾਰ ਸ਼ਹੀਦਾਂ ਦੀ ਨਹੀਂ ਬਣਨੀ' ਪਹਿਲੋਂ ਚੋਣ ਤੋਂ ਮੁੱਖੋਂ ਉਚਾਰਿਆ ਈ।
ਜੇਕਰ ਸਿੱਖਾਂ ਨੂੰ ਸਮੇਂ ਤੇ ਸੁਰਤ ਆ ਗੀ ਪੰਜਵੀਂ ਵੇਰ ਦਾ ਯੱਭ ਮੁਕਾ ਦੇਸਣ!
ਸਿੱਧੀ ਚਲਦੀ ਲੁਧਿਆਣੇ ਨੂੰ ਬੱਸ -ਸੇਵਾ ਅੰਮ੍ਰਿਤਸਰੋਂ ਫਿਰ ਟਿਕਟ ਕਟਾ ਦੇਸਣ!!

## 51. ਏ.ਟੀ.ਐਮ.

ਏ.ਟੀ.ਐਮ. ਚੱਲੀ ਨਵੀਂ ਵਿੱਚ ਭਾਰਤ ਦੁੱਧ ਚੋਊਗਾ ਕਹਿੰਦੇ ਮਸ਼ੀਨ ਵਿੱਚੋਂ।
ਜਿੱਥੇ ਰੱਖਣਗੇ ਰਹੂਗੀ ਗਾਂ ਬੱਧੀ ਘਾਹ ਚਰੂ ਨਾ ਖੇਤ-ਜ਼ਮੀਨ ਵਿੱਚੋਂ।
ਡਰ-ਡੁੱਕਰ ਨਾ ਕਿਸੇ ਵੀ ਰੋਗ ਸੰਦਾ ਜ਼ਹਿਰ ਮਿਲੂ ਨਾ ਕਿਉਂਕਿ ਨਦੀਨ ਵਿੱਚੋਂ।
ਕਾਰਡ ਪਾਇਕੇ ਕੱਢਣਗੇ ਝੱਟ ਬੋਤਲ ਖੁਸ਼ੀ ਹੋਣਗੇ ਪੀ ਸ਼ੌਕੀਨ ਵਿੱਚੋਂ।
ਗਊ-ਮਾਤਾ ਦਾ ਘਟੂ ਪਰ ਬਹੁਤ ਆਦਰ ਧੱਕੇ ਮਾਤਾ ਨੂੰ ਲੋਕਾਂ ਨੇ ਮਾਰਨੇ ਨੇ!
ਵਾਗੀ ਬੇਰੁਜ਼ਗਾਰਾਂ ਦੇ ਵੱਗ ਹੋਸਣ ਵੱਗ ਗਊਆਂ ਦੇ ਮੋਇਆਂ ਨੇ ਚਾਰਨੇ ਨੇ?

## 52. ਗਲੋਬਲ-ਵਾਰਮਿੰਗ

ਫਿਰਿਆ ਵਿੱਚ ਢੰਡੋਰ ਜਕਾਰਤਾ ਦੇ -ਕੰਨ ਹੋਣ ਨਿਵਾਸੀਆਂ ਸਾਰਿਆਂ ਨੂੰ।
ਗਲੋਬਲ-ਵਾਰਮਿੰਗ ਦੇ ਨਾਲ ਸਿੱਝਣਾ ਹੈ ਤੁਸੀਂ ਕੱਟਤੈ ਜੰਗਲਾਂ ਭਾਰਿਆਂ ਨੂੰ।
ਜੀਹਨੇ ਵਿਆਹ ਕਰਵੌਣੈ ਇੱਕ ਰੁੱਖ ਲਾਵੇ ਨਹੀਂ ਤਾਂ ਰਾਤ ਨੂੰ ਗਿਣੇ ਬਹਿ ਤਾਰਿਆਂ ਨੂੰ।
ਕੰਮ ਵਿਆਹਿਆਂ ਦੇ ਨਹੀਂ ਇਹ ਕਰਨ ਜੋਗਾ ਚੱਕਣ ਚੱਕਣਾ ਪਊ ਕਵਾਰਿਆਂ ਨੂੰ।
ਕੱਢਕੇ ਚਾਕਲ਼ੀ ਛੇ ਸੱਤ ਰੁੱਖ ਲੈ ਕੇ ਛੜਾ ਚੌਂਕ ਵਿੱਚ ਪੁੱਛੇ-ਕਿੱਥੇ ਲਾ ਦਿਆਂ ਮੈਂ?
ਹਿੱਸੇ ਆਉਂਦਾ ਤਾਂ ਸਾਰਾ ਕੁਝ ਹਰਾ ਕਰਕੇ ਵਾਤਾਵਰਣ ਨੂੰ ਵਧੀਆ ਬਣਾ ਦਿਆਂ ਮੈਂ!

(8 ਦਸੰਬਰ,08)

## 53. ਚਾਰ-ਲੱਤਾਂ

ਆਏ ਲੰਡਨ ਵਿੱਚ ਬੜੇ ਪ੍ਰਵੇਜ਼ ਮੀਆਂ ਉਹ ਨਾ ਪਹਿਲੜਾ ਪਹਿਲੜਾ ਪਿਆਰ ਮਿਲਿਆ।
ਨਾ ਕੋਈ ਦੂਤ ਸਲੂਟ ਫ਼ਰੂਟ ਪਹੁੰਚਾ ਲਾ ਪਾ ਕੇ ਨਿਆਜ਼ ਇਕ ਯਾਰ ਮਿਲਿਆ।
ਮੌਸਮ ਲੱਦ ਗਿਆ ਪ੍ਰੈਸ-ਸੰਮੇਲਨਾਂ ਦਾ ਕੋਈ ਧਾਅ ਕੇ ਨਾ ਪੱਤਰਕਾਰ ਮਿਲਿਆ।
ਸੁੱਤੀ ਰਹੀ ਸਰਕਾਰ ਸਿਰ ਬਾਂਹ ਦਿੱਤੀ ਲੰਡਨ ਸੁਸਤ-ਸੁੱਤਾ ਠੰਢਾ-ਠਾਰ ਮਿਲਿਆ।
ਦੋ ਬੰਦੇ ਦੀਆਂ, ਕੁਰਸੀ ਦੀਆਂ ਚਾਰ ਲੱਤਾਂ ਦੁਨੀਆਂ ਕੁਰਸੀ ਨੂੰ ਕਰੇ ਸਲਾਮ ਮੀਆਂ!
ਕਿੱਥੇ ਜਨਰਲ ਮੁਸ਼ੱਰਫ਼ ਉਹ ਖਾਸ ਬੰਦਾ ਬੇਰਾਂ ਵੱਟੇ ਅੱਜ ਪੁੱਛੇ ਨਾ ਆਮ ਮੀਆਂ!!

## 54. ਖਿਚਾਈ ਪੌੜੀ ਦੀ !

ਰਤਨ ਟਾਟਾ ਨੇ ਆਖਿਆ ਗੱਲ ਕਿਹੜੀ? ਅਸੀਂ ਤਾਜ ਦੀ ਸ਼ਾਨ ਚਮਕਾ ਦਿਆਂਗੇ।
ਅੱਤਵਾਦੀਆਂ ਅਸਾਂ ਨੂੰ ਸਮਝਿਆ ਕੀ? ਅਸੀਂ ਉਹਨਾਂ ਨੂੰ ਚੰਗੂੰ ਸਮਝਾ ਦਿਆਂਗੇ।
ਪੰਜ ਅਰਬ ਹੀ ਆਉਂਦਾ ਹੈ ਖਰਚ ਸਾਰਾ ਅਸੀਂ ਹੱਸ ਕੇ ਏਸ 'ਤੇ ਲਾ ਦਿਆਂਗੇ
ਅਸੀਂ ਡਿੱਗ ਕੇ ਕਿਵੇਂ ਹਾਂ ਖੜ੍ਹੇ ਹੁੰਦੇ ਦੁਨੀਆਂ ਵਾਲਿਆਂ ਤਾਈਂ ਦਿਖਾ ਦਿਆਂਗੇ।
ਫ਼ੱਕਰ ਆਖਿਆ ਟਾਟਾ ਜੀ ਭਲੀ ਆਖੀ ਗੱਲ ਕੋਈ ਨਹੀਂ ਬਣਨ ਬਣਾਉਣ ਵਾਲੀ।
ਪੌੜੀ ਖਿੱਚ ਕੇ ਫੇਰ ਨਾ ਦੰਦ ਕੱਢਣ ਬਿੜਕ ਰੱਖਿਓਂ 'ਗਾਹਾਂ ਨੂੰ ਢਾਉਣ ਵਾਲੀ!

## 55. ਫ਼ਿਕਰ ਸਿਹਤ ਦਾ !

ਝੰਡੀ ਲਈ ਧਿਆਨਪੁਰ ਪਿੰਡ ਕੀਕੂੰ ਮੌਜ ਲੱਗ ਗਈ ਜਿੱਥੇ ਸ਼ਰਾਬੀਆਂ ਨੂੰ।
ਨੱਚਣ ਹੱਸਣ ਤੇ ਮੋਰ ਬਣ ਪਾਉਣ ਪੈਲਾਂ ਬੱਚੇ ਵੇਖਕੇ ਜਿਵੇਂ ਮਤਾਬੀਆਂ ਨੂੰ।
ਜਿੰਦਰਾ ਠੇਕੇ ਦਾ ਖੋਹਲਣਾ ਖਰਾ ਔਖਾ ਪੈਂਦੀ ਟੁੱਟ ਕੇ ਵਾਹਰ ਹੈ ਚਾਬੀਆਂ ਨੂੰ।
ਡੰਡਾ ਪੁਲਸ ਦਾ ਲੱਗੇ ਨਾ ਮੂਲ ਮੰਦਾ ਜਾਣਨ ਆਸ਼ਕ ਨਾ ਜਿਵੇਂ ਗੁਰਗਾਬੀਆਂ ਨੂੰ।
ਵੀਹ ਰੁਪਈਏ ਦੀ ਪੀਓ ਤਾਂ ਇੱਕ ਆਂਡਾ ਮਿਲਦੈ ਠੇਕੇ ਤੋਂ ਪਰੀ ਦੇ ਪਿਆਰਿਆਂ ਨੂੰ!
ਆਂਡੇ ਖਾਣ ਖਾਤਰ ਲੋਕੀ ਪੀਈ ਜਾਂਦੇ ਲੱਗਾ ਸਿਹਤ ਦਾ ਫ਼ਿਕਰ ਕਿੰਜ ਸਾਰਿਆਂ ਨੂੰ!!

## 56. ਸਨਮਾਨ !

ਪੱਤਰਕਾਰ ਇਰਾਕ ਦੇ ਕਰੀ ਕੇਹੀ ਵੇਖੋ ਸਭਨਾਂ ਨੂੰ ਕਿਵੇਂ ਹੈਰਾਨ ਕੀਤਾ।
ਅੱਠ ਸਾਲਾਂ ਵਿੱਚ ਨਹੀਂ ਸੀ ਕਿਸੇ ਕੀਤਾ ਜਿਵੇਂ ਬੁਸ਼ ਦਾ ਓਸ ਸਨਮਾਨ ਕੀਤਾ।
ਜਿੰਨੇ ਮੂੰਹ ਤੇ ਓਨੀਆਂ ਹੋਣ ਗੱਲਾਂ ਖੱਟਿਆ ਨਫ਼ਾ ਕੁਝ ਕਹਿਣ ਨੁਕਸਾਨ ਕੀਤਾ।
ਸਦਕੇ ਬੁਸ਼ ਦੇ ਵੀ ਜਾਈਏ ਦੋ ਵੇਰੀਂ ਜਿਸ ਚੱਲੀ ਚਲਾਈ ਪਰਵਾਨ ਕੀਤਾ।
ਪੱਤਰਕਾਰ ਨੂੰ ਫ਼ੱਕਰ ਨੇ ਪੁੱਛਿਓ ਨੇ-ਜੁੱਤੀ ਇੰਜ ਚਲਾਉਣ ਦਾ ਕੀ ਫ਼ਾਇਦਾ?
'ਜੇਕਰ ਘਟਨਾ ਤੋਂ ਲੋਕ ਪ੍ਰਭਾਵ ਲੈਂਦੇ' ਆਖੇ-ਕਲਮ ਘਸਾਉਣ ਦਾ ਕੀ ਫ਼ਾਇਦਾ?
(15 ਦਸੰਬਰ,08)



## 57. ਪੁੱਟਿਆ ਜੁਗਾੜ

ਚੰਦਰ ਮੋਹਨ ਨੇ ਦੂਜਾ ਵਿਆਹ ਕਰਕੇ ਕੇਹਾ ਚੰਨ ਹਰਿਆਣੇ ਵਿੱਚ ਚਾਹੜਿਆ ਏ।
ਖਾਤਰ ਇਸ਼ਕ ਦੀ ਕੁਰਸੀ ਨੂੰ ਲੱਤ ਮਾਰੀ ਝੁੱਗਾ ਹੱਸ ਕੇ ਕਿਵੇਂ ਉਜਾੜਿਆ ਏ।
ਪੱਟਿਆ ਸਾਰਾ ਜੁਗਾੜ ਅਨੁਰਾਧਾ ਦਾ ਵੀ ਚੰਗੀ ਭਲੀ ਦਾ ਕੰਮ ਵਿਗਾੜਿਆ ਏ।
ਭਜਨ ਲਾਲ ਜਿਸ ਰਾਹ 'ਚੋਂ ਨਿਕਲਿਆ ਸੀ ਔਖੇ ਰਾਹ ਵਿਚਾਰੇ ਨੂੰ ਵਾੜਿਆ ਏ।
ਕੁਰਸੀ ਧਰਮ ਤੇ ਟੱਬਰ ਨੂੰ ਚਾੜ੍ਹ ਬੇੜੇ ਨਿੱਕੀ ਇਕ ਵਿਹਾਝ ਲਈ ਚੀਜ਼ ਮੀਆਂ!
ਨਹੀਂ ਤਾਂ ਨੇਤਾ ਤੇ ਨੇਤਾ ਦਾ ਪੁੱਤ ਹੋ ਕੇ ਦਿੰਦੈ ਕਿਸੇ ਨੂੰ ਕੋਈ ਕਮੀਜ਼ ਮੀਆਂ!!

## 58. ਫੋਕੀ ਬੜ੍ਹਕ

'ਦਿੱਲੀ ਜਿਤਾਂਗੇ ਜੱਗ ਜਹਾਨ ਦੇਖੂ' ਮਾਰੀ ਬੜ੍ਹਕ ਸੀ ਕਿਵੇਂ ਅਕਾਲੀਆਂ ਨੇ।
ਬੜੇ-ਬੂਥਾਂ ਦਾ ਬੜਾ ਹਿਸਾਬ ਸਾਨੂੰ ਗੱਲਾਂ ਸਾਡੀਆਂ ਦੇਖੀਆਂ ਭਾਲੀਆਂ ਨੇ।
ਸਾਡੀ ਭਾਜਪਾ ਭੈਣ ਜੀ ਨਾਲ ਸਾਡੇ ਸੁਰਖੀ ਬੁੱਲ੍ਹਾਂ ਤੇ ਚਿਹਰੇ ਤੇ ਲਾਲੀਆਂ ਨੇ।
ਲਾਲ ਕਿਲ੍ਹੇ ਤੇ ਝੰਡੇ ਨੂੰ ਚਾੜ੍ਹ ਦੇਣਾ ਸੁਣਨੀਆਂ ਓਥੇ ਕੱਵਾਲੀਆਂ ਨੇ।
ਖਾਲੀ ਤੱਕੜੀ ਖੜਕਦੀ ਵਿੱਚ ਦਿੱਲੀ ਨਾਲੇ ਸੰਗਦੀ ਆਂਵਦੇ ਵੱਟਿਆਂ ਤੋਂ!
ਜੀਭਾਂ ਕੱਢੀ ਪੰਜਾਬ ਨੂੰ ਆਉਣ ਭੱਜੇ ਵਾਟ ਮੁੱਕੇ ਨਾ ਬਾਹਮਣੀ-ਢੱਟਿਆਂ ਤੋਂ!!

## 59. ਕੈਦੀਆਂ ਨੂੰ ਮੋਬਾਈਲ

ਮਿਹਰਬਾਨ ਕਿੰਜ ਹੱਸ ਸਰਕਾਰ ਹੋਈ ਤੋਹਫ਼ਾ ਦਿੱਤਾ ਸੂ ਜਾਹਲੀ-ਪ੍ਰਵਾਸੀਆਂ ਨੂੰ।
ਚੱਕੋ ਤੁਸੀ ਮੋਬਾਈਲ ਤੇ ਕਰੋ ਗੱਲਾਂ ਵੰਡੋ ਜਿਹਲ 'ਚੋਂ ਮਿੱਤਰਾਂ ਨਾਲ ਹਾਸੀਆਂ ਨੂੰ।
ਐਹੋ ਜਿਹੀ ਸਹੂਲਤ ਤਾਂ ਮਿਲੀ ਨਾਹੀਂ ਕੈਦੀ ਹੱਸ ਕੇ ਚੜ੍ਹੇ ਜੋ ਫਾਂਸੀਆਂ ਨੂੰ।
ਚਾਰ ਦਿਨਾਂ ਦੇ ਭਾਵੇਂ ਮਹਿਮਾਨ ਸਾਡੇ ਮਾਣ ਅਸਾਂ ਬ੍ਰਿਟੇਨ ਦੇ ਵਾਸੀਆਂ ਨੂੰ।
ਬਣਕੇ ਸਾਊ ਪ੍ਰਾਹੁਣੇ ਦਿਨ ਚਾਰ ਕੱਟੋ ਪਰ ਨਾ ਫ਼ੋਨ ਤੇ ਕੋਈ ਅਪਰਾਧ ਕਰਿਓ!
ਜਦੋਂ ਕੀਤੇ ਡਿਪੋਰਟ ਤਾਂ ਦੇਸ ਜਾ ਕੇ ਸਾਨੂੰ ਭੁੱਲਿਓ ਨਾ ਸਾਨੂੰ ਯਾਦ ਕਰਿਓ!!

## 60. ਪ੍ਰਵਾਸੀ-ਸੰਮੇਲਨ

ਐਨ.ਆਰ.ਆਈ. ਸੰਮੇਲਨ ਵਿੱਚ ਕੀ ਬੀਤੀ ਚੰਗੀ ਸ਼ੱਕਰ-ਘਿਓ ਰਲ਼ੀ ਪ੍ਰਵਾਸੀਆਂ ਨੂੰ।
ਗਏ ਕੁੱਤਿਆਂ-ਰੌਲੇ ਦੇ ਵਿੱਚ ਮੱਥੇ ਟੇਕੇ ਚਾਓ ਦੇ ਨਾਲ ਜੋ ਮਾਸੀਆਂ ਨੂੰ।
ਅੱਗੇ ਜਾਂਦਿਆਂ ਬਾਦਲਾਂ ਪਿੱਠ ਕੀਤੀ ਸ਼ਰ੍ਹੇਆਮ ਹੀ ਲੁੱਟ ਲਿਆ ਹਾਸੀਆਂ ਨੂੰ।
ਥਾਂਵੇਂ ਜਸ਼ਨ ਦੇ ਗਾਲ਼ੀ-ਗਲੋਚ ਹੋਈ ਗਸ਼ ਮਹਿਫ਼ਲ ਵਿੱਚ ਪਈ ਗਲਾਸੀਆਂ ਨੂੰ।
ਜਿਹੜੇ ਆਉਂਦਿਆਂ ਨੂੰ ਰਹੇ ਹਾਰ ਪਾਉਂਦੇ ਕਿਵੇਂ ਹਾਰ ਕੇ ਮੂੰਹ ਲਮਕਾ ਆਏ!
ਉੱਤਰੇ ਜਦੋਂ ਜਹਾਜ਼ੋਂ ਤਾਂ ਲੋਕ ਆਖਣ-ਤੁਸੀਂ ਚੰਗੀਆਂ ਪੂਰੀਆਂ ਪਾ ਆਏ!!
(21 ਦਸੰਬਰ, 08)

## 61. ਸੰਸਦ

ਵੇਸਵਾਵਾਂ ਕਲਕੱਤੇ ਵਿੱਚ ਹੱਦ ਕੀਤੀ ਸੰਸਦ ਹੇਠਾਂ ਹੈ ਜਿਹਨਾਂ ਬਣਾਈ ਸੰਸਦ।
ਜੰਮ ਜੰਮ ਆਉਣ ਸਮਲਿੰਗੀ ਤੇ ਹੀਜੜੇ ਵੀ ਕਰੂ ਹੱਕਾਂ ਲਈ ਇਹ ਰਾਹਨੁਮਾਈ ਸੰਸਦ।
ਕਰੂ ਵੇਸਵਾ ਹਿੱਤਾਂ ਦੀ ਐਨ੍ਹ ਰਾਖੀ ਦੇਊ ਰੁੜਨ ਨਾ ਐਂਵੇਂ ਕਮਾਈ ਸੰਸਦ।
ਲਗਦੇ ਸੈਸ਼ਨੀਂ ਕੰਮ ਦੀ ਗੱਲ ਹੋਸੀ ਸੰਸਦ ਵਾਂਗ ਨਾ ਕਰੂ ਭਕਾਈ ਸੰਸਦ।
'ਅਸੀਂ ਸੇਵਾ ਸਮਾਜ ਦੀ ਕਰੀ ਜਾਣੀ' ਨਾਅਰਾ ਸੰਸਦ ਨੇ ਵੇਖੋ ਬੁਲੰਦ ਕੀਤਾ!
ਬੰਦ ਹੋਊ ਬਾਜ਼ਾਰ-ਸਰਕਾਰ ਪਹਿਲਾਂ ਗਾਹਕ ਇਕ ਵੀ ਸਾਡਾ ਜੇ ਬੰਦ ਕੀਤਾ!!

## 62. ਰੈਂਕ

ਵੇਖੋ ਕ੍ਰਿਪਾ ਪੰਜਾਬ ਸਰਕਾਰ ਸੰਦੀ ਕਿਵੇਂ ਕੈਬਨਿਟ ਵਾਲੜੇ ਰੈਂਕ ਵਰਤਣ।
ਮਾਤ ਕੀਤਾ ਅਮਰੀਕਾ ਨੂੰ ਆਣ ਕਰਕੇ ਜੀਹਦੇ ਵਿਚ ਇਰਾਕ ਦੇ ਟੈਂਕ ਵਰਤਣ।
ਦੋਸ਼ ਮੰਦੇ ਦਾ ਚੀਨ ਜਪਾਨ ਕਾਹਦਾ ਜਿਹਨਾਂ ਵਾਂਗ ਛਬੀਲਾਂ ਦੇ ਬੈਂਕ ਵਰਤਣ?
ਮਿਹਣਾ ਇਸ਼ਕ ਦਾ ਭਾਰਤ ਨੂੰ ਭਲਾ ਕਾਹਦਾ ਜਿੱਥੇ ਬਿਨਾਂ-ਹਿਸਾਬ ਦਿਲ-ਫੈਂਕ ਵਰਤਣ।
ਕਿਹੜੇ ਮਿਹਣੇ ਦੀ ਗੱਲ ਤੂੰ ਕਰੇਂ ਫ਼ੱਕਰ? ਹੁੰਦਾ ਮਿਹਣਾ ਕੀ ਭਲਾ ਦੁਆਲੀਆਂ ਨੂੰ?
ਕੁਰਸੀ ਖਾਤਰ ਵਿਚਾਰੇ ਜੇ ਰੈਂਕ ਵੰਡਣ ਮਿਹਣਾ ਦੇਈਏ ਨਾ ਕਦੇ ਅਕਾਲੀਆਂ ਨੂੰ!

## 63. ਆਈਕੋ

ਵਹੁਟੀ 'ਆਈਕੋ' ਬਣਾਈ ਹੈ 'ਲੀ' ਕੇਹੀ ਸਾਰੇ ਕੰਮ ਤੁਸਾਡੜੇ ਕਰੇਗੀ ਇਹ।
ਕੀ ਜੇ ਹੈ ਨਕਲੀ ਸਾਰੂ ਕੰਮ ਸਾਰੇ ਘਾਪੇ ਅਸਲੀਆਂ ਦੇ ਸਾਰੇ ਭਰੇਗੀ ਇਹ।
ਸੋਹਣੀ ਸੇਜ ਵਿਛਾਇ ਨਿਹਾਲ ਕਰਸੀ ਅੱਗੇ ਖਾਣਾ ਬਣਾਇ ਕੇ ਧਰੇਗੀ ਇਹ।
ਉੱਚਾ ਬੋਲੋਂਗੇ ਤਾਂ ਵੀ ਮੁਸਕਾਏਗੀ ਇਹ ਅੱਗੋਂ ਅਸਲੀਆਂ ਵਾਂਗ ਨਾ ਵਰ੍ਹੇਗੀ ਇਹ।
'ਆਈਕੋ' ਜਦੋਂ ਸਟੋਰਾਂ ਤੇ ਆਮ ਆ ਗਈ ਛੜਿਆਂ ਘਰੀਂ ਪਰੌਂਠਿਆਂ ਪੱਕਣਾ ਹੈ!
ਰੁੱਸੇ ਗੁੱਸੇ ਜਦ ਕਿਸੇ ਦੀ ਹੋਊ ਵਹੁਟੀ ਨਹੀਂਓਂ ਮੋੜਨਾ ਬਾਹਰ ਉਸ ਧੱਕਣਾ ਹੈ!!

## 64. ਗੱਲ ਰਿਸ਼ਤੇ ਦੀ !

ਸਾਦ ਗੁਮਾ ਨੇ ਆਖਿਆ ਹਿੱਕ ਥਾਪੜ ਹੁਣ ਮੈਂ ਹੱਥ ਤੇ ਸਰ੍ਹੋਂ ਜਮਾ ਦਿਆਂਗਾ।
ਜੀਹਨੇ ਬੁਸ਼ ਨੂੰ ਬੂਟ ਪਵਾਏ ਸੋਹਣੇ ਮੁੰਤਜ਼ਰ ਦੀ ਸ਼ਾਨ ਬਣਾ ਦਿਆਂਗਾ।
ਧੀ ਅਮਲ ਤਾਂ ਮੇਰੀ ਹੈ ਇਕ ਹੀਰਾ ਇਹ ਮੈਂ ਓਸ ਦੇ ਗਲੇ ਵਿੱਚ ਪਾ ਦਿਆਂਗਾ।
ਦੇਣੀ ਕਾਰ ਬੁਨੇਰੀ ਨੇ ਕਾਰਮੀ ਜੇ ਜਲਵਾ ਉਹਤੋਂ ਵੀ ਵੱਧ ਦਿਖਲਾ ਦਿਆਂਗਾ।
ਫ਼ੱਕਰ ਆਖਿਆ-ਸਾਦ ਗੁਮਾ ਸਾਹਿਬ ਰਿਸ਼ਤੇ ਨਾਲ ਨਾ ਜਹਿਮਤ ਸਹੇੜ ਲੈਣਾ!
ਮਤੇ ਕੁੜੀ ਵੱਲ ਜੁੱਤੀ ਵਗਾਹ ਮਾਰੇ ਪਹਿਲੋਂ ਮੁੰਡੇ ਨਾਲ ਗੱਲ ਨਿਬੇੜ ਲੈਣਾ!!

(29 ਦਸੰਬਰ, 08)

## 65. ਨੱਥ

ਖਫ਼ਾ ਹੋਏ ਸੁਖਬੀਰ 'ਤੇ ਕਾਂਗਰਸੀਏ-ਚੈਨਲ ਪੱਟ ਲਏ ਸਾਰੇ ਇਸ ਟੀਵੀਆਂ ਦੇ।
ਅੰਦਰੇ-ਅੰਦਰ ਹੀ ਸਾਰੀ ਗੰਢ-ਤੁੱਪ ਕੀਤੀ ਹੋ ਕੇ ਮਰਦ ਨੇ ਕਰੇ ਕੰਮ ਤੀਵੀਂਆਂ ਦੇ।
ਘੁੰਡ ਚੁੱਕਕੇ ਚੈਨਲਾਂ ਸੰਗ ਲਾਹੀ ਕੰਮ ਇਹਨਾਂ ਵੀ ਫੜੇ ਹਨ ਬੀਵੀਆਂ ਦੇ।
ਲੋਕਤੰਤਰ ਕਰ ਝਟਕਾ ਵਰਤਾਇ ਦਿੱਤਾ ਮੂੰਹ ਬੰਦ ਜਿਸ ਕਰੇ ਬੁੱਧੀ-ਜੀਵੀਆਂ ਦੇ।
ਲੋਹੜਾ ਸਾਈਂ ਦਾ ਕਾਕੇ ਨੂੰ ਨੱਥ ਪਾਵੋ ਆਪੇ ਪਾ ਚਾਰਾ ਆਪੇ ਚਰੀ ਜਾਂਦੈ!
ਮੂਰਤ ਟੀ.ਵੀ. ਵਿੱਚ ਕਿਸੇ ਦੀ ਨਹੀਂ ਆਉਂਦੀ ਹਰ ਇਕ ਚੈਨਲ 'ਚੋਂ ਕਾਕਾ ਈ ਵਗ੍ਹੀ ਜਾਂਦੈ!!

## 66. ਮਾਂ-ਪੰਜਾਬੀ

ਜਾ ਕੇ ਵਿੱਚ ਪੰਜਾਬ ਪੰਜਾਬੀਆਂ ਨੂੰ ਮਿਹਣਾ ਮਾਰਿਆ ਮਲਿਕ ਅਮੀਨ ਚੰਗਾ।
ਤੁਸਾਂ ਨਹੀਂਓਂ ਪੰਜਾਬੀ ਮਾਂ ਜਾਤਾ ਕਾਹਦਾ ਤੁਸਾਂ ਨੂੰ ਸਮਝੀਏ ਦੀਨ ਚੰਗਾ।
ਹਿੰਦੀ ਅਤੇ ਅੰਗਰੇਜ਼ੀ ਲਈ ਪਲੰਘ ਡਾਹੋ ਸਮਝੋ ਮਾਂਓਂ ਦਾ ਸੌਣਾ ਜ਼ਮੀਨ ਚੰਗਾ।
ਵੱਡੇ ਦਿਲ-ਦਰਿਆਓ ਕਰੋ ਕੰਮ ਵੱਡੇ ਏਨਾ ਕੱਤਣ ਨਾ ਯਾਰੋ ਮਹੀਨ ਚੰਗਾ।
ਮਾਇਆਵਤੀ ਤੋਂ ਹੀ ਕੋਈ ਸਬਕ ਲੈਂਦੇ ਚੁੰਨੀ ਓਸਦੀ ਸਿਰਾਂ ਤੇ ਓੜ ਲੈਂਦੇ!
ਵੰਡਿਆ ਦੇਸ ਉਇ ਸ਼ੇਰੇ-ਪੰਜਾਬ ਸੰਦਾ ਰੁੜ੍ਹਦੀ ਜਾਂਦੀ ਪੰਜਾਬੀ ਤਾਂ ਮੋੜ ਲੈਂਦੇ!!

## 67. ਹੈਂਸਿਆਰੀ

ਹਾਹਾਕਾਰ ਟਰਾਂਟੋ ਦੇ ਵਿੱਚ ਮੱਚੀ ਪਈਆਂ ਅਮਲੀਆਂ ਤੇ ਕੀਕਰ ਭਾਰੀਆਂ ਨੇ।
ਫੁੱਲ ਖਾਂਵਦੇ ਫੁੱਲਾਂ ਦੇ ਵਾਂਗ ਖਿੜਦੇ ਆ ਕੇ ਭਾਈਆਂ ਨੇ ਭਾਨੀਆਂ ਮਾਰੀਆਂ ਨੇ।
ਭੁੱਕੀ ਡੋਡਿਆਂ ਤੇ ਲੱਗੇ ਪੈਣ ਛਾਪੇ ਕਿਵੇਂ ਕੀਤੀਆਂ ਹਾਏ ਹੈਂਸਿਆਰੀਆਂ ਨੇ।
ਉਹ ਤਾਂ ਰੂਹ ਨੂੰ ਸੀ ਬਾਗ਼ੋ-ਬਾਗ਼ ਕਰਦੇ ਕੀ ਸੀ ਖੱਟਣਾ ਭਲਾ ਵਪਾਰੀਆਂ ਨੇ!
ਕਾਟੋ ਫੁੱਲਾਂ ਦੇ ਅਰਸ਼ ਤੇ ਖੇਡ੍ਹਦੀ ਨੂੰ ਹਾਏ ਉਇ ਦੁਸ਼ਮਣੋਂ ਫਰਸ਼ ਤੇ ਸਿੱਟਿਆ ਈ!
'ਧੱਕੇ ਦੇਸ ਤੇ ਸਾਨੂੰ ਪ੍ਰਦੇਸ ਧੱਕੇ' ਬੈਠਾ ਲਿਫ਼ਟ ਵਿੱਚ ਅਮਲੀ ਇਓਂ ਪਿੱਟਿਆ ਈ!!

## 68. ਮੀਢੀਆ ਜੇਠ

ਸ਼ਾਇਰਾ ਪੇਲਿਨ ਨੇ ਆਖਿਆ ਕੀ ਹੋਇਆ? ਕੀ ਹੋਇਆ ਜੇ ਭਲਾ ਮੈਂ ਹਾਰ ਗਈ ਆਂ।
ਇਕ ਚੋਣ ਵਿੱਚ ਮੂਧੀ ਮੈਂ ਹੋ ਡਿੱਗੀ ਦੂਜੇ ਪਾਸੇ ਤਾਂ ਮੋਰਚਾ ਮਾਰ ਗਈ ਆਂ।
ਠੰਢੀ ਉੱਠਕੇ ਇਕ ਸਟੇਟ ਵਿੱਚੋਂ ਕਿੰਨੇ ਤਪਦਿਆਂ ਹਿਰਦਿਆਂ ਠਾਰ ਗਈ ਆਂ।
ਮੈਨੂੰ ਛੇੜਿਐ ਪੁੱਜਕੇ ਮੀਡੀਏ ਨੇ ਪਤੈ ਮੈਨੂੰ ਈ ਕਿਵੇਂ ਸਹਾਰ ਗਈ ਆਂ।
ਬਚੀਏ ਮੋੜ ਤੋਂ-ਫ਼ੱਕਰ ਸਲਾਹ ਦਿੱਤੀ-ਪੰਗਾ ਲਈਏ ਨਾ ਮੀਡੀਏ ਨਾਲ ਬੀਬੀ!
ਛੜੇ ਜੇਠ ਦੇ ਵਾਂਗ ਸੁਭਾਅ ਇਹਦਾ ਖੜ੍ਹਾ ਰੱਖਦਾ ਇਹ ਸਦਾ ਸੁਆਲ ਬੀਬੀ!!

(5 ਜਨਵਰੀ, 09)

## 69. ਯੁੱਭ

ਖੋਹੀ ਜੱਥੇਦਾਰੀ ਕੋਈ ਦੇਂਵਦਾ ਨਾ, ਵੇਖੋ ਆਖੇ ਵੇਦਾਂਤੀ-ਨਹੀਂ ਲਵਾਂਗਾ ਮੈਂ।
ਇਸ ਵਿੱਚ ਨਹੀਂ ਸਤਿਕਾਰ, ਖੁਆਰੀਆਂ ਨੇ ਏਸ ਯੁੱਭ ਵਿਚ ਫੇਰ ਨਹੀਂ ਪਵਾਂਗਾ ਮੈਂ।
ਤਿੰਨ ਸੌ-ਸਾਲਾ ਨਹੀਂ ਮੈਨੂੰ ਮਨਾਉਣ ਦਿੱਤਾ ਬਿਨਾਂ ਮੰਨੇ ਹੀ ਮੌਜ ਵਿੱਚ ਰਵ੍ਹਾਂਗਾ ਮੈਂ।
ਭੱਜ ਕੇ ਰੱਖ ਲੈਂਦੇ, ਚੱਜ ਨਾ’ ਤੋਰਦੇ ਨਹੀਂ, ਚੰਗਾ ਏਸਤੋਂ ਘਰੇ ਹੀ ਬਵ੍ਹਾਂਗਾ ਮੈਂ।
ਦੱਸਿਓ ਗੱਲ ਗਿਆਨੀ ਜੀ-ਕਹੇ ਫ਼ੱਕਰ-ਗੱਲ ਤੁਰੀ ਕੋਈ ਰੱਖਣ ਰਖਾਉਣ ਖਾਤਰ?
ਬੋਲੇ-ਸਿੰਘ ਜੀ ਕੁੱਝ ਤਾਂ ਆਖਣਾ ਹੈ ਪੁੱਛਦੇ ਪੰਥ ਨੂੰ ਮੂੰਹ ਵਿਖਾਉਣ ਖਾਤਰ!

## 70. ਸੁੱਕੇ ਚੈੱਕ

ਸੁੱਚਾ ਸਿੰਘ ਲੰਗਾਹ ਨੇ ਧਾਹ ਮਾਰੀ ਮਿਲਣੀ ’ਗਾਹਾਂ ਤੋਂ ਮੈਨੂੰ ਤਨਖਾਹ ਨਾਹੀਂ।
ਕਾਹਦੇ ਮੰਤਰੀ? ਮਾੜੇ ਹਾਂ ਸੰਤਰੀ ਤੋਂ ਲਗਦੀ ਅਸਾਂ ਦੀ ਕੋਈ ਵੀ ਵਾਹ ਨਾਹੀਂ।
ਬਾਦਲ ਆਖਿਆ-ਭਲਾ ਪ੍ਰਵਾਹ ਕਾਹਦੀ ਕੀਹਨੂੰ ਭਾਈ ਤਨਖਾਹ ਦੀ ਚਾਹ ਨਾਹੀਂ?
ਵੇਖ ਚੈੱਕ ਮੈਂ ਸੁੱਕੇ ਵਰਤਾਈ ਜਾਨਾਂ ਚੜ੍ਹੀ-ਲੱਥੀ ਦੀ ਮੈਨੂੰ ਪਰਵਾਹ ਨਾਹੀਂ।
ਫੇਰ ਆਖਿਆ-ਫ਼ਿਕਰ ਨਾ ਕਰੋ ਸੱਜਣ ਖਾਤੇ ਕਾਂਗਰਸ ਦੇ ਵਿੱਚ ਪਾ ਦਿਆਂਗੇ!
ਲੋਕੀ ਓਸਦਾ ਕਿਹੜਾ ਇਤਬਾਰ ਕਰਦੇ ਆਪਾਂ ਧੂੜ ਵਿੱਚ ਟੱਟੂ ਰਲ਼ਾ ਦਿਆਂਗੇ!!

## 71. ਵਾਧੂ-ਵਜ਼ਨ

ਫ਼ੱਕਰਾ ਵੇਖਲਾ ਜ਼ੁਲਮ ਦੀ ਅੱਤ ਹੋਗੀ ਏਅਰ-ਹੋਸਟਸਾਂ ਤੇ ਕੇਹਾ ਵਾਰ ਹੋਇਆ।
ਏਅਰ ਇੰਡੀਆ ਨੇ ਫ਼ੈਸਲਾ ਅਜਬ ਕੀਤਾ ਲੋਕੀ ਕਹਿਣ-ਵਈ ਚੰਗਾ ਵਪਾਰ ਹੋਇਆ।
ਅਖੇ-ਹੋਸਟਸ ਰੱਖਣੀ ਨਹੀਂ ਮੋਟੀ ਵੱਧ ਲੋੜ ਤੋਂ ਜਿਹੜੀ ਦਾ ਭਾਰ ਹੋਇਆ।
ਤੋੜੀ ਨੌਕਰੀ ਕਈਆਂ ਦੀ ਏਸ ਗੱਲੋਂ ਪਈਆਂ ਮੰਜੀਂ ਤੇ ਡਾਢਾ ਬੁਖ਼ਾਰ ਹੋਇਆ।
ਫ਼ੱਕਰ ਆਖਿਆ-ਜ਼ਾਹਰਾ ਇਹ ਵਿਤਕਰਾ ਹੈ ਆਖੋਂ ਪੈਂਦੈ ਜਹਾਜ਼ ਤੇ ਵਜ਼ਨ ਵਾਧੂ!
ਤੁਸੀਂ ਪਤੀਆਂ ਤੋਂ ਕਿਤੇ ਹੋ ਵੱਧ ਔਖੇ? ਹਿੱਸੇ ਜਿਹਨਾਂ ਦੇ ਆਉਂਦਾ ਹੈ ਬਦਨ ਵਾਧੂ!!

## 72. ਉੱਨ

ਸਹੁੰ-ਚੁੱਕੀ ਓਬਾਮੇ ਤਾਂ ਕਿਹਾ ਫ਼ੱਕਰ-ਬੱਲੇ ਬੱਲੇ ਵਈ ਬੱਲੇ ਕਮਾਲ ਹੋ ਗਈ।
ਹੋਇਆ ਏਨਾ ਮਲੁਖੱਈਏ ਦਾ ’ਕੱਠ ਆਕੇ ਰੂਹ ਰੱਜੀ ਕਿ ਦੇਖ ਨਿਹਾਲ ਹੋ ਗਈ।
ਧਰਮ ਕੌਮ ਹਰੇਕ ਦੇ ਲੋਕ ਵੇਖੇ ਲੱਭਣੀ ਪੱਗ ਹੀ ਬਸ ਮੁਹਾਲ ਹੋ ਗਈ।
ਹੋਏ ਸਿੱਖਾਂ ਦੇ ਦਰਸ਼ਣ ਦੁਰਲੱਭ ਐਸੇ ਲੱਗੇ ਧਨੀ ਕੋਈ ਕੌਮ ਕੰਗਾਲ ਹੋ ਗਈ।
ਫ਼ੱਕਰ ਆਖਿਆ-ਖਾਲਸਾ ਭਲੇ ਚੱਾਲੇ ਫੰਡ ਦੇ ਦੇ ਕੇ ਉੱਨ ਲੁਹਾਂਵਦੇ ਰਹੋ!
ਏਥੋਂ ਓਥੋਂ ਦੇ ਲੀਡਰਾਂ ਹਾਰ ਪਾਵੋ ਫ਼ੋਟੋ ਪਰਚਿਆਂ ਵਿੱਚ ਛਪਾਂਵਦੇ ਰਹੋ!!

(7 ਜਨਵਰੀ, 09)



## 73. ਤਾਲਿਬਾਨ ਤੇ ਬੋਤੀ

ਤਾਲਿਬਾਨਾਂ ਨੇ ਕਿਹਾ ਲੋਕਾਈ ਸੁਣਲੈ-ਅਸੀਂ ਏਸਦੇ ਤੇ ਪਾਕਿਸਤਾਨ ਸਾਡਾ।
ਏਕਮ ਇਹ ਤੇ ਦੂਨੀਆਂ ਹੈ ਦੋਮ ਸਾਨੂੰ ਅਜ਼ਲੋਂ ਸਾਂਝਾ ਹੈ ਦੀਨ-ਈਮਾਨ ਸਾਡਾ।
ਗ੍ਰੰਥ ਪੋਥੀਆਂ ਪੁਸਤਕਾਂ ਸੈਅ ਭਾਵੇਂ ਚੰਗਾ ਅਸਾਂ ਨੂੰ ਇੱਕੋ ਕੁਰਾਨ ਸਾਡਾ।
ਦੁੱਖ-ਸੁੱਖ ਅਸਾਂ ਦੇ ਤੇ ਗ਼ਮੀ ਖ਼ੁਸ਼ੀ ਸਾਂਝੀ ਸਾਂਝਾ ਬਿਨਾਂ ਸ਼ੱਕ ਮਾਨ-ਅਪਮਾਨ ਸਾਡਾ।
ਭਾਰਤ ਨਾਲ ਜੇ ਕੱਲ੍ਹ ਨੂੰ ਪਿਆ ਪੰਗਾ ਹਿੱਕਾਂ ਓਸਦੇ ਸਾਹਮਣੇ ਡਾਹ ਦਿਆਂਗੇ!
ਜੇ ਪਰ ਪਾਕ ਨਾ ਪਿੱਠ ’ਤੇ ਬਹਿਣ ਦਿੱਤਾ ਬੋਤੀ ਓਸਦੀ ਫੇਰ ਬਿਠਾ ਦਿਆਂਗੇ!!

## 74. ਮੋਰੀ

ਸਹਿਜਧਾਰੀ ਦੀ ਕੱਢ ਲਈ ਚੋਰ-ਮੋਰੀ ਕੋਈ ਵੜੀ ਜਾਵੇ ਕੋਈ ਆਈ ਜਾਵੇ।
ਹੋਵੇ ਸੰਘ ਵਾਲਾ ਹੋਵੇ ਘੋਨ-ਮੋਨਾ ਸਸਤੇ ਭਾਅ ਉਹ ਸਿੱਖ ਅਖਵਾਈ ਜਾਵੇ।
ਜਿਵੇਂ ਰਹਿੰਦਾ ਹੈ ਓਵੇਂ ਹੀ ਰਹੇ ਰਾਜ਼ੀ ਐਪਰ ਵੋਟ ਉਹ ਅਸਾਂ ਨੂੰ ਪਾਈ ਜਾਵੇ।
ਚੇਤਾ ਕਿਤੇ ਕਮੇਟੀ ਨੂੰ ਆਪ ਆਉਣੈਂ? ਫ਼ਰਜ਼ ਸਿੱਖ ਦੈ ਇਹਨੂੰ ਜਗਾਈ ਜਾਵੇ।
ਦੱਸੋ ਦੱਸੋ ਕਮੇਟੀ ਨੂੰ ਦੱਸੋ ਸਿੱਖੋ ਹੁੰਦਾ ਕੀ ਹੈ ਭਲਾ ਇਹ ਸਹਿਜਧਾਰੀ?
ਪੰਥਕ-ਮਸਲਿਆਂ ਸੰਦੇ ਅੰਬਾਰ ਲੱਗੇ ਪਈ ਅੱਗੇ ਕਮੇਟੀ ਦੀ ਮੱਤ ਮਾਰੀ!

## 75. ਵਕਾਲਤ

ਮਾਨ ਆਖਿਆ ਉੱਚੀ ਕਿਰਪਾਨ ਕਰਕੇ ਸੁਣਦਾ ਮੋਇਆ ਹੈ ਕੋਈ ਦਲੀਲ ਏਥੇ?
ਆਉਂਦੇ ਮਾੜਿਆਂ ਦੇ ਗਲ਼ੀਂ ਨਿੱਤ ਗੂਠੇ ਹੁੰਦੀ ਕਿਸੇ ਦੀ ਨਹੀਂ ਅਪੀਲ ਏਥੇ।
ਨਿਕਲੇ ਰੋਣ ਉਹਦਾ ਜੀਹਨੂੰ ਹੱਥ ਲਾਵੋ ਦਹਿਸ਼ਤਗਰਦ ਨੇ ਹੁੰਦੇ ਜ਼ਲੀਲ ਏਥੇ।
ਯਾਰੋ ਪੈ ਗਿਐ ਵੇਖੋ ਹਨ੍ਹੇਰ ਕਿੰਨਾ ਸਾਊ ਅਜਮਲ ਨਾ ਮਿਲੇ ਵਕੀਲ ਏਥੇ।
ਮੇਰੀ ਵੇਖ ਪੜ੍ਹਾਈ ਸਰਕਾਰ ਦੱਸੇ ਜਚੇ ਗੱਲ ਜੇ ਗੱਲ ਮੈਂ ਤਾਂ ਕਰਨੀ!
ਕੇਸ ਲੜਨ ਨੂੰ ਮੇਰਾ ਹੈ ਜੀ ਕਰਦਾ ਤੇ ਮੈਂ ਅਜਮਲ ਨੂੰ ਹੈ ਨੰਨ੍ਹੀ-ਛਾਂ ਕਰਨੀ!!

## 76. ਝੋਰਾ

ਬੁਸ਼ ਕਿਹਾ-ਅਮਰੀਕਨੋਂ ਖਿਮਾਂ ਕਰਨਾ ਹੋਈ ਮੈਥੋਂ ਜੇ ਕੋਈ ਖ਼ਤਾ ਹੋਵੇ।
ਕਿਸੇ ਗੱਲੋਂ ਵੀ ਨਹੀਂ ਮੈਂ ਘੱਟ ਕੀਤੀ ਜੀਹਦੇ ਨਾਲ ਕੋਈ ਸਾਡਾ ਘਟਾ ਹੋਵੇ।
ਸੰਖ ਪੂਰਿਆ ਚੰਗੂੰ ਇਕਾਨਮੀ ਦਾ ਛੇੜੀ ਜੰਗ ਜੋ ਨਹੀਂ ਦਬਾ ਹੋਵੇ।
ਮਗਰੋਂ ਲੱਥੇ ਹਾਂ ਤੁਸਾਂ ਦੇ ਅੱਠ ਸਾਲੀਂ ਸ਼ਾਇਦ ਏਸੇ ਵਿੱਚ ਥੋਡਾ ਬਚਾ ਹੋਵੇ।
ਨਿਕਲੇ ਅਸੀਂ ਬੇ-ਆਬਰੂ ਬਹੁਤ ਹੋ ਕੇ ਝੋਰੇ ਇਕ ਪਰ ਸਦਾ ਸਤਾਵਣਾ ਹੈ!
ਨਵੀਂ ਟੇਪ ਲਾਦੇਨ ਦੀ ਜਦੋਂ ਲੱਗੂ ਰੋੜਾ ਟੀ.ਵੀ. ਵੱਲ ਅਸਾਂ ਚਲਾਵਣਾ ਹੈ!!

(11 ਜਨਵਰੀ, 09)

## 77. ਦੰਦ-ਘਸਾਈ

ਭਿੱਜ ਮੋਹ ਵਿੱਚ ਮਾਂਓਂ ਨੇ ਆਖਿਆ ਇਓਂ-ਮੰਗਾਂ ਨਹੀਂ ਸੁਗਾਤਾਂ ਦੀ ਪੰਡ ਰੱਬਾ।
ਮੇਰੇ ਕਾਕੇ ਦੀ ਝੋਲ ਵਿੱਚ ਪਾ ਅਹੁਦਾ ਤੇਰੇ ਮੂੰਹ ਵਿੱਚ ਘਿਓ ਤੇ ਖੰਡ ਰੱਬਾ।
ਕਹਿ ਕਹਿ ਲੰਗਰ ਦੇ ਭਾਂਡੇ ਮਜਾਂਵਦੀ ਨੂੰ ਲੋਕੀ ਆਖਦੇ ਵੇਖ ਪਖੰਡ ਰੱਬਾ।
ਏਨਾ ਕੀਤੇ ਨਾ ਕਿਸੇ ਦੀ ਆਸ ਪੁੱਗੇ ਏਦੂੰ ਬਾਂਝ ਰਹਿਣਾ ਚੰਗਾ ਰੰਡ ਰੱਬਾ।
ਜੇ ਤੂੰ ਅਜੇ ਵੀ ਮਿਹਰ ਬਣ ਨਹੀਂ ਵਰ੍ਹਦਾ ਲੈ ਕੇ ਸੰਤਾਂ ਤੋਂ ਘੱਲੂੰ ਮਠਿਆਈ ਵੇਖੀਂ!
ਖਾਵੀਂ ਮਿੱਠਾ ਤੂੰ ਮੁਫ਼ਤ ਦਾ ਰੱਜ ਭਾਵੇਂ ਭੇਜੂੰ ਉਹਨਾਂ ਨੂੰ ਦੰਦ-ਘਸਾਈ ਵੇਖੀਂ!!

## 78. ਦੋ-ਚਿੱਤੀ

ਇਕ ਪਾਸੇ ਅਰੂਸਾ ਤੇ ਚੋਣ ਦੂਜੇ ਕੈਪਟਨ ਹਾਂ ਕੀਹਨੂੰ ਕੀਹਨੂੰ ਨਾਂਹ ਕਰ ਲੇ?
ਪਾਲਿਟਿਕਸ ਤੇ ਪਿਆਰ 'ਚੋਂ ਕੀ ਚੁਣ ਲੇ ਕੀਹਨੂੰ ਨੇੜ ਤੇ ਕੀਹਨੂੰ ਪਰਾਂਹ ਕਰ ਲੇ?
ਇੱਕੋ ਜਿੰਨਾ ਹੀ ਦੋਹਾਂ ਦਾ ਪਿਆਰ ਆਵੇ ਕੀਹਨੂੰ 'ਗਾਹਾਂ ਤੇ ਕੀਹਨੂੰ ਪਿਛਾਂਹ ਕਰ ਲੇ?
ਚੱਲੀਆਂ ਦੋਵੇਂ ਘਲਾੜੀਆਂ ਇਕ ਵੇਲੇ ਖਿਚ ਕਿਹੜੀਓਂ ਕਿਹੜੀ ਵਿੱਚ ਬਾਂਹ ਕਰ ਲੇ?
ਫ਼ੱਕਰ ਰਾਜੇ ਦੇ ਹਾਲ ਨੂੰ ਵੇਖ ਆਖੋ-ਰਾਜਾ ਡੋਲ ਨਾ ਸੋਚ-ਵਿਚਾਰ ਕਰ ਲੈ!
ਇਕ ਪਾਸੇ ਤੂੰ ਭੁਗਤ ਜਾ ਨਕਦ ਸਾਰਾ ਦੂਜੇ ਪਾਸੇ ਤੂੰ ਹੱਥ-ਉਧਾਰ ਕਰ ਲੈ!!

## 79. ਮੰਦੇ ਦਿਨ

ਫ਼ੱਕਰਾ ਵੇਖ ਪੰਜਾਬ ਦੇ ਹਾਲ ਮੰਦੇ ਦਿਨ ਮੰਦੇ ਤੋਂ ਮੰਦੇ ਹਨ ਆਈ ਜਾਂਦੇ।
ਕੇਸ ਕੁੜੀਆਂ ਦੇ ਸਿਰਾਂ ਤੋਂ ਗ਼ਾਇਬ ਹੁੰਦੇ ਮੁੰਡੇ ਭੁੱਕੀਆਂ ਕਿਰਲੀਆਂ ਖਾਈ ਜਾਂਦੇ।
ਅੰਮ੍ਰਿਤ, ਬਾਣੀ ਦੇ ਸੋਮੇ ਸ੍ਰੋਤ ਸੁੱਤੇ ਸਾਧ ਵੈਲ ਮਠਿਆਈ ਦੇ ਲਾਈ ਜਾਂਦੇ।
ਰੋਮ ਅੱਖਾਂ ਦੇ ਸਾਹਮਣੇ ਜਲ਼ੀ ਜਾਂਦੈ ਨੇਤਾ ਨੀਰੋ ਹਨ ਬੰਸਰੀ ਵਜਾਈ ਜਾਂਦੇ।
ਮਰਦੇ ਮਰਨ ਤਾਂ ਢੱਠੇ ਖੂਹ ਪੈਣ ਲੋਕੀ ਫ਼ਿਕਰ ਆਪਣੇ ਟੱਬਰਾਂ ਦੇ ਆਕਿਆਂ ਨੂੰ!
ਭੱਠੀ ਲੀਡਰੀ ਵਾਲੀ ਪ੍ਰਵਾਹ ਝੋਕੇ ਮਾਪੇ ਮੋਹ ਨਾਲ ਚੰਬੜ ਗਏ ਕਾਕਿਆਂ ਨੂੰ

## 80. ਚੋਰੀਆਂ

ਫ਼ੱਕਰਾਂ ਚੋਰਾਂ ਦੀ ਵੇਖਲੈ ਇਕ ਆਦਤ ਵੇਖਣ ਸਾਰਿਆਂ ਨੂੰ ਇਕ ਅੱਖ ਨਾਲ ਕੀਕਰ।
ਉੱਚਾ ਨੀਵਾਂ ਨਾ ਨਜ਼ਰ ਵਿੱਚ ਕੋਈ ਰੱਖਣ ਸਭ ਨੂੰ ਇੱਕੋ ਜਿਹਾ ਕਰਨ ਨਿਹਾਲ ਕੀਕਰ।
ਨਿੱਕੇ ਵੱਡੇ ਹਰ ਕੰਨ ਨੂੰ ਕੁਤਰ ਜਾਂਦੇ ਛੁਹਲੇ ਹੱਥੀਂ ਖਿਸਕਾਂਵਦੇ ਮਾਲ ਕੀਕਰ।
ਜਿਮੀ ਕਾਰਟਰ ਦੀ ਸਾਈਕਲ ਈ ਲੈ ਉੱਡੇ ਕਰ ਗਏ ਹੱਥ ਤੇ ਕੀਤਾ ਕਮਾਲ ਕੀਕਰ।
ਕਾਰਟਰ ਵੇਖ ਉਦਾਸ ਇਓਂ ਕਿਹਾ ਫ਼ੱਕਰ-ਕਰੋ ਫ਼ਿਕਰ ਨਾ ਹੋਣੀਆਂ ਹੋ ਲਈਆਂ!
ਤੁਸੀਂ ਰੋਨੇਂ ਓਂ ਸਾਈਕਲ ਨੂੰ ਵੇਖੋ ਔਧਰ ਜੱਥੇਦਾਰਾਂ ਤੋਂ ਜਿਪਸੀਆਂ ਖੋ ਲਈਆਂ!!

(24 ਜਨਵਰੀ, 09)



## 81. ਜ਼ਖ਼ਮੀ-ਉਂਗਲ

ਬਾਬਤ ਲੀਡਰਾਂ ਪੱਥਰ ਲਕੀਰ ਸਮਝੋ ਆਉਣ ਦੇਣ ਨਾ ਉਂਗਲ ਝਰੀਟ ਮੀਆਂ।
ਕੌਮ ਪਵੇ ਖਾਤੇ ਕਿਧਰੇ ਧਰਮ ਜਾਵੇ ਟੱਬਰ ਆਪਣਾ ਲੱਗੇ ਸਵੀਟ ਮੀਆਂ।
ਦਿਨੇ ਵਾਂਗ ਉਪਦੇਸ਼ਕਾਂ ਕਰਨ ਭਾਸ਼ਣ ਪਵੇ ਸ਼ਾਮ ਤਾਂ ਪੀਂਵਦੇ ਨੀਟ ਮੀਆਂ।
ਜਿਊਂਦੇ ਲੋਕਾਂ ਦਾ ਆਪ ਹਨ ਮਾਸ ਖਾਂਦੇ ਮਨ੍ਹਾਂ ਲੋਕਾਂ ਨੂੰ ਕਰਨ ਇਹ ਮੀਟ ਮੀਆਂ।
ਵੱਡੇ ਭਾਗ ਨੇ ਸਿੱਖਾਂ ਨੂੰ ਮਿਲੇ ਲੀਡਰ ਜਿਹਨਾਂ ਘਾਲ ਘੁਮਾਈ ਹੈ ਪੰਥ ਖਾਤਰ!
ਐਸੀ ਉਂਗਲ ਤੋਂ ਫ਼ੱਕਰ ਕੁਰਬਾਨ ਜਾਵੇ ਤੱਕੀ ਕਾਰ ਦੀ ਆਈ ਹੈ ਪੰਥ ਖਾਤਰ!!

## 82. ਸਾਧ-ਹਾਸਾ

ਕੱਚੀ ਨੌਕਰੀ ਜਿਹਨਾਂ ਦੀ ਝੱਟ ਟੁੱਟੇ ਵੇਖੋ ਕੀਕਰਾਂ ਨੇ ਜੱਥੇਦਾਰ ਰੋਂਦੇ।
ਮਿਲਦੀ ਨਹੀਂ ਤਨਖਾਹ ਤਾਂ ਕੀ ਕਰੀਏ ਬੈਠੇ ਮੰਤਰੀ ਨੇ ਜ਼ਾਰੋ-ਜ਼ਾਰ ਰੋਂਦੇ।
ਗਾਹਕ ਆਵੇ ਨਾ ਪੈਸਾ ਨਾ ਪਵੇ ਪੱਲੇ ਸਾਰੇ ਬਾਣੀਏ ਹੱਥ-ਉਧਾਰ ਰੋਂਦੇ।
ਫਾਹਾ ਲੈਣ ਨੂੰ ਰੱਸਾ ਵੀ ਹੈ ਮਹਿੰਗਾ ਧਾਹਾਂ ਮਾਰਕੇ ਨੇ ਵਾਹੀਕਾਰ ਰੋਂਦੇ।
ਫ਼ੱਕਰ ਆਖਿਆ ਜੇਕਰ ਨੇ ਸਭੇ ਰੋਂਦੇ ਦੱਸੋ ਕੌਣ ਹਨ ਏਥੇ ਜੋ ਹੱਸਦੇ ਹਨ?
ਕਿਸੇ ਆਖਿਆ-ਫ਼ੱਕਰਾ ਸਾਧ ਹੱਸਦੇ ਲੀਡਰ ਜਿਹਨਾਂ ਦੀਆਂ ਤਲੀਆਂ ਨੂੰ ਝੱਸਦੇ ਹਨ!

## 83. ਸ਼ੌਕ ਹਥਿਆਰਾਂ ਦਾ!

ਖ਼ਬਰ ਆਈ ਪੰਜਾਬੋ ਕਿ ਜਾਗਿਆ ਹੈ ਅੱਜ ਕੱਲ੍ਹ ਸ਼ੌਕ ਹਥਿਆਰਾਂ ਦਾ ਬੀਬੀਆਂ ਨੂੰ।
ਲੈਣ ਲਈ ਲਸੰਸ ਹੈ ਦੌੜ ਲੱਗੀ ਫ਼ਿਕਰ ਮਰਦ-ਗੰਵਾਰਾਂ ਦਾ ਬੀਬੀਆਂ ਨੂੰ।
ਏਨੀ ਮਰਦਾਂ ਦੇ ਜ਼ੁਲਮ ਦੀ ਅੱਤ ਹੋਈ ਢੰਗ ਵਿਸਰਿਆ ਪਿਆਰਾਂ ਦਾ ਬੀਬੀਆਂ ਨੂੰ।
ਧੱਕੇ ਮਗਰੋਂ ਅਕਾਲੀਆਂ ਵਾਂਗ ਆਇਆ ਚੇਤਾ ਵੱਧ ਅਧਿਕਾਰਾਂ ਦਾ ਬੀਬੀਆਂ ਨੂੰ।
ਫੜ ਲਏ ਇਓਂ ਹਥਿਆਰ ਜੇ ਬੀਬੀਆਂ ਨੇ ਫ਼ੱਕਰ ਆਖਿਆ-ਮਰਦੋ ਕਲਿਆਣ ਹੋ ਜੂ!
ਰੋਟੀ-ਟੁੱਕ ਪਕਾਉਣਾ ਤਾਂ ਇਕ ਪਾਸੇ ਥੋਡਾ ਆਪਣਾ ਆਟਾ ਹੀ ਛਾਣ ਹੋ ਜੂ!!

## 84. ਘੋਗੜ-ਚਾਲ

ਲੋਕ ਸਭਾ ਦੀ ਚੋਣ ਜਾਂ ਆਈ ਸਿਰ ਤੇ ਕਿੱਸਾ ਤੁਰ ਪਿਆ ਵੰਡ-ਵੰਡਾਈ ਦਾ ਏ।
ਘੋਗੜ-ਚਾਲ ਚੱਲੀ ਬਾਦਲ ਵੇਖ ਵੇਲਾ ਟਿਕਟ ਭਾਜਪਾ ਤਾਂਈਂ ਹੁਣ ਚਾਹੀਦਾ ਏ।
ਮੇਰੇ ਮੁੰਡੇ ਦੇ ਰਿਸ਼ਤੇ ਨੂੰ ਸਿਰੇ ਚਾੜ੍ਹੀਂ ਮੂੰਹ ਬੰਨ੍ਹਿਆਂ ਕਹਿ ਭਰਜਾਈ ਦਾ ਏ।
ਗੌਂ ਕੱਢਿਆ ਮੁੰਡਾ ਪਰੁੰਨ੍ਹ ਲੀਤਾ ਹੱਥ ਵਰਤਿਆ ਬਹੁਤ ਸਫ਼ਾਈ ਦਾ ਏ।
ਫ਼ੱਕਰ ਆਖਿਆ ਘਣੇ ਚਲਾਕ ਨਿਕਲੇ ਧੰਨ ਤੁਸੀਂ ਤੇ ਧੰਨ ਚਲਾਕੀਆਂ ਨੇ!
ਮਗਰੋਂ ਬੈਠ ਕੇ ਕਰਨਗੇ ਲੋਕ ਲੇਖਾ ਖੱਟਿਆ ਤੁਸੀਂ ਕਿ ਨੀਕਰਾਂ ਖਾਕੀਆਂ ਨੇ!!

(30 ਜਨਵਰੀ,09)

## 85. ਤਾਜਪੋਸ਼ੀ

ਪੰਜ ਮਿੰਟਾਂ ਵਿੱਚ ਪੰਜ ਕਰੋੜ ਲੱਗੇ ਤਾਜਪੋਸ਼ੀ ਇੰਜ ਹੋਈ ਸੁਖਬੀਰ ਵਾਲੀ।
ਸਹੁੰ ਤਾਂ ਮੰਤਰੀ ਹੋਰ ਵੀ ਚੁੱਕਦੇ ਹਨ ਸਹੁੰ ਇਹ ਵੱਖਰੀ ਰਹੀ ਤਾਸੀਰ ਵਾਲੀ।
ਵਰਤੇ ਗੁਰੂ ਕੇ ਲੰਗਰ ਜਾਂ ਹੁਕਮ ਹੋਏ ਗੁੱਡੀ ਚਾੜ੍ਹਨ ਦੇ ਲਈ ਵਜ਼ੀਰ ਵਾਲੀ।
ਸੀਨੀਅਰ ਨੀਵੀਂਆਂ ਪਾਇਕੇ ਬੈਠ ਡੁਸਕਣ ਸਾਹਵੇਂ ਵਾਪਰੀ ਗੱਲ ਅਖੀਰ ਵਾਲੀ।
ਢੋਏ ਲੋਕ ਏਨੇ ਪਿਆ ਰਾਮ-ਰੌਲ਼ਾ ਪੀਤੇ ਨਸ਼ੇ ਵਿੱਚ ਛੱਡੇ ਜੈਕਾਰਿਆਂ ਦਾ!
ਐਨੇ ਪੜ੍ਹੇ ਕਸੀਦੇ ਕਿ ਗਲ਼ਾ ਬੈਠਾ ਮੁੜਕਾ ਸੁੱਕੇ ਨਾ 'ਹੰਸਾਂ' ਵਿਚਾਰਿਆਂ ਦਾ!!

## 86. ਹਮਲਾ

ਗਰਮਾ-ਗਰਮ ਪੰਜਾਬੋਂ ਇਕ ਖ਼ਬਰ ਆਈ ਪਈਆਂ ਬੀਬੀਆਂ ਟੁੱਟ ਕੇ ਠੇਕਿਆਂ ਨੂੰ।
ਨਾਲ ਚਾਓ ਦੇ ਬੋਲਿਆ ਕਿਵੇਂ ਹੱਲਾ ਪਹਿਲੀ ਵਾਰ ਜਿਓਂ ਮੁੜੀਆਂ ਨੇ ਪੇਕਿਆਂ ਨੂੰ।
ਚਾੜ੍ਹੇ ਹੁਕਮ ਸ਼ਰਾਬੀਆਂ ਸਖ਼ਤ ਏਨੇ ਚੜ੍ਹਨ ਜਿਸਤਰ੍ਹਾਂ ਪੰਥ 'ਚੋਂ ਛੇਕਿਆਂ ਨੂੰ।
ਤਾਂਬਲ ਫਿਰੇ ਕਰਿੰਦਿਆਂ ਪਈ ਭੱਜੜ ਭੱਜੇ ਛੱਡਕੇ ਲਾਕਿਆਂ-ਦੇਕਿਆਂ ਨੂੰ।
ਭੱਜੀਏ ਬੋਰੀਆ ਬਿਸਤਰਾ ਸਾਂਭ ਫ਼ੱਕਰ ਹੁਣ ਤਾਂ 'ਵਾਵਾਂ ਹੀ ਪੁੱਠੀਆਂ ਵੱਗੀਆਂ ਨੇ!
ਕਿੱਥੇ ਨਸ਼ੇ ਦੀਆਂ ਪੀਂਘਾਂ ਦੇ ਸੁਰਗ-ਝੂਟੇ ਕਿੱਥੇ ਆਹ ਜੋ ਤੌਣੀਆਂ ਲੱਗੀਆਂ ਨੇ!!

## 87. ਸੁੱਖ

ਤੱਲ੍ਹਣ ਬਾਬਾ ਸ਼ਹੀਦਾਂ ਦੇ ਗੁਰਦੁਆਰੇ ਅੱਜਕਲ੍ਹ ਲੱਗੇ ਨੇ ਚੜ੍ਹਨ ਜਹਾਜ਼ ਭਾਈ।
ਫ਼ਾਰਨ ਜਾਣ ਦੀ ਹੁੰਦੀ ਹੈ ਸੁੱਖ ਪੂਰੀ ਬਾਹਰ ਉੱਡਣ ਦਾ ਹੁੰਦੈ ਇਲਾਜ ਭਾਈ।
ਏਅਰ-ਲਾਈਨ ਤੇ ਦੇਸ਼ ਪਸੰਦ ਕਰਕੇ ਚਾੜ੍ਹੋ ਖੇਡ੍ਹਣਾ ਤੇ ਬੰਨ੍ਹੋ ਸਾਜ਼ ਭਾਈ।
ਵੀਜ਼ਾ ਲੱਗੇ ਤੇ ਉੱਡਜੋ 'ਬਾਈ' ਕਹਿਕੇ ਮੌਜਾਂ ਉੱਤਰਦਿਆਂ ਹੋਣ ਮਸਾਜ ਭਾਈ।
ਜਾਅਲਸਾਜ਼ੀ ਦੇ ਵੇਖਲੈ ਢੰਗ ਫ਼ੱਕਰ ਲੋਕੀ ਠਕਠਕੇ ਕਿਵੇਂ ਚਲਾਈ ਜਾਂਦੇ!
ਜੈਸੀ ਨੰਦੋ ਤੇ ਤੈਸਾ ਹੀ ਜੇਠ ਘੁੱਦੂ ਨਾਲ ਖੇਡ੍ਹਣੇ ਵੀਜ਼ੇ ਹਨ ਲਾਈ ਜਾਂਦੇ!!

## 88. ਚਾਪਲੂਸੀ

ਚਾਪਲੂਸੀ ਦੀ ਫ਼ੱਕਰਾ ਹੱਦ ਹੋਗੀ ਲੋਕੀ ਗੰਢੇ ਓਬਾਮਾ ਨਾਲ ਤੋਲਦੇ ਹਨ।
ਨਾਲ ਚੱਜ ਤੇ ਲੱਲ੍ਹ ਨਾ ਗੱਲ ਕਰਦੇ ਗੰਨਾ ਲੱਸੀ ਵਿੱਚ ਕਿਸਤਰ੍ਹਾਂ ਘੋਲਦੇ ਹਨ।
ਰਾਮ ਰਾਮ ਕਿੱਥੇ ਕਿੱਥੇ ਹਈ ਟੈਂ ਟੈਂ ਏਸ ਭੇਤ ਨੂੰ ਨਹੀਂ ਫਰੋਲਦੇ ਹਨ।
ਜ਼ਾਹਰਾ ਪਿੱਤਲ ਨੂੰ ਆਖਦੇ ਕਿਵੇਂ ਸੋਨਾ ਕਿਵੇਂ ਮੂਤ 'ਚੋਂ ਮੱਛੀਆਂ ਟੋਲ੍ਹਦੇ ਹਨ।
ਅਖੇ ਸਹੁੰ ਓਬਾਮੇ ਨੇ ਕੀ ਚੁੱਕੀ ਸਹੁੰ ਦੇਖਿਓ ਤੁਸੀਂ ਸੁਖਬੀਰ ਵਾਲੀ!
ਤੁਲਨਾ ਕਿੱਲ੍ਹ ਕੇ ਕੀਤੀ ਮਜੀਠੀਏ ਨੇ ਖਾਲੀ ਅਕਲ ਤੋਂ ਐਨ੍ਹ ਅਖੀਰ ਵਾਲੀ!!

(6 ਫਰਵਰੀ, 09)

## 89. ਭੇਦ-ਭੂਰੀਆਂ

ਦਲ ਤੇ ਭਾਜਪਾ ਹੋਏ ਜੜੁੱਤ ਜਦ ਤੋਂ ਦੂਰ ਹੋ ਗੀਆਂ ਐਨ ਸਭ ਦੂਰੀਆਂ ਨੇ।
ਕੁਣਕਾ ਦਲ ਵਿੱਚ ਪਾਵੇ ਮੂੰਹ ਭਾਜਪਾ ਦੇ ਦਲ ਨੂੰ ਭਾਜਪਾ ਚਾਰਦੀ ਚੂਰੀਆਂ ਨੇ।
ਦੋਵੇਂ ਘਿਓ-ਖਿਚੜੀ ਦੋਵੇਂ ਹਮ-ਬਿਸਤਰ ਉੱਤੇ ਭੇਦੀ ਦੀਆਂ ਤਾਣੀਆਂ ਭੂਰੀਆਂ ਨੇ।
ਵਿੱਚੋਂ ਇੱਕ ਤੇ ਲੋਕਾਂ ਨੂੰ ਦੋ ਦੱਸਣ ਗੱਲਾਂ ਕਰਨ ਫਿਰ ਘੂਰ-ਮਸੂਰੀਆਂ ਨੇ।
ਚੋਣ ਆਈ ਤਾਂ ਮਚਲੇ ਜੇਹ ਦਲ ਸਿਹੁੰ ਨੂੰ ਯਾਦ ਮਤਾ ਅਨੰਦਪੁਰ ਆ ਗਿਆ ਈ!
ਸ਼ਹਿਰਾਂ ਵਿੱਚੋਂ ਜਮੈਣ ਦੀ ਤਲੀ ਲੈਣੀ ਢਿੱਡ ਭਾਜਪਾ ਵਾਲਾ ਵੱਟ ਖਾ ਗਿਆ ਈ!!

## 90. ਗਰਜ਼

ਦੇਵੀ ਦੇਵਤਾ ਅਸੀਂ ਕੋਈ ਛੱਡਣਾ ਨਹੀਂ ਸ਼ਿਵ ਜੀ ਕਾਲਕਾ ਭਾਵੇਂ ਹਨੂੰਮਾਨ ਹੋਵੇ।
ਮੱਥਾ, ਟੱਲ ਕੀ ਘੀਸੀ ਵੀ ਪਵੇ ਕਰਨੀ ਸਾਨੂੰ ਗਰਜ਼ ਲਈ ਸੱਭੇ ਪ੍ਰਵਾਨ ਹੋਵੇ।
ਸਾਡੀ ਇੱਕੋ ਅਭਿਲਾਸ਼ਾ ਕਿ ਮਿਲੇ ਕੁਰਸੀ ਬਸ ਏਸਦਾ ਨਹੀਂ ਨੁਕਸਾਨ ਹੋਵੇ।
ਚਾਹਨਾ ਹੋਰ ਨਾ ਇੱਕੋ ਹੀ ਅਰਜ਼ ਸਾਡੀ ਹੱਥ ਵਿਚ ਰਾਜ ਦੀ ਸਾਡੇ ਕਮਾਨ ਹੋਵੇ।
ਕਰੇ ਤਲਬ ਸ਼ਿਵਲਿੰਗ ਅਸੀਂ ਗਰਜ਼ ਖਾਤਰ ਆਪਣੇ ਦੁੱਧ ਦੇ ਨਾਲ ਨਵ੍ਹਾ ਦਿਆਂਗੇ!
ਮਜ਼ਾ ਕੁਰਸੀ ਦਾ ਹਾਏ ਬਹਿਸ਼ਤ-ਝੂਟਾ! ਆਪਾ ਏਸਦੇ ਲਈ ਵਿਛਾ ਦਿਆਂਗੇ!!

## 91. ਬੂਰ ਦੇ ਲੱਡੂ

ਸੱਤਰ ਸਾਲ ਦਾ ਹੋਇਕੇ ਰਾਮਧਾਰੀ ਵਿਆਹ ਚੌਧਵਾਂ ਵੇਖੋ ਕਰਵਾਣ ਲੱਗਾ।
ਲੱਡੂ ਬੂਰ ਦੇ ਵਿਆਹ ਨੂੰ ਕਹਿਣ ਲੋਕੀ ਲੱਡੂ ਚੌਧਵੀਂ ਵੇਰੀਂ ਹੈ ਖਾਣ ਲੱਗਾ।
ਕਿਸਮਤ ਮਾੜੀ ਹੈ ਕਦੇ ਤਾਂ ਹੋਊ ਚੰਗੀ ਵਾਰ ਵਾਰ ਹੈ ਚੋਬਰ ਅਜ਼ਮਾਣ ਲੱਗਾ।
'ਘੋੜਾ ਮਰਦ ਨਾ ਕਦੇ ਵੀ ਹੋਣ ਬੁੱਢੇ' ਚਣੇ ਲੋਹੇ ਦੇ ਚੱਬਣ-ਚਬਾਣ ਲੱਗਾ।
ਚਾਓ ਵਿਆਹ ਦੇ ਨਾਲ ਦਾ ਹੋਰ ਨਾਹੀਂ ਵੱਜਦੀ ਇਸਤਰ੍ਹਾਂ ਕਦੇ ਸ਼ਹਿਨਾਈ ਹੈ ਨਹੀਂ!
ਹੋਣ ਮਰਦ ਦੇ ਜੀਹਦੇ ਨਾਲ ਦੰਦ ਖੱਟੇ ਇਹਦੇ ਨਾਲ ਦੀ ਹੋਰ ਖਟਿਆਈ ਹੈ ਨਹੀਂ!!

## 92. ਖਾਹ-ਮਖਾਹ

ਬੂਟਾ ਸਿੰਘ ਨੇ ਵੇਖੋ ਬਿਆਨ ਦਿੱਤਾ-ਸਿਫ਼ਤਾਂ ਰਾਹੁਲ ਵਿੱਚ ਦੀਂਹਦੀਆਂ ਸਾਰੀਆਂ ਨੇ।
ਕੁਰਸੀ ਵੱਡੀ 'ਤੇ ਕੱਲ੍ਹ ਹੀ ਬਹੇ ਭਾਵੇਂ ਵਲੋਂ ਯੋਗਤਾ ਸੱਭੇ ਤਿਆਰੀਆਂ ਨੇ।
ਓਧਰ ਸੋਨੀਆ ਕਹੇ ਮਨਮੋਹਨ ਆ ਕੇ ਜ਼ੁਲਫ਼ਾਂ ਦੇਸ਼ ਦੀਆਂ ਖ਼ੂਬ ਸੁਆਰੀਆਂ ਨੇ।
ਓਹਦੇ ਬਾਝ ਕੋਈ ਦੀਂਹਦਾ ਨਹੀਂ ਬਦਲ ਉਹਦਾ ਓਹਦੇ ਸਿਰ ਦੇ ਨਾਲ ਸਿਰਦਾਰੀਆਂ ਨੇ।
ਬੂਟਾ ਸਿੰਘ ਫ਼ੱਕਰ ਨੇ ਪੁੱਛਿਓ ਨੇ-ਤੂੰ ਕੌਣ ਵਈ? ਖਾਹਮੁਖਾਹ ਹੋਇਆ!
ਚਾਪਲੂਸੀ ਲਈ ਇਸਤਰ੍ਹਾਂ ਪੂਛ ਚੁੱਕੇ ਬੇਸ਼ੱਕ ਆਪੂੰ ਉਹ ਲੀਡਰ ਸੁਆਹ ਹੋਇਆ?

(13 ਫਰਵਰੀ, 09)

## 93. ਵਾਰਤਾ ਭਾਬੀ-ਦਿਉਰ

ਭਾਬੀ ਭਾਜਪਾ ਘੁਰਕੀ ਜਿਓਂ ਇਕ ਦਿੱਤੀ ਬੁੱਲ੍ਹੀਂ ਦਲ ਦੇ ਸਿੱਕਰੀਆਂ ਆਈਆਂ ਨੇ।
ਕੱਢਿਆ ਕਿਵੇਂ ਕੁਵੇਲੇ ਇਹ ਮਤਾ ਤੂੰ ਵੇ? ਕੇਹੀਆਂ ਕੀਤੀਆਂ ਇਹ ਚਤਰਾਈਆਂ ਨੇ।
ਰਲ਼ਕੇ ਅੰਮ੍ਰਿਤਸਰ ਜਿਹੜੀ ਵਰਤਾਈ ਆਪਾਂ ਦਿਉਰਾ ਭੁੱਲੀਆਂ ਲੁਕ ਲੁਕ ਲਾਈਆਂ ਨੇ।
ਅੱਧਾ ਸਿੱਖਾਂ ਵੱਲ ਅੱਧਾ ਤੂੰ ਨਾਲ ਮੇਰੇ ਕਿਸੇ ਪਾਸੇ ਨਾ ਪੂਰੀਆਂ ਪਾਈਆਂ ਨੇ।
ਸੁਣਕੇ ਅੱਖਾਂ ਦੇ ਵਿੱਚੋਂ ਦੀ ਵਰ੍ਹੇ ਬੱਦਲ ਮੈਨੂੰ ਜੁੜੇ ਨੂੰ ਇਉਂ ਨਾ ਤੋੜ ਭਾਬੀ!
ਮੇਰਾ ਬੋਲਿਆ-ਚਾਲਿਆ ਮਾਫ਼ ਕਰ ਦੇਹ ਜਦੋਂ ਕਹੇਂਗੀ ਕੱਟਜੂੰ ਮੋੜ ਭਾਬੀ!!

## 94. ਲੱਡੂ ਮੁੱਕਗੇ ਯਰਾਨੇ ਟੁੱਟਗੇ

ਚੰਦਰ ਮੋਹਨ ਨੇ ਦੂਸਰਾ ਵਿਆਹ ਕਰਕੇ ਖੱਟਣ ਖੱਟਣਾਂ ਵਿੱਚੋਂ ਕੀ ਖੱਟ ਲੀਤਾ?
ਆਪੂੰ ਚੌੜ ਹੋਇਆ ਫ਼ਿਜ਼ਾ ਚੌੜ ਕੀਤੀ ਘਰ ਆਪਣਾ ਓਸਦਾ ਪੱਟ ਲੀਤਾ।
ਦੋਵਾਂ ਮਾਪਿਆਂ ਸਿਰੇ ਸੁਆਹ ਪਾਈ ਕੁਝ ਨਾ ਸੋਚਿਆ ਕਾਰਾ ਕਰ ਝੱਟ ਲੀਤਾ।
ਮੁੱਕੇ ਲੱਡੂ ਯਰਾਨੇ ਵੀ ਨਾਲ ਟੁੱਟੇ ਰੱਸਾ ਫਾਹੇ ਦਾ ਹੱਥੀਂ ਹੀ ਵੱਟ ਲੀਤਾ।
ਭਜਨ ਲਾਲ ਨੇ ਕੀਤਾ ਬੇਦਖਲ ਆਖੇ-ਤੈਨੂੰ ਘਰੇ ਵੀ ਪੁੱਤ ਨਹੀਂ ਵੜਨ ਦੇਣਾ!
ਐਸਾ ਘੋੜੀ-ਸਿਆਸਤ ਤੋਂ ਡਿੱਗਿਐਂ ਤੂੰ ਤੈਨੂੰ ਬੱਸ ਵੀ ਕਿਸੇ ਨਹੀਂ ਚੜ੍ਹਨ ਦੇਣਾ!!

## 95. ਅੜਬਾਈ

ਸੰਗਤ-ਦਰਸ਼ਨ ਦੀ ਫ਼ੱਕਰ ਨੇ ਝਲਕ ਦੇਖੀ ਰਾਇਕੋਟ ਜਦ ਬਾਦਲ ਪਧਾਰਿਆ ਈ।
ਲੋਹ-ਪੁਰਸ਼ ਜਗਦੇਵ ਸਿੰਘ ਲੋਹ-ਲਾਖੇ ਤੱਤੇ ਲੋਹੇ 'ਤੇ ਆਇ ਘਣ ਮਾਰਿਆ ਈ।
ਮੇਰਾ ਹਲਕਾ ਤੂੰ ਚੁੱਕ ਰਿਜ਼ਰਵ ਕੀਤਾ ਨਾਲ ਤੁਰਿਆਂ ਇਹ ਕਰਜ਼ ਉਤਾਰਿਆ ਈ?
ਚੇਅਰਮੈਨੀਆਂ ਸਾਰੀਆਂ ਵੰਡੀਆਂ ਤੂੰ ਮੁੰਡਾ ਮੇਰਾ ਈ ਇੱਕ ਵਿਸਾਰਿਆ ਈ।
ਉਏ ਮੈਂ ਪੰਥ ਲਈ ਆਪਣੀ ਜਿੰਦ ਲਾਈ ਮੈਨੂੰ ਦੱਸ ਤੂੰ ਕਦਰ ਕੀ ਪਾਈ ਮੇਰੀ?
ਅਗਲੇ ਜਨਮ ਜੇ ਲੀਡਰੀ ਹੱਥ ਆਗੀ ਮੰਜੀ-ਠੋਕਵੀਂ ਵੇਖੀਂ ਅੜਬਾਈ ਮੇਰੀ!

## 96. ਜੁਗਲਬੰਦੀ

ਜੁਗਲਬੰਦੀ ਅਲ-ਕਾਇਦਾ ਨੇ ਨਵੀਂ ਕੀਤੀ ਚੜ੍ਹਨ ਲੱਗੈ ਹੁਣ ਨਵਾਂ ਹੀ ਚੰਦ ਭਾਈ।
ਕੁੜੀਆਂ ਸੋਹਣੀਆਂ ਵੇਟਰਿਸ ਕਰੋ ਭਰਤੀ ਅੱਤਵਾਦ ਦੀ ਵਰਤੇ ਗੁਲਕੰਦ ਭਾਈ।
ਜਾਣਨ ਖ਼ੂਬ ਕਮਜ਼ੋਰੀ ਇਹ ਲੀਡਰਾਂ ਦੀ ਝੱਟ ਹੱਸਕੇ ਆਉਣ ਪਸੰਦ ਭਾਈ।
ਕੱਪੜੇ ਆਦਿ ਦੀ ਨਾਲੇ ਸੁਵਿਧਾ ਕਿੰਨੀ ਕਰਨ ਸਾਜ਼ੋ-ਸਾਮਾਨ ਸਭ ਬੰਦ ਭਾਈ।
ਕਰਨ ਅੱਖ-ਮਟੱਕਾ ਸਭ ਰਹੂ ਅੱਛਾ ਪੁਲਸ ਫੜੂ ਜੇ ਫੜੂ ਵੀ ਸੂਤ ਕਰ ਕੇ!
ਕੰਮ ਕੱਢਕੇ ਹੋਣਗੀਆਂ ਇਹ ਤਿੱਤਰ ਮਗਰੋਂ ਪੁਲਸੀਏ ਸੌਣਗੇ ਮੂਤ ਕਰ ਕੇ!!

(21 ਫਰਵਰੀ, 09)



## 97. ਚਾਂਦ-ਮਾਰੀ

ਚਾਂਦ ਮੀਆਂ ਨੇ ਪੂਰੀ ਕਰ ਚਾਂਦ-ਮਾਰੀ ਚੰਗਾ ਟੂੱਲ ਅਨੁਰਾਧਾ ਨੂੰ ਲਾਇਆ ਈ।
ਚਾਰ ਦਿਨਾਂ ਵਿੱਚ ਹੋਏ ਨੇ ਚਾਅ ਪੂਰੇ ਕੀਤੀ ਕੰਡ ਤੇ ਮੂੰਹ ਭੰਵਾਇਆ ਈ।
ਮੁੱਕੇ ਭੂੰਡ-ਪਟਾਕੇ ਤੇ ਪਿਆ ਨੇਰ੍ਹਾ ਸਿਰ ਤੇ ਛੱਤ ਨਾ ਜੇਬ ਕਿਰਾਇਆ ਈ।
ਨਾਲੇ ਗਈ ਕੁਰਸੀ ਨਾਲੇ ਫਿਜ਼ਾ ਛੁੱਟੀ ਕਿੱਸਾ ਪ੍ਰੇਮ ਦਾ ਚੰਗਾ ਨਿਭਾਇਆ ਈ।
ਭਜਨ ਲਾਲ ਨੇ ਆਖਿਆ-ਊਤ ਪੁੱਤਾ! ਕੁਰਸੀ ਮਿਲ ਕੇ ਵੀ ਤੈਥੋਂ ਹੈ ਵੱਖ ਹੋਈ!
ਲੋਕੀ ਇਕ ਭਾਲਣ ਤੈਨੂੰ ਦੋ ਮਿਲੀਆਂ ਰੰਨ ਇਕ ਵੀ ਤੈਥੋਂ ਨਾ ਰੱਖ ਹੋਈ!!

## 98. ਵਾਗੀ

ਸੰਧੀ ਭਾਵੇਂ ਪ੍ਰਮਾਣੂ ਸੀ ਬਹੁਤ ਚੰਗੀ ਅਸੀਂ ਨਹੀਂ ਮਨਮੋਹਨ ਨੂੰ ਵੋਟ ਪਾਈ।
ਪੱਗ-ਬੰਨ੍ਹਵਾਂ ਭਾਵੇਂ ਭਰਾ ਸਾਡਾ ਏਸ ਗੱਲ ਦਾ ਸਾਨੂੰ ਨਹੀਂ ਫ਼ਿਕਰ ਕਾਈ।
ਮੇਚ ਅਸਾਂ ਦੇ ਆਏ ਅਡਵਾਨੀ ਚੰਗੂੰ ਹੈ ਢਿੱਲਾ ਹੀ ਭਾਵੇਂ ਜਾਂ ਵਾਜਪਾਈ।
ਦੇਣ ਪੈਸੇ ਤਾਂ ਫੇਰ ਭਰਾ ਮਾੜੇ ਕਰਨ ਹਮਲੇ ਫਿਰ ਚੰਗੇ ਨੇ ਭਾਜਪਾਈ।
ਅਸੀਂ ਪਾਠ ਰਖਵਾਏ ਪਰ ਦੋਹਾਂ ਖਾਤਰ ਗਰਜ਼ ਦੋਹਾਂ ਤੋਂ ਆਪਣੀ ਸਾਰਦੇ ਹਾਂ!
ਨਾਲੇ ਚਾਰੀਏ ਅਸੀਂ ਟਕਸਾਲੀਆਂ ਨੂੰ ਵਾਗੀ-ਲੀਡਰ ਬਣ ਲੀਡਰਾਂ ਚਾਰਦੇ ਹਾਂ!!

## 99. ਅੱਗਾ-ਸਵਾਰੀ

ਝੱਲ ਠੀਕਰੀਵਾਲ ਵਿੱਚ ਜੇਹਲ ਬਣਨੀ ਖ਼ਬਰ ਸੁਣਦਿਆਂ ਕੈਦੀ ਨਿਹਾਲ ਹੋਸਣ।
'ਕੱਲੇ ਕੈਦੀ ਹੀ ਜੇਹਲ ਵਿਚ ਨਹੀਂ ਰਹਿਣੇ ਓਥੇ ਕੈਦੀਆਂ ਟੱਬਰ ਵੀ ਨਾਲ ਹੋਸਣ।
ਘਰ ਤੇ ਜੇਹਲ ਦਾ ਹੋਣਾ ਨਹੀਂ ਫ਼ਰਕ ਭੋਰਾ ਘਰੋਂ ਵੱਧ ਕੇ ਸੱਭੇ ਸੰਭਾਲ ਹੋਸਣ।
ਨਾਲੇ ਕੈਦ ਕੱਟਣ ਨਾਲੇ ਰੰਗ-ਮੇਲਾ ਜਿਹੜੇ ਹੋਏ ਨਾ, ਅੰਦਰ ਕਮਾਲ ਹੋਸਣ।
ਕਿਸੇ ਆਖਿਆ-ਫ਼ੱਕਰ ਤੂੰ ਕੀ ਜਾਣੇਂ ਸਿਆਣੇ ਪਹਿਲਾਂ ਹੀ ਪੜ੍ਹਿਆ ਵਿਚਾਰਦੇ ਹਨ!
ਕੱਲ੍ਹ ਨੂੰ ਹੋਈਏ ਅੰਦਰ ਟੱਬਰ ਨਾਲ ਹੋਵਣ ਲੀਡਰ ਆਪਣਾ ਅੱਗਾ ਸਵਾਰਦੇ ਹਨ!!

## 100. ਮਦਦ

ਮਾਨ ਆਖਿਆ-ਫਿਜ਼ਾ ਤਕਲੀਫ ਅੰਦਰ ਦਲ ਓਸਦੀ ਮਦਦ ਲਈ ਚੜ੍ਹੇਗਾ ਹੁਣ।
ਦੱਬਿਆਂ-ਕੁਚਲਿਆਂ ਨਾਲ ਇਹ ਸਦਾ ਖੜ੍ਹਿਆ ਦੱਬੀ ਫ਼ਿਜ਼ਾ ਦੇ ਲਈ ਵੀ ਖੜ੍ਹੇਗਾ ਹੁਣ।
ਕੋਈ ਹੋਰ ਏਜੰਡਾ ਨਹੀਂ ਦਲ ਕੋਲੇ ਲਿਖਿਆ ਕੰਧ 'ਤੇ ਏਹੀ ਇਹ ਪੜ੍ਹੇਗਾ ਹੁਣ।
ਪੀ ਕੇ ਦੁੱਧ ਪਤੀਲੀ ਜੋ ਮਾਂਜ ਭੱਜਾ ਚੜ੍ਹੇ-ਚਾਂਦ ਨੂੰ ਚੰਗੂੰ ਇਹ ਘੜੇਗਾ ਹੁਣ।
ਅਸੀਂ ਪੱਤ ਕਸੂਰ ਤੋਂ ਮੋੜਦੇ ਰਹੇ ਸੁੱਕਾ ਜਾਣ ਨਾ ਦਿੱਤਾ ਜਰਵਾਣਿਆਂ ਨੂੰ!
ਸਾਥੋਂ ਬੱਚਜੂ ਇਹ ਕਿਵੇਂ ਵਲੈਤ ਜਾ ਕੇ 'ਕੱਲਾ ਮਾਰ ਕੇ ਹੱਥ ਮਖਾਣਿਆਂ ਨੂੰ?

(28 ਫਰਵਰੀ,09)

## 101. ਕੁਵੇਲੇ ਦੀਆਂ ਟੱਕਰਾਂ

ਖਰੜੇ ਪੁਸਤਕਾਂ ਕੋਈ ਨਾ ਕੋਲ ਸਾਡੇ ਪਹਿਲੋਂ ਚੋਣ ਤੋਂ ਕੇਂਦਰ ਲਲਕਾਰਿਆ ਈ।
ਹੱਥ ਲੱਗਾ ਜਿਉਂ ਸੁੱਤੀ ਕਮੇਟੜੀ ਨੂੰ ਪਾਈ ਜਾਗ ਕੇ ਕਿਵੇਂ ਹਾਲ-ਪਾਹਰਿਆ ਈ।
ਗੱਠੜੀ ਬੰਨ੍ਹ ਕੇ ਰੱਖਿਆ ਮਤਾ ਏਵੇਂ ਦਲ ਨੇ ਖੋਹਲ ਕੇ ਫੇਰ ਖਿਲਾਰਿਆ ਈ।
ਲੀਡਰ ਸਮਝਦੇ ਵੋਟਰ ਨੂੰ ਜਿਵੇਂ ਭੇਡੂ ਉੱਨ ਲਾਹੁਣ ਲਈ ਕੈਂਚ ਲਿਸ਼ਕਾਰਿਆ ਈ।
ਕੋਈ ਪੁੱਛੇ ਵਈ ਉੱਤੇ ਸੀ ਵਾਜਪਾਈ ਹੇਠ ਹੱਸਦੀ ਸੀ ਜਦੋਂ ਸਰਕਾਰ ਥੋਡੀ!
ਮਸਲੇ ਹੱਲ ਕਰਵਾਉਣ ਦਾ ਸਮਾਂ ਸੀ ਉਹ ਜਦੋਂ ਪੂਰੀ ਸੀ ਐਨ੍ਹ ਬਹਾਰ ਥੋਡੀ!!

## 102. ਹਨ੍ਹੇਰ

ਫ਼ੱਕਰਾ ਫਿਰਨ ਟਕਸਾਲੀ ਜੇ ਇਓਂ ਰੁਲਦੇ ਦਲ ਇਹ ਫੇਰ ਅਕਾਲੀ ਦਲ ਕੀ ਹੋਇਆ?
ਡਾਂਗਾਂ ਖਾਇ ਨਾ ਪੁੱਛ-ਪਰਤੀਤ ਹੋਈ ਜਿਊਣਾ ਪੰਥ-ਸਰਕਾਰ ਕੀ ਜੀ ਹੋਇਆ?
ਪਾੜ ਲਿਆ ਕਛਹਿਰਾ ਹੀ ਕਿਸਮਤਾਂ ਦਾ ਪਾਈਆਂ ਨੀਕਰਾਂ ਇਹ ਨਾ ਸੀ ਹੋਇਆ।
ਪੰਥ ਪਿੱਛੋਂ ਪ੍ਵਾਰ ਹੈ ਅੱਜ ਪਹਿਲੋਂ ਦਸਮ ਪਿਤਾ ਅੱਜ ਜਲਵਾ ਇਹ ਵੀ ਹੋਇਆ।
ਫਿਕਰ ਫ਼ੱਕਰ ਨੂੰ ਪਿਆ ਕਿ ਹੱਦ ਹੋ ਗੀ ਕੇਹਾ ਪੂਜਾ ਦਾ ਪਿਐ ਹਨ੍ਹੇਰ ਲੋਕੋ!
ਏਥੇ ਨਵਿਆਂ ਨੂੰ ਚੜ੍ਹਦੇ ਨੇ ਦਿਨੇ ਕੇਲੇ ਚੜ੍ਹੇ ਰਾਤੀਂ ਟਕਸਾਲੀ ਨਾ ਬੇਰ ਲੋਕੋ!!

## 103. ਗਾਂਧੀ

ਐਂਵੇਂ ਫ਼ੱਕਰਾ ਗਾਂਧੀ ਨੂੰ ਲੋਕ ਨਿੰਦਣ ਚੁਸਤ ਕਰ ਗਿਆ ਚੰਗਾ ਵਪਾਰ ਗਾਂਧੀ।
ਲੱਤਾਂ ਪਤਲੀਆਂ ਮਾਮਲੇ ਬਹੁਤ ਭਾਰੇ ਕਿੰਨੇ ਵੱਟਿਆਂ ਦੇ ਚੁੱਕੇ ਭਾਰ ਗਾਂਧੀ।
ਨਾ ਉਹ ਕਾਲਿਆਂ, ਸਿੱਖਾਂ, ਘੱਟ-ਗਿਣਤੀਆਂ ਦਾ ਬ੍ਰਾਹਮਣ, ਗੋਰਿਆਂ ਸੀ ਪੱਕਾ ਯਾਰ ਗਾਂਧੀ।
ਨੁੱਕਰੇ ਲਾਉਣ ਲਈ ਭਗਤ, ਸੁਭਾਸ਼ ਤਾਈਂ ਪੱਟਿਆ ਵੇਖਕੇ ਹੈਸੀ ਸਰਕਾਰ ਗਾਂਧੀ।
ਥਾਂ ਥਾਂ ਬੁੱਤ ਲੱਗਣ ਲੇਖਕ ਲਿਖਣ ਪੁਸਤਕ ਝੱਲੀ ਕਿਵੇਂ ਲੋਕਾਈ ਕੁਰਬਾਣ ਹੋ ਗਈ!
ਕਿੱਸਾ ਗਾਂਧੀ ਦਾ ਅੱਗੇ ਨਾ ਛੇੜ ਫ਼ੱਕਰ ਬੱਕਰੀ ਜੰਤਾ ਸੁਣ ਲਹੂ-ਲੁਹਾਣ ਹੋ ਗਈ!!

## 104. ਕੁ.ਫਰ

ਤਣ ਗਏ ਕੁ.ਫ਼ਰ ਦੇ ਫ਼ੱਕਰਾ ਕਿਵੇਂ ਤੰਬੂ ਲੱਗੀਆਂ ਝੂਠ ਦੀਆਂ ਕਿਵੇਂ ਅੰਬਾਰੀਆਂ ਨੇ।
ਭੁੱਲੀ ਵਿਸਰੀ ਗੱਲ ਕੋਈ ਪੰਥ ਬਣਿਆ ਸੁਰਤਾਂ ਪੰਥ ਦੀਆਂ ਲੋਕਾਂ ਵਿਸਾਰੀਆਂ ਨੇ।
ਵਾਂਗੂੰ ਗੀਤ ਕੁਰੱਪਸ਼ਨ ਨਾ ਪਤਾ ਲੱਗੇ-ਕਿੰਨੇ ਬੂਹੇ ਤੇ ਕਿੰਨੀਆਂ ਬਾਰੀਆਂ ਨੇ।
ਨੱਚਣ ਪਾਰਟੀਆਂ ਡਿਸਕੋ ਵਿੱਚ ਅੰਗ ਭਿੜਦੇ ਵੋਟਾਂ ਖਾਤਰੇ ਲਗਦੀਆਂ ਯਾਰੀਆਂ ਨੇ।
ਬਣੇ ਨੀਕਰ-ਕਛਹਿਰਾ ਅੱਜ ਭੈਣ-ਭਾਈ ਕੌਣ ਤੂੰ ਹੈਂ ਮਸਲੇ ਉਠਾਉਣ ਵਾਲਾ?
ਗੰਗਾ-ਅੰਬਰਸਰ ਲੋਕਾਂ ਨੇ ਇਕ ਕਰਤੇ ਭਾਲ਼ ਤੀਸਰਾ ਥਾਂਓਂ ਨਹਾਉਣ ਵਾਲਾ!

(7 ਮਾਰਚ,09)

## 105. ਵੱਖਰਾ ਰਾਗ

ਰਹਿਣਾ ਸੁਰਖ਼ੀਆਂ ਵਿੱਚ ਜੇ ਸਦਾ ਚਾਹੀਏ ਕਰੀਏ ਜੱਗ ਤੋਂ ਵੱਖਰੀ ਗੱਲ ਭਾਈ।
ਲੋਕੀ ਸਿਆਣਿਆਂ ਵੱਲ ਨਾ ਕਦੇ ਵੇਖਣ ਧਿਆਨ ਖਿੱਚਣਾ ਮਾਰੀਏ ਝੱਲ ਭਾਈ।
ਦੁਨੀਆਂ ਟੱਲੀਆਂ ਨਾਲ ਨਿਹਾਲ ਹੋਵੇ ਕੱਢ ਕੇ ਵੱਖਰਾ ਖੜਕਾਵੀਏ ਟੱਲ ਭਾਈ।
ਐਨ ਸਾਰਾ ਸਰੋਵਰ ਜਦ ਸ਼ਾਂਤ ਹੋਵੇ ਰੋੜਾ ਮਾਰ ਕੇ ਪਾਈਏ ਤਰਥੱਲ ਭਾਈ।
ਕਰੀਏ ਵੱਖਰੀ ਸਭਨਾਂ ਤੋਂ ਗੱਲ ਜੇਕਰ ਏਸੇ ਨਾਲ ਹੀ ਮਾਨ -ਸਨਮਾਨ ਰਹਿਣੈਂ!
ਝੱਲੇ ਬਿਆਨਾਂ ਦੀ ਖਾਧ-ਖੁਰਾਕ ਖਾਂਦੇ ਹੰਭੀ ਪਾਰਟੀ ਸਾਡੀ ਜੁਆਨ ਰਹਿਣੈਂ!!

## 106. ਮੂਤ ਦੀ ਝੱਗ

ਹੋਈ ਬੁਰੀ ਇਕਾਨਮੀ ਸਭ ਪਾਸੇ ਵੇਖੋ ਸਾਰਾ ਮੁਲਖੱਈਆ ਇਹ ਕਹਿਣ ਲੱਗੈ।
ਅਸੀਂ ਚਾਈਂ ਅਮਰੀਕਾ ਸੀ ਆਣ ਲੱਥੇ ਚਾਅ ਮੂਤ ਦੀ ਝੱਗ ਜਿਓਂ ਬਹਿਣ ਲੱਗੈ।
ਪਾਇਆ ਮਸਾਂ ਚਬੂਤਰਾ ਚਾਅ ਸੰਦਾ ਹਾਏ ਵੇਖਦੇ ਵੇਖਦੇ ਢਹਿਣ ਲੱਗੈ।
ਨਾਲ ਚਾਓ ਕਿਲਕਾਰੀਆਂ ਮਾਰਦਾ ਸੀ ਓਹੀ ਚਿੱਤ ਹੁਣ ਦੁੱਖੜੇ ਸਹਿਣ ਲੱਗੈ।
ਹੁਣ ਤਾਂ ਭਾਰਤ ਦੇ ਆਖਦੇ ਹਾਲ ਚੰਗੇ ਚਿੱਤ ਕਹੇ ਹੁਣ ਓਧਰ ਨੂੰ ਚੱਲ ਬਾਬਾ!
ਘਰੇ ਬਹਿਣ ਦੀ ਸੁਖ ਨਾਲ ਉਮਰ ਆ ਗੀ 'ਮੈਨੂੰ ਪੱਕੀ-ਪਕਾਈ ਤੂੰ ਘੱਲ ਬਾਬਾ'!!

## 107. ਦਫ਼ਤਰਾਂ ਵਿੱਚ ਇਸ਼ਕ

ਪੇਚੇ ਇਸ਼ਕ ਦੇ ਦਫ਼ਤਰੀਂ ਖ਼ੂਬ ਪੈਂਦੇ ਸਰਵੇ ਸੱਚ ਹੀ ਸੱਚ ਨਿਤਾਰਿਆ ਈ।
ਮਿਰਕਣ ਪਿਆਰ ਦਾ ਅੱਜ ਕੱਲ੍ਹ ਦੇਸ਼ ਬਣਿਆ ਹਰੇਕ ਦਫ਼ਤਰ ਹੀ ਇਸ਼ਕ ਬੁਖਾਰਿਆ ਈ।
ਗੁੱਡੇ-ਗੁੱਡੀਆਂ ਪਿਆਰ ਦੇ ਉੱਡਣ ਖੁੱਲ੍ਹੇ ਹੁੰਦੇ ਕਾਟੇ ਤਾਂ ਪੈਂਦੀ ਹਾਲ -ਪਾਹਰਿਆ ਈ।
ਕੰਮ ਮਗਰੋਂ, ਰੁਮਾਂਸ ਦੀ ਥਾਂ ਪਹਿਲਾਂ, ਇਸ਼ਕ ਦੇਸ਼ ਨੂੰ ਐਨ ਸ਼ਿੰਗਾਰਿਆ ਈ।
ਫ਼ਿਕਰ ਸਾਨੂੰ ਹੈ ਇਹ ਇਕਾਨਮੀ ਦਾ ਟੁੱਟੇ ਨੌਕਰੀ ਇਸ਼ਕ ਨਾ ਟੁੱਟ ਜਾਵੇ!
ਅਸੀਂ ਸਾਲਾਂ ਤੋਂ ਦਫ਼ਤਰੀ-ਖੇਡ ਖੇਡ੍ਹੀ ਬੁੱਲੇ ਨਵਾਂ ਈ ਕੋਈ ਨਾ ਲੁੱਟ ਜਾਵੇ!!

## 108. ਸ਼ਿਕਵਾ-ਰਾਮਦੇਵ

'ਸਲੱਮਡਾਗ ਮਿਲੀਨੀਅਰ' ਖ਼ਬਰ ਸੁਣਕੇ ਰਾਮਦੇਵ ਵਿਚ ਆਇਆ ਹੈ ਤੈਸ਼ ਕੀਕਰ।
ਸੰਸਕ੍ਰਿਤੀ ਅਸਾਡੀ ਦੀ ਕਰ ਹਾਨੀ ਕਰਦੇ ਪੱਛਮੀ ਵੇਖ ਲੌ ਐਸ਼ ਕੀਕਰ।
ਸਾਡਾ ਕਿਵੇਂ ਪਿਛੋਕੜ ਉਹ ਵਰਤਦੇ ਹਨ ਮਗਰ ਅਸਾਂ ਦੇ ਲਾਂਵਦੇ ਡੈਸ਼ ਕੀਕਰ।
ਅਸਲ ਗੱਲ ਕਿ ਅਸਾਂ ਦੇ ਬਾਝ ਕੀਕੂੰ ਗੱਲ ਹੋਰ ਕੋਈ ਕਰ ਗਿਆ ਕੈਸ਼ ਕੀਕਰ।
ਹੋਵੇ ਯੋਗ ਕੋਈ ਰੋਗ ਜਾਂ ਭੋਗ ਹੋਵੇ ਸਾਡੀ ਸਭ ਥਾਂ ਪਹਿਲੜੀ ਥਾਂ ਹੋਵੇ!
ਸਾਡੀ ਤੂਤੀ ਦਾ ਹੋਵੇ ਬਸ ਬੋਲਬਾਲਾ ਚਹੁੰ-ਕੂਟੀਂ ਹੋਰ ਚੁੱਪ-ਚਰਾਂ ਹੋਵੇ!!

(13 ਮਾਰਚ,09)

## 109. ਬਣੇਗਾ ਮੰਦਰ !

ਲਾਲੂ-ਰਾਬੜੀ ਬਣਨਗੇ ਕ੍ਰਿਸ਼ਨ-ਰਾਧਾ ਗੱਲ ਨਸ਼ਰ ਇਹ ਸਾਰੇ ਸੰਸਾਰ ਹੋ ਗੀ।
ਮਸਲਾ ਵੱਡਾ ਸੀ ਪਹਿਲਾ ਜ਼ਮੀਨ ਵਾਲਾ ਮੁਖੀਆ ਦੇਵੀ ਹੱਸ ਦੇਣ ਤਿਆਰ ਹੋ ਗੀ।
ਆਲਮਪੁਰ ਵਿੱਚ ਮੰਦਰ ਹੁਣ ਬਣਨ ਲੱਗੈ ਗੱਲ ਆਮ ਇਹ ਸਰ੍ਹੇ-ਬਾਜ਼ਾਰ ਹੋ ਗੀ।
ਮਾਰ ਮਾਰ ਕੇ ਧੁਰਲੀਆਂ ਧਰਮ ਹੰਭਾ ਨੀਤੀ ਧਰਮ ਦੇ ਉੱਤੇ ਸਵਾਰ ਹੋ ਗੀ।
ਫ਼ੱਕਰਾ ਲੋਕਾਂ ਦੀ ਅਕਲ ਨੂੰ ਆਏ ਚੱਕਰ ਚੇਤਾ ਭੁੱਲ ਗਏ ਚਾਰਾ-ਘੋਟਾਲਿਆਂ ਦਾ!
ਆ ਕੇ ਸੱਤਾ ਵਿੱਚ ਹੋ ਗੀਆਂ ਪੌਂ-ਬਾਰਾਂ ਬਣਿਆ ਪਾਣੀ ਵੀ ਦੁੱਧ ਗੱਵਾਲਿਆਂ ਦਾ!!

## 110. ਹਰੀ ਝੰਡੀ

ਜੱਥੇਦਾਰ ਨੇ ਦਿੱਤੀ ਹੈ ਹਰੀ ਝੰਡੀ ਕੋਈ ਵੋਟਾਂ ਲਈ ਕਿਤੇ ਵੀ ਜਾ ਸਕਦੈ।
ਖੁੱਲ੍ਹੀ ਛੁੱਟੀ ਹੈ ਕੋਈ ਨਹੀਂ ਮੜੀ-ਮੁਸ਼ਕਲ ਮੰਦਰ ਜਾਇਕੇ ਤਿਲਕ ਲੁਆ ਸਕਦੈ।
ਸ਼ਿਵਲਿੰਗ ਪੂਜਣ ਨੂੰ ਕਿਸੇ ਦਾ ਚਿਤ ਚਾਹੁੰਦੈ ਮਲ਼ ਮਲ਼ ਦੁੱਧ ਦੇ ਨਾਲ ਨੁਹਾ ਸਕਦੈ।
ਟੱਲੀ ਹੋਏ ਭਾਵੇਂ ਵੋਟਰ ਪੱਟਣੇ ਲਈ ਜਿੱਡਾ ਚਾਹੇ ਕੋਈ ਟੱਲ ਖੜਕਾ ਸਕਦੈ।
ਖੁੱਲ੍ਹੀਆਂ ਛੁੱਟੀਆਂ ਲੈਣ ਲਈ ਕੰਮ ਆਈਆਂ ਹੱਥੀਂ ਦਿੱਤੀਆਂ ਜੋ ਜੱਥੇਦਾਰੀਆਂ ਸੀ!
ਪ੍ਰਗਟ ਹੋ ਗੀਆਂ ਵੇਖਲਾ ਕਿਵੇਂ ਫ਼ੱਕਰ ਲੁਕ ਲੁਕ ਲਾਈਆਂ ਜੋ ਗੂੜ੍ਹੀਆਂ ਯਾਰੀਆਂ ਸੀ!!

## 111. ਕੋਈ ਵਿਵਾਦ ਨਹੀਂ

ਸਾਡਾ ਡੇਰੇ ਨਾਲ ਕੋਈ ਵਿਵਾਦ ਨਹੀਂਓਂ ਵੇਖੋ ਬਾਦਲ ਨੇ ਕੇਹਾ ਬਿਆਨ ਦਿੱਤੈ।
ਮਿਲਦੇ-ਗਿਲਦੇ ਸਾਂ ਅੰਦਰੋਂ ਤਾਂ ਮਿਲੇ ਹੀ ਹਾਂ ਸੁੱਤੇ-ਸਿੱਧ ਹੀ ਲੋਕਾਂ ਗਿਆਨ ਦਿੱਤੈ।
ਸਿਰ ਤੇ ਚੋਣ ਆਈ ਸਾਨੂੰ ਗਰਜ਼ ਭਾਰੀ ਤਾਂਹੀਏਂ ਯਾਰ ਦੇ ਵੱਲ ਧਿਆਨ ਦਿੱਤੈ।
ਯਾਰ ਰੱਖ ਲਈਏ ਪੰਥ ਲੱਥ ਲਈਏ ਸੋਚ ਸਮਝ ਕੇ ਬੰਨ੍ਹ ਸਾਮਾਨ ਦਿੱਤੈ।
ਇਕੋ ਜਿਹੇ ਨੇ ਪੰਥ ਤੇ ਸਾਧ ਸਾਨੂੰ ਪਰ ਨਾ ਕਿਸੇ ਨੂੰ ਅਸੀਂ ਦੁਆਲ਼ ਭਾਈ!
ਕਰਨਾ ਅਸੀਂ ਈਕੂੰ ਕੁਰਸੀ ਮਿਲੇ ਜੀਕੂੰ ਅਸੀਂ ਬੱਝੇ ਹਾਂ ਕੁਰਸੀ ਦੇ ਨਾਲ ਭਾਈ!!

## 112. ਖੁਸਰੇ ਨੂੰ ਟਿਕਟ

ਪੈਂਥਰਜ਼ ਪਾਰਟੀ ਉੱਤੋਂ ਕੁਰਬਾਨ ਫ਼ੱਕਰ ਜਿਸ ਖੁਸਰੇ ਨੂੰ ਟਿਕਟ ਪ੍ਰਦਾਨ ਕੀਤੀ।
ਕੀਤਾ ਲਿੰਗ ਵਾਲਾ ਕੋਈ ਵਿਤਕਰਾ ਨਾ ਗੱਲ ਕੀਤੀ ਅਨੁਸਾਰ ਵਿਧਾਨ ਕੀਤੀ।
ਨਹੀਂ ਵੇਖਿਆ ਨਾਲ ਅਪਮਾਨ ਜਿਸ ਨੇ ਗੱਲ ਬੜੇ ਹੀ ਨਾਲ ਸਨਮਾਨ ਕੀਤੀ।
ਚੋਣਾਂ ਜਿੱਤਣ ਲਈ ਵੇਚਦੇ ਧਰਮ ਲੋਕੀਂ ਗੱਲ ਪੈਂਥਰਾਂ ਨਾਲ ਈਮਾਨ ਕੀਤੀ।
ਚੰਗੇ ਹੋਣ ਜੇ ਲੋਕੀ ਤਾਂ ਖ਼ੂਬ ਭੁਗਤਣ ਖੜ੍ਹਿਐ ਜਿਹੜਾ ਇਹ ਭੈਣ ਜਾਂ ਭਾਈ ਹੋਵੇ!
ਚੰਗਾ ਕੰਮ ਹੋਵੇ ਜਦੋਂ ਵਿਚ ਸੈਸ਼ਨ ਨਾਲ ਨੱਚੇ ਤੇ ਕੇ-ਵਧਾਈ ਹੋਵੇ!!

(22 ਮਾਰਚ,09)



## 113. ਤੀਜਾ ਮੋਰਚਾ ਠੁੱਸ ?

ਤੀਜਾ ਮੋਰਚਾ ਫਾਕੜਾਂ ਹੋਏ ਡਿੱਗਾ ਪਈਆਂ ਸਾਰਿਆਂ ਨੂੰ ਆਪੋ-ਧਾਪੀਆਂ ਨੇ।
ਡਿੱਗਦਾ ਡਿੱਗਦਾ ਨਾ ਉਠ ਦਾ ਬੁੱਲ੍ਹ ਡਿੱਗਾ ਖ਼ਬਰਾਂ ਲੱਖ ਅਖ਼ਬਾਰਾਂ ਨੇ ਛਾਪੀਆਂ ਨੇ।
ਰਾਜਨੀਤਕਾਂ ਜੋੜ ਤੇ ਤੋੜ ਕੀਤੇ ਸੱਭੇ ਦੂਰੀਆਂ ਨੇੜੀਆਂ ਮਾਪੀਆਂ ਨੇ।
ਸਾਥੀ ਸਿਰ ਖੁਰਕਣ ਪਾ ਕੇ ਨੀਵੀਂਆਂ ਨੂੰ ਮਾਇਆਵਤੀ ਜਦ ਮਾਰੀਆਂ ਥਾਪੀਆਂ ਨੇ।
ਅਮਰ ਸਿੰਘ ਭਮੱਤਰ ਕੇ ਕਿਵੇਂ ਓਧਰ ਨਾਲ ਕਾਂਗਰਸ ਕਿਸਤਰ੍ਹਾਂ ਝਗੜਿਆ ਏ!
ਮਾਇਆਵਤੀ ਤੇ ਸੋਨੀਆ ਭਿੜਨ ਲੱਗੀਆਂ ਕੱਟਾ ਮੋਰਚੇ ਦਾ ਗਿਆ ਰਗੜਿਆ ਏ!!

## 114. ਪਤਨੀ ਸੇਲ ਤੇ !

ਪਤਨੀ ਵੇਚਣ ਲਈ ਬੈਟਸ ਵਲੈਤੀਏ ਨੇ ਦਿੱਤਾ ਲਿਖਕੇ ਹੈ ਕਿਵੇਂ ਇਸ਼ਤਿਹਾਰ ਵੇਖੋ।
ਲੋਕੀ ਲੈਣ ਤਲਾਕ ਤੇ ਭਰਨ ਖਰਚੇ ਹੋਣ ਕੋਰਟਾਂ ਵਿੱਚ ਖੁਆਰ ਵੇਖੋ।
ਅਕਲਮੰਦੀ ਦਾ ਕਿੱਡਾ ਹੈ ਕੰਮ ਕੀਤਾ ਅੱਗਾ ਕਿਸਤਰ੍ਹਾਂ ਰਿਹੈ ਸਵਾਰ ਵੇਖੋ।
ਚਾਰ ਆਉਣ ਛਿੱਲੜ ਨਾਲੇ ਹੱਡ ਛੁੱਟਣ ਰੋਗ ਦੂਰ ਤੇ ਨਾਲੇ ਵਪਾਰ ਵੇਖੋ।
ਕਹਿੰਦੇ ਆਫ਼ਰ ਤੇ ਖੜਕਦੀ ਪਈ ਆਫ਼ਰ ਆਉਂਦੇ ਬੈਟਸ ਨੂੰ ਫ਼ੋਨ ਤੇ ਫ਼ੋਨ ਮੀਆਂ!
ਲਗਦੀ ਠੰਢ ਦਾ ਕੋਈ ਪ੍ਰਬੰਧ ਹੋਜੇ ਛੜੇ ਕਾਰ ਤੇ ਚੱਕਿਆ ਲੋਨ ਮੀਆਂ!!

## 115. ਟਿਕਟਾਂ ਟਾਇਟਲਰ ਤੇ ਸੱਜਣ ਨੂੰ !

ਸਿੱਧੀ-ਸੁੱਧ ਸੀ ਸੋਨੀਆ ਨਿਰਾ ਸੋਨਾ ਪਈ ਮਾਰ ਪੁੱਠੀ ਤੇ ਕੀ ਕਮਾਲ ਕੀਤਾ।
ਚੰਗੀ ਭਲੀ ਸੀ ਸਿੱਖਾਂ ਦੇ ਨੇੜ ਆ ਗੀ ਜਦੋਂ ਵੱਡਾ ਸੀ ਜਲਵਾ-ਜਮਾਲ ਕੀਤਾ।
ਮਲ੍ਹਮ ਸਿੱਖਾਂ ਦੇ ਜ਼ਖ਼ਮਾਂ ਤੇ ਆਪ ਲਾਈ ਕਿੱਡਾ ਪਿਆਰ ਦਾ ਹੈ ਸੀ ਵਿਖਾਲ ਕੀਤਾ।
ਕੀਤੀ-ਕੱਤਰੀ ਤੇ ਪਾਣੀ ਫੇਰ ਲੀਤਾ ਕਰ ਕੇ ਸਾਰਾ ਕੁੱਝ ਆਹ ਕੀ ਨਾਲ ਕੀਤਾ?
ਟਿਕਟ ਟਾਇਟਲਰ ਤੇ ਸੱਜਣ ਨੂੰ ਕੀ ਦਿੱਤੀ ਖ਼ਬਰ ਸਿੱਖਾਂ 'ਤੇ ਡਿੱਗੀ ਹੈ ਬੰਬ ਵਾਂਗੂੰ!
ਬੱਸ ਆਹਾ ਈ ਸਿੱਖਾਂ ਦੀ ਕਦਰ ਪਾਈ! ਐਨ ਚੂਪ ਸਿੰਘ ਨੂੰ ਅੰਬ ਵਾਂਗੂੰ!!

## 116. ਲਾਲੂ-ਪੈਂਤੜੇ

ਲਾਲੂ ਯਾਦਵ ਜੀ ਬਣੇ ਹੁਣ ਅਸਲ ਆਲੂ ਹਰਇਕ ਸਬਜ਼ੀ ਦੇ ਆਉਣਗੇ ਮੇਚ ਮੀਆਂ।
ਲੜੇ-ਭਿੜੇ ਸਿਰ ਡਾਹਿ ਕੇ ਨਾਲ ਜਿਹਨਾਂ ਹੁਣ ਨਾ ਸਮਝਣਗੇ ਉਹਨਾਂ ਨੂੰ ਹੇਚ ਮੀਆਂ।
ਰਾਜਨੀਤੀ ਦੀ ਰੇਲ ਦੇ ਘਣੇ ਮਾਹਰ ਚੰਗੂੰ ਜਾਣਦੇ ਕੱਸਣੇ ਪੇਚ ਮੀਆਂ।
ਸਿੱਧੇ-ਸਾਦੇ ਇਹ ਬਾਦਲ ਦੇ ਸਕੇ ਭਾਈ ਸਕਦੇ ਸੈਂਟਰ ਨੂੰ ਸੌਖਾ ਹੀ ਵੇਚ ਮੀਆਂ।
'ਰਹਿੰਦੇ ਰਾਂਚੀ ਤੇ ਲੜਨ ਕਰਾਚੀ' ਕਹਿੰਦੇ ਤਾਂਹੀਏਂ ਅਸੀਂ ਬਿਹਾਰ ਵਿਚ ਹੋਰ ਹੋਈਏ!
ਕੇਂਦਰ-ਕੁਰਸੀ ਦੀ ਘੁੱਟ ਕੇ ਲੱਤ ਫੜਲੀ ਛੱਡ ਕੇ ਸੋਨੀਆ ਦੇ ਕਾਹਤੋਂ ਚੋਰ ਹੋਈਏ?

(6 ਮਾਰਚ,09)

## 117. ਸਾਰਾਭਾਈ ਟੱਕਰੇਗੀ !

ਛਾਤੀ ਥਾਪੜ ਕੇ ਸਾਰਾਭਾਈ ਆਖਿਆ ਇਉਂ-ਮੈਂ ਅਡਵਾਨੀ ਨੂੰ ਤਾਰੇ ਦਿਖਾ ਦਿਆਂਗੀ।
ਫ਼ਿਰਕਾਪ੍ਰਸਤੀ ਦਾ ਕਰਦਾ ਹੈ ਇਹ ਕੱਥਕ ਕੱਥਕ-ਡਾਂਸ ਮੈਂ ਇਹਨੂੰ ਸਿਖਾ ਦਿਆਂਗੀ।
ਜਿਹੜੇ ਰੱਥ ਤੇ ਚੜ੍ਹਿਆ ਹੈ ਹੁੱਬ ਕੇ ਇਹ ਉਸਦਾ ਚੱਕਾ ਹੀ ਜਾਮ ਕਰਾ ਦਿਆਂਗੀ।
ਜੀਹਨੂੰ ਰਾਜ-ਸਿੰਘਾਸਨ ਦੇ ਆਉਣ ਸੁਪਨੇ ਇਹਨੂੰ ਤੱਪੜ ਤੇ ਲੰਮਾ ਵਿਛਾ ਦਿਆਂਗੀ।
ਫ਼ੱਕਰ ਆਖਿਆ-ਬੀਬੀ ਜੀ ਸਬਰ ਕਰਲੌ ਯਾਰੀ ਮੋਦੀ ਨਾਲ ਇਹਨਾਂ ਪੁਗਾਉਣ ਦੇਵੋ!
ਦੋ ਤਿੰਨ ਹਮਲੇ ਤਾਂ ਹੋਰ ਕਰਵਾਉਣ ਦੇਵੋ! ਪੰਜ ਸੱਤ ਮਸਜਿਦਾਂ ਹੋਰ ਢਵਾਉਣ ਦੇਵੋ!!

## 118. ਚੋਣਾਂ ਤੇ ਅਰੂਸਾ

ਚਲੀ ਗਈ ਅਰੂਸਾ ਜਦ ਚੋਣ ਆਈ ਫ਼ੱਕਰ ਕਿਹਾ-ਕਪਤਾਨ ਵਧਾਈ ਹੋਵੇ।
ਕਿਹੜਾ ਚੋਣ ਦੇ ਚਣੇ ਹੈ ਚੱਬ ਸਕਦਾ? ਮਿੱਠੀ ਚੀਜ਼ ਜੇ ਘਰੇ ਇੰਜ ਆਈ ਹੋਵੇ।
ਕੌਣ ਚਾਹ ਦੇ ਨਾਲ ਢਿੱਡ ਫੂਕਦਾ ਹੈ? ਜੀਹਨੂੰ ਧਾ ਕੇ ਮਿਲੀ ਸ਼ਰਦਾਈ ਹੋਵੇ।
ਐਪਰ ਮਿਲਣ ਦਾ ਕਿੱਥੇ ਸੁਆਦ ਆਉਂਦੈ ਪਾਈ ਜੱਗ ਨੇ ਜਦੋਂ ਦੁਹਾਈ ਹੋਵੇ।
ਖ਼ੈਰ! ਛੱਡੋ, ਨਾ ਕਰੋ ਹੁਣ ਦਿਲ ਹੌਲਾ ਕਰਨਾ ਵਕਤ ਬਰਬਾਦ ਕੀ ਰੋਣ ਉੱਤੇ!
ਕਰੋ ਬਾਦਲ ਨਾਲ ਚਿੱਤ ਦਾ ਚਾਓ ਪੂਰਾ ਗੁੱਸਾ ਕੱਢ ਲੌ ਦੱਬ ਕੇ ਚੋਣ ਉੱਤੇ!!

## 119. ਚਾਚਾ ਕਮਜ਼ੋਰ ਨਹੀਂ

ਕਿਹਾ ਰਾਹੁਲ ਨੇ ਸੋਹਣਾ ਮਨਮੋਹਨ ਬਾਰੇ ਚਾਚਾ ਕਿਸੇ ਤੋਂ ਨਹੀਂ ਕਮਜ਼ੋਰ ਸਾਡਾ।
ਨੀਂਵੀਂ ਪਾਈ ਰਖਦੈ, ਨਿੰਮਾ ਹੱਸ ਛਡਦੈ ਚਾਚਾ ਹੁੰਦਾ ਨਹੀਂ ਕਦੇ ਮੂੰਹ-ਜ਼ੋਰ ਸਾਡਾ।
ਖੌਰੂ ਵਾਂਗ ਅਡਵਾਨੀ ਨਾ ਕਦੇ ਪੱਟੇ ਚਾਚਾ ਚਲਦਾ ਸੱਪ ਦੀ ਤੋਰ ਸਾਡਾ।
ਭਾਰਤ ਮਾਤਾ ਦੇ ਅੰਦਰਲੇ ਭੇਤ ਜਾਣੇ ਚਾਚਾ ਏਸ ਨੂੰ ਖਾ ਗਿਆ ਭੋਰ ਸਾਡਾ।
ਦਿੱਤੀ ਖੁੱਲ੍ਹ ਕਿ ਚਾਚਾ ਜੀ ਚੁੱਕ ਫੱਟੇ ਆਈ ਚੋਣ ਤੇ ਭਾਜਪਾ ਢਾਈ ਹੋਵੇ!
ਜਿੱਤਿਆ ਬਾਹਰ ਤੇ ਘਰੇ ਵੀ ਤੂੰ ਜਿੱਤੇਂ ਹੱਸ ਕੇ ਆਖੀਏ -ਚਾਚਾ ਵਧਾਈ ਹੋਵੇ!!

## 120. ਸੁਝਾਅ ਝੀਂਡਾ

ਕਿਹਾ ਝੀਂਡੇ ਕਮੇਟੀ ਦੇ ਵਿਚ ਸੈਸ਼ਨ-ਮੁੱਖ-ਮੰਤਰੀ ਕਰੋ ਸੁਖਬੀਰ ਮੀਆਂ।
ਜੱਥੇਦਾਰ ਪ੍ਰਵਾਰ ਦੇ ਬਣਨ ਮੈਂਬਰ ਵੰਡੋ ਤਖ਼ਤਾਂ ਦੀ ਰੱਜਵੀਂ ਖੀਰ ਮੀਆਂ।
ਪਾ ਕੇ ਮਿੱਟੀ ਸ਼ਹੀਦ ਰੰਝੇਟਿਆਂ ਤੇ ਕਰ ਲੀ ਹੱਥ ਕਮੇਟੀ ਦੀ ਹੀਰ ਮੀਆਂ।
ਆਖਣ-ਮਰਨ ਦਿਓ ਅੜੇ-ਟਕਸਾਲੀਆਂ ਨੂੰ ਮੁੱਕੇ ਜੱਗ 'ਚੋਂ ਇਹਨਾਂ ਦਾ ਸੀਰ ਮੀਆਂ।
ਜਦੋਂ ਪੜ੍ਹੀ ਅਖ਼ਬਾਰ ਤਾਂ ਹੋਸ਼ ਉੱਡੇ ਫ਼ੱਕਰ ਪੁੱਛਿਆ ਪ੍ਰਸ਼ਨ ਅਕਾਲੀਆਂ ਨੂੰ!
ਨਵੀਂ ਬਹੂ ਕੀ ਆਈ ਕਿ ਸੁੰਨ ਹੋ ਗਏਂ ਘਰੋਂ ਕੱਢਤੈ ਬਾਬੇ ਟਕਸਾਲੀਆਂ ਨੂੰ!!

(4 ਅਪ੍ਰੈਲ, 09)



## 121. ਹੱਲਾ ਮਧੂ-ਮੱਖੀਆਂ !

ਵੇਖੋ ਵਿਚ ਹੰਢਿਆਇਆ ਦੇ ਕੀ ਬੀਤੀ ਮਧੂ-ਮੱਖੀਆਂ ਨੇ ਹੱਲਾ ਬੋਲਿਆ ਈ।
ਨੁੱਕੜ-ਜਲਸੇ ਤੇ ਕਿਵੇਂ ਹਨ ਟੁੱਟ ਪਈਆਂ ਕਿਵੇਂ ਰੰਗ ਵਿੱਚ ਭੰਗ ਘਚੋਲਿਆ ਈ।
ਭੱਜੇ ਢੀਂਡਸਾ ਕੀਤੂ ਤੇ ਹੋਰ ਜਾਣੇ ਮਸਾਂ ਭੱਜਦਿਆਂ ਨੇ ਪਾਸਾ ਟੋਲ੍ਹਿਆ ਈ।
ਪਏ ਬੋਹੜ ਥੱਲੇ ਲੰਮੇ ਪੁਲਸੀਏ ਵੀ ਦੜ ਵੱਟੀ ਕੋਈ ਜ਼ਰਾ ਨਾ ਬੋਲਿਆ ਈ।
ਫ਼ੱਕਰ ਆਖਿਆ-ਢੀਂਡਸਾ ਛਹਿ ਰਹੀਏ ਮਧੂ-ਮੱਖੀਆਂ ਨਹੀਂ ਬਾਦਲ-ਮੱਖੀਆਂ ਜੀ!
ਓਨਾ ਚਿਰ ਹੀ ਰਹਿੰਦੀਆਂ ਇਹ ਟਿਕੀਆਂ ਜਦ ਤੱਕ ਝੱਲੀਏ ਮਿੱਠੀਆਂ ਪੱਖੀਆਂ ਜੀ!

## 122. ਚਾਂਦ ਹੀਜੜਿਆਂ 'ਚ

ਚਾਂਦ! ਹੀਜੜਿਆਂ ਵਿੱਚ ਆ ਹੋ ਭਰਤੀ ਮੰਗਲ ਹੀਜੜੀ ਆਣ ਉਚਾਰਿਆ ਏ।
ਅੱਗਾ ਪਿੱਛਾ ਤੂੰ ਫ਼ਿਜ਼ਾ ਦਾ ਛੱਡਿਆ ਨਾ ਮਰ-ਜਾਣਿਆ! ਲੋਹੜਾ ਤੈਂ ਮਾਰਿਆ ਏ।
ਵੇ ਤੂੰ ਗਧਾ ਉਹ ਘਰ ਨਾ ਘਾਟ ਸੰਦਾ ਦੋਹੀਂ ਥਾਂਈਂ ਜੋ ਗਿਆ ਦੁਰਕਾਰਿਆ ਏ
ਨਾ ਹੀ ਰੱਜੀ ਵਜ਼ੀਰੀ ਤੇ ਨਾ ਤੀਂਵੀਂ ਤੂੰ ਨਾ ਕਿਸੇ ਨੂੰ ਦਿਲੋਂ ਪਿਆਰਿਆ ਏ।
ਕੀ ਹੁਣ ਵਾਜਾ ਉਡੀਕਦੈਂ ਚੰਦ-ਮਾਮਾ? ਆ ਜਾ ਨੱਚ ਲੈ ਅਸਾਂ ਦੇ ਨਾਲ ਆ ਕੇ!
ਭਜਨ ਲਾਲ ਨਾਲ ਹੋਇਆ ਜਾਂ ਰਾਜ਼ੀਨਾਮਾ ਉਹ ਵੀ ਨੱਚੂਗਾ ਸਿਰੇ ਲੈ ਸ਼ਾਲ ਆ ਕੇ!!

## 123. ਪੁੜੀ

ਚੰਗਾ ਕਹੀਏ ਹੁਣ ਕਿਸਤਰ੍ਹਾਂ ਮੇਨਕਾ ਨੂੰ? ਵਰੁਣ ਗਾਂਧੀ ਦਾ ਲੱਡੂ ਜਿਸ ਵੱਟਿਆ ਈ।
ਮਿਰਚ-ਹਿੰਦੂਤਵ ਲਾਇਕੇ ਇਓਂ ਰਿੜ੍ਹਿਆ ਉਹਨੇ ਮੋਦੀ ਅਡਵਾਨੀ ਨੂੰ ਕੱਟਿਆ ਈ।
ਖਾਧੀ ਨਫ਼ਰਤ ਦੀ ਰੱਜ ਕੇ ਅੱਗ ਪਹਿਲੋਂ ਪਿੱਛੋਂ ਫੇਰ ਅੰਗਿਆਰਾਂ ਨੂੰ ਸੱਟਿਆ ਈ।
ਭਾਵੇਂ ਹੋਈਏ ਬਦਨਾਮ ਪਰ ਨਾਮ ਹੋਵੇ ਚੰਗਾ ਨਹੀਂ ਤਾਂ ਮੰਦਾ ਤਾਂ ਖੱਟਿਆ ਈ।
ਜੇਕਰ ਵਾਟ ਨਿਬੇੜਨ ਦੀ ਹੋਏ ਜਲਦੀ ਪੁੜੀ ਮਿਰਚਾਂ ਦੀ ਪਿੱਛੇ 'ਤੇ ਭੁੱਕੀਏ ਜੀ!
ਕੰਨ ਖੜ੍ਹੇ ਕਰ ਸੁਣਨ ਨੂੰ ਲੋਕ ਤਾਂਘਣ ਬੱਕੜਵਾਹ ਕਰ ਇਸਤਰ੍ਹਾਂ ਬੁੱਕੀਏ ਜੀ!!

## 124. ਅਸ਼ੀਰਵਾਦ

ਜੱਥੇਦਾਰ ਜੀ ਦਮਦਮਾ ਸਾਹਿਬ ਬੋਲੇ-ਰਣਇੰਦਰ ਨੂੰ ਕੋਰੀ ਹੈ ਨਾਂਹ ਭਾਈ।
ਅਸ਼ੀਰਵਾਦ ਸਿਰੋਪਾ ਨਹੀਂ ਕੋਈ ਮਿਲਣਾ ਅਸੀਂ ਵੇਲਣੇ ਦੇਣੀ ਨਹੀਂ ਬਾਂਹ ਭਾਈ।
ਮੰਗ ਲੀ ਡੇਰੇ ਤੋਂ ਜਦੋਂ ਹੈ ਵੋਟ ਇਹਨੇ ਕਰਤੀ ਪੰਥ ਦੀ ਗੱਲ ਪਿਛਾਂਹ ਭਾਈ।
ਕਾਕਾ ਹੋਏ ਅਕਾਲੀ ਤਾਂ ਜਾਏ ਡੇਰੇ ਝੁਕੇ ਜੈਨੀਆਂ ਸਾਡੀ ਹੈ ਹਾਂ ਭਾਈ।
ਜੱਥੇਦਾਰ ਅਕਾਲ ਜੁ ਆਖਿਆ ਹੈ-ਕੋਈ ਵੋਟਾਂ ਲਈ ਕਿਤੇ ਹੈ ਜਾ ਸਕਦਾ!
ਅੱਗੇ ਦਿਸੇ ਕਰੋਪੀ, ਇਹ ਦੇਹ ਥਾਪੀ ਦਾਸ ਨੌਕਰੀ ਨਹੀਂ ਤੁੜਵਾ ਸਕਦਾ!!

(9 ਅਪ੍ਰੈਲ, 09)

## 125. ਰਿਵਰਸ-ਗੇਅਰ

ਪੁੱਠੀ ਹੋਈ ਦੁਨੀਆਂ ਪੁੱਠੇ ਕੰਮ ਹੋ ਗੇ ਪੁੱਠੀ ਆਈ ਭੁਆਲੀ ਇਕ ਆਹ ਬੇਲੀ।
ਤਾਜ਼ੀ ਖ਼ਬਰ ਪੜ੍ਹ ਹੱਥੋਂ ਅਖਬਾਰ ਛੁੱਟਾ ਪੜ੍ਹਕੇ ਮੂੰਹ 'ਚੋਂ ਨਿਕਲਿਆ 'ਵਾਹ' ਬੇਲੀ।
ਵੇਖੋ ਕਿਵੇਂ 'ਮੁਕੱਦਰ' ਨੇ ਹੱਦ ਲਾਹੀ ਕਿੱਲ੍ਹਿਆਂਵਾਲੀ ਕਿੰਝ ਕੀਤਾ ਵਿਆਹ ਬੇਲੀ।
ਅਠਾਹਟ ਕਿਲੋਮੀਟਰ ਪਾਇ ਰਿਵਰਸ ਗੇਅਰ ਸੁਹਰੇ ਪਹੁੰਚਿਆ ਲੋਕ ਗਵਾਹ ਬੇਲੀ।
ਦੁਲਹਨ ਜੀਹਨੂੰ ਸੁਲੱਗ ਇਹ ਵਰ ਮਿਲਿਆ ਬੁੱਝੋ ਹੱਸੇਗੀ ਜਾਂ ਪਛਤਾਏਗੀ ਇਹ?
ਲਗਦਾ ਰਿਹਾ ਰਿਵਰਸ ਜੇ ਗੇਅਰ ਏਵੇਂ ਗੱਡੀ ਗ੍ਰਿਹਿਸਥ ਦੀ ਕਿੱਧਰ ਨੂੰ ਜਾਏਗੀ ਇਹ?

## 126. ਮੰਦੜੇ-ਹਾਲ

ਫ਼ੱਕਰਾ ਪੁੱਛ ਨਾ ਹਾਲ ਤੂੰ ਅਮਲੀਆਂ ਦੇ ਮੰਦੇ ਵੇਖ ਦਰਵੇਸ਼ਾਂ ਦੇ ਹਾਲ ਹੋ ਗਏ।
ਚਿੜੀ-ਬੋਟ ਜਿਓਂ ਰੋਂਵਦੇ ਸਹਿਕਦੇ ਹਨ ਜ਼ਿੰਦਗੀ ਮੌਤ ਦੇ ਇਹਨਾਂ ਸੁਆਲ ਹੋ ਗਏ।
ਫੁੱਲਾਂ ਵਾਂਗ ਖਿੜਦੇ ਖਾ ਕੇ ਫੁੱਲ-ਡੋਡੇ ਹੱਸਣੇ ਹਾਸੇ ਉਹ ਕਿਵੇਂ ਮੁਹਾਲ ਹੋ ਗਏ।
ਕਾਟੋ ਫੁੱਲਾਂ ਤੇ ਖੇਡਦੀ ਆਣ ਦੱਬੀ ਦੁਸ਼ਮਣ ਪੁਲਸ ਦੇ ਚੰਦਰੇ ਜਾਲ ਹੋ ਗਏ।
ਛਾਪੇ ਪਏ ਟਰਾਂਟੋ ਵਿੱਚ ਗਏ ਵਗਲ਼ੇ ਜੱਥਾ-ਅਮਲੀਆਂ ਜੇਹਲ ਨੂੰ ਚੱਲਿਆ ਈ!
ਮੀਟ-ਸ਼ਾਪ ਦੀ ਬਾਰੀ ਨੂੰ ਚਿੰਬੜ ਰੋਂਦਾ ਅਮਲੀ ਗਿਆ ਨਾ ਕਿਸੇ ਤੋਂ ਝੱਲਿਆ ਈ!!

## 127. ਜੁੱਤੀ

ਜ਼ੈਦੀ ਕੀਤਾ ਉਦਘਾਟਨ ਕੀ ਬੁਸ਼ ਉੱਤੇ ਫੈਸ਼ਨ ਚੱਲ ਪਿਆ ਜੁੱਤੀ ਚਲਾਉਣ ਵਾਲਾ।
ਗੱਲ ਕਲਮ ਦੀ ਬੀਤੇ ਦੀ ਬਾਤ ਹੋ ਗੀ ਨਵਾਂ ਨਿਕਲਿਆ ਢੰਗ ਸਮਝਾਉਣ ਵਾਲਾ।
ਯਾਰਾ ਕਤਲ ਦੀ ਬਣੇ ਮੁਕੱਦਮਾ ਨਾ ਕੰਮ ਜਿਉਂਦਿਆਂ ਮਾਰ ਮੁਕਾਉਣ ਵਾਲਾ।
ਹੀਰੋ ਮਿੰਟ-ਸਕਿੰਟਾਂ ਵਿਚ ਬਣਨ ਵਾਲਾ ਐਨ੍ਹ ਅੜੇ ਹੋਏ ਕੰਮ ਕਢਵਾਉਣ ਵਾਲਾ।
ਮਗ਼ਜ਼ ਲੀਡਰ ਦਾ ਕਰਨ ਲਈ ਸਾਫ਼ ਚੰਗੂੰ ਬਣਿਆ ਅੱਜਕਲ੍ਹ ਵੱਡਾ ਹਥਿਆਰ ਜੁੱਤੀ!
ਭਾਵੇਂ ਵੱਜੇ ਨਾ ਕੋਲ ਦੀ ਲੰਘ ਜਾਵੇ ਐਪਰ ਜਾਂਦੀ ਹੈ ਕੰਮ ਸੁਆਰ ਜੁੱਤੀ!!

## 128. ਠਰਕੇ-ਨੇਤਾ

ਨੇਤਾ ਭਾਰਤ ਦੇ ਹੋਏ ਅੱਯਾਸ਼ ਕਿੰਨੇ ਰਾਜਧਾਨੀ ਆ ਬਿਸਤਰ ਗਰਮਾਣ ਲੱਗੇ।
ਚੋਣਾਂ ਪਹਿਲੋਂ ਹੀ ਲੱਗੇ ਹਨ ਕਿਵੇਂ ਵਿਸਮਣ ਹੋਟਲ ਜਾਇ ਥਕੇਵਿਆਂ ਲਾਹਣ ਲੱਗੇ।
ਸਮਝਣ ਮਾਡਲ ਅਭਿਨੇਤਰੀ ਵੋਟ ਵਾਂਗੂੰ ਵੋਟ ਵੋਟ ਲਈ ਖਵ੍ਹੀਆਂ ਨੇ ਖਾਣ ਲੱਗੇ।
ਵਰਕਰ ਖੁਸ਼ੀ ਨੇਤਾਵਾਂ ਦੀ ਲੋੜਦੇ ਜੋ ਮਾਲ ਨਵਾਂ ਤੇ ਮਹਿੰਗਾ ਲਿਆਣ ਲੱਗੇ।
ਚਾਹ ਕੇ ਮੇਮ ਨੂੰ ਮੰਗਿਆ ਕਿਸੇ ਲੀਡਰ ਬਿਨਾਂ ਬੋਲੀ ਦੇ ਡੰਗ ਟਪਾਂਵਦਾ ਈ!
ਜਿਵੇਂ ਫ਼ੱਕਰਾ ਗੂੰਗੇ ਨੇ ਗੁੜ ਖਾਧਾ ਐਪਰ ਸੁਆਦ ਨਾ ਦੱਸਣਾ ਆਂਵਦਾ ਈ!!

(15 ਅਪ੍ਰੈਲ,09)



## 129. ਕਮੇਟੀ ਤੇ ਸਿਤਾਰੇ

ਫ਼ੱਕਰਾ ਵੇਖ ਕਮੇਟੀ ਦੇ ਇਹ ਮੋਹਰੀ ਡੁੱਲ੍ਹੇ ਕਿਸਤਰ੍ਹਾਂ ਫਿਲਮੀ ਸਿਤਾਰਿਆਂ ਤੇ।
ਏਅਰਪੋਰਟ ਤੇ ਪਹੁੰਚੇ ਸੁਆਗਤਾਂ ਨੂੰ ਆਫ਼ਤ ਆਣ ਕੀ ਪਈ ਵਿਚਾਰਿਆਂ ਤੇ।
ਸੰਗਤਾਂ ਰੋਕੀਆਂ, ਦਿੱਤੇ ਨੇ ਖ਼ੂਬ ਆਦਰ ਕੀਕੂੰ ਭੂਤ ਸਵਾਰਿਆ ਸਾਰਿਆਂ ਤੇ।
ਕੀਤੇ ਮਾਨ -ਸਨਮਾਨ ਕਿ ਹੱਦ ਹੋਗੀ ਦਿੱਤੇ ਚਾੜ੍ਹ ਸੂ ਐਨ੍ਹ ਚੁਬਾਰਿਆਂ ਤੇ।
ਫ਼ੱਕਰਾ ਭੁੱਲ ਜਾ 'ਸੰਗਤ ਸਮਾਨ ਸਾਰੀ' ਹਾਰ ਚੋਣਵੇਂ ਗਲ਼ਾਂ ਨੂੰ ਪੈਣ ਲੱਗ ਪੇ!
ਚਕਾਚੌਂਧ ਹੋ ਕੇ ਰਾਖੇ ਧਰਮ ਵਾਲੇ ਸ਼ੁਹਰਤ ਹੁਸਨ ਵੱਲ ਲੂਰ੍ਹੀਆਂ ਲੈਣ ਲੱਗ ਪੇ!!

## 130. ਲੀਡਰ

ਬਹੁਤ ਬੁਰੀ ਬਲਾ ਹੈ ਲੀਡਰੀ ਇਹ ਕੀ ਕੀ ਬੰਦੇ ਤੋਂ ਕੰਮ ਕਰਵਾਂਵਦੀ ਹੈ।
ਕਿਧਰੇ ਭੁੱਖ-ਹੜਤਾਲ ਤੇ ਵਰਤ ਕਿਧਰੇ ਅਗਨ-ਕੁੰਡਾਂ ਤੇ ਕਦੇ ਬਿਠਾਂਵਦੀ ਹੈ।
ਰੂਪੋਸ਼ ਕਰਵਾਏ ਤੇ ਜੇਹਲ ਸੁੱਟੇ ਚੰਦਰੀ ਭਾਣੇ ਤੇ ਭਾਣਾ ਵਰਤਾਂਵਦੀ ਹੈ।
ਅੱਜਕਲ੍ਹ ਨਵੇਂ ਅੰਦਾਜ਼ ਵਿੱਚ ਹੋ ਪ੍ਰਗਟ ਲੀਡਰ ਰੁੱਖਾਂ ਦੇ ਉੱਤੇ ਚੜ੍ਹਾਂਵਦੀ ਹੈ।
ਹਾਥਰਸ 'ਸਮਰਾਟ' ਨੇ ਰੁੱਖ ਚੜ੍ਹਕੇ ਦਿੱਤਾ ਪਾਰਟੀ ਤਾਈਂ ਦਿਖਾ ਮੀਆਂ!
ਮਿਲਦਾ ਮਿਲੇ ਤਾਂ ਟਿਕਟ ਜੇ ਨਹੀਂ ਮਿਲਦਾ 'ਕੇਰਾਂ ਸੁਰਖੀ ਤਾਂ ਦਿੱਤੀ ਜਮਾ ਮੀਆਂ!!

## 131. ਸਵਾਰੀ ਗਧੇ ਦੀ !

ਲੋਕ ਸਭਾ ਦੀ ਆਗਰਾ ਸੀਟ ਉੱਤੇ ਕਿਵੇਂ ਵਰਤਿਆ ਹੈ ਚਮਤਕਾਰ ਦੇਖੋ।
ਉਮੀਦਵਾਰ ਦਿਵਾਕਰ ਨੇ ਹੱਦ ਲਾਹੀ ਹੋਇਆ ਗਧੇ ਤੇ ਭੌਰ ਸਵਾਰ ਦੇਖੋ।
ਕਾਗਜ਼ ਦਫ਼ਤਰ ਫਿਰ ਜਾਇਕੇ ਕਰੇ ਦਾਖਲ ਮਾਰੀ ਕਾਰਾਂ 'ਤੇ ਬੱਝਵੀਂ ਧਾਰ ਦੇਖੋ।
ਭਾਵੇਂ ਜਿੱਤੇ ਨਾ ਜਿੱਤੇ ਇਹ ਗੱਲ ਛੱਡੋ ਕਿੰਨਾ ਦੂਰ-ਅੰਦੇਸ਼, ਵਿਚਾਰ ਦੇਖੋ।
ਉਹਨੇ ਸੋਚਿਆ ਹੱਸ ਕੇ ਚੜ੍ਹੋ ਆਪੇ ਮਗਰੋਂ ਲੋਕਾਂ ਨੇ ਗਧੇ 'ਤੇ ਚਾੜ੍ਹਨੈਂ ਹੀ!
ਜਿੱਥੋਂ ਨਿਕਲੇ ਉਪਦੇਸ਼ ਦੇ ਘਰੇ ਵੜ ਜੋ ਮਗਰੋਂ ਵੋਟਰਾਂ ਧੱਕ ਕੇ ਵਾੜਨੈਂ ਹੀ!!

## 132. ਚੋਣ ਨਿਸ਼ਾਨ-ਗੱਡਾ

ਨਵੀਆਂ ਗੱਡੀਆਂ ਚਾਓ ਨਾਲ ਚੜ੍ਹਨ ਲੋਕੀ ਗੱਡਾ ਖਾਲਸੇ ਨੇ ਵੇਖੋ ਜੋੜਿਆ ਏ।
ਦੂਜੇ ਚੋਣ ਲਈ ਫੁੱਲ ਤੇ ਹੋਰ ਮੰਗਣ ਸੰਦ ਜੱਟ ਨੇ ਕੰਮ ਦਾ ਲੋੜਿਆ ਏ।
ਮਾਣ ਸਿੱਖਾਂ ਨੂੰ ਮਾਨ ਤੇ ਹੋਏ ਇਹ ਤਾਂ ਪਹੀਆ ਰਥ ਦਾ ਏਸਨੇ ਤੋੜਿਆ ਏ।
ਬੱਦਲ ਹਵਾ ਦੇ ਰੁਖ ਹਨ ਵਗੀ ਜਾਂਦੇ ਵਹਿਣ ਕੁਝ ਤਾਂ ਹਵਾ ਦਾ ਮੋੜਿਆ ਏ।
ਫ਼ੱਕਰ ਆਖਿਆ ਮਾਨ ਜੀ ਹੱਕੀ ਚੱਲੋ ਵਾਟ ਜਿੰਨੀ ਵੀ ਗੱਡਾ ਨਿਬੇੜਦਾ ਹੈ।
ਕੁਝ ਤਾਂ ਏਸ ਟ੍ਰੈਫਿਕ ਨੂੰ ਜਾਮ ਲੱਗੂ ਫ਼ਿਕਰ ਆਪਾਂ ਨੂੰ ਦੂਰ ਨਾ ਨੇੜ ਦਾ ਹੈ!!

(23 ਅਪ੍ਰੈਲ,09)

## 133. ਮੈਂ ਜਵਾਨ ਹਾਂ

ਪੱਤਰਕਾਰਾਂ ਨੂੰ ਬਾਦਲ ਨੇ ਆਖਿਆ ਇਓਂ ਟੀਨ-ਏਜਰ ਦੇ ਅਜੇ ਸਮਾਨ ਹਾਂ ਮੈਂ।
ਚਿੱਟੀ ਵੇਖਕੇ ਐਵੇਂ ਨਾ ਕਹੋ ਬਾਬਾ ਬੁੱਢਾ ਨਹੀਂ ਹਾਂ, ਦਿਲੋਂ ਜਵਾਨ ਹਾਂ ਮੈਂ।
ਕੁਰਸੀ ਮਾਨਣ ਦਾ ਸਦਾ ਹੈ ਸ਼ੌਕ ਮੈਨੂੰ ਤਾਹੀਓਂ ਭਾਜਪਾ ਉੱਤੋਂ ਕੁਰਬਾਨ ਹਾਂ ਮੈਂ।
ਦੇਵਾਂ ਗਿੱਠ ਨਾ ਸਿੱਖਾਂ ਨੂੰ ਮੰਗਣ ਭਾਵੇਂ ਮੰਗੇ ਭਾਬੀ ਤਾਂ ਸਿੱਟਦਾ ਥਾਨ ਹਾਂ ਮੈਂ।
ਦਿਸੀਏ ਸਿੱਧੇ ਜੇਹ ਪਾ ਤਜਰਬਿਆਂ ਨੂੰ ਪੱਗ ਬੰਨ੍ਹੀਏਂ ਕਦੇ ਨਾ ਘੋਟ ਕੇ ਜੀ!
ਲੱਗੇ ਨੇੜ ਮੜੁੱਛੀਏ ਐਨ੍ਹ 'ਕੇਰਾਂ ਢਹੇ ਚੜ੍ਹੇ ਜੋ ਖਾ ਲੀਏ ਭੋਟ ਕੇ ਜੀ!!

## 134. ਮਦਦ ਸ਼ਰਤਾਂ ਤੇ

'ਪਾਕੀ ਹਾਕਮੋ ਖੋਲ੍ਹ ਕੇ ਕੰਨ ਸੁਣ ਲੋ'-ਬੜ੍ਹਕਾਂ ਖੁੱਲ੍ਹ ਓਬਾਮੇ ਨੇ ਮਾਰੀਆਂ ਨੇ।
ਤੁਸੀਂ ਬੁਸ਼ ਨੂੰ ਬੜਾ ਚਿਰ ਚਾਰਿਆ ਹੈ ਇਹ ਨਾ ਸਮਝੋ ਮੈਂ ਬੱਕਰੀਆਂ ਚਾਰੀਆਂ ਨੇ।
ਬੇਰਾਂ ਵੱਟੇ ਨਾ ਕਿਸੇ ਨੂੰ ਕੋਈ ਪੁੱਛੇ ਡਾਲਰ ਨਾਲ ਹੀ ਏਥੇ ਜ਼ਰਦਾਰੀਆਂ ਨੇ।
ਲੁਕਣ-ਮੀਚੀ ਨਾਲ ਕਦੇ ਨਹੀਂ ਗੱਲ ਬਣਦੀ ਚੁਸਤੀ ਵਰਜਦੀ ਸਦਾ ਖੁਆਰੀਆਂ ਨੇ।
ਜਾਂ ਤਾਂ ਪੰਦਰੀਂ ਦਿਨੀਂ ਕੰਮ ਕਰੋ ਬੰਨੇ ਮੂੰਹੋਂ ਮੰਗਿਆ ਅਸਾਂ ਤੋਂ ਪਾਈ ਜਾਵੇ!
ਨਹੀਂ ਤਾਂ ਸਾਡੀ ਵੀ ਡਿਨਰ ਤੋਂ ਨਾਂਹ ਕੋਰੀ ਹੂਰੇ ਤੁਸੀਂ ਅਲ-ਕਾਇਦਾ ਤੋਂ ਖਾਈ ਜਾਵੋ!!

## 135. ਛਿੱਤਰ-ਪਰੇਡ

ਦੇਖੋ ਵਿਚ ਮਨੋਰਾ ਦੇ ਕੀ ਬੀਤੀ ਹੋ ਗਈ ਨੇਤਾ 'ਤੇ ਛਿੱਤਰ-ਪਰੇਡ ਭਾਈ।
ਪਤਨੀ ਮੰਤਰੀ ਦੀ ਪੂਰੀ ਸੂਹ ਰੱਖੀ ਦੂਜੀ ਮੰਜ਼ਲ 'ਤੇ ਕੀਤਾ ਸੂ ਰੇਡ ਭਾਈ।
ਗ਼ੈਰ-ਔਰਤ ਨਾਲ ਪਏ 'ਤੇ ਵਰ੍ਹੇ ਛਿੱਤਰ ਜਿਵੇਂ ਵਾੜੇ ਵਿੱਚ ਕੁੱਟੀਏ ਭੇਡ ਭਾਈ।
ਐਮ.ਐਲ.ਏ. ਤੋਂ ਮੁੜ੍ਹਕਾ ਨਾ ਪੂੰਝ ਹੋਇਆ ਸੱਚੀ ਗੱਲ, ਨਾ ਜਾਨਣਾ ਝੇਡ ਭਾਈ।
ਦੋਹਾਂ ਬੇੜੀਆਂ 'ਚੋਂ ਜਿਹੜਾ ਪੈਰ ਰੱਖੇ ਘਰੇ ਬੰਦੇ ਦੇ ਪਿੱਟਣਾ ਪਿਆ ਸਮਝੋ!
ਨੇਤਾ ਕਰੇ ਐਸੀ, ਕਰੇ ਚੋਣ ਵੇਲੇ ਘਰੋਂ ਪਾਰਟੀ ਦੋਹਾਂ ਤੋਂ ਗਿਆ ਸਮਝੋ!!

## 136. ਸਾਥੀ-ਟਪੂਸੀ

ਕਾਮਰੇਡ ਬਲਵੰਤ ਨੇ ਭਲੀ ਸੋਚੀ ਸੀ.ਪੀ.ਐਮ. ਵਿੱਚ ਨਹੀਂ ਸਕੋਪ ਓਥੇ।
ਸਹਿਣਸ਼ੀਲਤਾ ਉੱਡੀ ਸੂ ਖੰਭ ਲਾ ਕੇ ਭੋਰਾ ਛੇੜੋ ਤਾਂ ਲੱਗੇ ਅਰੋਪ ਓਥੇ।
ਕਾਰਜਕਾਰਨੀ ਰਗਾਂ ਨੂੰ ਆਣ ਪੈਂਦੀ ਹੋਵੇ ਪਾਰਟੀ ਐਵੇਂ ਕਰੋਪ ਓਥੇ।
ਕੋਈ ਨਿੱਕਾ ਜਿਹਾ ਧੱਬਾ ਵੀ ਲੱਗ ਜਾਵੇ ਵਰਤਣ ਕੋਈ ਨਾ ਦੇਂਵਦਾ ਸੋਪ ਓਥੇ।
ਰੱਸਾ ਚੱਬਣ ਸਿਆਸਤ ਦੀ ਬੁਰੀ ਵਾੱਦੀ ਝੱਸ ਪੂਰਨ ਲਈ ਬਣਤ ਬਣਾਂਵਦੇ ਹਾਂ!
ਉਹ ਵੀ ਲੋੜਕੂ, ਆਪਾਂ ਵੀ ਲੋੜਕੂ ਹਾਂ ਕਿਸਮਤ ਕਾਂਗਰਸ ਵਿੱਚ ਅਜ਼ਮਾਂਵਦੇ ਹਾਂ!!

(1 ਮਈ, 09)



## 137. ਲਾਰਾ -ਲੱਪਾ

ਕਿਹਾ ਵਿੱਚ ਜਲੰਧਰ ਸੁਖਬੀਰ ਬਾਦਲ ਛੇ ਮਹੀਨੇ ਵਿੱਚ ਨੇਰ੍ਹੀ ਲਿਆ ਦਿਆਂਗਾ।
ਕਸ਼ਟ-ਖੰਭ ਕੱਟ ਪੰਛੀ ਪ੍ਰਦੇਸੀਆਂ ਦੇ ਐਨ ਸੋਨੇ ਵਿਚ ਚੁੰਝ ਮੜ੍ਹਾ ਦਿਆਂਗਾ।
ਚੋਣਾਂ ਕਰਕੇ ਹੁਣ ਤੋਹਫ਼ੇ ਨਹੀਂ ਦੇ ਸਕਦਾ ਫੇਰ ਲੱਦੀ ਵੀ ਬੋਤੀ ਬਿਠਾ ਦਿਆਂਗਾ।
ਸੜਕਾਂ ਬੱਸਾਂ ਤੇ ਫੰਨੇ-ਖਾਂ ਏਅਰਪੋਰਟ ਸਾਲਮ ਤੁਸਾਂ ਦੇ ਲਈ ਬਣਵਾ ਦਿਆਂਗਾ।
ਵੋਟ ਨੋਟ ਤੇ ਗਲ਼ੇ ਨੂੰ ਹਾਰ ਪਾਵੋ ਚੋਣ ਲੰਘੀ ਤਾਂ ਵੇਖਿਓ ਰੰਗ ਭਾਈਓ!
ਪਿਛਲੀ ਮੀਟਿੰਗ 'ਤੇ ਲੁਕਵੇਂ ਸੀ ਹੋਏ ਦਰਸ਼ਨ ਤਾਹੀਓਂ ਆਵੇ ਸੁਹਾਗ ਦੀ ਸੰਗ ਭਾਈਓ!!

## 138. ਸਿੰਘ ਕਮਜ਼ੋਰ ?

ਵਿੱਚ ਚੋਣ ਦੇ ਚਿੱਤੜਾਂ ਭਾਰ ਡਿੱਗੇ ਕਹਿੰਦੇ ਸਿੰਘ ਨੂੰ ਹੈਸੀ ਕਮਜ਼ੋਰ ਜਿਹੜੇ।
ਖੂੰਜੇ ਲੱਗੇ ਦਹੇਜੂ ਦੀ ਰੰਨ ਵਾਂਗੂੰ ਰੱਖਦੇ ਸਿੰਘ ਦੇ ਨਾਲ ਸੀ ਖੋਰ ਜਿਹੜੇ।
ਗਠੜੀ ਛੱਡ ਨਾ ਭੱਜਦਿਆਂ ਰਾਹ ਲੱਭੇ ਲੁੱਟਣਾ ਦੇਸ਼ ਨੂੰ ਚਾਹੁੰਦੇ ਸੀ ਚੋਰ ਜਿਹੜੇ।
ਐਨ੍ਹ ਹੋਏ ਮੁਲੈਮ ਮੁਲਾਇਮ ਵਰਗੇ ਅਮਰ ਸਿੰਘ ਤੇ ਨਾਲ ਦੇ ਹੋਰ ਜਿਹੜੇ।
ਲਾਲੂ ਝਗੜਦਾ ਰਾਬੜੀ ਨਾਲ ਏਦਾਂ-ਹਮਕੋ ਪੱਧਰੇ ਤੁਮੇਂ ਮਰਵਾ ਦੀਆ ਨੀਂ!
ਰਹਿ ਰਹਿ ਰੇਲਾਂ ਕਾ ਹਮਰੇ ਕੋ ਤਿਹੁ ਆਵੇ ਲੰਮਾ ਪਟੜੀ ਪੇ ਮ੍ਹਾਰੋ ਕੋ ਪਾ ਦੀਆ ਨੀਂ!!

## 139. ਸੰਨਿਆਸ

ਨੱਕ ਡੋਬਕੇ ਚੱਪਣੀ ਵਿੱਚ ਮਰਜੇ ਏਨੀ ਹੋਵੇ ਅਡਵਾਨੀ ਦੇ ਨਾਲ ਹੋਈ।
ਮਸਜਿਦ ਢਾਏ ਤੇ ਮੰਦਰ ਬਣਵਾਣ ਚਾਹੇ ਅੱਲਾ ਰਾਮ ਨਾ ਓਸਨੂੰ ਦਏ ਢੋਈ।
ਛੇੜਾਂ ਛੇੜ ਕੇ ਪੰਗੇ ਤੇ ਪਾਏ ਪੰਗਾ ਐਸਾ ਕਰੇ ਜੇ ਕਰੇ ਤਾਂ ਭਰੇ ਸੋਈ।
ਰਥ ਜੋੜਕੇ ਆਪ ਹੀ ਬਣੇ ਰਾਜਾ ਓਹਨੂੰ ਭਲਾ ਪ੍ਰਨਾਮ ਕਿਉਂ ਕਰੇ ਕੋਈ?
ਐਸਾ ਤਰ੍ਹਾਂ ਜੇ ਕਿਸੇ ਦੀ ਠੁਕੇ ਮੰਜੀ ਬੰਦਾ ਹੋਵੇ ਤਾਂ ਸੱਚੀਂ ਸੰਨਿਆਸ ਲੈ ਲੇ!
ਹੁਣ ਤਾਂ ਘਰੇ ਵੀ ਵੇਲਣੇ ਵੱਜਣੇਂ ਹਨ ਬੰਦਾ ਘੋੜੀ ਬਣ ਮੂੰਹ ਮੇਂ ਘਾਸ ਲੈ ਲੇ!!

## 140. ਮੋਦੀ ਬੋਲਿਆ

ਅੱਗ ਪੂਛ ਨੂੰ ਲਾਇ ਕੇ ਕਿਹਾ ਮੋਦੀ-ਅਖੇ ਦਿੱਲੀ ਨੂੰ ਮੈਂ ਉਲਟਾ ਦਿਆਂਗਾ।
ਮੁਸਲਮਾਨਾਂ ਦਾ ਜਿਵੇਂ ਹੀ ਘਾਣ ਕੀਤਾ ਘੱਟ ਗਿਣਤੀਆਂ ਨੂੰ ਖੂੰਜੇ ਲਾ ਦਿਆਂਗਾ।
ਮੈਨੂੰ ਮਿਲਿਐ ਗੁਜਰਾਤ ਚੋਂ ਇਕ ਨੁਸਖਾ ਸਾਰੇ ਭਗਵਾਂ ਹੀ ਰੰਗ ਚੜ੍ਹਾ ਦਿਆਂਗਾ।
ਲਾਲ ਕਿਲ੍ਹਾ ਹੈ ਹੈ ਤਿਆਰ ਬਰ ਤਿਆਰ ਖੜ੍ਹਿਆ ਲਾਲ ਕ੍ਰਿਸ਼ਨ ਨੂੰ ਉੱਤੇ ਬਿਠਾ ਦਿਆਂਗਾ।
ਫ਼ੱਕਰ ਆਖਿਆ-ਮੂਲੋਂ ਹੀ ਝੂਠ ਮੋਦੀ ਨਹੀਂਓਂ ਇਹ ਅਡਵਾਨੀ ਤੋਂ ਝੱਲ ਹੋਣਾ!
ਖੁੱਭੀ ਕੱਢੂਗੀ ਸੋਨੀਆ-ਸਿੰਘ ਜੋੜੀ ਮਸਲਾ ਵਰੁਣ ਤੇ ਤੈਥੋਂ ਨਹੀਂ ਹੱਲ ਹੋਣਾ!!

(9 ਮਈ,09)

## 141. ਵਾਰਤਾ ਲਾਲੂ-ਪਾਸਵਾਨ

ਲਾਲੂ ਆਖਿਆ–ਹਾਏ ਓਇ ਪਾਸਵਾਨਾ! ਘੁਲੀਆਂ ਕਿਸਤਰ੍ਹਾਂ ਸਭੇ ਸ਼ੈਤਾਨੀਆਂ ਨੇ।
ਸਾਡਾ ਦੋਹਾਂ ਦਾ ਬਿਸਤਰਾ ਗੋਲ਼ ਹੋਇਆ ਮੂਹਰੇ ਆ ਗੀਆਂ ਬੇ–ਈਮਾਨੀਆਂ ਨੇ।
ਕਿਹੜੀ ਕਸਰ ਹੈ ਆਪਾਂ ਨੇ ਭਲਾ ਛੱਡੀ? ਆਪਾਂ ਦਿੱਤੀਆਂ ਲੱਖ ਘਚਾਨੀਆਂ ਨੇ।
ਲਗਦਾ ਸਾਨੂੰ ਸੀ ਅਸੀਂ ਟਟ੍ਹੀਰੀਆਂ ਹਾਂ ਸਿਰ ਤੇ ਚੁੱਕੀਆਂ ਅਸਾਂ ਅਸਮਾਨੀਆਂ ਨੇ।
ਪਾਸਵਾਨ ਨੇ ਆਖਿਆ ਪੂੰਝ ਅੱਖਾਂ ਆਪਾਂ ਦੋਹਾਂ ਨੂੰ ਲੱਗ ਗਿਐ ਟੂੱਲ ਲਾਲੂ!
ਦਿੱਲੀ ਜਾਣ ਨੂੰ ਵੱਢੀ ਨਹੀਂ ਰੂਹ ਕਰਦੀ ਪੈਗੇ ਟੰਗਣੇ ਆਪਣੇ ਜੁੱਲ ਲਾਲੂ!!

## 142. ਵਰੁਣ-ਵਿਰਲਾਪ

ਫੜੀਆਂ ਸੀਖਾਂ ਤੇ ਵਰੁਣ ਵਿਰਲਾਪ ਕੀਤਾ–ਮੇਰਾ ਕੱਦੂਆਂ ਨਾ' ਪੈ ਗਿਆ ਵਾਹ ਮਾਏ।
ਡਿੱਠਾ ਜਦੋਂ ਕਸਾਬ ਮੈਂ ਚਿਕਨ ਖਾਂਦਾ ਮੇਰੇ ਸੀਨਿਓਂ ਨਿਕਲੀ ਧਾਹ ਮਾਏ।
ਉਹਨੂੰ ਜੇਹਲ ਵਿੱਚ ਦਿੰਦੇ ਨੇ ਟੁੱਥ-ਪੇਸਟ ਮਿਲਦੀ ਮੰਗੀ ਨਾ ਮੈਨੂੰ ਸੁਆਹ ਮਾਏ।
ਮੇਰੇ ਨਾਲ ਹੈ ਬੜਾ ਨਹੱਕ ਹੋਇਆ ਮੋਦੀ ਪੱਕਾ ਹੈ ਮੇਰਾ ਗਵਾਹ ਮਾਏ।
ਤੂੰ ਸੀ ਮਾਂ ਤੇ ਮੈਨੂੰ ਸਮਝਾ ਦਿੰਦੀ ਏਨੀ ਛੇਤੀ ਮੈਂ ਵਾਟ ਨਿਬੇੜਦਾ ਕਿਓਂ?
ਪਤਾ ਹੁੰਦਾ ਜੇ ਭੱਜਣਗੇ ਇਓਂ ਗੋਡੇ ਬਿਨਾਂ ਕੁੱਤੇ ਦੇ ਖੂਹ ਮੈਂ ਜੋੜਦਾ ਕਿਓਂ?

## 143. ਨੰਦੋ ਤੇ ਘੁੱਦੂ

ਇਕ ਦਿਨ ਫ਼ੱਕਰ ਨੂੰ ਕਿਸੇ ਨੇ ਇੰਜ ਆਖੀ–ਲੀਡਰ ਸਿੱਖਾਂ ਦੇ ਬੜੇ ਕਮਾਲ ਦੇ ਨੇ।
ਨੁਕਤੇ ਇੱਕੋ ਤੇ ਸਦਾ ਧਿਆਨ ਰੱਖਣ ਟੱਬਰ ਆਪਣੇ ਹੀ ਚੰਗੂੰ ਪਾਲਦੇ ਨੇ।
ਕਿਹਾ–ਸਿੱਖ ਵੀ ਇਹਨਾਂ ਤੋਂ ਘੱਟ ਕਿਹੜੇ? ਜਿਹੜੇ ਝੋਟਿਆਂ ਤੋਂ ਲੱਸੀ ਭਾਲਦੇ ਨੇ।
ਜੇਹੀ ਨੰਦੋ ਤੇ ਓਹੋ ਜਿਹਾ ਜੇਠ ਘੁੱਦੂ ਬਿਲਕੁਲ ਦੋਵੇਂ ਇਕ ਦੂਜੇ ਦੇ ਨਾਲ ਦੇ ਨੇ।
ਫ਼ੱਕਰ ਕਿਹਾ–ਜੇ ਲੀਡਰਾਂ ਕੰਮ ਮਾੜੇ ਤਾਹੀਂਓਂ ਹਾਲ ਇਹ ਅੱਜ ਅਕਾਲੀਆਂ ਦਾ!
ਰੱਬ ਰੁੱਸੇ ਤੇ 'ਹੰਸ' ਵਾਂਗ ਕਰੇ ਵਿਹਲੇ ਬਖਸ਼ੇ ਇਹਨਾਂ ਨੂੰ ਕੰਮ ਕੱਵਾਲੀਆਂ ਦਾ!!

## 144. ਜੇਬੀ-ਲੀਡਰੀ

ਦੱਸਿਓ ਮੱਕੜ ਜੀ ਕਿਵੇਂ ਇਹ ਰੋਕਣੇ ਹਨ? ਪੀਹੜਾ ਸਾਹਿਬ ਤੇ ਆਸਣ ਜਮਾਉਣ ਜਿਹੜੇ।
ਨਾਲ਼ੇ ਉਹਨਾਂ ਦਾ ਕੀ ਪ੍ਰਬੰਧ ਕਰਨੈਂ? ਬੀੜ-ਪਾਠੀ ਤੇ ਪਾਣੀ ਵਰ੍ਹਾਉਣ ਜਿਹੜੇ।
ਪੰਥ ਸੱਦੇ ਤੇ ਆਉਣ ਗੁਰਧਾਮ ਅੰਦਰ ਕੱਢਕੇ ਨੰਗੀ ਕਿਰਪਾਨ ਲਹਿਰਾਉਣ ਜਿਹੜੇ।
ਦੱਸੋ ਉਹਨਾਂ ਨਾਲ ਕਾਸਤੋਂ ਗੂੜ੍ਹ–ਗੱਲਾਂ? ਗੁਰ–ਦਰਬਾਰ ਤੇ ਹਮਲੇ ਕਰਵਾਉਣ ਜਿਹੜੇ।
ਮੱਕੜ ਆਖਿਆ–ਫ਼ੱਕਰਾ ਪਤਾ ਨਾਹੀਂ! ਬਾਦਲ ਸਾਹਿਬ ਤੋਂ ਪੁੱਛਕੇ ਦੱਸਦੇ ਹਾਂ!
ਅਸੀਂ ਕੁਝ ਨਹੀਂ ਕਰਨ ਕਰਾਉਣ ਵਾਲੇ ਜੇਬੋਂ ਨਿੱਕਲੇ ਜੇਬ ਵਿੱਚ ਵੱਸਦੇ ਹਾਂ!!

(18 ਮਈ,09)



## 145. ਮਾਇਆ-ਨਾਚ

ਸ਼ਾਹਰੁਖ ਖਾਨ ਨੂੰ ਮੈਚਾਂ ਵਿੱਚ ਪਿਆ ਘਾਟਾ ਹਾਰੀ ਟੀਮ ਕੀ ਡਾਢਾ ਘਬਰਾਇਆ ਈ।
ਨਹੀਂਓਂ ਮੂਲ ਅਫ਼ਰੀਕਾ ਵਿੱਚ ਜੀਅ ਲੱਗਾ ਸਿੱਧਾ ਧਾਅ ਮੁੰਬਈ ਨੂੰ ਆਇਆ ਈ।
ਧਰਿਆ ਵਿਆਹ ਗੋਵਾਨੀ ਦੇ ਭਾਣਜੇ ਦਾ ਕੇਹਾ ਰੱਬ ਨੇ ਢੋਅ ਢੁਕਾਇਆ ਈ।
ਐਸਾ ਨੱਚਿਆ ਵਿਆਹ ਗਰਜ਼ ਖਾਤਰ ਨੱਚ ਕੇ ਤਿੰਨ ਕੋਰੜ ਹਥਿਆਇਆ ਈ।
ਪਿਛਲੇ ਵਿਆਹੀਂ ਸੀ ਕਿੰਨੇ ਨਚਾਰ ਸਸਤੇ ਅੱਜ ਦੀ ਰਾਸ ਮਹਿੰਗਾਈ ਹੈ ਨਾਚਿਆਂ ਨੂੰ!
ਝੋਲੇ ਡਿਗਰੀਆਂ ਫ਼ੱਕਰ ਜੀ ਸੜਕ ਫਿਰਦੇ ਓਧਰ ਅੰਨ੍ਹੀਂ ਕਮਾਈ ਹੈ ਨਾਚਿਆਂ ਨੂੰ!!

## 146. ਚਰਨਦਾਸੀ

ਜੁੱਤੀ ਜਿੱਤ ਦਾ ਕਿਵੇਂ ਪ੍ਰਤੀਕ ਬਣ ਗਈ ਚੱਲੀ ਜੁੱਤੀ ਤੇ ਹੋਈ ਏ ਜਿੱਤ ਸਮਝੋ।
ਜੀਹਦੇ ਵੱਲ ਚਲਾਵੀਂ ਨਾ ਚੱਲੀ ਜੁੱਤੀ ਡਿੱਗਾ ਮੁੱਧ ਨਾ, ਡਿੱਗਿਆ ਚਿੱਤ ਸਮਝੋ।
ਜਿੰਦਲ ਅਤੇ ਅਡਵਾਨੀ ਦੇ ਨੇੜ ਢੁੱਕੀ ਪਾਰਲੀਮੈਂਟ ਦੇ ਖੋਹਲਤੇ ਭਿੱਤ ਸਮਝੋ।
ਪੀ.ਚਿੰਤਬਰਮ ਨੂੰ ਦਿੱਲੀ ਵਿੱਚ ਟੱਕਰੀ ਜੇ ਤਾਮਿਲਨਾਡੂ ਹੀ ਹੋ ਗਿਐ ਮਿੱਤ ਸਮਝੋ।
ਹੋਇਆ ਨਾਲ ਮਨਮੋਹਨ ਦੇ ਸ਼ਗਨ ਨਿੱਕਾ ਵੱਡੀ ਕੁਰਸੀ ਨੂੰ ਪਿਆ ਫਿਰ ਹੱਥ ਵੇਖੋ!
ਵਰ੍ਹੀ ਜਿਹਨਾਂ ਤੇ ਚੰਗੂੰ ਨਾ ਚਰਨਦਾਸੀ ਲਾਲੂ ਵਰਗਿਆਂ ਨੂੰ ਪੈ ਗੀ ਨੱਥ ਵੇਖੋ!!

## 147. ਘੁਸਰ-ਮੁਸਰ

ਘੁਸਰ–ਮੁਸਰ ਅਕਾਲੀਆਂ ਵਿੱਚ ਚੱਲੀ ਹਾਰੀ ਪਾਰਟੀ, ਹਾਰੀ ਸੁਖਬੀਰ ਕਰ ਕੇ।
ਸਾਡੀ ਚੋਣ ਵਿੱਚ ਲੱਗੀ ਹੈ ਪਿੱਠ ਜਿਹੜੀ ਲੱਗੀ ਮੁੱਲ ਦੇ ਦੁੱਧ ਦੀ ਖੀਰ ਕਰ ਕੇ।
ਪਾਈ ਭਾਜਪਾ–ਕੈਂਚੀ ਜੋ ਜੇਬ ਇਹਨਾਂ ਕਰ ਗਈ ਪੰਥ ਨੂੰ ਇਹ ਲੀਰੋ–ਲੀਰ ਕਰ ਕੇ।
ਟਕੇ ਪਿੱਛੇ ਨਾ ਪੁੱਛਣ ਟਕਸਾਲੀਆਂ ਨੂੰ ਘਰੀਂ ਬੈਠਗੇ ਤਾਂਹੀ ਅਖੀਰ ਕਰ ਕੇ।
ਫ਼ੱਕਰ ਆਖਿਆ–ਸਿੰਘ ਜੀ! ਹੱਸ ਜਰੀਏ ਕਾਰਨ ਕਿਹੜਾ ਹੈ ਭਲਾ ਹੈਰਾਨਗੀ ਦਾ?
ਗੱਲਾਂ ਅਗਲੀਆਂ ਭੋਲਿਓ ਭਾਲਦੇ ਹੋ? ਯੁਗ ਆਇਐ 'ਸਰਪ੍ਰਸਤੀ–ਪ੍ਰਧਾਨਗੀ' ਦਾ!

## 148. ਤੌਬਾ!

ਹੰਸਰਾਜ ਨੇ ਅੱਖਾਂ ਭਰ ਆਖਿਓ ਨੇ–ਪਿਆਰੇ ਵੋਟਰੋ! ਬੋਚੋ ਧੰਨਵਾਦ ਮੇਰਾ।
ਹੱਸਦੇ–ਵੱਸਦੇ ਨੂੰ ਤੱਕੜੀ ਚਾੜ੍ਹ ਇਹਨਾਂ ਘਰ ਮੂਲੋਂ ਹੀ ਕੀਤਾ ਬਰਬਾਦ ਮੇਰਾ।
ਮਿੱਠੀਆਂ ਹੇਕਾਂ ਨਾਲ ਰਹਿੰਦਾ ਸੀ ਮੂੰਹ ਮਿੱਠਾ ਕੀਤਾ ਬਕਬਕਾ ਇਹਨਾਂ ਸੁਆਦ ਮੇਰਾ।
ਗਿੱਦੜ–ਕੁੱਟ ਤੁਹਾਡੀ ਵੀ ਮਾਰ ਦਿੱਤਾ ਪਹਿਲੋਂ ਲਗਦਾ ਸੀ ਸਾਰਾ ਕਮਾਦ ਮੇਰਾ।
ਨਾਲ ਇਹਨਾਂ ਦੇ ਐਵੇਂ ਮੈਂ ਸੀਰ ਕੀਤਾ ਡੁੱਲ੍ਹ ਗਿਆ ਸਿਆਸਤ ਦੇ ਦਾਣਿਆਂ ਤੇ!
ਤੌਬਾ ਪੱਕੇ ਸਿਆਸਤ ਦੇ ਰਾਗ ਵੱਲੋਂ ਸਬਰ ਕਰੂੰ ਹੁਣ ਹਲਕੇ ਜੇਹ ਗਾਣਿਆਂ ਤੇ!!

(23 ਮਈ, 09)

## 149. ਠਿੱਬੀ

ਵੇਖੋ ਢੀਂਡਸੇ ਇਕ ਗੱਲ ਖਰੀ ਕੀਤੀ ਮੁੱਖੋਂ ਕੇਹਾ ਇਹ ਸੱਚ ਉਚਾਰਿਆ ਹੈ।
ਮੁੜ ਮੁੜ ਸਿੰਘ ਨੂੰ ਰਹੇ ਕਮਜ਼ੋਰ ਕਹਿੰਦੇ ਐਨ.ਡੀ.ਏ. ਨੂੰ ਏਸੇ ਗੱਲ ਮਾਰਿਆ ਹੈ।
ਸੁਪਨੇ ਸਿੰਘ ਦੇ ਇਹਨਾਂ ਨੂੰ ਰਹੇ ਆਉਂਦੇ ਤਦੇ ਉੱਠ ਉੱਠ ਪਾਈ ਹਾਲ-ਪਾਹਰਿਆ ਹੈ।
ਘੀਸੀ ਕਰਨ ਦਾ ਵਿੱਢਿਆ ਵਿੱਢਣ ਦੂਜਾ ਅਫ਼ਜ਼ਲ ਗੁਰੂ ਦਾ ਮੁੱਦਾ ਉਭਾਰਿਆ ਹੈ।
ਛੱਡੋ ਹੋਰ ਤਾਂ, ਮੇਰੀ ਹੀ ਗੱਲ ਲੈ ਲੋ ਠਿੱਬੀ ਲਾਈ ਹੈ ਮੈਨੂੰ ਅਕਾਲੀਆਂ ਹੀ!
ਪਾਉਂਦੇ ਆਪਣੇ ਰੁੱਖਾਂ ਨੂੰ ਆਪ ਮੋਛੇ ਪੱਟਤੈ ਪੰਥ ਦੇ ਬਾਗ਼ ਨੂੰ ਮਾਲੀਆਂ ਹੀ!!

## 150. ਸੋਨਾ-ਪਿੱਤਲ

ਜੱਥੇਦਾਰ ਰਣਜੀਤ ਸਿੰਘ ਖਰੀ ਆਖੀ ਪਾਣੀ ਦੁੱਧ ਤੋਂ ਐੈਨ ਨਿਤਾਰਿਆ ਏ।
ਚੌਵੀ ਕੈਰਿਟ ਮਨਮੋਹਨ ਹੈ ਖਰਾ ਸੋਨਾ ਇਹਨੇ ਸਿੱਖਾਂ ਦਾ ਅਕਸ ਉਭਾਰਿਆ ਏ।
ਗੱਲੀਂ ਕਰਦੀ ਕਮੇਟੜੀ ਤਰਜਮਾਨੀ ਇਹਨੇ 'ਸਿੰਘ' ਲਈ ਕਦੀ ਵਿਚਾਰਿਆ ਏ?
ਇੰਦਰਾ ਗਾਂਧੀ ਰਾਜੀਵ ਨੇ ਸਿੱਖ ਮਾਰੇ, ਚੰਗੀ-ਸੋਨੀਆ ਕਰਜ਼ ਉਤਾਰਿਆ ਏ।
ਬਾਦਲ ਕਿਆਂ ਦੰਗਿਆਂ ਤੋਂ ਲੈਂਦੈ ਚੋਣ-ਲਾਹਾ ਗੱਲਾਂ ਪੰਥ ਦੀਆਂ ਪਿੱਤਲ ਨੇ ਭੁੱਲੀਆਂ ਨੇ!
ਡੋਲ੍ਹ ਦੁੱਧ ਲਈ ਚੁੱਕਦਾ ਕਿਸੇ ਪਾਸੇ ਕਿਧਰੇ ਫੰਡਰਾਂ ਨੂੰ ਪਾਈਆਂ ਝੁੱਲੀਆਂ ਨੇ!!

## 151. ਛੱਡ-ਛਡਾਈ

ਕਿਹਾ ਚਾਂਦ ਮੁਹੰਮਦ ਵਿੱਚ ਪੰਚਕੂਲੇ-ਫਿਜ਼ਾ ਹੋਇ ਮੈਂ ਬੇਪ੍ਰਵਾਹ ਛੱਡੀ।
ਉਹਦੇ ਵਾਂਗ ਸ਼ਰਾਬ ਵੀ ਛੱਡ ਦਿੱਤੀ ਦੱਸਾਂ ਹੋਰ ਤਾਂ ਹੋਰ ਮੈਂ ਚਾਹ ਛੱਡੀ।
ਗੱਲਾਂ ਸੱਚੀਆਂ ਪੁਲਸ ਨੂੰ ਫਿਰੇ ਕਹਿੰਦੀ 'ਦੋ ਨੰਬਰ ਦੀ ਖੇਹ-ਸੁਆਹ' ਛੱਡੀ।
ਜਣ ਕੇ ਨਿੱਕੇ-ਨਿਆਣੇ ਮੈਂ ਅਹੁ ਮਾਰੇ! ਪਤਨੀ ਕਰਕੇ ਮੈਂ ਵੇਖੋ ਵਿਆਹ ਛੱਡੀ।
ਮੇਰੀ ਜਾਨ ਨੂੰ ਕੁਰਸੀ ਤੇ ਰੋਣ ਮਾਪੇ ਛੱਡਿਆ ਜੱਗ 'ਚ ਕੀ ਏਸਨੇ ਸੀਰ ਮੇਰਾ!
ਖਾ ਗੀ ਚੂੰਡ ਕੇ ਛੱਡੇ ਨਾ ਅਜੇ ਖਹਿੜਾ ਛੱਡਣਾ ਰਹਿ ਗਿਆ ਇੱਕੋ ਸਰੀਰ ਮੇਰਾ!!

## 152. ਲਾਲ-ਦੁਖਾਂਤ

ਪੱਟੀ ਜਿਵੇਂ ਘਲਾੜੀ ਤੋਂ ਰੋਣ ਕੁੱਤੇ ਕਾਮਰੇਡਾਂ ਘਰ ਡਾਢੜਾ ਸੋਗ ਮੀਆਂ।
ਟੁੱਟਾ ਸੁਪਨਾ ਸਰਕਾਰ ਬਣਾਉਣ ਵਾਲਾ ਪਿਆ ਮੋਰਚੇ ਤੀਜੇ ਦਾ ਭੋਗ ਮੀਆਂ।
'ਕੱਲੇ ਭੱਜ ਪੇ ਮੁੱਠੀਏਂ ਥੁੱਕ ਲਾ ਕੇ ਪਿੱਛੇ ਆਏ ਨਾ ਅਸਾਂ ਦੇ ਲੋਗ ਮੀਆਂ।
ਨਬਜ਼ ਸਾਥੀਓ ਵੇਖੀਏ ਮੋਰਚੇ ਦੀ ਕਿਹੜਾ ਖਾ ਗਿਆ ਏਸ ਨੂੰ ਰੋਗ ਮੀਆਂ।
ਫ਼ੱਕਰ ਕਿਹਾ-ਕਰਾਤ ਜੀ ਭਲੀ ਸੋਚੋ ਹਾਲ ਤੁਸਾਂ ਦੇ ਸੱਚੀਂ ਮੁਹਾਲ ਹੋ ਗੇ!
ਲੋਹੇ-ਲਾਖੇ ਸੀ ਮੂਹਰਿਓਂ ਚੋਣ ਕਿੰਨੇ, ਲੰਘੀ ਚੋਣ ਤੋਂ ਪਿੱਛੋਂ ਹੋ ਲਾਲ ਹੋ ਗੇ!!

(30 ਮਈ, 09)



## 153. ਸ਼ਾਂਤੀ-ਨੁਸਖ਼ਾ

ਨਵੀਂ ਦਿੱਲੀ ਵਿਚ ਫ਼ੈਸਲਾ ਅਜਬ ਹੋਇਆ ਨਵੀਂ ਗੱਲ ਸੁਝਾਈ ਸੁਪਰੀਮ ਕੋਰਟ।
ਮਰਦ ਤੀਰ ਤੋਂ ਕਾਂਓਂ ਜਿਉਂ ਹੋਣ ਸਿੱਧੇ ਰੱਖੀ ਮੂਹਰੇ ਸੱਚਾਈ ਸੁਪਰੀਮ ਕੋਰਟ।
ਪਤਨੀ ਭੁੱਲ ਨਾ ਕਰਨ ਨਾਰਾਜ਼ ਹਰਗਿਜ਼ ਐਨ੍ਹ ਖਰੀ ਸੁਣਾਈ ਸੁਪਰੀਮ ਕੋਰਟ।
ਸੁਖੀ ਵਸਣਾ ਤਾਂ ਕੰਨਾਂ ਨੂੰ ਹੱਥ ਲਾਵੋ ਮਰਦਾਂ ਖ਼ਾਨੇ ਵਿੱਚ ਪਾਈ ਸੁਪਰੀਮ ਕੋਰਟ।
ਕਿਹਾ ਦੀਪਕ ਨੂੰ ਕਾਟਜੂ ਜੱਜ ਏਦਾਂ-ਤੱਤਾ ਨਹੀਂ ਮਨੀਸ਼ਾ ਦੇ ਨਾਲ ਹੋਣਾ!
ਰੁੱਤ ਵੇਲਣੇ ਵਰ੍ਹਨ ਦੀ ਖੰਭ ਲਾਜੂ ਤੇਰਾ ਕਦੇ ਵੀ ਵਿੰਗਾ ਨਹੀਂ ਵਾਲ ਹੋਣਾ!!

## 154. ਕੁਰਸੀ

ਬਾਜਪਈ ਅਡਵਾਨੀ ਜੇ ਹੋਣੇ ਢਿੱਲੇ ਅਸੀਂ ਪਾਠ ਅਖੰਡ ਰਖਾਂਵਦੇ ਹਾਂ।
ਵੋਟ-ਬੈਂਕ ਵਾਲਾ ਸਾਧ-ਸੰਤ ਗੁਜ਼ਰੇ ਕੁਰਸੀ ਬੈਠ ਕੇ ਭੋਗ ਪਵਾਂਵਦੇ ਹਾਂ।
ਲੱਤਾਂ ਖਿੱਚੀਏ, ਕੱਢਣ ਲਈ ਕੰਮ ਐਪਰ ਲੈ ਕੇ ਫੁੱਲ ਮਨਮੋਹਨ ਵੱਲ ਜਾਂਵਦੇ ਹਾਂ।
ਕੁਰਸੀ ਆਪਣੀ ਖਿਸਕਦੀ ਦਿਸੇ ਜੇਕਰ ਤਿਲਕ ਲਾਇ ਕੇ ਟੱਲ ਖੜਕਾਂਵਦੇ ਹਾਂ।
ਪੁੱਛੋਂ ਕਾਗਜ਼ੀ ਗੱਲ ਵਿਕਾਸ ਵਾਲੀ ਇਹ ਨਾ ਪੁੱਛੋ ਕੀ ਧਰਮ-ਈਮਾਨ ਸਾਡਾ!
ਚਾਹੀਏ ਕੁਰਸੀ ਬੁਢਾਪਾ ਇਹ ਗੁਜ਼ਰ ਜਾਵੇ ਕੁਰਸੀ ਬੈਠਜੇ ਕਾਕਾ ਜੁਆਨ ਸਾਡਾ!!

## 155. ਰਾਹਤ

ਹਾਈਕੋਰਟ ਨੇ ਫ਼ੈਸਲਾ ਆਨ ਕੀਤਾ ਤਦੇ ਅਸਾਂ ਦੇ ਸਾਹ ਵਿਚ ਸਾਹ ਆਇਆ।
'ਸਿੱਖ' ਕੀ ਹੁੰਦੈ ਸਾਨੂੰ ਪਤਾ ਨਾ ਸੀ ਨਾਲ ਫੈਸਲੇ ਸਾਹਮਣੇ ਰਾਹ ਆਇਆ।
ਹੋਇਆ ਫੈਸਲਾ ਸਿਰੋਂ ਕੋਈ ਭਾਰ ਲੱਥਾ ਬਣ ਕੇ ਅਸਾਂ ਲਈ ਇਹ ਤਾਂ ਵਿਆਹ ਆਇਆ।
ਕਹੀਏ ਸਿੱਖੀ ਤੇ ਨਹੀਂ ਕਾਨੂੰਨ ਲਾਗੂ ਮੇਚ ਆਹ ਤਾਂ ਫੈਸਲਾ ਵਾਹ ਆਇਆ।
ਦੇਵੇ ਦਖਲ ਜੋ ਸਿੱਖਾਂ ਦੇ ਮਸਲਿਆਂ ਵਿਚ ਅਸੀਂ ਕੋਈ ਅਦਾਲਤ ਪਛਾਣਦੇ ਨਹੀਂ!
ਸੂਤ ਬੈਠਦਾ ਫੈਸਲਾ ਮੰਨਦੇ ਹਾਂ 'ਸਿੱਖ' ਕੌਣ ਹੁੰਦੈ ਅਸੀਂ ਜਾਣਦੇ ਨਹੀਂ!!

## 156. ਉਲਾਂਭਾ

ਭਾਬੀ ਭਾਜਪਾ ਰੁੱਸ ਗਈ ਨਾਲ ਦਲ ਦੇ ਦਿਓਰਾ ਮੈਨੂੰ ਪੰਜਾਬ ਵਿਚ ਮਾਰਿਆ ਵੇ।
ਨਾਲ ਚਿੰਬੜੀ ਜਾਣ ਕੇ ਤੂੰ ਚੰਗਾ ਡੁੱਬ-ਜਾਣਿਆਂ ਮੈਨੂੰ ਨਾ ਤਾਰਿਆ ਵੇ।
ਮੈਨੂੰ ਸ਼ਹਿਰਨ ਨੂੰ ਪੁੱਜ ਖੁਆਰ ਕੀਤਾ ਬੂਝੜ ਪੇਂਡੂਆ ਮੈਨੂੰ ਪਟਕਾਰਿਆ ਵੇ।
ਤੇਰੇ ਕਹੇ ਮੈਂ ਆਈ ਸੀ ਲੁਧਿਆਣੇ ਮੇਰਾ ਨੱਕ ਤੂ ਘਰੜ ਉਤਾਰਿਆ ਵੇ।
ਵੇ ਤੂੰ ਸਿੱਖਾਂ ਦਾ ਨਾ ਤੂੰ ਬਾਪ ਦਾ ਏਂ ਤੂੰ ਤਾਂ ਪਰ੍ਹੇ ਵਿੱਚ ਪਿੱਠ ਲਵਾਈ ਮੇਰੀ!
ਧੱਕੇ ਖਾਏਂਗਾ ਰੋਏਂਗਾ ਪੰਥ ਮੂਹਰੇ-ਪਾਸਾ ਵੱਟਗੀ ਜਦੋਂ ਭਰਜਾਈ ਤੇਰੀ!!

(7 ਜੂਨ, 09)

## 157. ਤੋਹਫ਼ੇ

ਬੰਦਾ ਬਾਹਰਲਾ ਗਿਆ ਪੰਜਾਬ ਅੰਦਰ ਰਿਸ਼ਤੇਦਾਰਾਂ ਨੇ ਮੰਜੜਾ ਡਾਹਿਆ ਸੂ।
ਲੀੜੇ ਵਿੱਚੋਂ ਸੰਦੂਖ ਦੇ ਪੱਟ ਕੱਢੇ ਸੋਹਣਾ ਬਿਸਤਰਾ ਉੱਤੇ ਵਿਛਾਇਆ ਸੂ।
ਸਜ-ਧਜ ਚਾਅ ਦੇ ਨਾਲ ਜਨਾਬ ਬੈਠੇ ਝੁਰਮਟ ਸਾਕਾਂ ਚੌਫੇਰੜੇ ਪਾਇਆ ਸੂ।
ਖੁਸ਼ੀ-ਨਸ਼ੇ ਅਟੈਚੀਆਂ ਜੈੱਪ ਖੋਹਲੇ ਭਲੇਮਾਣਸ ਨੇ ਮਾਲ ਵਰਤਾਇਆ ਸੂ।
ਹੋਏ ਖੁਸ਼ੀ ਨਾ ਪਲ ਲੈ ਕਹਿਣ ਲੱਗੇ-ਥੋਨੂੰ ਜਾਣਦੇ ਆਂ ਬਾਹਰਲੇ ਬਾਂਦਰਾਂ ਨੂੰ!
ਹੱਥ ਪਿਆ ਪ੍ਰਦੇਸੀ ਦੇ ਨਲ਼ਾਂ ਤਾਈਂ ਜੋ ਸੀ ਚੂੰਡਦਾ-ਤਾਂਘਦਾ ਆਂਦਰਾਂ ਨੂੰ!!

## 158. ਰਾਖਵਾਂਕਰਣ

ਮਰਦ ਰਹੇ ਮੂਹਰੇ, ਔਰਤ ਕਿਉਂ ਪਿੱਛੇ? ਗੱਲ ਰਾਖਵੇਂਕਰਣ ਦੀ ਫੇਰ ਚੱਲੀ।
ਚੱਲ ਚੱਲ ਰੁਕੀ ਇਹ ਕਈ ਸਟੇਸ਼ਨਾਂ ਤੇ ਭਲੀ ਚੱਲੀ ਇਹ ਦੇਰ-ਅਵੇਰ ਚੱਲੀ।
ਤਣ-ਪੱਤਣ ਨਾ ਕਦੇ ਵੀ ਸੀ ਲੱਗੀ ਊਂ ਤਾਂ ਪਹਿਲਾਂ ਸੀ ਕਈ ਇਹ ਵੇਰ ਚੱਲੀ।
ਪ੍ਰਤਿਭਾ ਪਾਟਿਲ ਨੇ ਭਾਸ਼ਨ ਵਿੱਚ ਜਦੋਂ ਕੀਤੀ ਸੰਸਦ ਵਿੱਚ ਇਹ ਫੇਰ ਤਾਂ ਢੇਰ ਚੱਲੀ।
ਖੁਸ਼ੀ ਸਾਰੀ ਸਰਕਾਰ ਕੀ ਭਾਜਪਾ ਵੀ ਖਬਰ ਔਰਤ ਨੂੰ ਮਿਲੀ ਸੁਗਾਤ ਵਾਂਗੂੰ!
'ਔਰਤ ਉੱਤੇ'? ਸੁਣ ਸ਼ਰਦ ਪਵਾਰ ਬੋਲੇ-ਜ਼ਹਿਰ ਪੀ ਲੂੰ ਹੁਣ ਮੈਂ ਤਾਂ ਸੁਕਰਾਤ ਵਾਂਗੂੰ!!

## 159. ਨਕਲ

ਫ਼ੱਕਰਾ ਵੇਖ ਜ਼ਮਾਨੇ ਦੇ ਤੌਰ ਬਦਲੇ ਹੋ ਗਏ ਸਾਰੇ ਹੀ ਕਾਰ -ਵਿਹਾਰ ਨਕਲੀ।
ਦੁੱਧ ਸ਼ਹਿਦ ਦੁਆਈਆਂ ਤੇ ਫਲ ਨਕਲੀ ਵਿਕਣ ਵਿੱਚ ਬਾਜ਼ਾਰਾਂ ਔਜ਼ਾਰ ਨਕਲੀ।
ਪੁੱਤਰ-ਪਿਓ ਵਾਲੇ ਨਾ ਰਹੇ ਯਾਰ ਵਾਲੇ ਅਸਲੀ ਨਾਲ ਚੱਲ ਪੇ ਪਿਆਰ ਨਕਲੀ।
ਗੁਰੂਆਂ-ਚੇਲਿਆਂ ਦੀ ਪਹਿਲੀ ਗੱਲ ਚੱਲੀ ਦੋਇ ਨੰਬਰ ਦੇ ਚੱਲੇ ਸਤਿਕਾਰ ਨਕਲੀ।
ਮਸਤੂਆਣੇ ਵਿੱਚ ਸਿਓੜੇ ਦਾ ਸੰਤ ਹੁਣ ਤਾਂ ਨਕਲੀ ਵੇਖੋ ਹਰਿਮੰਦਰ ਬਣਵਾਉਣ ਲੱਗੈ!
ਪੰਥ ਰਗੜਿਆ ਸਾਧਾਂ ਤੇ ਲੀਡਰਾਂ ਨੇ ਇਹ ਵੀ ਆਣ ਕੇ ਹੱਥ ਅਜ਼ਮਾਉਣ ਲੱਗੈ!!

## 160. ਮੰਗਤਾ

ਮੰਗਤੇ ਫ਼ੱਕਰ ਨੇ ਲੱਖ ਜਹਾਨ ਵੇਖੇ ਮੰਗਤਾ ਵੇਖਿਆ ਨਹੀਂ ਪਾਕਿਸਤਾਨ ਵਰਗਾ।
ਅੱਤਵਾਦੀ ਬਣਾਏ ਤੇ ਆਪ ਪਾਲ਼ੇ ਮਿਰਕਣ ਮਿਲਿਆ ਹੋ ਤਦੇ ਵਰਦਾਨ ਵਰਗਾ।
'ਸੁੱਟੋ ਡਾਲਰ ਤਾਂ ਇਹਨਾਂ ਨੂੰ ਬੰਨ੍ਹ ਲਈਏ' ਪਹੁੰਚੇ ਬੁਸ਼ ਪੈਗ਼ਾਮ ਫ਼ੁਰਮਾਨ ਵਰਗਾ।
ਖਾਵੇ ਆਪ ਕੁਝ ਕਰੇ ਹਥਿਆਰ ਤਿੱਖੇ ਭੇਦ ਰੱਖੇ ਇਹ ਚੁਸਤ ਰਕਾਨ ਵਰਗਾ।
ਜੇਬ ਬੁਸ਼ ਦੀ ਕੱਟ ਕੇ ਭੀੜ ਵੜਿਆ ਲੱਭਦਾ ਪਿਆ ਓਬਾਮਾ ਹੁਣ ਭੀੜ ਵਿੱਚੋਂ!
ਮੰਗਤੇ ਮਾਂਜਿਆ ਕੁੱਲ ਏਜੰਸੀਆਂ ਨੂੰ ਆਵੇ ਹੱਥ ਨਾ ਝੂਠ ਦੀ ਬੀੜ ਵਿੱਚੋਂ!!

(13 ਜੂਨ,09)



## 161. ਸ਼ਾਪਿੰਗ

'ਸੀਕੋਨਾਮਿਕਸ' ਵਿਚ ਲੰਡਨ ਤੋਂ ਖੋਜ ਆਈ ਸ਼ਾਪਿੰਗ ਔਰਤਾਂ ਕਾਸਤੋਂ ਕਰਦੀਆਂ ਹਨ।
ਤਰ੍ਹਾਂ ਤਰ੍ਹਾਂ ਦੇ ਆਉਣ ਤਣਾਓ ਵੱਡੇ ਦੁੱਖ ਅਜਰ ਵਿਚਾਰੀਆਂ ਜਰਦੀਆਂ ਹਨ।
ਰਾਹਤ ਲੈਣ ਲਈ ਜਾਂਦੀਆਂ ਕਰਨ ਸ਼ਾਪਿੰਗ ਕਰਕੇ ਸ਼ਾਪਿੰਗ ਇਹ ਦੁੱਖ ਨੂੰ ਹਰਦੀਆਂ ਹਨ।
ਏਸ ਕੰਮ ਤੋਂ ਜਿਹੜਾ ਵੀ ਮਰਦ ਰੋਕੇ ਬਣਕੇ ਬਿਜਲੀ ਫਿਰ ਓਸ ਤੇ ਵਰ੍ਹਦੀਆਂ ਹਨ।
ਘਰ ਵਿਚ ਰਹਿਣਾ ਜੇ ਸਦਾ ਨਿਹਾਲ ਹੋਵੇ ਭੁੱਲ ਕੇ ਪਤਨੀ ਨੂੰ ਸ਼ਾਪਿੰਗ ਤੋਂ ਰੋਕੀਏ ਨਾ!
ਵਹੁਟੀ ਚੀਜ਼ਾਂ ਦੀ ਖੇਡ੍ਹ ਵਿੱਚ ਮਸਤ ਹੋਵੇ ਹੱਥ ਕਿਤੇ ਵੀ ਪਾਵੇ ਉਸ ਟੋਕੀਏ ਨਾ!!

## 162. ਖ਼ਿਮਾਂ! ਖਾਲਸਾ ਜੀ!!

ਬੋਲੇ ਮਾਨ ਜੀ-ਖਾਲਸਾ ਖ਼ਿਮਾਂ ਕਰਨਾ! ਸਾਡਾ ਸਿਹੋੜੇ ਨੂੰ ਸੀਸ ਨਿਵਾਇਆ ਜੀ।
ਅਸੀਂ ਹਲਕੇ ਦੇ ਐਮ.ਪੀ. ਹੋਣ ਸਦਕਾ ਨਾਨੇ ਵਾਲੜਾ ਹੱਥ ਅਜ਼ਮਾਇਆ ਜੀ।
ਸਾਨੂੰ ਸੰਤ ਜਰਨੈਲ ਸਿੰਘ ਮਗਰੋਂ ਸਿਹੋੜੇ ਵਾਲਾ ਹੀ ਡਾਢੜਾ ਭਾਇਆ ਜੀ।
ਪਰ ਨਾ ਖਾਲਿਸਤਾਨ ਹਾਂ ਕਦੇ ਭੁੱਲੇ ਕਾਨਾ ਟਿੰਡ ਵਿਚ ਅਜੇ ਵੀ ਪਾਇਆ ਜੀ।
ਸਿੱਖੋ! ਕੀਤੀ ਕੁਰਬਾਨੀ ਨੂੰ ਯਾਦ ਰੱਖੋ ਥੋੜ੍ਹਾ ਥੋੜ੍ਹਾ ਜਿਹਾ ਹੱਥ ਉਗ੍ਰਾਈ ਜਾਵੋ।
ਤੇਰਾਂ ਸੀਟਾਂ ਹੀ ਕਦੇ ਸਨ ਝੋਲ ਪਾਈਆਂ ਪੰਜ-ਸੱਤ ਬੰਨ੍ਹ ਮਗਰ ਤਾਂ ਆਈ ਜਾਵੋ!!

## 163. ਧਰਮ ਨਾ ਈਮਾਨ

ਚਾਂਦ ਫ਼ਿਜ਼ਾ ਦੀ ਸੇਜ ਫਿਰ ਆਣ ਚੜ੍ਹਿਆ ਭਜਨ ਲਾਲ ਦਾ ਘੱਪਿਆ-ਘੂਰਿਆ ਜੀ।
ਮੰਜੇ ਮੇਰੇ ਬਿਸ਼ਰਮਾ ਨਹੀਂ ਬੈਠ ਸਕਦਾ-ਘਰ ਵਾਲੀ ਨੇ ਚੰਗੜਾ ਹੂਰਿਆ ਜੀ।
ਰੋਟੀ ਕਿਸੇ ਨਾ ਪੁੱਛੀ ਜਦ ਘਰੇ ਢਾਬੇ ਡਬਲ-ਰੋਟੀ ਨੂੰ ਵਿਸਕੀ ਵਿਚ ਚੂਰਿਆ ਜੀ।
ਪਿਓ ਪਤਨੀ ਜਦ ਕਿਸੇ ਨਾ ਗਲ਼ੇ ਲਾਇਆ ਖਾਲੀ ਥਾਂਓਂ ਫਿਰ ਫ਼ਿਜ਼ਾ ਨੇ ਪੂਰਿਆ ਜੀ।
ਕਿਹਾ ਫ਼ਿਜ਼ਾ ਨੂੰ-ਐਤਕੀਂ ਮਾਫ਼ ਕਰ ਦੇਹ ਕਹਿ ਲੈ ਪ੍ਰੈੱਸ ਜੋ ਪੁੱਜਦੀਆਂ ਸਰਦੀਆਂ ਨੇ!
ਆਸ਼ਕ ਲੀਡਰਾਂ ਧਰਮ ਈਮਾਨ ਕਾਹਦੇ ਸਦਾ ਅਸਾਂ ਨੂੰ ਜੁੱਤੀਆਂ ਵਰ੍ਹਦੀਆਂ ਨੇ!!

## 164. ਮਸਲਾ ਭਰੂਣ-ਹੱਤਿਆ

ਵੇਖ-ਵੇਖ!! ਪ੍ਰਦੇਸੀਆ ਕੀ ਗੁਜ਼ਰੇ ਕੀ ਹੈ ਗੁਜ਼ਰਦੀ ਤੇਰੇ ਪੰਜਾਬ ਅੰਦਰ।
ਉਹ ਹੈ ਗੁਜ਼ਰਦੀ ਜਿਹੜੀ ਨਾ ਸੋਚ ਸਕੇ ਗੱਲ ਆਉਣੀ ਨਹੀਂ ਤੇਰੇ ਹਿਸਾਬ ਅੰਦਰ।
ਆਵੇ ਬਾਹਰ ਨੂੰ ਸਾਰਾ ਪੰਜਾਬ ਭੱਜਾ ਰਹਿਗੀ ਮਹਿਕ ਨਾ ਤੇਰੇ ਗੁਲਾਬ ਅੰਦਰ।
ਧੀਆਂ ਮਾਰਦੇ ਲੋਕੀ ਹਨ ਪੇਟ ਅੰਦਰ ਜਿਹੜਾ ਮਨ੍ਹਾਂ ਸੀ ਗ੍ਰੰਥ ਕਿਤਾਬ ਅੰਦਰ।
ਮੁੱਠੀਏਂ ਥੁੱਕ ਲਾ ਮੁੰਡੇ ਪ੍ਰਦੇਸ ਭੱਜਣ ਮਾਪੇ ਵਾਰਸ ਹੁਣ ਹੋਰਾਂ ਤੋਂ ਭਾਲਦੇ ਹਨ!
ਛੜਿਆਂ-ਬੁੜ੍ਹਿਆਂ ਲਈ ਟੋਲੀ ਦੀ ਬਾਂਗਰੋ ਸੀ ਅੱਜਕਲ੍ਹ ਸਭੇ ਹੀ ਗਾਹਕ ਇਸ ਮਾਲਦੇ ਹਨ!!

(22ਜੂਨ,09)

## 165. ਬੰਦਸ਼ ਫ਼ੈਸ਼ਨ ’ਤੇ !

ਪਾਵੇ ਕੋਈ ਬਲਾਉਜ਼ ਨਾ ਬਿਨਾਂ ਬਾਂਹਾਂ ਨਹੀਂ ਤਾਂ ਅਸੀਂ ਜੁਰਮਾਨੜਾ ਠੋਕ ਦਿਆਂਗੇ।
ਜਿਹੜੀ ਆਈ ਅਧਿਆਪਕਾ ਕੋਡ-ਘੇਰੇ ਅਸੀਂ ਕੋਠੜੀ ਜੇਹਲ ਦੀ ਝੋਕ ਦਿਆਂਗੇ।
ਸੂਟ ਅੱਗ-ਲਾਉਣੇ ਪਾ ਕੇ ਫਿਰਨ ਸੜਕੀਂ ਅਰਲਾ-ਖੋੜ ਲਾ ਇਹਨਾਂ ਨੂੰ ਰੋਕ ਦਿਆਂਗੇ।
ਜਿਹੜੀਆਂ ਕਰਨ ਮੋਬਾਈਲ ਤੇ ਖੁੱਲ੍ਹ ਗੱਲਾਂ ਬਿੱਲ ਉਹਨਾਂ ਪ੍ਰਚੂਨ ਨਹੀਂ ਥੋਕ ਦਿਆਂਗੇ।
ਮਹਿਲਾ-ਕਾਲਜਾਂ ਕਾਨ੍ਹਪੁਰ ਹੋਈ ਹਲਚਲ ਹੋਵੇ ਹੋਸਟਲੀਂ-ਕਮਰਿਆਂ ਗੱਲ ਮੀਆਂ!
ਪਰਚੇ ਔਖੇ ’ਤੇ ਹੋਵੇ ਹੜਤਾਲ ਮਗਰੋਂ ਪਹਿਲੋਂ ਫ਼ੈਸ਼ਨ ਦਾ ਸੋਚੀਂਦੈ ਹੱਲ ਮੀਆਂ!!

## 166. ਤੌਬਾ !

ਸਾਇਰਾ ਪੇਲਿਨ ਨੇ ਕੰਨਾਂ ਨੂੰ ਹੱਥ ਲਾਏ-ਹੁਣ ਤੋਂ ਬਣੀ ਗਵਰਨਰ ਨਾ ਰਹਾਂਗੀ ਮੈਂ।
ਮੈਨੂੰ ਛੱਜ ਪਾ ਲੋਕਾਂ ਨੇ ਛੱਟਿਆ ਸੂ ਏਸ ਦੁੱਖ ਨੂੰ ਹੋਰ ਨਾ ਸਹਾਂਗੀ ਮੈਂ।
ਛੱਡੇ ਸੁੰਨੇ ਨਿਆਣੇ ਨਾ ਰਹਿਣ ਕਾਬੂ ਵਿਹਲ ਕੱਢ ਹੁਣ ਇਨਾਂ ਵਿੱਚ ਬਹਾਂਗੀ ਮੈਂ।
ਮਸਲੇ ‘ਸ਼ਕਤੀ’ ‘ਸੁਰੱਖਿਆ’ ਹਨ ਵੱਡੇ ਮੰਜੀ ਇਹਨਾਂ ਲਈ ਬਣਕੇ ਤੇ ਡਹਾਂਗੀ ਮੈਂ।
ਕੀਤੀ ਦਿਲੋਂ ਸਿਆਸਤ ਤੋਂ ਮੈਂ ਤੌਬਾ ਮੈਨੂੰ ਲੋੜ ਨਹੀਂ ਅਗਲੀ ਪ੍ਰਧਾਨਗੀ ਦੀ!
ਮੇਲਾ ਪਿਆ ਸਿਆਸਤ ਦਾ ਬਹੁਤ ਮਹਿੰਗਾ ਝਲਕ ਵੇਖਲੀ ਚੰਗੀ ਮਰਦਾਨਗੀ ਦੀ!!

## 167. ਖ਼ਰਮਸਤੀ

ਪ੍ਰਧਾਨ-ਮੰਤਰੀ ਇਟਲੀ ਦੇ ਹੱਦ ਕੀਤੀ ਦਿਲ ਖੋਹਲ ਕੇ ਕਰੀਆਂ ਖ਼ਰਮਸਤੀਆਂ ਨੇ।
ਮਾਡਲ ਕਿੱਕਰ ਤੇ ਚੜ੍ਹੀ ਵੀ ਨਹੀਂ ਛੱਡੀ ਕਰੀਆਂ ਚੜ੍ਹੀ ਤੋਂ ਕਈ ਜ਼ਬਰਦਸਤੀਆਂ ਨੇ।
ਭਿੰਨ ਭੇਦ ਬਰੂਲ ਨਾ ਮੂਲ ਕੀਤਾ ਛੱਡੀਆਂ ਨਹੀਂ ਘਰੇਲੂ ਨਾ ਗਸ਼ਤੀਆਂ ਨੇ।
ਹੋ ਕੇ ਸੱਤਰ-ਬਹੱਤਰਿਆ ਚਾਅ ਪੂਰੇ ਐਨ੍ਹ ਕੀਤੀਆਂ ਸ਼ੁਹਰਤਾਂ ਸਸਤੀਆਂ ਨੇ।
ਜਿਹੜੇ ਦਿਹੁੰ ਓਬਾਮੇ ਦੀ ਜਿੱਤ ਹੋਈ ਰਾਤੀਂ ਸਾਹਿਬ ਜੀ ਹੋਏ ਰੰਗੀਨ ਮੀਆਂ!
ਸੁੰਦਰ ਬੱਲੀ ਨੂੰ ਤਲ਼ੀ ਤੇ ਭੋਰਿਓ ਨੇ ਆਟਾ ਪੀਸਿਆ ਚੰਗਾ ਮਹੀਨ ਮੀਆਂ!!

## 168. ਗੁੰਡਾਗਰਦੀ

ਦਲ ਦੇ ਵੇਖਲਾ ਫ਼ੱਕਰਾ ਬੁਰੇ ਚਾਲੇ ਸੁਰਤੀ ਇਹਦੀ ਹੈ ਬੇ-ਮੁਹਾਰ ਹੋ ਗੀ।
ਅੱਗੇ ਬੂਥਾਂ ਤੇ ਕਰਦੀ ਸੀ ਇਹ ਕਬਜ਼ੇ ਗੁੰਡਾਗਰਦੀ ਵਿਚ ਕਿੰਨੀ ਹੁਸ਼ਿਆਰ ਹੋ ਗੀ।
ਤੱਤ ਖਾਲਸਾ ਹੁੰਦੀ ਸੀ ਭਲੇ ਵੇਲੇ ਹੁਣ ਇਹ ਡਾਕੂਆਂ ਵਿੱਚ ਸ਼ੁਮਾਰ ਹੋ ਗੀ।
ਬੇਈਮਾਨਾਂ ਦੀ ਬਣੀ ਇਹ ਅੱਜ ਸੈਨਾ ਛੱਡ ਧਰਮ ਨੂੰ ਛਟੀ ਬਦਕਾਰ ਹੋ ਗੀ।
ਮੇਜਰ ਵਰਗੇ ਈਮਾਨੀ ਵੀ ਨਹੀਂ ਬਖਸ਼ੇ ਕੀਕਰ ਚਾੜ੍ਹਿਆ ਹਾਏ ਕੁਟਾਪਿਆਂ ਨੂੰ!
ਕੱਲ੍ਹ ਦੇ ਕਾਕੇ ਪੰਜਾਬ ਦੀ ਪੱਤ ਰੋਲਣ ਆਵੇ ਸੰਗ ਨਾ ਮੀਸਣੇ ਮਾਪਿਆਂ ਨੂੰ!!

(25 ਜੂਨ,09)



## 169. ਪਾਰਟੀ

ਵੇਖੋ ਵਿਚ ਸੁਸੈਕਸ ਦੇ ਕੀ ਬੀਤੀ ‘ਜੋ ਵਾਲੈਸ’ ਨੇ ਕੇਹਾ ਕਮਾਲ ਕੀਤਾ।
ਤਿੰਨ ਸਾਲ ਜਿਸ ਜੇਮਜ਼ ਨਾਲ ਪੀਂਘ ਝੂਟੀ ਜਦੋਂ ਟੁੱਟੀ ਤਾਂ ਕਿਵੇਂ ਹਲਾਲ ਕੀਤਾ।
ਰੱਖੀ ਪਾਰਟੀ ਨੱਢੀ ਤਲਾਕ ਹੁੰਦੇ ’ਕੱਠ ਰੂਹ ਦੇ ਚੰਗੜਾ ਨਾਲ ਕੀਤਾ।
ਰੱਜ ਕੇ ਐਸੀ ਸਹੇਲੀਆਂ ਨਾਲ ਨੱਚੀ ਨੱਚ ਨੱਚ ਸਾਰੀਆਂ ਹਾਲੋਂ-ਬੇਹਾਲ ਕੀਤਾ।
ਵੱਧ ਖੁਸ਼ੀ ਸੀ ਕਦੇ ਵਿਆਹ ਵਾਲੀ ਅੱਜ ਕੱਲ੍ਹ ਖੁਸ਼ੀ ਹੈ ਵੱਧ ਤਲਾਕ ਵਾਲੀ!
ਜਦੋਂ ਹੋਏ ਤਲਾਕ ਤਾਂ ਪਵੇ ਲੁੱਡੀ ਆਸ ਰੁਮਕਦੀ ’ਗਾਹਾਂ ਦੀ ਝਾਕ ਵਾਲੀ!!

## 170. ਗੁਲਦਸਤਾ

ਆਹਲੂਵਾਲੀਏ ਨੇ ਕੋਰੀ ਨਾਂਹ ਕੀਤੀ ਰੁੱਤ ਰੁੱਸ ਗਈ ਹਾਏ ਗੁਲਦਸਤਿਆਂ ਦੀ।
ਖਾਲੀ ਠੂਠੇ ਨੇ ਖੜਕ ਕੇ ਧਾਹ ਮਾਰੀ ਵਾਟ ਖੋਟੀ ਹੋਈ ਦਿੱਲੀ ਦੇ ਰਸਤਿਆਂ ਦੀ।
ਸੁਰਤ ਬੌਂਦਲੀ ਕੋਈ ਨਾ ਪੇਸ਼ ਜਾਵੇ ਬਣੇ ਭਾਜਪਾ ਦੇ ਵੱਡੇ ਦਸਤਿਆਂ ਦੀ।
ਭੱਜ ਕੇ ਦੁੰਬ ਦਬਾਏ ਪੰਜਾਬ ਆਏ ਮਸਤੀ ਲੱਥ ਗਈ ਕਿਵੇਂ ਖਰਮਸਤਿਆਂ ਦੀ।
ਹੈਸੀ ਮੀਸਣੇ ਬੂਝੜਾਂ ਦਾਓ ਲੱਭੇ ਹਵੇ ਗ਼ਰਜ਼ ਗੁਲਦਸਤੇ ਲਿਜਾਈ ਜਾਵੇ!
ਜਦੋਂ ਕੁਰਸੀ ਹਥਿਆਉਣ ਦਾ ਵਕਤ ਆਵੇ ਜੱਫ਼ੀਆਂ ਭਾਜਪਾ ਭਾਬੀ ਨਾਲ ਪਾਈ ਜਾਵੇ!!

## 171. ਲਕਬ

ਏਧਰ ਆਈ ਅਰੂਸਾ ਤੇ ਹੁਕਮ ਓਧਰ ਮਹਾਰਾਜਾ ਨਹੀਂ ਕੋਈ ਅਖਵਾ ਸਕਦਾ।
ਲੋਕ ਰਾਜ ਵਿੱਚ ਇੱਕੋ ਜਿਹੇ ਹਨ ਸਾਰੇ ਸਿੱਕਾ ਆਪਣਾ ਨਹੀਂ ਚਲਾ ਸਕਦਾ।
ਬਾਦਸ਼ਾਹੀ ਦੇ ਦੌਰ ਹੁਣ ਦੂਰ ਰਹਿ ਗਏ ਅੱਗੇ ਵਾਂਗ ਨਹੀਂ ਹੁਕਮ ਸੁਣਾ ਸਕਦਾ।
ਮੁੱਕਦੀ ਗੱਲ ਕਿ ਲੈਣੀਆਂ ਹਨ ਵੋਟਾਂ ਮੂਹਰੇ ਨੇਤਾ ਕੋਈ ਚੀਜ਼ ਨਹੀਂ ਲਾ ਸਕਦਾ।
ਫ਼ੱਕਰ ਕਿਹਾ ਅਰੂਸਾ ਜੀ ਫ਼ਿਕਰ ਕਾਹਦਾ? ਲੀਡਰ ਐਵੇਂ ਇਹ ਯਭਲੀਆਂ ਮਾਰਦੇ ਹਨ!
ਲਾਈ ਓਸਦੀ ਚੀਜ਼ ਨਹੀਂ ਲਾਹ ਸਕਦੇ ਗੂਹੜੇ ਬਹੁਤ ਹੀ ਰੰਗ ਕਰਤਾਰ ਦੇ ਹਨ!!

## 172. ਮਾਯੂਸੀ

ਦਲ ਤੇ ਭਾਜਪਾ ਹੋਏ ਜਾਂ ਡਾਂਗ-ਸੋਟੀ ਡਾਢਾ ਮਾਯੂਸ ਸੁਖਬੀਰ ਮੀਆਂ।
ਫੜ੍ਹਾਂ ਮਾਰ ਕੇ ਲਾਹ ਲਿਆ ਆਪ ਚੱਪਣ ਧਰੀ ਬਾਪੂ ਸੀ ਕਦੋਂ ਦੀ ਖੀਰ ਮੀਆਂ।
ਕੁਰਸੀ ਵੱਡੜੀ ਮਤੇ ਨਾ ਖਿਸਕ ਜਾਵੇ ਰੋਵੇ ਜ਼ਾਰ ਮਨ ਧਰੇ ਨਾ ਧੀਰ ਮੀਆਂ।
ਜੋਗ ਅੰਮ੍ਰਿਤ ਦਾ ਲਿਆ ਨਾ ਰਾਸ ਆਵੇ ਰੁੱਸਦੀ ਕੁਰਸੀ ਦੀ ਦੀਂਹਦੜੀ ਹੀਰ ਮੀਆਂ।
ਫੜ੍ਹ ਨਾ ਮਾਰੀਏ ਫ਼ੱਕਰਾ ਕਹਿਣ ਦਾਨੇ ਜਿੱਥੇ ਪਹੁੰਚਣਾ ਪਹੁੰਚ ਜੇ ਸੱਕੀਏ ਨਾ!
ਮੱਠਾ ਵਗੀਏ ਵਡੇਰੇ ਜਿਹੇ ਬਲਦ ਵਾਂਗੂੰ ਕਦੇ ਭੁੱਲਕੇ ਵੀ ਤੱਤਾ ਲੱਕੀਏ ਨਾ!!

(30 ਜੂਨ,09)

# 173. ਚਾਂਦੀ

ਡੇਰਾ ਮੁਖੀ ਦੀ ਦਸਦੇ ਹਨ ਹੋਈ ਚਾਂਦੀ ਜੀਹਦੀਆਂ ਸਬਜ਼ੀਆਂ ਤੇ ਮਹਿੰਗੇ ਫ਼ਲ ਵਿਕਦੇ।
ਕਦੇ ਵਿਕੇ ਨਾ ਕਿਸੇ ਬਾਜ਼ਾਰ ਅੰਦਰ ਜਿਵੇਂ ਸਾਧ ਦੀ ਮੰਡੀ ਅੱਜ ਕੱਲ੍ਹ ਵਿਕਦੇ।
ਕੱਦੂ ਮਟਰ ਕਰੇਲੇ ਅਨਾਰ ਵਿਕਦੇ ਗੰਢੇ ਵੈਂਗਣ ਨੇ ਹੋਇ ਹਲਚਲ ਵਿਕਦੇ।
ਬਾਬਾ ਹੱਥ ਲਾਵੇ, ਖਾਵੇ ਸੁਰਗ ਜਾਵੇ ਫ਼ਲ ਸਬਜ਼ੀਆਂ ਪਾਇ ਵਲ ਛਲ ਵਿਕਦੇ।
ਫ਼ੱਕਰਾ ਬਾਬੇ ਦੇ ਹੱਥ ਹਨ ਕਰਾਮਾਤੀ ਲੋਕੀ ਹੱਥ ਲੁਆਣ ਲਈ ਕਿਵੇਂ ਕਾਹਲੇ!
ਸੌਦਾ-ਸਾਧ ਕੀ, ਸਿੱਖਾਂ ਨੂੰ ਚਿੰਬੜੇ ਹਨ ਅਹੁ ਜੀ ਆਹ ਵਾਲੇ! ਆਹ ਜੀ ਅਹੁ ਵਾਲੇ!!

# 174. ਪੱਗ ਤੇ ਮੱਤ

ਦਿੱਤਾ ਵੇਖੋ ਮਨਮੋਹਨ ਸੰਦੇਸ਼ ਸੋਹਣਾ-ਹੁੰਦੀ ਪੱਗ ਹੈ ਅਕਲ ਦਾ ਵੇਸ ਮੀਆਂ।
ਆਪਣੇ ਕੰਮ ਨਾਲ ਸਿੰਘ ਨੇ ਖ਼ਬਰ ਕੀਤੀ ਸੀ ਇਹ ਦੇਸ ਤੇ ਭਾਵੇਂ ਪ੍ਰਦੇਸ ਮੀਆਂ।
ਓਧਰ ਮੱਕੜ ਮਨਮੋਹਨ ਨੂੰ ਮੱਤ ਦੇਵੇ-ਚੰਗੂੰ ਰੱਖਿਓ ਪੱਗ ਦਾ ਕੇਸ ਮੀਆਂ।
ਐਪਰ ਸਿੱਖਾਂ ਨੂੰ ਡਾਹਢਾ ਅਫ਼ਸੋਸ ਹੋਵੇ ਲਾਉਂਦੇ ਆਪਣੇ ਵੱਡੀ ਜਦ ਠੇਸ ਮੀਆਂ।
ਲੀਡਰ ਕੀ ਹੁਣ ਸਿੰਘ-ਸਾਹਿਬਾਨ ਤੱਕ ਵੀ ਇਕ ਦੂਜੇ ਦੀਆਂ ਮੁਸ਼ਕਾਂ ਪਏ ਬੰਨ੍ਹਦੇ ਹਨ!
ਗਿਆ ਰਗੜਿਆ ਸਾਹਨਾਂ ਦੇ ਭੇੜ ਕੱਟਾ ਸਿੱਖ ਘਾਇਲ ਹੋ ਭਾਣੇ ਨੂੰ ਮੰਨਦੇ ਹਨ!!

# 175. ਵਿਰੋਧ ਤਾਏ ਦਾ

ਮੋਫ਼ਰ ਕਿਹਾ ਹਨ ਹਾਦਸੇ ਬਹੁਤ ਹੁੰਦੇ ਏਸ ਟ੍ਰੈਫਿਕ ਦਾ ਕਰੋ ਕੋਈ ਹੱਲ ਭਾਈ।
'ਏਸ ਮਰਜ਼ ਦਾ ਇਕ ਇਲਾਜ ਹੈਗਾ' ਬਾਦਲ ਆਖਿਆ ਸੁਣੋ ਇਕ ਗੱਲ ਭਾਈ।
ਵੇਖੇ ਟ੍ਰੈਫਿਕ-ਪ੍ਰਬੰਧ ਤੇ ਆਣ ਦੱਸੇ ਦੇਈਏ ਵਫ਼ਦ ਆਸਟ੍ਰੇਲੀਆ ਘੱਲ ਭਾਈ।
ਕਿਹਾ ਮਨਪ੍ਰੀਤ ਹੋਂ ਕਾਸਤੋਂ ਖਰਚ ਕਰਦੇ? ਇੰਟਰਨੈੱਟ ਤੇ ਵੇਖੋ ਖਾਂ ਚੱਲ ਭਾਈ।
ਬਾਦਲ ਕਿਹਾ-ਭਤੀਜ ਜੀ ਚੁੱਪ ਰਹੀਏ ਗੱਲ ਤਾਏ ਦੀ ਇਸ ਤਰ੍ਹਾਂ ਕੱਟੀਏ ਨਾ!
ਘਰ ਦੇ ਹੋ ਕੇ ਵਿਰੋਧੀ-ਧਿਰ ਨਾ ਬਣੀਏ ਏਦਾਂ ਛੱਟੀਏ, ਕੁੱਛੜ ਬਹਿ ਪੱਟੀਏ ਨਾ!!

# 176. ਬਿਨ-ਜੇਬੀ ਪਤਲੂਣ

ਏਅਰਪੋਰਟ ਕਠਮੰਡੂ ਦਾ ਫ਼ੈਸਲਾ ਹੈ-ਬਿਨਾਂ ਜੇਬਾਂ ਤੋਂ ਸਾਰੇ ਪਤਲੂਣ ਪਾਵੋ।
ਲੋਕ ਮੁੰਨਣ ਦਾ ਤੁਸੀਂ ਹੈ ਰਾਹ ਫੜਿਆ ਜੇਬਾਂ ਥੁੰਨ ਕੇ ਰੋਜ਼ ਹੀ ਘਰੀਂ ਜਾਵੋ।
ਜਿਹੜੀ ਜਨਤਾ ਦੀ ਸੇਵਾ ਲਈ ਤੁਸੀਂ ਰੱਖੇ ਓਸੇ ਜਨਤਾ ਨੂੰ ਦੱਬ ਕੇ ਥੁੱਕ ਲਾਵੋ।
ਏਸ ਤਰ੍ਹਾਂ ਨਿਪਾਲ ਤਾਂ ਨੰਗ ਹੋ ਜੂ ਸ਼ਰੇਆਮ ਹੀ ਰਿਸ਼ਵਤਾਂ ਜਿਵੇਂ ਖਾਵੋ।
ਕਰਮਚਾਰੀ ਹੋ, ਭਾਰਤੀ ਨੇਤਾ ਤਾਂ ਨਹੀਂ ਇਹ ਪਤਲੂਣਾਂ ਜਾਂ ਉਹਨਾਂ ਦੀਆਂ ਝੱਗੀਆਂ ਨੇ?
ਕੱਪੜੇ ਚੋਰਾਂ ਦੇ ਡਾਂਗਾਂ ਦੇ ਗਜ਼ ਕਰਕੇ ਤੁਸੀਂ ਪੁੱਜਕੇ ਮਾਰੀਆਂ ਠੱਗੀਆਂ ਨੇ!!
(12 ਜੁਲਾਈ, 09)



# 177. ਤਰਬੂਜ਼ ਦੀ ਚੜ੍ਹਤ

ਨਵੀਂ ਖੋਜ ਅਮਰੀਕਾ ਵਿੱਚ ਹੋਈ ਕੇਹੀ ਚੜ੍ਹਿਆ ਕਿਵੇਂ ਤਰਬੂਜ਼ ਦਾ ਭਾਅ ਵੇਖੋ।
ਸੈਕਸ ਲਈ ਹੈ ਇਹ ਵਰਦਾਨ ਵੱਡਾ ਲਿਆ ਵਿਆਗਰੇ ਨੂੰ ਇਸਨੇ ਢਾਅ ਵੇਖੋ।
ਬਿਸਤਰ ਵਿੱਚ ਦੁਲੱਤੀ ਨਾ ਇਕ ਵੱਜੇ ਬਣਕੇ ਢਾਲ ਇਹ ਲੈਂਦਾ ਬਚਾਅ ਵੇਖੋ।
ਨਿਕਲੇ ਲਾਟਰੀ ਜਿਵੇਂ ਗਰੀਬ ਸੰਦੀ ਚੜ੍ਹਿਆ ਮਰਦਾਂ ਨੂੰ ਲੋਹੜੇ ਦਾ ਚਾਅ ਵੇਖੋ।
ਸਾਨੂੰ ਠੱਕੇ ਦੇ ਵਿਚ ਤਰਬੂਜ਼ ਆਵੇ ਰਿਸ਼ਤਾ ਹੁੰਦਿਆਂ ਲੋਕੀ ਇਹ ਕਹਿਣਗੇ ਹੁਣ!
ਰੋਟੀ ਨਾਲ ਨਾ ਜੰਞ ਤਰਬੂਜ਼ ਮਿਲਿਆ ਲਾੜੇ ਪਹਿਲੇ ਦਿਨ ਰੁੱਸ ਕੇ ਬਹਿਣਗੇ ਹੁਣ!!

# 178. ਖੁਦਕੁਸ਼ੀ

ਮੇਰੇ ਨਾਲ ਹੈ ਘੋਰ ਅਨਿਆਇ ਹੁੰਦਾ ਪ੍ਰੱਗਿਆ ਸਾਧਵੀ ਨੇ ਚਾਗਾਂ ਮਾਰੀਆਂ ਨੇ।
ਦਿੰਦੇ ਲੱਖ ਤਸੀਹੇ ਤੇ ਦੁੱਖ ਮੈਨੂੰ ਖੋਹੀਆਂ ਇਹਨਾਂ ਸਹੂਲਤਾਂ ਸਾਰੀਆਂ ਨੇ।
ਜੇਹਲ ਬਾਈਕੁਲਾ ਨਰਕ ਦਾ ਕੁੰਡ ਹੋਈ ਟੁੱਟੀਆਂ ਏਥੇ ਮੁਸੀਬਤਾਂ ਭਾਰੀਆਂ ਨੇ।
ਮੇਰੀ ਮੁੱਠੀ ਦੇ ਵਿੱਚ ਹੈ ਜਿੰਦ ਕੀਤੀ ਜ਼ਾਲਮ ਪੁਲਿਸ ਤੇ ਜੇਹਲ ਅਧਿਕਾਰੀਆਂ ਨੇ।
ਮੂੰਹੋਂ-ਮੰਗੀ ਮੁਰਾਦ ਕਸਾਬ ਦੇਵਣ ਐਂਬੂਲੈਂਸ ਲੋੜਾਂ ਮੈਨੂੰ ਜੀਪ ਦਿੰਦੇ!
ਸਿਰ ਚੜ੍ਹ ਮਰੂੰਗੀ ਇਹਨਾਂ ਦੇ ਵੇਖਿਓ ਮੈਂ ਚੰਦਰੇ ਖੇਡ੍ਹਣ ਨਹੀਂ ਮੈਨੂੰ ਇਹ ਸੀਪ ਦਿੰਦੇ!!

# 179. ਮੋਮਬੱਤੀਆਂ

ਬਿੱਫ਼ਰੀ ਭੱਠਲ ਨੇ ਖਰੀ ਕਮਾਲ ਕੀਤੀ ਕੀਕਰ ਸਭਾ ਵਿੱਚ ਬਾਦਲ ਨੂੰ ਘੇਰਿਆ ਏ।
ਸਾਹੋ-ਸਾਹ ਨਾ ਬਾਦਲ ਨੂੰ ਰਾਹ ਲੱਭੇ ਸੋਹਣਾ ਢਾਇ ਜਿਓਂ ਗੋਡੜਾ ਫੇਰਿਆ ਏ।
ਦੱਸ ਬਿਜਲੀ ਨੂੰ ਕਾਸਤੋਂ ਕੱਟ ਲੱਗੇ? ਕਾਹਤੋਂ ਗਿਆ ਪੰਜਾਬ ਹਨ੍ਹੇਰਿਆ ਏ।
ਸੁੱਕੇ ਝੋਨੇ ਲਈ ਕੋਈ ਮੁਆਵਜ਼ਾ ਨਾ ਹਾਸਾ ਕਿਵੇਂ ਕਿਸਾਨ ਦਾ ਕੇਰਿਆ ਏ।
ਬਾਦਲ ਕਿਹਾ-ਮੈਂ ਅੱਗੇ ਹਾਂ ਬਹੁਤ ਔਖਾ ਬੀਬੀ ਹੋਰ ਮੋ-ਬੱਤੀਆਂ ਦੇਹ ਨਾਹੀਂ!
ਕੁਰਸੀ-ਵੇਲ ਵਧਾਉਣ ਨਾ ਵਿਹਲ ਲੱਗਾ ਕਿਤੇ ਮੈਨੂੰ ਪੰਜਾਬ ਦਾ ਤੇਹ ਨਾਹੀਂ!!

# 180. ਪੈਸਾ

ਕੌਤਕ ਵਿਚ ਸਮਾਣੇ ਦੇ ਅਜਬ ਹੋਇਆ ਨੰਗਾ ਨਿਕਲਿਆ ਘਰੋਂ ਜੁਆਨ ਵੇਖੋ।
ਸ਼ਰਤ ਜਿੱਤਣ ਲਈ ਕੱਪੜੇ ਲਾਹ ਭੱਜਾ ਲੋਕੀ ਸੜਕਾਂ ਤੇ ਖੜ੍ਹੇ ਹੈਰਾਨ ਵੇਖੋ।
ਖਾਤਰ ਦਮੜਿਆਂ ਸੰਗ ਤੇ ਸ਼ਰਮ ਲਾਹੀ ਲਾਇਆ ਦਾਓ ਤੇ ਸਾਰਾ ਸਮਾਨ ਵੇਖੋ।
ਹੋਈ ਗੱਲ ਜਹਾਨ ਦੀ ਕੁੱਲ ਨਿੱਕੀ ਹੋਇਆ ਪੈਸਾ ਹੀ ਇਕ ਪ੍ਰਧਾਨ ਵੇਖੋ।
ਸਿਰ 'ਤੇ ਪੈਸੇ ਦਾ ਭੂਤ ਸਵਾਰ ਹੋਇਆ ਕਰੇ ਪੈਸੇ ਲਈ ਕੁੱਤੇ-ਭਕਾਈ ਬੰਦਾ!
ਤ੍ਰੇਹ ਮੇਟਣ ਲਈ ਫ਼ੱਕਰਾ ਏਸ ਸੰਦੀ ਘੋਟ ਸ਼ਰਮ ਦੀ ਪੀਵੇ ਸ਼ਰਦਾਈ ਬੰਦਾ!!
(20 ਜੁਲਾਈ,09)

## 181. ਵਾਰੀ-ਵੱਟਾ

ਵੇਖੋ ਵਿੱਚ ਕੈਨੇਡਾ ਦੇ ਕੀ ਬੀਤੇ, ਵਾਰੀ-ਵੱਟੇ ਦੇ ਹੋਣ ਵਿਆਹ ਭਾਈ।
ਸ਼ਰ੍ਹੇਆਮ ਅਖਬਾਰੀ ਇਸ਼ਤਿਹਾਰ ਛਪਦੇ ਚੱਲੇ ਨਹੀਂ ਸਰਕਾਰ ਦੀ ਵਾਹ ਭਾਈ।
ਰਿਸ਼ਤਾ ਲਵੋ ਤੇ ਕੋਈ ਕਰਵਾਓ ਸਾਡਾ ਸਾਨੂੰ ਕਿਸੇ ਦੀ ਨਹੀਂ ਪ੍ਰਵਾਹ ਭਾਈ।
ਏਅਰਪੋਰਟ 'ਤੇ ਉੱਤਰੇ ਸੁੱਖੀ-ਸਾਂਦੀ ਉੱਡਦੀ ਤਾਂ ਉੱਡੇ ਸੁਆਹ ਭਾਈ।
ਹੋਏ ਬੂਰ ਦੇ ਲੱਡੂ ਮਕਬੂਲ ਏਨੇ ਜਿਹਨਾਂ ਖਾਣ ਦੀ ਲੱਗ ਗਈ ਦੌੜ ਮੀਆਂ!
ਮਹਿੰਗੇ ਰੂਪ ਵੀ ਲੱਗ ਗੇ ਸੇਲ ਉੱਤੇ ਝੁੱਗੇ ਬਹੁਤਿਆਂ ਹੁੰਦੜੇ ਚੌੜ ਮੀਆਂ!!

## 182. ਝੂਠਾ-ਟੇਵਾ

ਕਿਸੇ ਜੋਤਸ਼ੀ ਨੇ ਤਿੱਖਾ ਬਾਣ ਕਰਕੇ ਲਾਲੂ ਯਾਦਵ ਦੀ ਹਿੱਕ ਮਾਰਿਆ ਸੂ।
ਮਾਸ ਛੱਡੋਂ ਸਿਆਸਤ ਵਿੱਚ ਵਧੋਂ ਅੱਗੇ ਝੂਠਾ ਟੇਵਾਲਾ ਇੰਜ ਪ੍ਰਚਾਰਿਆ ਸੂ।
ਮਾਸ ਮੱਛੀ ਤੇ ਆਂਡਾ ਨਾ ਖਾਏ ਲਾਲੂ ਕੁੱਲ ਰੋਗ ਨੂੰ ਚਾਹੇ ਨਿਵਾਰਿਆ ਸੂ।
ਮਗਰ ਪਏ ਘੁਟਾਲੇ ਤੇ ਗਈ ਕੁਰਸੀ ਨਜ਼ਲਾ ਜੋਤਸ਼ੀ ਉੱਤੇ ਉਤਾਰਿਆ ਸੂ।
ਆਖੇ-ਮਿਲੇ ਜੇ ਜੋਤਸ਼ੀ ਲੱਤ ਤੋੜੂੰ ਬਾਰਾਂ ਸਾਲ ਦੀ ਬੰਦਸ਼ ਸੀ ਲਾ ਦਿੱਤੀ!
ਅਰੇ ਰਾਬੜੀ! ਮੀਟ ਬਣਾਓ ਜਲਦੀ ਮੀਟ ਕਹਿੰਦਾ ਸੀ ਕੁਰਸੀ ਛਡਵਾ ਦਿੱਤੀ!!

## 183. ਗੋਲਡਨ-ਜੁਬਲੀ

ਮੋਹਨ ਸਿੰਘ ਗਿਆਨੀ ਜੀ ਹੱਦ ਕੀਤੀ ਜੁਬਲੀ ਗੋਲਡਨ ਵੇਖੋ ਮਨਾਈ ਕੀਕਰ।
ਕੇਕ ਕੱਟਿਆ ਡਾਨਸ ਤੇ ਹੋਏ ਡਾਨਸ ਹੁੱਬਕੇ ਹੱਥਾਂ ਤੇ ਮਹਿੰਦੀ ਲਵਾਈ ਕੀਕਰ।
ਹੋਇਆ ਮੂਡ ਰੁਮਾਂਟਿਕ ਨਿਹਾਲ ਹੋ ਕੇ ਚੈਨੀ ਸੋਨੇ ਦੀ ਦੁਲਹਨ ਨੂੰ ਪਾਈ ਕੀਕਰ।
ਭੰਗੜੇ ਪਾਏ ਅਧਿਕਾਰੀ ਵੀ ਖੂਬ ਨੱਚੇ ਹੱਸ ਹੱਸ ਗਿਆਨੀ ਜੀ ਲਈ ਵਧਾਈ ਕੀਕਰ।
ਸਾਰੀ ਉਮਰ ਤਾਂ ਗੁਰਾਂ ਤੇ ਚੌਰ ਕੀਤਾ ਬੂਟਾ ਅੰਤ ਮਰਿਆਦਾ ਦਾ ਪੁੱਟਿਆ ਜੀ!
ਪਾ ਲਈ ਸੇਂਵੀਆਂ ਉੱਤੇ ਸੁਆਹ ਜਾਂਦੇ ਠੀਕਰ ਨੌਕਰੀ ਵਾਲਾ ਵੀ ਟੁੱਟਿਆ ਜੀ!!

## 184. ਵਾਦ-ਵਿਵਾਦ

ਇੱਕੀ ਜਨਵਰੀ ਕਦੋਂ ਦੀ ਸਹੁੰ ਚੁੱਕੀ ਦਿਸਦਾ ਥੰਮਦਾ ਅਜੇ ਵਿਵਾਦ ਨਾਹੀਂ।
ਕਿੱਡਾ ਕੀਤਾ ਅਡੰਬਰ ਤੇ 'ਕੱਠ ਕੀਤਾ ਢੋਇਆ ਐਨਾ ਮੁਲਖੱਈਆ ਕਿ ਯਾਦ ਨਾਹੀਂ।
ਪੈਸਾ ਲੋਕਾਂ ਦਾ ਇੰਜ ਬਰਬਾਦ ਕੀਤਾ, ਕੀਤਾ ਅੱਗੇ ਜਿਓਂ ਕਿਸੇ ਬਰਬਾਦ ਨਾਹੀਂ।
ਨਿੱਕੇ ਪੌਦੇ ਨੂੰ ਮਾਲੀ ਖਾਦ ਪਾਈ, ਪਾਈ ਪਹਿਲੋਂ ਜਿਓਂ ਕਿਸੇ ਨੇ ਖਾਦ ਨਾਹੀਂ।
ਖਾਲੀ ਕੀਤਾ ਖਜ਼ਾਨੇ ਨੂੰ ਸ਼ਾਨ ਖਾਤਰ ਬਿੱਲ ਅਜੇ ਤੱਕ ਸੁੱਖ ਨਾਲ ਬੁੜ੍ਹਕਦੇ ਹਨ!
ਭੋਰਾ ਸ਼ਾਨ ਬਣਾਲੀ ਕੀ ਢਿੱਡ ਦੁਖਦੈ? ਲੋਕੀ ਅਜੇ ਵੀ ਗੱਲਾਂ ਨੂੰ ਤੁੜਕਦੇ ਹਨ!!

(26 ਜੁਲਾਈ,09)



## 185. ਸੱਜਾ ਕੰਨ

ਹੱਦ ਅੱਗੇ ਵੀ ਸਮਝ ਲੋ ਕੰਧ ਹੋਗੀ ਇਟਲੀ ਕਾਢ ਇਕ ਕੱਢੀ ਵਿਗਿਆਨੀਆਂ ਨੇ।
ਲਹਿਰ ਖੁਸ਼ੀ ਦੀ ਲੋਕਾਂ ਦੇ ਵਿਚ ਦੌੜੀ ਲੱਭੀ ਗਿਆਨ ਦੀ ਗੱਲ ਗਿਆਨੀਆਂ ਨੇ।
ਐਨੇ ਨੇੜ ਦੀ ਗੱਲ ਨਾ ਲੱਭ ਸਕੇ ਕਿੰਨੇ ਧਿਆਨ ਸੀ ਲਾਏ ਧਿਆਨੀਆਂ ਨੇ।
ਰੋਣ-ਧੋਣ ਤੇ ਹਾਸੇ ਹਨ ਮੁੱਕ ਜਾਣੇ ਮਜ਼ੇ ਲੈਣੈ ਹਨ ਜਿੰਦਾਂ ਮਸਤਾਨੀਆਂ ਨੇ।
ਸੁੱਜੇ ਕੰਨ ਵਿੱਚ ਕਹਿੰਦੇ ਜੇ ਗੱਲ ਕਹੀਏ ਅਗਲਾ ਝੱਟ ਕੁ ਦੇਣੇ ਹੀ ਮੰਨਦਾ ਹੈ!
ਬੁੱਲੇ ਲੁੱਟਣਗੇ ਸੱਜੇ ਗੱਲ ਕਰਨਗੇ ਜੋ ਝਗੜਾ ਕੁੱਲ ਜੋ ਹੈ, ਖੱਬੇ ਕੰਨ ਦਾ ਹੈ!!

## 186. ਕਰਤਬ ਕਾਂਟੀਨੈਂਟਲ ਦਾ

ਕਾਂਟੀਨੈਂਟਲ ਨੇ ਵੇਖਲੋ ਕੀ ਕੀਤੀ ਪ੍ਰਸ਼ਾਨ ਹੈ ਕਿਵੇਂ ਕਲਾਮ ਕੀਤਾ।
ਆਦਰ-ਭਾਓ ਤਾਂ ਰਹਿ ਗਿਆ ਇਕ ਪਾਸੇ ਬਣਦਾ-ਜੁੜਦਾ ਨਾ ਕੋਈ ਸਲਾਮ ਕੀਤਾ।
ਲਿਆ ਕਿਵੇਂ ਮੋਬਾਈਲ ਤੇ ਬੂਟ ਲਾਹੇ ਹੋਵੇ ਜਿਵੇਂ ਲਾਦੇਨ ਬਦਨਾਮ ਕੀਤਾ।
ਨੇਤਾ ਨੰਗੇ ਹਮਾਮ ਵਿੱਚ ਕਹਿਣ ਸਾਰੇ ਨੰਗਾ ਸਾਰੇ ਹੀ ਜੱਗ ਹਮਾਮ ਕੀਤਾ।
ਵੇਖ ਵਾਖ ਕੇ ਫ਼ੱਕਰ ਨੇ ਆਖਿਓ ਨੇ-ਭੁੱਲ ਕੇ ਬੰਦਾ ਨਾ ਕਦੇ ਰਿਟਾਇਰ ਹੋਵੇ!
ਕੁਰਸੀ ਤਾਕਤ ਦੇ ਨਾਲ ਹੀ ਗੱਲ ਸਾਰੀ ਮਗਰੋਂ ਆਦਮੀ ਪੰਜਵਾਂ ਟਾਇਰ ਹੋਵੇ!!

## 187. ਪੰਗਾ ਰਾਮਦੇਵ-ਸਲੀਨਾ

ਰਾਮਦੇਵ ਸਲੀਨਾ ਦਾ ਪਿਆ ਪੰਗਾ, ਦੋਹਾਂ ਕੱਢੀਆਂ ਕਿਵੇਂ ਕਟਾਰੀਆਂ ਨੇ।
'ਹੋਮੋਸੈਕਸੁਐਲਿਟੀ ਹੈ ਇਕ ਰੋਗ ਵੱਡਾ' ਰਾਮਦੇਵ ਨੇ ਗੱਲਾਂ ਉਚਾਰੀਆਂ ਨੇ।
ਸੁਣਕੇ ਟੱਪੀ ਸਲੀਨਾ ਤੇ ਟੱਪ ਆਖੇ-ਬਾਬਾ ਯੋਗੀਆ ਯੱਭਲੀਆਂ ਮਾਰੀਆਂ ਨੇ।
ਕਿਹੜਾਂ ਸਰਟੀਫੀਕੇਟ ਹੈ ਕੋਲ ਤੇਰੇ ਲੱਭੀਆਂ ਕਿਵੇਂ ਤੂੰ ਭਲਾ ਬਿਮਾਰੀਆਂ ਨੇ?
ਬਾਬੇ ਆਖਿਆ-ਇੱਕੋ ਨਿਚੋੜ ਸਾਡਾ ਧਰੀਏ ਯੋਗ ਦਾ ਸਦਾ ਧਿਆਨ ਬੀਬੀ!
ਪੁੱਠੇ ਲੋਕ ਸੁਆਦ ਨੂੰ ਸਦਾ ਲੋੜਨ, ਆਵੇ ਕਿਵੇਂ? ਨਾ ਇਹਨਾਂ ਗਿਆਨ ਬੀਬੀ!!

## 188. ਸੰਯੋਗ ਬੱਕਰੀ ਦਾ

ਬੱਕਰੀ ਗਾਂਧੀ ਦਾ ਧੁਰੋਂ ਸੰਜੋਗ ਬਣਿਆ ਗੱਲ ਕਦੋਂ ਦੀ ਏਹਾ ਪ੍ਰਸਿੱਧ ਹੋਈ।
ਗਾਂਧੀ ਹੋਏ ਨਾ ਬੱਕਰੀ ਦਾ ਕਰੇ ਆਦਰ ਏਦੂੰ ਬਾਤ ਕੀ ਭਲਾ ਨਖਿੱਧ ਹੋਈ?
ਮੋਹ ਵਾਂਗ ਅਰਧੰਗਣੀ ਜਿਵੇਂ ਦਿੱਤਾ ਮੋਹਨਦਾਸ ਦੀ ਜੱਗ ਤੇ ਸਿੱਧ ਹੋਈ।
ਆਪਣੇ ਨਾਂਓਂ ਦੀ ਰਾਹੁਲ ਵੀ ਲਾਜ ਰੱਖੀ ਬੱਕਰੀ ਕਾਰ ਤੋਂ ਜਦੋਂ ਹੈ ਸਿੱਧ ਹੋਈ।
ਬੱਕਰੀ ਰਗੜੀ ਕੀ, ਪੰਦਰਾਂ ਸੌ ਨਕਦ ਦਿੱਤੇ ਸਿਰ ਤੋਂ ਕਿਸਤਰ੍ਹਾਂ ਭਾਰ ਉਤਾਰਿਆ ਏ!
ਲੋਕ ਬੱਕਰੀਆਂ ਤੇ ਨੇਤਾ ਲੋਕ ਚਾਰਨ ਬੱਕਰੀ-ਪਿਆਰ ਨੇ ਰਾਹੁਲ ਨੂੰ ਚਾਰਿਆ ਏ!!

(1 ਅਗਸਤ, 09)

## 189. ਪਾਣੀ ਤੇ ਪਟਰੋਲ

ਜੱਗੋਂ ਤੇਰਵੀਂ ਮਿਸਰ ਦੇ ਵਿਚ ਹੋਈ ਪਾਣੀ ਮਹਿੰਗਾ ਤੇ ਜਿੱਥੇ ਪਟਰੌਲ ਸਸਤਾ।
ਇਹ ਤਾਂ ਇਸਤਰ੍ਹਾਂ ਦੀ ਸਮਝੋ ਗੱਲ ਹੋਈ ਡਾਂਗ ਮਹਿੰਗੀ ਤੇ ਹੋਵੇ ਪਸਤੌਲ ਸਸਤਾ।
ਸਨਕੀ ਦੁਨੀਆਂ ਨੂੰ ਮਿਲੇ ਇਹ ਖ਼ਬਰ ਜੀਕੂੰ ਮਹਿੰਗਾ ਰੋਣ ਤੇ ਹੋਵੇ ਮਖੌਲ ਸਸਤਾ।
ਪਾਣੀ ਪੀ ਪੀ ਕੋਸਣ ਦੀ ਰੁੱਤ ਲੱਦੀ ਤੇਲ ਫੂਕਣ ਦਾ ਹੋਇਆ ਮਾਹੌਲ ਸਸਤਾ।
ਸੁਪਨੇ ਫ਼ੱਕਰ ਨੇ ਪਾਣੀ ਦੀ ਭਰੀ ਗੱਡੀ ਮਿਸਰ ਵੇਚੀ ਜਾ ਮਹਿੰਗੜੇ ਮੁੱਲ ਮੀਆਂ!
ਖੁੱਲ੍ਹਾ ਖਰਚ ਕਰ, ਹੋਟਲ ਵਿੱਚ ਐਸ਼ ਕੀਤੀ ਟੈਂਕੀ ਕੀਤੀ ਪਟਰੋਲ ਨਾ' ਫੁੱਲ ਮੀਆਂ!!

## 190. ਰਗੜਾ ਮੁਸ਼ੱਰਫ਼ ਦਾ

ਪੁੱਠਾ ਸਮੇਂ ਦਾ ਕਿਸਤਰ੍ਹਾਂ ਖੂਹ ਗਿੜਿਆ ਟੱਕਰੀਆਂ ਮੂਹਰਦੀ ਆਣ ਮਨ-ਮਾਨੀਆਂ ਨੇ।
ਨਿੱਕਲ ਥੱਲਿਓਂ ਜੱਜ ਨੇ ਆਏ ਉੱਪਰ ਰੰਗ ਚਾੜ੍ਹਿਆ ਸੋਹਣਾ ਕੁਰਬਾਨੀਆਂ ਨੇ।
ਬੱਝਣ ਰਗੜਾ ਮੁਸ਼ੱਰਫ਼ ਦਾ ਕਿਵੇਂ ਲੱਗਾ ਚੱਲੀਆਂ ਭੁੱਲ ਹੁਣ ਸੱਭੇ ਘਚਾਨੀਆਂ ਨੇ।
ਗੱਡੀ ਚੜ੍ਹੀ ਸੀ, ਲੱਗ ਪਈ ਖਾਣ ਗੋਤੇ ਐਨ੍ਹ ਟੁੱਟ-ਭੱਜ ਗਈਆਂ ਕਮਾਨੀਆਂ ਨੇ।
ਬਾਹਰ ਆਏ ਮੁਸ਼ੱਰਫ਼ ਨੂੰ ਕਿਹਾ ਫ਼ੈਸਲ-ਏਥੇ ਭੁੱਲ ਹੁਣ ਪੈਰ ਨਾ ਧਰੀਂ ਬਾਬਾ!
ਆਪ ਤੂੰ ਤਾਂ ਅੜ੍ਹੰਗਿਆ ਜਾਣਾ ਈ ਐਂ ਕਿਤੇ ਸਾਡਾ ਵੀ ਕੂੰਡਾ ਨਾ ਕਰੀਂ ਬਾਬਾ!!

## 191. ਸ਼ਿਕੰਜਾ ਮੈਂਬਰਾਂ ਤੇ

ਪਾਰਲੀਮੈਂਟ ਵਿੱਚ ਬਹੁਤ ਖਰੂਦ ਪੈਂਦੈ ਏਸ ਗੱਲ ਨੂੰ ਕਿਵੇਂ ਕਰ ਰੋਕੀਏ ਜੀ।
ਆਪੋਜ਼ੀਸ਼ਨ ਨੇ ਬਹੁਤ ਹੈ ਅੱਤ ਚੁੱਕੀ ਝਟਕਾ ਦੇਈਏ ਤੇ ਏਸਨੂੰ ਟੋਕੀਏ ਜੀ।
ਬਿਨਾ ਗੱਲ ਤੋਂ ਪੈਂਦੇ ਹਨ ਗਲ਼ ਜਿਹੜੇ ਕਾਲ-ਕੋਠੜੀ ਇਹਨਾਂ ਨੂੰ ਠੋਕੀਏ ਜੀ।
ਸੰਸਦ ਹੈ ਕਿ ਵਾੜੈ ਇਹ ਬੱਕਰੀਆਂ ਦਾ? ਐਸੇ ਬੋਕਾਂ ਨੂੰ ਵਾੜੇ ਵਿੱਚ ਝੋਕੀਏ ਜੀ।
ਕਾਰਾ ਕਰਨ ਇਹ ਵਾਂਗ ਮਹਿਬੂਬ ਮੁਫ਼ਤੀ ਇਹਨਾਂ ਮਾਈਕ ਸਪੀਕਰ ਦਾ ਪੁੱਟ ਲੈਣੈਂ!
ਭੱਤੇ ਬੰਦ, ਫਲੈਟਾਂ 'ਚੋਂ ਧੂ ਕੱਢੋ ਇਹਨਾਂ ਰਹਿੰਦੇ ਖਜ਼ਾਨੇ ਨੂੰ ਲੁੱਟ ਲੈਣੈਂ!!

## 192. ਵੱਖਰੀ ਸ਼੍ਰੋਮਣੀ ਕਮੇਟੀ

ਸਾਨੂੰ ਸ਼੍ਰੋਮਣੀ ਜਾਨ ਤੋਂ ਵੱਧ ਪਿਆਰੀ ਦਿੱਤੇ ਸੀ ਤੇ ਲਈ ਹੈ ਮੁੱਲ ਭਾਈ।
ਤਾਂਬਲ ਫੇਰ ਕੇ ਅਸੀਂ ਮਹੰਤ ਕੱਢੇ ਕੀਤੇ ਕਬਜ਼ੇ ਗੁਰਧਾਮ ਇਉਂ ਕੁੱਲ ਭਾਈ।
ਅਸੀਂ ਸਿੱਖੀ ਦਾ ਸੀਗ੍ਹਾ ਪ੍ਰਚਾਰ ਕਰਨਾ ਬਹੁਤੇ ਕੰਮਾਂ ਵਿੱਚ ਗਏ ਪਰ ਭੁੱਲ ਭਾਈ।
ਹਿੱਸਾ ਮੰਗਣ ਹਰਿਆਣੇ ਦੇ ਸਿੱਖ ਸਾਥੋਂ ਫਿਰਦੇ ਅਸਾਂ ਨੂੰ ਲਾਉਣ ਨੂੰ ਟੁੱਲ ਭਾਈ।
ਸਿੱਧਾ ਮਸਲੈ ਇਹ ਅਸਾਂ ਦੇ ਧਰਮ ਵਾਲਾ ਟੰਗ ਏਥੇ ਨਹੀਂ ਕੋਈ ਅੜਾ ਸਕਦਾ!
ਜਿਉਂਦੇ-ਜਾਗਦੇ ਦਿਆਂਗੇ ਅਸੀਂ ਪਹਿਰਾ ਹੱਥ ਗੋਲਕ ਨੂੰ ਹੋਰ ਨਹੀਂ ਲਾ ਸਕਦਾ!!

(9 ਅਗਸਤ,09)



## 193. ਦੁਰਦਸ਼ਾ ਚਾਂਦ ਦੀ

ਚਾਂਦ ਬੀਬੀਆਂ ਤੋਂ ਖਰਾ ਤੰਗ ਆਇਆ ਰਾਸ ਸੀਮਾ ਤੇ ਫਿਜ਼ਾ ਨਾ ਰਾਸ ਆਈ।
ਭਜਨ ਲਾਲ ਕੁਲਦੀਪ ਨਾ ਮਿਲਣ ਆਏ ਮਾਈ ਜਮਨਾ ਹੀ ਅੰਤ ਨੂੰ ਪਾਸ ਆਈ।
ਫ਼ਿਜ਼ਾ ਕਿਹਾ ਇਹ ਟੱਬਰ ਹੈ ਕਮਲਿਆਂ ਦਾ ਚਾਂਦ ਅਜਗਰ ਨੂੰ ਕਦੋਂ ਮੈਂ ਰਾਸ ਆਈ।
ਪਾਵੇ ਦਾਣੇ ਜਨੌਰਾਂ ਨੂੰ ਸੌ ਕੁਇੰਟਲ ਸ਼ਰਤ ਵੱਲੋਂ ਬਿਸ਼ਨੋਈਆਂ ਵੀ ਖਾਸ ਆਈ।
ਟੁੱਟਾ ਚੂਕਣਾ ਤੇ ਉੱਤੋਂ ਦੁੱਖ ਐਨੇ ਆਖੇ ਸੁੱਖ ਪਰਵਾਰ ਦਾ ਲੋੜੀਏ ਜੀ!
ਏਸਤਰ੍ਹਾਂ ਦਾ ਮੰਜੇ ਤੇ ਪੈਣ ਮੰਦਾ ਚੰਦਰੇ ਇਸ਼ਕ ਲਈ ਕੁਰਸੀ ਨਾ ਛੋੜੀਏ ਜੀ!!

## 194. ਰੱਖੜੀ

ਅਜਮਲ ਵਿਚ ਅਦਾਲਤ ਦੇ ਪੇਸ਼ ਹੋਇਆ ਪੁਲਸ ਵਾਲਿਆਂ ਰੱਖੜੀਆਂ ਬੰਨ੍ਹੀਆਂ ਨੇ।
ਸਾਲ ਬਾਅਦ ਹੈ ਕਿਵੇਂ ਤਿਉਹਾਰ ਆਇਆ ਸੁੱਖਾਂ ਭਾਈਆਂ ਦੀਆਂ ਭੈਣਾਂ ਨੇ ਮੰਨੀਆਂ ਨੇ।
ਰੱਖੜੀ ਵਾਲੇ ਮਹੱਤਵ ਨੂੰ ਜਾਣ ਪੁਲਸੋਂ ਹੋਈਆਂ ਅਜਮਲ ਦੇ ਦਿਲ ਦੀਆਂ ਖੰਨੀਆਂ ਨੇ।
ਜ਼ਾਰੋ-ਜ਼ਾਰ ਰੋਇਆ ਭੁੱਬਾਂ ਮਾਰ ਅਜਮਲ ਲਾਲ ਕੀਤੀਆਂ ਅੱਖਾਂ ਦੀਆਂ ਗੰਨੀਆਂ ਨੇ।
ਫੇਰ ਫ਼ੱਕਰ ਨੂੰ ਓਸ ਪ੍ਰਸ਼ਨ ਕੀਤਾ-ਮੈਂ ਵੀ ਗੁੱਟ ਤੇ ਰੱਖੜੀ ਬੰਨ੍ਹਵਾ ਸਕਨਾਂ?
ਕਹਿਕੇ ਸੋਨੀਆ ਨੂੰ ਭਲਾ 'ਭੈਣ ਜੀ' ਮੈਂ, ਕੀ ਮੈਂ ਆਪਣੀ ਜਾਨ ਬਚਾ ਸਕਨਾਂ?

## 195. ਪੰਥ

ਸੋਚ ਪਰਖ ਕੇ ਫ਼ੱਕਰ ਨੇ ਖਰੀ ਆਖੀ-ਪ੍ਰਸ਼ਨ ਪਾਈਏ ਨਾ ਕਦੇ ਸਵਾਲੀਆਂ ਨੂੰ।
ਇਹ ਨਾ ਸੋਚੀਏ ਛੇਤੀ ਹੀ ਉੱਠ ਜਾਸਣ ਕਹਿਕੇ ਆਫ਼ਤਾਂ ਸੱਦ ਬਹਾਲੀਆਂ ਨੂੰ।
ਦਿਲ ਘਟੇ ਨਾ ਚਿੱਤ ਨੂੰ ਚੈਨ ਆਵੇ ਯਾਦ ਕਰੀਏ ਜੇ ਜੂਹਾਂ ਹੰਘਾਲੀਆਂ ਨੂੰ।
ਭੱਜਣਾ ਪਿਆਰ-ਇਕਰਾਰ ਦਾ ਇਸ਼ਕ ਵੱਲੋਂ ਮਿਹਣਾ ਪੰਥ ਦਾ ਜਿਵੇਂ ਅਕਾਲੀਆਂ ਨੂੰ।
ਇਕ ਦਿਨ ਕਰੀ ਟਕਸਾਲੀਆਂ ਇਕ ਮੀਟਿੰਗ ਆਏ ਫ਼ੱਕਰ ਨੂੰ ਉਹਨਾਂ ਸੁਆਲ ਕੀਤਾ!
ਕਿਹੜੇ ਲੀਡਰਾਂ ਟੋਕੇ ਦੇ ਹੇਠ ਧਰੀਏ ਬੱਕਰਾ ਪੰਥ ਦਾ ਜਿਹਨਾਂ ਹਲਾਲ ਕੀਤਾ?

## 196. ਮੰਦ-ਹਾਲੀ

ਟੱਬਰ ਕੂਕਦਾ ਪੰਥ ਵੱਲ ਮੂਹ ਕਰਕੇ-ਮੰਨੋ ਪੰਥ ਜੀ! ਨਹੀਂ ਮਨਮੋਹਨ ਚੰਗਾ।
ਜੱਗ ਕਹੇ 'ਸਿੱਖ ਚੰਗਾ' ਨਹੀਂ ਆਖ ਸਕਦੇ ਮਾੜਾ ਆਖ ਕੇ ਚੱਕਣਾ ਲੋਨ ਚੰਗਾ।
ਗੱਲ ਛੱਡੋ ਜੀ ਪੱਗੜੀਆਂ-ਦਾਹੜੀਆਂ ਦੀ ਲਗਦਾ ਅਸਾਂ ਨੂੰ ਜੀ ਘੋਨ-ਮੋਨ ਚੰਗਾ।
ਭੁੱਲੀਏ ਪੰਥ ਪਰ ਵੋਟਾਂ ਵਿੱਚ ਯਾਦ ਆਵੇ ਲੱਗੇ ਪੰਥ ਦਾ ਝੰਡਾ ਤਿਕੋਨ ਚੰਗਾ।
ਗੱਲ ਅਕਲ ਦੀ ਸਦਾ ਮਨਮੋਹਨ ਕਰਦਾ ਵੈਰ ਅਕਲ ਪਰ ਪਈ ਅਕਾਲੀਆਂ ਦੇ!
ਖਾਤਰ ਕੁਰਸੀ ਦੀ ਪੰਥ ਨੂੰ ਵੇਚਿਓ ਨੇ ਕਿੱਸੇ ਕਹਿ ਨਾ ਫ਼ੱਕਰ ਮੰਦ-ਹਾਲੀਆਂ ਦੇ!!

(15 ਅਗਸਤ, 09)

## 197. ਪਬਲਿਸਿਟੀ

ਆਪੋ-ਧਾਪੀ ਵਿੱਚ ਫ਼ੱਕਰਾ ਕੌਣ ਸੁਣਦੈ? ਸੁਣਦਾ ਕੌਣ ਹੈ ਸੁਪਨੇ ਵਿਚ ਚੀਕਿਆਂ ਦੀ?
ਪਾਣੀ ਪੀਣ ਦਰਿਆਵਾਂ ਦੇ ਦੂਰ ਰਹਿਗੇ ਹੁੱਣ ਰੁੱਤ ਆਈ ਹੈ ਨਸ਼ੇ ਦੇ ਟੀਕਿਆਂ ਦੀ।
ਉੱਡ ਗਈ ਸੰਜੀਦਗੀ ਮਹਿਫਲਾਂ 'ਚੋਂ ਤੂਤੀ ਬੋਲੇ ਅੱਜ ਛੇਕਿਆਂ-ਲੀਕਿਆਂ ਦੀ।
ਤੇਰੇ ਰਫ਼ੀ, ਸੁਰਿੰਦਰ ਉਹ ਦੂਰ ਰਹਿ ਗੇ ਰੁੱਤ ਆਈ ਹੈ ਮੀਕਿਆਂ-ਛੀਕਿਆਂ ਦੀ!
ਲੈ ਕੇ ਮੀਕੇ ਨੇ ਰਾਖੀ ਦੀ ਇਕ ਬੁੱਘੀ ਚਰਚਾ ਆਪਣੀ ਪਹਿਲਾਂ ਕਰਵਾਈ ਕਿੱਦਾਂ।
ਚੁੰਮੀ ਲਈ ਨਿਗਾਰ ਦੀ ਨਾਰਵੇ ਵਿੱਚ ਬੁੱਝਦੀ ਆਪਣੀ ਸ਼ਮ੍ਹਾਂ ਜਗਾਈ ਕਿੱਦਾਂ!!

## 198. ਨੀਂਦ

ਵੇਖੋ 'ਪੰਥਕ-ਸਰਕਾਰ' ਦਾ ਹੁਕਮ ਤਾਜ਼ਾ ਰੱਖਿਆ ਡੇਰਾ -ਪ੍ਰੇਮੀਆਂ ਕਰਾਂਗੇ ਜੀ।
ਨਾਮ-ਚਰਚਾ ਵਿਚ ਜੀਹਨੇ ਵੀ ਵਿਘਨ ਪਾਇਆ ਥੱਲੇ ਡਾਂਗ ਦੇ ਓਸਨੂੰ ਧਰਾਂਗੇ ਜੀ।
ਜਾਈ ਜਾਣ ਜੱਥੇ ਸਿੱਖ ਮਰਨ ਭਾਵੇਂ ਹਾਮੀ ਇਹਨਾਂ ਦੀ ਮੂਲ ਨਾ ਭਰਾਂਗੇ ਜੀ।
ਵੰਡੇ ਸਿੱਖ, ਨਾ ਬਣੇ ਸਰਕਾਰ ਸਾਡੀ ਸਦਮੇ ਏਸਨੂੰ ਕਿਸਤਰ੍ਹਾਂ ਜਰਾਂਗੇ ਜੀ?
ਹੁਕਮਨਾਮੇ ਦੀ ਦਸਦੇ ਓਂ ਗੱਲ ਸਾਨੂੰ? ਇਕ ਫ਼ੋਨ ਦੇ ਨਾਲ ਬਦਲਾ ਦਿਆਂਗੇ!
ਜਦੋਂ ਤੱਕ ਹੋ ਪੰਥ ਜੀ ਤੁਸੀਂ ਸੁੱਤੇ ਜਿਹੜਾ ਚਾਹਾਂਗੇ ਚੰਨ ਚੜ੍ਹਾ ਦਿਆਂਗੇ!!

## 199. ਫਾਹੇ

ਕਿੱਥੇ ਕ੍ਰਿਕਟ ਤੇ ਕਿੱਥੇ ਇਹ ਰਾਜਨੀਤੀ ਸਿੱਧੂ ਸੋਚ ਕੀ ਮਾਰੀ ਸੀ ਛਾਲ ਕਿੱਦਾਂ!
ਮੂੰਹ ਵੇਖਕੇ ਲੋਕਾਂ ਨੇ ਵੋਟ ਪਾਏ ਫੇਰ ਗਿੱਬਿਆ ਚਾਓ ਦੇ ਨਾਲ ਕਿੱਦਾਂ।
ਟੀ.ਵੀ. ਫਿਲਮਾਂ ਵਿੱਚ ਆਇ ਕੇ ਸ਼ਿਅਰ ਬੋਲੇ ਆਪਣੇ ਜਾਣੇ ਸੂ ਕੀਤੀ ਕਮਾਲ ਕਿੱਦਾਂ।
ਰਲ਼ ਰਲ਼ ਭਾਜਪਾ ਨਾਲ ਬਹੁ ਹਵਨ ਕੀਤੇ ਤਿਲਕ ਖ਼ੂਬ ਲਵਾਇਓ ਨੇ ਲਾਲ ਕਿੱਦਾਂ।
ਮਾਂਜੇ ਗਏ ਨਿਹੰਗਾਂ ਦੇ ਡੋਲ ਵਾਂਗੂੰ ਸਿੱਧੂ ਹੰਸ ਹੁਣ ਕਿਤੇ ਵੀ ਲੱਭਦੇ ਨਹੀਂ!
ਚੁੱਕ ਅੱਡੀਆਂ ਜਿਹਨਾਂ ਨੇ ਲਏ ਫਾਹੇ ਉੱਤੇ ਟੀ.ਵੀ. ਸਟੇਜਾਂ ਦੇ ਫੱਬਦੇ ਨਹੀਂ!!

## 200. ਅਫ਼ਵਾਹ

ਬੀਬੀ ਬੀ.ਪੀ.ਓ. ਵਿੱਚ ਸੀ ਕੰਮ ਕਰਦੀ ਨਵਾਂ ਨਵਾਂ ਸੀ ਹੋਇਆ ਵਿਆਹ ਭਾਈ।
ਦੂਜੀ ਸ਼ਿਫਟ 'ਤੇ ਪਤੀ ਸੀ ਕੰਮ ਕਰਦਾ ਪੂਰੀ ਹੋਵੇ ਨਾ ਬੀਬੀ ਦੀ ਚਾਹ ਭਾਈ।
ਲਾਹਾ ਵਿਆਹ ਦਾ ਲੈਣ ਦੀ ਤਾਂਘ ਵੱਡੀ ਸੋਚ ਲੱਭਿਆ ਸੂ ਕੇਹਾ ਰਾਹ ਭਾਈ।
'ਬੰਬ ਦਫ਼ਤਰ ਵਿੱਚ ਕਿਸੇ ਹੈ ਫਿੱਟ ਕੀਤਾ' ਦਿੱਤੀ ਇਹ ਉੱਡਾਅ ਅਫ਼ਵਾਹ ਭਾਈ।
ਛੁੱਟੀ ਹੋਵੇ ਤਾਂ ਲਵਾਂ ਅਨੰਦ ਪੂਰਾ ਚਾਓ ਦਿਲ ਦਾ ਦਿਲੇ ਵਿਚ ਰਿਹਾ ਕੀਕਰ!
ਪਤੀ ਥਾਂਵੇਂ ਉਹ ਫੜੀ ਗਈ ਪੁਲਸ ਵੱਲੋਂ ਖੋਤਾ ਤਾਂਘ ਦਾ ਖੂਹੇ ਵਿਚ ਡਿਹਾ ਕੀਕਰ!!

(23 ਅਗਸਤ,09)

## 201. ਦਾਤ

'ਕਾਂਗਰਸ ਫ਼ਾਰ ਸੈਕਸੁਅਲ ਹੈਲਥ' ਦਸਵੀਂ ਬਹਿ ਕੇ ਵਿਚ ਸਵੀਡਨ ਵਿਚਾਰਿਆ ਏ।
ਚੰਗਾ ਖਾਣ ਨਾ, ਕਸਰਤ ਨਾ ਮਰਦ ਕਰਦੇ ਇਹਨਾਂ ਗੱਲਾਂ ਨੂੰ ਇਹਨਾਂ ਵਿਸਾਰਿਆ ਏ।
ਰੋਗ ਦਿਲੇ ਦੇ, ਸ਼ੂਗਰ ਦੇ ਹੋਣ ਰੋਗੀ ਅੱਗਾ ਚੱਲਿਐ ਇਹਨਾਂ ਦਾ ਮਾਰਿਆ ਏ।
ਲਾਊ ਬਾਹਰਲੀ ਸਫ਼ਲਤਾ ਰੰਗ ਕਿਹੜੇ ਘਰ ਹੀ ਗਿਆ ਨਾ ਜਦੋਂ ਸਵਾਰਿਆ ਏ?
ਫ਼ੱਕਰ ਕਿਹਾ-ਓਏ ਬੰਦਿਓ ਬਣੋ ਬੰਦੇ ਮੰਨੋ ਆਖਿਆ ਕਿਹਾ ਜੋ ਦਾਨਿਆਂ ਨੇ!
ਦਿੱਤੀ ਦਾਤ ਨੂੰ, ਦਾਤ ਬਣਾਇ ਵਰਤੋ ਖ਼ੁਸ਼ੀ ਦੇਣੀ ਨਹੀਂ ਖੁੰਝੇ ਨਿਸ਼ਾਨਿਆਂ ਨੇ!!

## 202. ਪੁਸਤਕ

ਲਿਖੀ ਪੁਸਤਕ ਜਸਵੰਤ ਕੀ ਅੱਗ ਉੱਠੀ ਪੜ੍ਹ ਕੇ ਭਾਜਪਾ ਟੁੱਟਣ ਨੂੰ ਆਈ ਵੇਖੋ।
ਗੱਲ ਕੀਤੀ ਜਿਨਾਹ ਦੀ ਆਣ ਕੇਹੀ ਅੱਧੀ ਦੁਨੀਆਂ 'ਤੇ ਪਈ ਦੁਹਾਈ ਵੇਖੋ।
ਨਾਲ ਜ਼ੋਰ ਅਡਵਾਨੀ ਦੀ ਖੱਲ ਪੱਟੀ ਨਾਲੇ ਮੋਦੀ ਦੀ ਕੀਤੀ ਘਸਾਈ ਵੇਖੋ।
ਨਿਕਲ ਭਾਜਪਾ 'ਚੋਂ ਚੰਗਾ ਨਾਂ ਵਿਕਿਆ ਹੋਈ ਪੁਸਤਕ ਦੀ ਸੋਹਣੀ ਵਿਕਾਈ ਵੇਖੋ।
ਹੱਥ ਪੱਟਾਂ 'ਤੇ ਮਾਰ ਅਡਵਾਨੀ ਰੋਵੇ-ਹੇਠ ਰੱਖ ਕੁਹਾੜੇ ਦੇ ਵੱਢਿਆ ਈ!
ਅੱਗੋਂ ਕਹੇ ਜਸਵੰਤ ਲੱਖ ਵੱਟਿਆ ਮੈਂ ਚੰਗਾ ਭਾਜਪਾ 'ਚੋਂ ਤੁਸਾਂ ਕੱਢਿਆ ਈ!!

## 203. ਕੈਂਪ

ਖੜ੍ਹ ਗਏ ਗੋਡੇ ਨੇ ਯਾਰੋ ਟਕਸਾਲੀਆਂ ਦੇ ਆਓ ਇਹਨਾਂ ਦੇ ਉੱਤੇ ਟਕੋਰ ਕਰੀਏ।
ਰੌਲ਼ਾ ਬਿਜਲੀ ਤੇ ਭਾਵਾਂ ਦਾ ਕੰਨ ਪਾੜੇ ਆਵੋ ਕੰਮ ਦੀ ਗੱਲ ਕੋਈ ਹੋਰ ਕਰੀਏ।
ਲੌਂਗੋਵਾਲ ਦਾ ਦਲ ਵੀ ਫ਼ੰਨ੍ਹ ਚੁੱਕਦੈ ਮੰਗ ਸਮੇਂ ਦੀ ਏਸ ਨਾਲ ਜ਼ੋਰ ਕਰੀਏ।
ਮੰਥਨ-ਮੁੰਥਨ ਤਾਂ ਹੁੰਦੇ ਹਨ ਬਚਣ ਖਾਤਰ ਮਸਲੇ ਟਾਲਣ ਲਈ ਕੋਈ ਘਚੋਰ ਕਰੀਏ।
ਕਰੀਏ ਹੀਲਾ ਟਕਸਾਲੀਆਂ ਗੰਢਣੇ ਦਾ ਸ਼ਿਮਲੇ ਕੈਂਪ ਲਾ ਇਹਨਾਂ ਬੁਲਾਈਏ ਜੀ!
ਰੋਜ਼ ਭੁੜਕਦੇ 'ਪੁੱਛ-ਦੱਸ ਨਹੀਂ ਹੁੰਦੀ' ਆਓ ਇਹਨਾਂ ਨੂੰ ਬਰਫ਼ ਵਿੱਚ ਲਾਈਏ ਜੀ!!

## 204. ਡੂਮਣਾ

ਆਏ ਮੀਟਿੰਗ ਦੇ ਉੱਤੇ ਵਜ਼ੀਰ ਸਾਰੇ ਆਇਆ ਕੋਈ ਨਾ ਜੇ ਮਨਪ੍ਰੀਤ ਹੈ ਸੀ।
ਐਥੇ ਸਮੇਂ ਜਿਸ ਮੋਢਾ ਹੀ ਨਹੀਂ ਦਿੱਤਾ ਕਿਹੜੇ ਪਾਸਿਓਂ ਸਾਡਾ ਇਹ ਮੀਤ ਹੈ ਸੀ!
ਕੁਰਸੀ ਦਿੱਤੀ ਪਰ ਦਾਓ ਨਾ ਹੇਠ ਆਵੇ ਦਿਸਿਐ ਏਸਨੂੰ ਇਹਦਾ ਅਤੀਤ ਹੈ ਸੀ?
ਜਿਹੜਾ ਰਗੜਦਾ ਪਲੋ ਪਲ ਗਲ਼ਾ ਸਾਡਾ ਇਹ ਭਤੀਜ ਕਿ ਤਿੱਖਾ ਤਵੀਤ ਹੈ ਸੀ।
ਸੋਚੇ ਬਾਦਲ ਕਿ ਕਾਸਤੋਂ ਕਰੀ ਗ਼ਲਤੀ ਕਾਹਤੋਂ ਕੁੰਜੀਆਂ ਹੱਥੀਂ ਫੜਾ ਬੈਠਾ!
ਐਵੇਂ ਰੱਖ ਕੇ ਸ਼ਹਿਦ ਦੀ ਆਸ ਮਿੱਠੀ ਹਾਏ ਡੂਮਣਾ ਕਾਹਤੋਂ ਲੜਾ ਬੈਠਾ?

(30 ਅਗਸਤ,09)

## 205. ਗਣਨਾ

ਸਦਕੇ ਜਾਈਏ ਪੰਜਾਬ ਸਰਕਾਰ ਉੱਤੋਂ ਸਦਾ ਸਾਰ ਜੋ ਰੱਖੇ ਪ੍ਰਵਾਸੀਆਂ ਦੀ।
ਕਿੱਥੇ ਕਿੰਨੇ ਤੇ ਕਿੱਥੇ ਇਹ ਹਨ ਕਿੰਨੇ ਚਿੰਤਾ ਖਾਏ ਜਿਸ ਬਾਹਰਲੇ ਵਾਸੀਆਂ ਦੀ।
ਰੋਂਦਾ ਦਿਸਦਾ ਨਹੀਂ ਇਹਨੂੰ ਪੰਜਾਬ ਅੰਦਰ ਰਾਖੀ ਕਰੇ ਪਰ ਸਾਡੀਆਂ ਹਾਸੀਆਂ ਦੀ।
ਮਾਰਨ ਕੱਛਾਂ ਪਰਦੇਸੀ ਅਖ਼ਬਾਰ ਪੜ੍ਹ ਕੇ-ਆਹ ਤਾਂ ਸੁਣੀ ਗਈ ਅਸਾਂ ਜੀ ਖਾਸੀਆਂ ਦੀ।
ਫ਼ੱਕਰ ਆਖਿਆ ਭੋਲਿਓ ਕਿਉਂ ਭੁੱਲੇ ਉਹ ਤਾਂ ਲੱਭਦੇ ਹਨ ਹਾਰ ਪੁਆਣ ਵਾਲੇ!
ਹਿੱਸਾ-ਪੱਤੀ ’ਤੇ ਪੈਸਾ ਨਿਵੇਸ਼ -ਕਰਨੇ, ਚੋਣ ਆਈ ਤੋਂ ਚੰਦਾ ਪਹੁੰਚਾਣ ਵਾਲੇ!!

## 206. ਹਾਦਸਾ

ਹੈਲੀਕਾਪਟਰ ਹਾਦਸਾ ਪੇਸ਼ ਆਇਆ ਲੋਕ ਰੈਡੀ ਨੂੰ ਲੱਖ ਹਜ਼ਾਰ ਰੋਂਦੇ।
ਨਹੀਂਓਂ ਆਂਧਰਾ, ਦੇਸ਼ ਵਿੱਚ ਸੋਗ ਛਾਇਆ ਪਏ ਕਿਸਤਰ੍ਹਾਂ ਨੇ ਜ਼ਾਰੋ-ਜ਼ਾਰ ਰੋਂਦੇ।
ਹਰਮਨ ਪਿਆਰਤਾ ਦੀ ਕਿਵੇਂ ਹੱਦ ਮੁੱਕੀ ਕਿਵੇਂ ਸਾਰੇ ਹਨ ਨਾਲ ਪਿਆਰ ਰੋਂਦੇ।
ਅਠਾਹਟ ਬੰਦਿਆਂ ਦਿੱਤੀਆਂ ਹਨ ਜਾਨਾਂ ਲੈ ਕੇ ਦਿਲਾਂ ਤੇ ਗ਼ਮਾਂ ਦਾ ਭਾਰ ਰੋਂਦੇ।
ਮੁੱਖ-ਮੰਤਰੀ ਬਣੇ ਜੇ ਤੂੰ ਫ਼ੱਕਰ ਭੋਰਾ ਪੰਥ ਦਾ ਕੰਮ ਨਾ ਕਰੇਂਗਾ ਤੂੰ!
ਮੇਰਾ ਖਿਆਲ ਨਹੀਂ ਤੇਰੇ ਕੋਈ ਮਗਰ ਮਰਜੇ ਜਿੱਦਣ ਮਰੇਂਗਾ ’ਕੱਲਾ ਹੀ ਮਰੇਂਗਾ ਤੂੰ!!

## 207. ਖੋਰਾ

ਨੇੜੈ ਆਉਣ ਕਮੇਟੀ ਦੀ ਚੋਣ ਲੱਗੀ ਫੜ ਲਏ ਬਾਦਲਾਂ ਦਾਓ ਘਚਾਨੀਆਂ ਦੇ।
ਕਰਨ ਲੱਗੇ ਹਨ ਪੁੱਠੜੇ ਕੰਮ ਕੀਕਰ ਵਰਤਣ ਲੱਗ ਪਏ ਪੇਚ ਜ਼ਨਾਨੀਆਂ ਦੇ।
ਪੰਥ ਪਿੱਛੇ ਤੇ ਹੋਇਆ ਪ੍ਰਵਾਰ ਪਹਿਲਾਂ ਕੰਮ ਵਿੱਢ ਲਏ ਧਰਮ ਦੀਆਂ ਹਾਨੀਆਂ ਦੇ।
ਪਾਉਣ ਲੱਗ ਪਏ ਸੱਚਿਆਂ ਕੇਸ ਝੂਠੇ ਦੌਰ ਸੱਦ ਲਏ ਫੇਰ ਕੁਰਬਾਨੀਆਂ ਦੇ।
ਜਰੀ ਗਈ ਨਾ ਚੜ੍ਹਤ ਦਲਜੀਤ ਸਿੰਘ ਦੀ ਆਖਣ-ਸ਼ੇਰ ਨੂੰ ਪਿੰਜਰੇ ਪਾ ਦਿਆਂਗੇ!
ਵੋਟ-ਬੈਂਕ ਨੂੰ ਲੱਗਾ ਸੀ ਲਾਉਣ ਖੋਰਾ ਅਸੀਂ ਬਿੱਟੂ ਨੂੰ ਮਾਨ ਬਣਾ ਦਿਆਂਗੇ!!

## 208. ਵੋਟ

ਫ਼ੱਕਰ ਆਖਿਆ-ਭਾਈ ਪ੍ਰਕਾਸ਼ ਸਿੰਘਾ ਬਹਿ ਕੇ ਝੂਠ ਤੇ ਸੱਚ ਨਿਤਾਰੀਏ ਜੀ।
ਜਿਹੜੀ ਤਾਸ਼ ਤੋਂ ਆਲਮ ਹੀ ਹੋਏ ਵਾਕਫ਼ ਉਹਦੇ ਪੱਤੇ ਨਾ ਐਂਵੇਂ ਖਿਲਾਰੀਏ ਜੀ।
ਸੰਗਤ-ਦਰਸ਼ਨ ਸੀ ਲਛਮਣ ਗਿੱਲ ਸ਼ੁਰੂ ਕੀਤਾ ਡਾਕਾ ਕਿਸੇ ਘਰ ਇਓਂ ਨਾ ਮਾਰੀਏ ਜੀ।
ਕੀਤਾ ਬਰਾੜ, ਕਪਤਾਨ ਪੰਜਾਬ ਸੰਦਾ ਓਸ ਕੀਤੇ ਨੂੰ ਨਹੀਂ ਵਿਸਾਰੀਏ ਜੀ।
ਜਿਹੜੀ ਕੁਰਸੀ ਦਾ ਆਉਣ ਅਨੰਦ ਲੱਗੈ ਇਹਦੀ ਸਦਾ ਨਾ ਪਿੱਠ ਨੂੰ ਓਟ ਰਹਿਣੀ!
ਇਕ ਦਿਨ ਰੁੱਤ ਸਲੂਟਾਂ ਦੀ ਚਲੀ ਜਾਣੀ ਤੇਰੀ ਆਪਣੀ ਵੀ ਨਹੀਂਓਂ ਵੋਟ ਰਹਿਣੀ!!
(6 ਸਤੰਬਰ, 09)



## 209. ਛਾਲ

ਬੱਲੇ! ਚਾਂਦ ਤੋਂ ਅੱਗੇ ਦੀ ਛਾਲ ਮਾਰੀ ਕਿਵੇਂ ਕਾਜ ਰਚਾਇਆ ਅਜਮੇਰ ਸਿੰਘਾ।
ਭੂਤ ਇਸ਼ਕ ਦਾ ਚਿੰਬੜਿਆ ਕਿਸ ਉਮਰੇ ਕਿਵੇਂ ਧਰਮ ਬਦਲਾਇਆ ਅਜਮੇਰ ਸਿੰਘਾ।
ਛੱਬੀ ਸਾਲਾ ਸ਼ਬੀਨਾ ਨਾਲ ਵਿਆਹ ਕਰਕੇ ਕਿਵੇਂ ਜੱਗ ਹਸਾਇਆ ਅਜਮੇਰ ਸਿੰਘਾ।
ਪਤਨੀ ਪਿੱਟੇ ਸੀ ਕੁੜੀਆਂ ਦੇ ਵਿਆਹ ਕਰਨੇ ਆਪ ਚੁੱਕ ਕਰਵਾਇਆ ਅਜਮੇਰ ਸਿੰਘਾ।
ਫ਼ੱਕਰ ਆਖਿਆ -ਸ਼ਾਵਾ ਅਜਮੇਰ ਸਿੰਘਾ ਸੋਹਣੀ ਭੱਲ ਬਣਾਈ ਪ੍ਰਦੇਸੀਆਂ ਦੀ!
ਸੱਤਰ ਸਾਲ ਕੀ ਹੁੰਦੀ ਹੈ ਉਮਰ ਕਾਕਾ ਕਰਤੀ ਚੰਗੀ ਚੜ੍ਹਾਈ ਪ੍ਰਦੇਸੀਆਂ ਦੀ!

## 210. ਪੰਜਾਬੀ-ਸੂਬਾ

ਜੀਹਨੂੰ ਸੋਚ ਹੀ ਦਿਲੇ ਵਿੱਚ ਛੇਕ ਪੈਂਦੇ ਗੱਲ ਕਾਸਨੂੰ ਐਸੀ ਉਚਾਰੀਏ ਜੀ।
ਜੇਕਰ ਵੇਖਣਾ ਚਾਹੀਏ ਪੰਜਾਬ ਚੰਗਾ ਐਨਕ ਕੈਰੋਂ ਦੀ ਵਿੱਚੋਂ ਨਿਹਾਰੀਏ ਜੀ।
ਜੜ੍ਹ ਵੱਢੀ ਪੰਜਾਬੀ ਦੀ, ਲਈ ਕੁਰਸੀ ਏਸ ਗੱਲ ਨੂੰ ਬੈਠ ਵਿਚਾਰੀਏ ਜੀ।
ਤਾਣੀ ਉਲਝ ਗੀ ਜਾਣਦੇ ਹਨ ਸਾਰੇ ਦੱਸੋ ਏਸਨੂੰ ਕਿਵੇਂ ਸਵਾਰੀਏ ਜੀ।
ਫ਼ੱਕਰ ਇਕ ਪੰਜਾਬੀ ਨੂੰ ਪੁੱਛਿਆ ਸੂ-ਦੱਸੋ ਕੌਣ ਪੰਜਾਬ ਤਬਾਹ ਕਰ ਗੇ?
ਉੱਤਰ ਮਿਲਿਆ-ਬਣਾਇਕੇ ਸਾਕ ਸੰਘੀ ਹੱਥੀਂ ਆਪਣੀ ’ਕਾਲੀ ਫ਼ਨਾਹ ਕਰ ਗੇ!

## 211. ਪਾਣੀ

ਪੁੱਛੀਏ ਖ਼ਬਰ ਪੰਜਾਬ ’ਚੋਂ ਆਉਂਦਿਆਂ ਤੋਂ ਖ਼ਬਰ ਪੁੱਛੀਏ ਪਿੰਡ ਦੇ ਹਾਣੀਆਂ ਦੀ।
ਨੈਣ ਚੋਣ ਹੰਝੂ ਦਿਲ ਨੂੰ ਹੌਲ ਪੈਂਦੇ ਉਹਨਾਂ ਵਿੱਛੜੀਆਂ ਚਾਸ਼ਣੀ-ਢਾਣੀਆਂ ਦੀ।
ਕੇਂਦਰ ਹੱਕ ਮਾਰੇ, ਕਿਉਂ ਨਾ ਹੱਕ ਮੰਗੇ? ਸਾਰ ਲਈ ਨਾ ’ਕਾਲੀਆਂ ਪਾਣੀਆਂ ਦੀ।
ਛੱਡ ਨਹਿਰਾਂ ਕੀ ਨਲਕੇ ਨਾ ਮਿਲੇ ਪਾਣੀ ਗੇੜ ਥੱਕ ਗਈ ਬਾਂਹ ਸੁਆਣੀਆਂ ਦੀ।
ਲੀਡਰ ਆਖਿਆ ਪਾਣੀ ਦੀ ਗੱਲ ਛੱਡੋ ਪਿੱਛੇ ਵੋਟ ਦੇ ਨ੍ਹਾਵੋ ਸ਼ਰਾਬ ਦੇ ਨਾਲ!
ਸਾਡਾ ਕੀ ਹੈ? ਅਸਾਂ ਨੂੰ ਮਿਲੇ ਕੁਰਸੀ ਸਾਰ ਲਵਾਂਗੇ ਅਸੀਂ ਪਿਸ਼ਾਬ ਦੇ ਨਾਲ!!

## 212. ਪ੍ਰਦੇਸ

ਫ਼ੱਕਰਾ ਲੜੀ ਛੁਟਕੀ, ਲੜੀ ਛੁਟਕ ਚੱਲੀ ਛੁੱਟ ਚੱਲੀਆਂ ਗੱਲਾਂ ਸਭ ਗੂੜ੍ਹੀਆਂ ਨੇ।
ਵਿਰਸਾ ਅਤੇ ਵਿਰਾਸਤਾਂ ਦੂਰ ਰਹੀਆਂ ਉਹ ਤਾਂ ਬਣ ਗੀਆਂ ਰੂੜ੍ਹੀਆਂ ਰੂੜੀਆਂ ਨੇ।
ਢੱਡ-ਸਾਰੰਗੀ ਗਏ ਅਲਗੋਜ਼ੇ ਕਿੱਥੇ ਲੱਦ ਗਏ ਕਹਾਰ ਤੇ ਚੂੜੀਆਂ ਨੇ।
ਰੋਟੀ ਮਾਂ ਦੇ ਹੱਥਾਂ ਦੀ ਸਾਗ ਤੁਰ ਗੇ ਬਰਗਰ ਟੱਪ ਗਏ ਛੋਲੇ ਤੇ ਪੂੜੀਆਂ ਨੇ।
ਹੁਣ ਤਾਂ ਬੈਠ ਕੇ ਪਾਰਕ ਦੇ ਬੈਂਚ ਉੱਤੇ ਗੱਲਾਂ ਮਨ ਵਿੱਚ ਸੋਚ ਵਿਚਾਰੀਏ ਜੀ!
ਕਦੇ ਬੋਕ ਦੇ ਸਿੰਗਾਂ ਨਾ ਹੱਥ ਪਾਈਏ ਰੋੜਾ ਕਦੇ ਮਖਿਆਲ ਨਾ ਮਾਰੀਏ ਜੀ!!
(14 ਸਤੰਬਰ, 09 )

## 213. ਪੰਜਾਬੀ

ਭਾਵੀ ਵਿੱਚ ਸੰਗਰੂਰ ਦੇ ਕੀ ਬੀਤੀ ਨਿੱਕੇ ਪਾੜ੍ਹਿਆਂ ਦੀ ਲੱਥੀ ਝੰਡ ਯਾਰੋ।
ਕਿਉਂਕਿ ਬੋਲੀ ਪੰਜਾਬੀ ਤਾਂ ਵਰ੍ਹੇ ਡੰਡੇ ਬੋਲੀ ਮਾਂ-ਬੋਲੀ ਮਿਲਿਆ ਦੰਡ ਯਾਰੋ।
ਵਾਂਗ ਪਸ਼ੂਆਂ ਦੇ ਹੋਸਟਲ ਵਿੱਚ ਤਾੜੇ ਬਹੁਤ ਹੋਏ ਅਧਿਕਾਰੀ ਪ੍ਰਚੰਡ ਯਾਰੋ।
ਸ਼ਰ੍ਹੇਆਮ ਪੰਜਾਬ ਦੇ ਵਿੱਚ ਹੋਈ ਜੀਕਰ ਮਾਓਂ ਪੰਜਾਬੜੀ ਰੰਡ ਯਾਰੋ।
ਹੱਥ ਵਿੱਚ ਡੰਡਾ ਤੇ ਪ੍ਰਿੰਸੀਪਲ ਇਓਂ ਆਖੇ-ਮੁੱਖੋਂ ਬੋਲ ਪੰਜਾਬੀ ਨਾ ਮੂਲ ਕਾਕਾ!
ਜੋ ਵੀ ਕਹਿਣਾ ਅੰਗਰੇਜ਼ੀ ਦੇ ਵਿੱਚ ਕਹਿ ਦੇ ਦਿਲੋਂ ਮੰਨ ਸਰਕਾਰ ਦਾ ਰੂਲ ਕਾਕਾ!!

## 214. ਨਕਲੀ

ਮੁੱਢ ਤੋਂ ਦੁਨੀਆਂ ਤੇ ਨਕਲ ਪ੍ਰਧਾਨ ਫ਼ੱਕਰ ਅੱਜ ਵੀ ਵਿਕਦੇ ਨੇ ਏਥੇ ਕਿਰਦਾਰ ਨਕਲੀ।
ਇਹ ਜੋ ਨਾਰ ਭਤਾਰ ਹਨ ਸਭ ਨਕਲੀ ਊਂ ਤਾਂ ਕਰਨ ਪਰ ਕਰਨ ਪਿਆਰ ਨਕਲੀ।
ਨਕਲੀ ਮਿਲਣ ਝਰਨੇਂ ਆਖੋਂ ਚੱਲ ਪੈਵਣ ਲੱਗੇ ਸੱਚੀ ਪਰ ਹੁੰਦੀ ਬਹਾਰ ਨਕਲੀ।
ਕੋਈ ਕਿਸੇ ਦਾ ਯਾਰ ਨਾ ਦੁਨੀ ਉੱਤੇ ਘਰ-ਬਾਰ ਤੇ ਆਰ-ਪਰਵਾਰ ਨਕਲੀ।
ਸੋਨਾ ਡੁੱਬ ਮੋਇਆ ਪਿੱਤਲ ਰੁੱਖ ਚੜ੍ਹਿਆ ਫ਼ੱਕਰ ਧਾਹਾਂ ਪੜਛੱਤੇ ਚੜ੍ਹ ਮਾਰੀਆਂ ਨੇ!
ਏਸ ਤਰ੍ਹਾਂ ਦੇ ਭਾਈਆ ਵਿਹਾਰ ਹੋਗੇ ਦਲ ਤੇ ਭਾਜਪਾ ਲਾਈਆਂ ਜਿਉਂ ਯਾਰੀਆਂ ਨੇ!!

## 215. ਠੁਕੀ ਮੰਜੀ

ਕੋਰਟ ਉਤਲੀ ਤੋਂ ਕੜਕਵਾਂ ਹੁਕਮ ਹੋਇਆ ਮਾਇਆਵਤੀ ਦੀ ਮੁੱਠੀ ਵਿੱਚ ਜਾਨ ਆਈ।
ਜਿਹੜੀ ਵਾਂਗ ਬਘਿਆੜੀ ਦੇ ਬੁੜ੍ਹਕਦੀ ਸੀ ਹੌਂਕ ਹੌਂਕ ਕੇ ਮੂੰਹੋਂ ਜ਼ੁਬਾਨ ਆਈ।
ਜਦੋਂ ਪਿਆ ਰੌਲ਼ਾ ਲੋਕੀ ਕਹਿਣ ਸਾਰੇ-ਕਿਵੇਂ ਜਾੜ੍ਹ ਦੇ ਹੇਠ ਰਕਾਨ ਆਈ।
ਫੇਰ ਬੋਲੀ ਨਾ ਮੂੰਹ ਵੀ ਖੋਹਲਿਆ ਨਾ ਮੁਸਲਮਾਨ ਨੂੰ ਜਿਵੇਂ ਰਮਜ਼ਾਨ ਆਈ।
ਪੈਂਦੇ ਹੱਥ ਤੋਂ ਸੱਭੇ ਹੀ ਸ਼ੌਕ ਪੂਰੇ ਆਈਆਂ ਪਾਰਕੀਂ ਬੁੱਤਾਂ-ਹਨ੍ਹੇਰੀਆਂ ਨੇ!
ਮੰਜੀ ਕੋਰਟ ਨੇ ਠੋਕੀ ਤਾਂ ਕਹੇ ਮਾਇਆ-ਰਹੀਆਂ ਦਿਲੇ ਵਿੱਚ ਦਿਲ ਦੀਆਂ ਮੇਰੀਆਂ ਨੇ!!

## 216. ਛਿਕਲੀਆਂ

ਹੋਵੇ ਸ਼ਿਮਲਾ ਤੇ ਠੰਢੜੀ ਵਾਓ ਚੱਲੇ ਹੋਰ ਪਾਸੜੇ ਕਾਸਤੋਂ ਮੁੱਖ ਕਰੀਏ?
ਨਾਲ ਵਾਓ ਦੇ ਵਗੀਏ ਭਤੀਜ ਮੇਰੇ ਭੁੱਲ ਕੇ ਉਲਟੜਾ ਕਦੇ ਨਾ ਰੁਖ਼ ਕਰੀਏ।
ਅਸੀਂ ਨਿੰਮ ਕਰੇਲੇ ਨੂੰ ਚਾੜ੍ਹਨਾ ਹੈ ਸੁੱਖ ਮੰਗੀਏ ਇਹਦਾ ਨਾ ਦੁੱਖ ਕਰੀਏ।
ਜੇ ਨਾ ਤਾਏ ਦੀ ਕਦੇ ਪਸੰਦ ਆਵੇ ਗੱਲ ਮੀਢੀਏ ਕਦੇ ਨਾ ਧੁੱਖ ਕਰੀਏ।
ਮੂੰਹ ਤੇ ਛਿਕਲੀਆਂ ਅੱਜ ਭਤੀਜਿਆਂ ਦੇ ਚਲਦੀ ਸਾਰੀ ਹੈ ਤਾਇਆਂ ਤੇ ਚਾਚਿਆਂ ਦੀ!
ਇਕ ਦਿਨ ਕਾਨੇ ਦੇ ਬੋਤਿਆਂ ਡਿੱਗ ਪੈਣਾ ਰੁੱਤ ਫ਼ੱਕਰਾ ਆਵਣੀ ਸਾਚਿਆਂ ਦੀ!!

(19 ਸਤੰਬਰ, 09)



## 217. ਅਨਾੜੀ

ਇਕ ਤਾਂ ਨਵਾਂ ਸਵਾਰ ਇਕ ਨਵੀਂ ਪਾਈਲਟ ਹੈਲੀਕਾਪਟਰ ਦੱਸੋ ਕਿਸ ਥਾਂ ਉੱਤਰੇ?
ਬੀਬੀ ਬਿਨਾਂ ਲਸੰਸ ਜੇ ਹੱਥ ਪਾਵੇ ਫੜਿਆ ਓਸ ਦਾ ਕਿਹੜੇ ਗਰਾਂ ਉੱਤਰੇ?
ਮੁੱਖ-ਮੰਤਰੀ ਦੀ ਕੁਰਸੀ ਉੱਤਰਨਾ ਜਿਉਂ ਖਬਰੇ ਕਿਸਤਰ੍ਹਾਂ ਥਾਂ-ਕੁਥਾਂ ਉੱਤਰੇ?
ਕੋਠੇ ਚਾੜ੍ਹ ਚਾਚੀ ਪੌੜੀ ਚੁੱਕ ਲੈਂਦੀ ਮੰਨੇ ਭਾਜਪਾ ਕਾਕਾ ਜੀ ਤਾਂ ਉੱਤਰੇ!
ਨੰਦੋ ਬਾਹਮਣੀ ਓਹੋ ਜੀਹ ਆ ਟੱਕਰੀ ਉੱਡਣ ਵਾਲਾ ਸੀ ਘੁੱਦੂ ਜੇਹਾ ਜੇਠ ਵੇਖੋ!
ਉੱਡਣਾ ਆਵੇ ਨਾ ਫ਼ੱਕਰ ਅਨਾੜੀਆਂ ਨੂੰ ਲੀੜੇ ਝਾੜਦੇ ਡਿੱਗ ਕੇ ਹੇਠ ਵੇਖੋ!!

## 218. ਤਾਇਆ ਤੇ ਕੁਰਸੀ

ਮਨਪ੍ਰੀਤ ਸਬਸਿਡੀਆਂ ਦੀ ਗੱਲ ਕੀਤੀ ਹਿੱਲ ਗਏ ਸਰਕਾਰ ਦੇ ਕਿੱਲ ਮੀਆਂ।
ਗੱਲ ਸੱਚੀ ਨੂੰ ਕਿਸਤਰ੍ਹਾਂ ਝੂਠ ਕਹੀਏ ਤਾਇਆ ਜੜ੍ਹਾਂ ਤੋਂ ਗਿਆ ਸੂ ਹਿੱਲ ਮੀਆਂ।
ਕੁਰਸੀ ਕਾਕੇ ਦੀ ਕਰਨ ਦੇ ਲਈ ਪੱਕੀ ਲਾਇਆ ਪੂਰਾ ਮੈਂ ਕਿਸਤਰ੍ਹਾਂ ਟਿੱਲ ਮੀਆਂ।
ਵਾਰੀ ਵਾਰੀ ਮੈਂ ਸਾਰੇ ਹੀ ਛਿੱਲ ਦਿੱਤੇ ਗਿਆ ਮੈਨੂੰ ਭਤੀਜਾ ਪਰ ਛਿੱਲ ਮੀਆਂ।
ਫ਼ੱਕਰ ਕਿਹਾ-ਮਨਪ੍ਰੀਤ ਜੇ ਗੱਲ ਕੀਤੀ ਨਕਦ ਭੁਗਤੀਏ ਨਹੀਂ ਉਧਾਰ ਚੰਗਾ!
ਕੁਰਸੀ ਤਾਏ 'ਚੋਂ ਚੁਣ ਲੀਏ ਇਕ ਭਾਈ ਦੋਂਹ ਬੇੜੀ ਨਹੀਂ ਹੋਣਾ ਸਵਾਰ ਚੰਗਾ!!

## 219. ਭਬਕ ਸੂਰਮੇ ਦੀ

ਸਦਕੇ ਜਾਈਏ ਬਲਵੰਤ ਸਿੰਘ ਸੂਰਮੇ ਦੇ ਜਿਸਨੇ ਸੱਚ ਹੀ ਸੱਚ ਝਲਕਾਰਿਆ ਈ।
ਜੀਹਨੇ ਆਪਣਾ ਕੀਤਾ ਕਬੂਲ ਕੀਤਾ ਮਿਹਣਾ ਚੰਗਾ ਅਦਾਲਤ ਨੂੰ ਮਾਰਿਆ ਈ।
ਗੱਲ ਸਿੰਘਾਂ ਦੇ ਵਾਲੜੀ ਗੱਡ ਕੀਤੀ ਐਨ ਝੂਠ ਤੇ ਸੱਚ ਨਿਤਾਰਿਆ ਈ।
ਮੰਗੀ ਭੀਖ ਨਾ ਆਪਣੀ ਜ਼ਿੰਦਗੀ ਦੀ ਸਿਤਮ ਹੱਸ ਕੇ ਸਿਰੋਂ ਗੁਜ਼ਾਰਿਆ ਈ।
ਚਿੱਠੀ ਪੜ੍ਹੀ ਫ਼ੱਕਰ ਮੂੰਹੋਂ ਵਾਹ ਆਖੇ ਕਹੇ-ਫ਼ੱਕਰਾ ਸਿੱਖੀ ਨਹੀਂ ਮਰਨ ਜੋਗੀ!
ਲੀਡਰਸ਼ਿਪ ਗ਼ੱਦਾਰ ਤੇ ਹੈ ਕੋਹੜੀ ਦੁੱਖੜੇ ਕੌਮ ਦੇ ਜਿਹੜੀ ਨਹੀਂ ਹਰਨ ਜੋਗੀ!!

## 220. ਨਸੀਹਤ ਵਿਦੇਸ਼ੀਆਂ ਨੂੰ

ਗੱਲ ਖੇੜੇ ਨੇ ਕੀਤੀ ਹੈ ਬਹੁਤ ਸੋਹਣੀ ਦੇਸੀ ਲੀਡਰਾਂ ਹਾਰ ਨਾ ਪਾਈਏ ਜੀ।
ਇਹਨਾਂ ਚੋਰਾਂ ਨੇ ਬਾਹਰ ਏਜੰਟ ਥਾਪੇ ਇਹਨਾਂ ਚਮਚਿਆਂ ਮਗਰ ਨਾ ਜਾਈਏ ਜੀ।
ਛਪਣ ਵਿੱਚ ਇਸ਼ਤਿਹਾਰਾਂ ਦੇ ਨਾਲ ਮੂਰਤ ਇਹਨਾਂ ਉੱਲੂਆਂ ਮੂੰਹ ਨਾ ਲਾਈਏ ਜੀ।
ਜੁੱਤੀ-ਚੱਟ ਵਿਦੇਸ਼ ਵਿੱਚ ਵਸਦਿਆਂ ਤੋਂ ਜੁੱਤੀ ਪਾਲਸ਼ ਵੀ ਨਹੀਂ ਕਰਵਾਈਏ ਜੀ।
ਪੰਥ ਦੁਸ਼ਮਣਾਂ ਦੇ ਜਿਹੜੇ ਹੋਣ ਮਿੱਤਰ ਕਦੇ ਉਹਨਾਂ ਦਾ ਨਹੀਂ ਇਤਬਾਰ ਕਰੀਏ!
ਏਅਰਪੋਰਟ ਤੇ ਜਾਣਾ ਤਾਂ ਇਕ ਪਾਸੇ ਭੁੱਲ ਕੇ ਉਹਨਾਂ ਦਾ ਨਹੀਂ ਦੀਦਾਰ ਕਰੀਏ!

(28 ਸਤੰਬਰ,09)

## 221. ਬਿੱਲੀ ਫ਼ੱਕਰ ਦੀ

ਨਾਲ ਸ਼ੌਂਕ ਦੇ ਫ਼ੱਕਰ ਨੇ ਰੱਖੀ ਬਿੱਲੀ ਰੱਖਿਆ ਬਾਗ਼ ਜਿਓਂ ਸ਼ੌਕੀਆਂ ਮਾਲੀਆਂ ਨੇ।
ਬਿੱਲੀ ਫ਼ੱਕਰ ਦੇ ਮਗਰ ਹੀ ਮਗਰ ਤੁਰਦੀ ਰਾਹ ਫੜੇ ਹੁਣ ਜਿਵੇਂ ਟਕਸਾਲੀਆਂ ਨੇ।
'ਮਿ..ਆਂ..ਉਂ' ਆਖ ਕੇ ਮੰਗੇ ਤੇ ਖਾਈ ਜਾਵੇ ਠੂਠਾ ਫੜ੍ਹਿਆ ਹੈ ਜਿਵੇਂ ਅਕਾਲੀਆਂ ਨੇ।
ਚੰਡੀਗੜ੍ਹ ਜੋ ਮੰਗਦੇ ਹਨ ਚੋਣ ਵੇਲੇ ਮੰਗਣਾ ਸੂਬੇ ਲਈ ਕੀ ਸਵਾਲੀਆਂ ਨੇ?
ਫ਼ੱਕਰ ਬਿੱਲੀ ਨੂੰ ਆਖਿਆ-ਜੈਸਮੀਨੇਂ! ਸਾਹਵੇਂ ਸ਼ੇਰ ਦੇ ਮੂੰਹ ਤਾਂ ਖੋਲ੍ਹਦੀ ਹੈਂ।
ਸਦਕੇ ਜਾਵਾਂ, ਤੂੰ ਵੱਧ ਟਕਸਾਲੀਆਂ ਤੋਂ ਕੁਝ ਨਾ ਮਿਲੇ ਤਾਂ ਬਾਬ੍ਹੜ ਕੇ ਬੋਲਦੀ ਹੈਂ!!

## 222. ਸੋਹਣਾ-ਬਿਆਨ

ਦਿੱਤਾ ਦੇਰ ਨਾਲ ਮਾਨ ਬਿਆਨ ਸੋਹਣਾ-ਜੱਥੇਦਾਰ ਜੀ ਤੁਸੀਂ ਹੁਣ ਸ਼ੇਰ ਬਣ ਜੋ।
ਪਾਣੀ ਸਿਰਾਂ ਤੋਂ ਲੰਘੇ ਹੁਣ ਬਹੁਤ ਹੋਗੀ ਚੱਲੋ ਹੁਣ ਹੀ ਦੇਰ-ਅਵੇਰ ਬਣ ਜੋ।
ਪੰਥਕ-ਸਫ਼ਾਂ ਵਿੱਚ ਪਿਐ ਹਨ੍ਹੇਰਾ ਕਿੰਨਾ ਬਣੋ ਸੂਰਜ ਤੇ ਸੂਹੀ ਸਵੇਰ ਬਣ ਜੋ।
ਫੂਲਾ ਸਿੰਘ ਵਤ ਅਹੁਦੇ 'ਤੇ ਦਿਓ ਪਹਿਰਾ ਵਾਂਗ ਓਸਦੇ ਤੁਸੀਂ ਦਲੇਰ ਬਣ ਜੋ।
ਕਿਹਾ ਫ਼ੱਕਰ ਨੇ ਮਾਨ ਜੀ ਰਹਿਣ ਦੇਵੋ ਬਹੁਤੇ ਫ਼ਿਕਰ ਦੇ ਜਫ਼ਰ ਨਾ ਜਾਲੀਏ ਜੀ!
ਤਿੰਨ ਫੁੱਟੀ ਜੋ ਦਰਸ਼ਣੀ ਹੱਥ ਰੱਖਣ ਉਹਨਾਂ ਤਿਲਾਂ 'ਚੋਂ ਤੇਲ ਨਾ ਭਾਲੀਏ ਜੀ!!

## 223. ਵਿਆਨਾ-ਕਾਂਡ

ਖ਼ਬਰ ਪੜ੍ਹੀ ਵਿਆਨਾ ਦੀ ਜਦੋਂ ਫ਼ੱਕਰ ਦਿਲ ਤੇ ਹੱਥ ਰੱਖ ਇਉਂ ਪੁਕਾਰਿਆ ਈ।
ਗੁਰਾਂ ਘੁੱਟ ਰਵਿਦਾਸ ਨੂੰ ਗਲੇ ਲਾਇਆ ਰੱਖ ਗ੍ਰੰਥ ਵਿੱਚ ਪੁੱਜ ਸਤਿਕਾਰਿਆ ਈ।
ਭਗਤਾਂ ਭੱਟਾਂ ਨੂੰ ਰੱਖਿਆ ਨੇੜ ਐਨਾ ਵਲ਼ਿਆ ਬਾਂਹੀਂ ਤੇ ਰੱਜ ਪਿਆਰਿਆ ਈ।
ਛੱਡ ਕੇ ਵੱਡਿਆਂ ਨੀਚਾਂ ਦੇ ਨਾਲ ਰਹਿਣਾ ਸਾਡੇ ਬਾਬੇ ਨੇ ਸੱਚ ਉਚਾਰਿਆ ਈ।
ਗੰਧਲ-ਚੌਦੇਂ ਹੈ ਅੱਜਕਲ੍ਹ ਪਈ ਕਿੰਨੀ ਅਸਲੀ ਦੁਸ਼ਮਣਾਂ ਤਾਂਈਂ ਸਿੱਖ ਜਾਣਦੇ ਨਹੀਂ!
ਹਾਨੀ ਧਰਮ ਲਈ ਮਰਨ ਮਰਵਾਉਣ ਜਿਹੜੇ ਸਿੱਖ ਉਹਨਾਂ ਨੂੰ ਕਾਹਤੋਂ ਪਛਾਣਦੇ ਨਹੀਂ?

## 224. ਰਗੜਾ-ਅਕਾਲੀਆਂ

ਇਕ ਦਿਨ ਫ਼ੱਕਰ ਨੂੰ ਕਿਸੇ ਨੇ ਪੁੱਛਿਆ ਇਹ ਮੋਛੇ ਕਾਹਤੋਂ ਅਕਾਲੀਆਂ ਪਾਈ ਜਾਨੈਂ।
ਭੁੱਲ ਕੇ ਅਕਲ ਦੀ ਨਹੀਂ ਜੇ ਗੱਲ ਕਰਦੇ ਰਗੜਾ ਕਾਹਨੂੰ ਵਿਚਾਰਿਆਂ ਲਾਈ ਜਾਨੈਂ?
ਤੇਰੇ ਲਿਖਣ ਦਾ ਭੋਰਾ ਨਹੀਂ ਅਸਰ ਹੋਣਾ ਐਵੇਂ ਹਵਾ ਵਿੱਚ ਕਲਮ ਘਸਾਈ ਜਾਨੈਂ।
ਕਿਹੜੀ ਤੂਤੀ ਤੂੰ ਵਿਚ ਨਗ਼ਾਰ ਖ਼ਾਨੇ ਆਪੇ ਬੋਲਦੈਂ ਆਪੇ ਸੁਣਾਈ ਜਾਨੈਂ।
ਫ਼ੱਕਰ ਹੱਸ ਕੇ ਜਵਾਬ ਦਿੱਤਾ-ਜਿਉਂਦੇ ਰਹਿੰਦਿਆਂ ਕੁਝ ਉਚਾਰੀਏ ਜੀ!
ਬੋਕ ਕੌਮ ਦੀ ਚਰਨ ਜੋ ਵੇਲ-ਬੂਟੀ ਰੋੜਾ ਉਹਨਾਂ ਦੇ ਸਿੰਗਾਂ ਵਿੱਚ ਮਾਰੀਏ ਜੀ!!
(4 ਅਕਤੂਬਰ,09)



## 225. ਅਲਵਿਦਾ-ਪੰਜਾਬ !

ਬੂਟਾ ਪੰਥ ਪੰਜਾਬ ਦਾ ਝੌਂਣ ਲੱਗਾ ਹੋਣ ਚੱਲੀਆਂ ਗੱਲਾਂ ਅਵੱਲੀਆਂ ਨੇ।
ਠੱਗਾਂ ਸਾਧਾਂ ਤੋਂ ਗੁਰੂ ਨੇ ਹੋੜੀਆਂ ਜੋ ਸੰਗਤਾਂ ਉਹਨਾਂ ਦੇ ਮਗਰ ਅੱਜ ਝੱਲੀਆਂ ਨੇ।
ਚਿਮਟੇ ਵੱਜਦੇ ਗੁਰਾਂ ਦੇ ਨਾਮ ਉੱਤੇ ਮਿੱਟੀ ਪੱਟਦੇ ਪਾਉਂਦੇ ਤਰਥੱਲੀਆਂ ਨੇ।
ਰਿਹਾ ਕੋਲ ਲਹੌਰ ਨਾ ਅੰਬਰਸਰ ਹੀ ਸਿੱਖ ਫ਼ੌਜਾਂ ਹੁਣ ਕਿੱਧਰ ਨੂੰ ਚੱਲੀਆਂ ਨੇ?
ਫ਼ੱਕਰ ਹੱਸਿਆ ਹੱਸ ਜਵਾਬ ਦਿੱਤੈ ਫ਼ੌਜਾਂ ਭਾਈ ਵਿਦੇਸ਼ਾਂ ਨੂੰ ਭੱਜੀਆਂ ਨੇ!
ਰਿਸ਼ਤਾ ਰੋਟੀ ਦਾ ਧਰਮ ਤੇ ਪਿਆ ਭਾਰੂ ਤਾਂਹੀਂ ਜੱਗ ਤੇ ਤਾੜੀਆਂ ਵੱਜੀਆਂ ਨੇ!!

## 226. ਨੋਬਲ-ਪ੍ਰਾਈਜ਼

ਨਬਲ-ਪ੍ਰਾਈਜ਼ ਓਬਾਮੇ ਨੂੰ ਜਦੋਂ ਮਿਲਿਆ ਫ਼ੱਕਰ ਖੁਸ਼ੀ ਹੋਇਆ! ਫ਼ੱਕਰ ਲਾਲ ਹੋਇਆ।
ਊਂ ਤਾਂ ਚੜ੍ਹਦੇ ਨੂੰ ਸਦਾ ਸਲਾਮ ਹੁੰਦੀ ਇਹ ਜੋ ਹੋਇਆ ਇਹ ਸਮਝੋ ਕਮਾਲ ਹੋਇਆ।
ਪਹਿਲਾਂ ਗੋਰ ਨੂੰ ਜਦੋਂ ਪ੍ਰਾਈਜ਼ ਮਿਲਿਆ ਜੱਗ ਵੇਖੋ ਸੀ ਕਿਵੇਂ ਨਿਹਾਲ ਹੋਇਆ।
ਗੱਲ ਗਈ ਕਲਿੰਟਨ ਦੇ ਹੱਥ ਆਉਂਦੀ ਕਾਰਾ ਇੱਕ ਹੀ ਕੀਤਾ ਜੋ ਕਾਲ ਹੋਇਆ।
ਉਲਝੀ ਤਾਣੀ ਸੁਲਝਾਣਾ ਜੋ ਦਿਲੋਂ ਚਾਹੇ ਅਮਨ ਲਈ ਓਬਾਮਾ ਸਤਿਕਾਰਿਆ ਈ!
ਬੁਸ਼ ਨੂੰ ਕਾਹਤੋਂ ਨਹੀਂ 'ਵਾਰ-ਪ੍ਰਾਈਜ਼' ਦਿੱਤਾ? ਧਰਨਾ ਫ਼ੱਕਰ ਯੂ.ਐਨ.ਓ. ਵਿੱਚ ਮਾਰਿਆ ਈ!!

## 227. ਅਡਵਾਨੀ-ਵਿਰਲਾਪ

ਕਿਹਾ ਰੋਇ ਅਡਵਾਨੀ ਵਿਸ਼ਵੇਸ਼ ਤੀਰਥ-ਮੇਰਾ ਹਾਏ ਸੰਨਿਆਸ ਨੂੰ ਜੀ ਕਰਦੈ।
ਕੁਰਸੀ ਪਰ੍ਹਾਂ ਹੀ ਪਰ੍ਹਾਂ ਹੈ ਹੋਈ ਜਾਂਦੀ ਤਾਂਹੀਏਂ ਸੱਚੀਂ! ਬਨਵਾਸ ਨੂੰ ਜੀ ਕਰਦੈ।
ਦੇਵੇ ਕੁਝ ਨਾ ਭਾਜਪਾ ਦੁੱਧ ਭਾਲੇ ਗਾਂ ਮੈਂ ਭੁੱਖੀ ਦਾ ਘਾਸ ਨੂੰ ਜੀ ਕਰਦੈ।
ਮੇਰੀ ਜਿੰਦ ਰੰਡੇਪੇ ਦੇ ਵਾਂਗ ਗੁਜ਼ਰੇ ਹੋਣ ਨਵੇਂ-ਦੁੱਧ ਆਸ ਨੂੰ ਜੀ ਕਰਦੈ।
ਫ਼ੱਕਰ ਕਿਹਾ ਅਡਵਾਨੀ ਇਲਾਜ ਇੱਕੋ ਡਾਕਟਰ ਮੋਹਨ ਨੂੰ 'ਵਾਜ ਇਕ ਮਾਰੀਏ ਜੀ!
ਕਰੇ ਮਿਹਰ ਕਿ ਕੁੱਖ ਨੂੰ ਭਾਗ ਲੱਗਣ ਪੈਰੀਂ ਹੱਥ ਲਾ ਅਰਜ਼ ਗੁਜ਼ਾਰੀਏ ਜੀ!!

## 228. ਅਤਿਵਾਦੀ-ਮੋਦੀ

ਅਤਿਵਾਦ ਦੇ ਐਨ੍ਹ ਮਸਤਾਏ ਮੋਦੀ ਅਸਲੀ ਚਿਹਰਾ ਹੁਣ ਖੁੱਲ੍ਹ ਦਿਖਲਾਇਆ ਈ।
ਘੱਟ ਗਿਣਤੀਆਂ ਦੇ ਗਲੇ ਦੇਹ 'ਗੂਠਾ ਹੱਸਦਾ ਓਸ ਗੁਜਰਾਤ ਰੁਆਇਆ ਈ।
ਜੱਗ ਜਾਣਦਾ ਕੀਤਿਆਂ ਕਾਰਿਆਂ ਨੂੰ ਟੌਰਾ ਝੂਠੜਾ ਫੇਰ ਲਹਿਰਾਇਆ ਈ।
ਚਿਣਕੇ ਮੂਹਰੇ ਅਸਾਲਟਾਂ ਹੱਥ ਜੋੜੇ ਚੰਗਾ ਸ਼ਾਂਤੀ-ਹਵਨ ਕਰਵਾਇਆ ਈ।
ਫ਼ੱਕਰਾ ਸਿੱਖਾਂ ਸੀ ਦੇਸ਼ ਆਜ਼ਾਦ ਕੀਤਾ ' ਵਾਵਾਂ ਪੁੱਠੀਆਂ ਕਿਵੇਂ ਨੇ ਵੱਗ ਗਈਆਂ।
ਓਹੀ ਕਰਨ ਅਸਾਲਟਾ ਇੰਜ ਪੂਜਾ ਮਿਰਚਾਂ ਪਿੱਠ ਨੂੰ ਜਿਹਨਾਂ ਦੇ ਲੱਗ ਗਈਆਂ!!
(9 ਅਕਤੂਬਰ,09)

## 229. ਅਸਮਾਨੀ-ਇਸ਼ਕ

ਸੁਣਦੇ ਆਏ ਸਾਂ ਧਰਤੀ ਤੇ ਇਸ਼ਕ ਹੁੰਦੇ ਨਹੀਂ ਸੋਚਿਆ ਵਿੱਚ ਅਸਮਾਨ ਹੁੰਦੇ।
ਬੱਸੀਂ-ਰੇਲੀਂ ਤਾਂ ਚਲਦੀ ਸੀ ਕੂਹਣ-ਚੂੰਢੀ ਇਹ ਨਹੀਂ ਪਤਾ ਸੀ ਵਿੱਚ ਉਡਾਨ ਹੁੰਦੇ।
ਹੋਸਟਿਸਾਂ ਨੂੰ ਹੀ ਚਿੰਬੜ ਗਏ ਪਾਇਲਟ ਕਿੱਸੇ ਕਲਮ ਤੋਂ ਨਹੀਂ ਬਿਆਨ ਹੁੰਦੇ।
ਬੰਦੇ ਹਵਾ ਵਿੱਚ ਕਰਨਗੇ ਝੱਸ ਪੂਰੇ ਐਸੇ ਕਾਰੇ ਸਨ ਨਹੀਂ ਜਹਾਨ ਹੁੰਦੇ।
ਫ਼ੱਕਰ ਕਿਹਾ -ਨਾ ਭੁੱਲੋ ਅਸਵਾਰੀਆਂ ਨੂੰ ਹੱਥੋ-ਪਾਈ ਅਸਮਾਨ ਨਾ ਕਰੋ ਭਾਈ!
ਕਿਤੇ ਸਾਰਾ ਜੁਗਾੜ ਨਾ ਪਵੇ ਭੁੰਜੇ ਇਹੋ ਜਿਹੀ ਉਡਾਣ ਨਾ ਭਰੋ ਭਾਈ!!

## 230. ਪਾਕਿਸਤਾਨ

ਪਾਕਿਸਤਾਨ ਵਿੱਚ ਹੇਠਲੀ ਆਈ ਉੱਤੇ ਸਾਹ ਸੂਤ ਲਏ ਬੰਬ ਧਮਾਕਿਆਂ ਨੇ।
ਲੋਕੀ ਮਰੀ ਜਾਂਦੇ ਦੁੱਖੜੇ ਜਰੀ ਜਾਂਦੇ ਸਾਰ ਲਈ ਨਾ ਕਿਸੇ ਦੀ ਆਕਿਆਂ ਨੇ।
ਲੋਕ-ਤੰਤਰ ਡਿਕਟੇਟਰੀ ਫ਼ਰਕ ਨਹੀਂ ਜਨਤਾ ਲੁੱਟੀ ਦੁਪਹਿਰੇ ਹੈ ਡਾਕਿਆਂ ਨੇ।
ਮੰਗਤੇ ਬਣੇ ਜਹਾਨ ਦੇ ਵਿੱਚ ਮੋਹਰੀ ਮਾਰੇ ਲੋਕ ਵਿਚਾਰੇ ਪਰ ਫ਼ਾਕਿਆਂ ਨੇ।
ਫ਼ੱਕਰ ਆਖਿਆ ਪਾਕ ਦੇ ਹਾਕਮਾਂ ਨੂੰ-ਚੰਗਾ ਮੁਲਕ ਦਾ ਕੀਤੈ ਪ੍ਰਬੰਧ ਮੀਆਂ!
ਦੋਹਾਂ ਪੁੜਾਂ ਵਿੱਚ ਮੁਲਕ ਨਪੀੜਿਓ ਈ ਆਵੇ ਚੀੜ੍ਹ ਜਿਓਂ ਬਾਂਦਰ ਦਾ ਸੰਦ ਮੀਆਂ!!

## 231. ਪਿਆਰ

ਭਾਬੀ ਭਾਜਪਾ ਪੱਟਾਂ 'ਤੇ ਹੱਥ ਮਾਰੇ ਦਿਓਰਾ ਖੋਟਿਆ ਲੋਹੜਾ ਤੂੰ ਮਾਰਿਆ ਵੇ।
ਗ਼ਰਜ਼ ਖਾਤਰ ਤੂੰ ਖੰਡ ਨਾਲ ਖੀਰ ਹੋਇਆ ਮੈਨੂੰ ਬੱਕਰੀ ਵਾਂਗਰਾਂ ਚਾਰਿਆ ਵੇ।
ਮਸਾਂ ਮਸਾਂ ਹਰਿਆਣੇ ਦੀ ਚੋਣ ਆਈ ਛੱਡੀ ਬਾਂਹ ਤੂੰ ਮੈਨੂੰ ਵਿਸਾਰਿਆ ਵੇ।
ਤੈਨੂੰ ਆਇਆ ਅਨੈਲੋ ਦਾ ਮੋਹ ਐਨਾ ਬੁੱਕਲ-ਸੱਪ ਬਣ ਫੱਨ ਖਿਲਾਰਿਆ ਵੇ।
ਕਿਹਾ ਦਲ ਨੇ-ਫ਼ੱਕਰ ਨੂੰ ਪੁੱਛ ਭਾਬੀ 'ਕਾਲੀ ਅੱਜ ਮੈਂ ਕਿਸੇ ਦਾ ਯਾਰ ਨਾਹੀਂ!
ਮੇਰਾ ਦੋਸਤ ਜੋ ਕੁਰਸੀ ਨੂੰ ਦਏ ਮੋਢਾ ਮੇਰਾ ਕਿਸੇ ਕੀ, ਸਿੱਖਾਂ ਨਾਲ ਪਿਆਰ ਨਾਹੀਂ!!

## 232. ਕੁਰਸੀ

ਕੁਰਸੀ ਕੁਰਸੀ ਅਲਾਪਦੈ ਜੱਗ ਸਾਰਾ ਬਣ ਗਈ ਜੱਗ ਤੇ ਕਿਵੇਂ ਪ੍ਰਧਾਨ ਕੁਰਸੀ।
ਕੁਰਸੀ ਪਿੱਛੇ ਹੀ ਸਾਰਾ ਧਮੱਚੜਾ ਹੈ ਕੁਰਸੀ ਧਰਮ ਅੱਜ ਬਣੀ ਈਮਾਨ ਕੁਰਸੀ।
ਕੁਰਸੀ ਪਿਓ ਪੁੱਤ ਭਾਈ ਪ੍ਰਵਾਰ ਮਾਰੇ ਰਹੀ ਬੰਦੇ ਨੂੰ ਸਦਾ ਪ੍ਰਵਾਨ ਕੁਰਸੀ।
ਕਬਰਾਂ ਸਿਵਿਆਂ ਵਿੱਚ ਨੇਤਾ ਮੂੰਹ-ਭਾਰ ਡਿੱਗੇ ਅੱਜ ਤੱਕ ਫੇਰ ਵੀ ਰਹੀ ਜੁਆਨ ਕੁਰਸੀ।
ਫ਼ੱਕਰ ਆਖਿਆ-ਕੁਰਸੀ ਦੀ ਕਸ਼ਿਸ਼ ਏਨੀ ਹਰ ਕੋਈ ਪਿੱਠ ਦੇ ਨਾਲ ਸੰਭਾਲਦਾ ਈ!
ਬਾਪ ਚਾਹੇ ਮੁੱਖ-ਮੰਤਰੀ ਬਣੇ ਬੇਟਾ ਆਪ ਮਰਨ ਤੱਕ ਕੁਰਸੀ ਪਰ ਭਾਲਦਾ ਈ!!
(18 ਅਕਤੂਬਰ,09)



## 233. ਕਲਾਕਾਰ

ਟੋਲ ਟੈਕਸ ਦੇ ਨਾਕੇ ਅਧਿਕਾਰੀਆਂ ਨੇ ਵਖਤ ਮਾਨ ਭਗਵੰਤ ਨੂੰ ਪਾਇਆ ਈ।
ਕੀਕਰ ਰੋਕਿਆ ਇਕ ਵੀ ਨਹੀਂ ਮੰਨੀ ਫਾਨਾ ਪਰਚੀ ਦਾ ਕਿਵੇਂ ਅੜਾਇਆ ਈ।
ਮਨ ਦੀ ਕਰੀ ਕੰਪਿਊਟਰ ਨਾ ਚੈੱਕ ਕੀਤਾ ਰੋਕ ਠੋਕ ਕੇ ਰੋਅਬ ਜਮਾਇਆ ਈ।
ਕੱਢੀਆਂ ਗਾਲ੍ਹਾਂ ਤੇ ਮੱਥੇ 'ਤੇ ਸੱਟ ਮਾਰੀ ਝੱਗਾ ਕਲਾ ਦੇ ਪਿੰਡੇ ਤੋਂ ਲਾਹਿਆ ਈ।
ਫ਼ੱਕਰ ਰੋਇਕੇ ਹੱਸ ਕੇ ਗੱਲ ਆਖੀ-ਹੋਰ ਭਾਈ ਭਗਵੰਤ ਕੀ ਭਾਲਦੇ ਹੋ?
ਤੁਸੀਂ ਲੋਕ ਹਸਾਉਨਿਓਂ! ਨਾ ਰੋਵੋ, ਕਲਾਕਾਰ ਹੋ ਨੂਰਪੁਰੀ ਨਾਲ ਦੇ ਹੋ!!

## 234. ਚਾਅ

ਸਾਇਰਾ ਪੇਲਿਨ ਨੇ ਆਖਿਆ ਹਿੱਕ ਥਾਪੜ ਚੋਣ ਬਾਰਾਂ ਦੀ ਗੱਜ ਕੇ ਲੜਾਂਗੀ ਮੈਂ।
ਕੀ ਹੋਇਆ ਵਿਰੋਧੀਆਂ ਪਾਈ ਪੁੱਠੀ ਸਿੱਧੀ ਹੋਇ ਅਖਾੜੇ ਵਿੱਚ ਵੜਾਂਗੀ ਮੈਂ।
ਥੱਲੇ ਲਾਇਆ ਹੈ ਜਿਹਨਾਂ ਨੇ ਚੋਣ ਪਿਛਲੀ ਉੱਤੇ ਉਹਨਾਂ ਦੇ ਚੰਗੂੰ ਹੁਣ ਚੜ੍ਹਾਂਗੀ ਮੈਂ।
ਜਿਹਨਾਂ ਫੈਸ਼ਨੀਂ-ਕੱਪੜੀਂ ਨਜ਼ਰ ਰੱਖੀ ਜੇਕਰ ਬਣੀ ਤਾਂ ਉਹਨਾਂ ਨੂੰ ਘੜਾਂਗੀ ਮੈਂ।
ਸੁਣਿਆ ਫ਼ੱਕਰ ਤਾਂ ਹੱਸ ਕੇ ਆਖਿਓ ਨੇ -ਆ ਗਿਐ ਬੀਬੀ ਦੇ ਜ਼ਖ਼ਮੀਂ ਅੰਗੂਰ ਮੀਆਂ!
ਹੁੰਦੇ ਲੀਡਰਾਂ ਨੂੰ ਚਾਓ ਚੋਣ ਸੰਦੇ 'ਕੱਲੀ ਸਾਇਰਾ ਦਾ ਨਹੀਂ ਕਸੂਰ ਮੀਆਂ!!

## 235. ਭੁਲੇਖਾ

ਆਵੋ ਸਿੱਖ ਪਿਆਰਿਓ ਹਾਲ ਪੁੱਛੋ ਗਿਆਨੀ ਵਿੱਚ ਕੁੜਿੱਕੀ ਦੇ ਆਇਆ ਈ।
ਪੰਥ-ਦੋਖੀਆਂ ਰਲ਼ਕੇ ਜਾਲ ਬੁਣਿਆ ਉੱਤੇ ਆਨ ਬਟੇਰੜੇ ਪਾਇਆ ਈ।
ਆਰ.ਐਸ.ਐਸ.ਆਖਿਆ ਆਪ ਮਾੜੀ ਹੁਕਮਨਾਮਾ ਵੀ ਆਪ ਸੁਣਾਇਆ ਈ।
ਲੰਗਰ ਉਹਨਾਂ ਦਾ ਚਾਓ ਦੇ ਨਾਲ ਛਕਿਆ 'ਸ਼੍ਰੀ ਗਣੇਸ਼' ਵੀ ਕਰ ਵਿਖਾਇਆ ਈ।
ਪੜ੍ਹ ਕੇ 'ਲਾਲੋ' ਦਾ ਫੱਟਾ ਤੇ ਗਏ ਅੰਦਰ ਨਾ ਕੁਝ ਸੋਚਿਆ ਨਾ ਹੀ ਵਿਚਾਰਿਆ ਏ!
ਕਿਹਾ ਫ਼ੱਕਰ-ਕੁਰਬਾਨ! ਕੁਰਬਾਨੀ ਵੱਲੋਂ, ਪੰਥ ਅਕਲ-ਮੁਹਾਜ਼ ਅੱਜ ਹਾਰਿਆ ਏ!!

## 236. ਬੰਧ

ਹੋਇਆ ਬੰਦ ਪੰਜਾਬ ਤੇ ਸਿੱਖ ਕੂਕੇ ਕੂਕ ਕੂਕ ਦਿਲ-ਦਰਦ ਉਭਾਰਿਆ ਈ।
ਸਿੱਖਾਂ ਲਈ ਆਜ਼ਾਦੀ ਇਹ ਜੱਗ ਜਾਣੇ ਰੱਖਣ ਸੰਦੜਾ ਭਾਰ ਸੰਭਾਰਿਆ ਈ।
ਭੁੱਖੇ ਭਾਰਤ ਦੇ ਮੂੰਹ ਵਿੱਚ ਅੰਨ ਪਾ ਕੇ ਇਹਦੀ ਭੁੱਖ ਨੂੰ ਕਿਵੇਂ ਉਤਾਰਿਆ ਈ।
ਉਹਨਾਂ ਸਿੱਖਾਂ ਚੁਰਾਸੀ ਬਰਬਾਦ ਕਰਕੇ ਲੋਹੜਾ ਕਿਵੇਂ ਨਾ -ਸ਼ੁਕਰਿਆਂ ਮਾਰਿਆ ਈ।
ਸਿੱਖਾਂ ਬੰਧ ਦਾ ਠੀਕ ਪ੍ਰਬੰਧ ਕੀਤਾ ਮੱਕੜ ਆਖਿਆ-ਅਸੀਂ ਤਾਂ ਨਾਲ ਨਾਹੀਂ!
ਫ਼ੱਕਰ ਪੁੱਛਿਆ ਕੁਰਸੀ ਨਾਲ ਚਿੰਬੜਿਆਂ ਨੂੰ ਪਾਇਆ ਪੰਥ 'ਤੇ ਮੱਕੜੀ ਜਾਲ ਨਾਹੀਂ?
(25 ਅਕਤੂਬਰ09)

## 237. ਕੈਲੰਡਰ

ਮਸਲੇ ਪੰਥ ਦੇ ਹੋਰ ਹਨ ਬਹੁਤ ਵੱਡੇ ਆਹ ਹੁਣ ਚਮਕਿਐ ਮਸਲਾ ਕਲੰਡਰ ਦਾ ਜੀ।
ਹੱਸਦੇ ਫ਼ੱਕਰ ਦੀਆਂ ਵੱਖੀਆਂ ਟੁੱਟ ਗਈਆਂ ਰੰਗ ਵੇਖ ਕੇ ਕੌਮ ਦੇ ਵੰਡਰ ਦਾ ਜੀ।
ਦੱਸ ਦਿੰਦੀਆਂ ਨੂੰ ਲੋਕੀ ਪੁੱਛਦੇ ਨਹੀਂ ਚਰਚਾ ਚੱਲੇ ਤਾਂ ਚੱਲੇ 'ਕੱਲੀ ਫੰਡਰ ਦਾ ਜੀ।
ਕਣਕਾਂ ਵਾਂਗ ਸ਼ਰਾਫਤਾਂ ਲਿਫ਼ਣ ਏਥੇ ਡੰਡਾ ਖੜਕਦਾ ਪਿੰਡ ਵਿੱਚ ਲੰਡਰ ਦਾ ਜੀ।
ਨਵੀਂ ਕਾਢ ਕੱਢੀ ਪੰਥਕ ਆਗੂਆਂ ਨੇ ਗਧੀ-ਗੇੜ ਇਸ ਇਉਂ ਮੁਕਾਈਏ ਜੀ!
ਬੁੱਧੀਜੀਵੀਆਂ-ਗੱਲ ਨਹੀਂ ਸਮਝ ਪੈਂਦੀ ਕੁੜਤਾ ਕਿਸੇ ਕਮੇਟੀ ਗਲ਼ ਪਾਈਏ ਜੀ!!

## 238. ਘਚਾਨੀ

ਸਿੱਖਾਂ ਜਦੋਂ ਪੰਜਾਬ ਬੰਦ ਕੀਤਾ ਦਲ ਨੇ ਦਿੱਤੀਆਂ ਖ਼ੂਬ ਘਚਾਨੀਆਂ ਜੀ।
ਗੰਢੇ ਵਾਂਗਰਾਂ ਪਰਦੇ ਤੇ ਪਾਇਆ ਪਰਦਾ ਪਰਦੇ ਪਾਉਣ ਜਿਓਂ ਚੁਸਤ ਜ਼ਨਾਨੀਆਂ ਜੀ।
ਦਿੱਤਾ ਜਾਇ ਕਮਿਸ਼ਨ ਨੂੰ ਯਾਦ-ਪੱਤਰ ਕਰੀਆਂ ਦੂਜੇ ਦਿਨ ਜਾਇ ਸ਼ੈਤਾਨੀਆਂ ਜੀ।
ਬੇਸ਼ੱਕ ਮਾੜੇ ਹਾਂ ਝੰਡੀ ਨਾ ਹੋਰ ਲੈ ਜੇ, ਗੱਲਾਂ ਪੁੱਠੀਆਂ ਦਿਲੇ ਵਿਚ ਠਾਨੀਆਂ ਜੀ।
ਯਾਦਗਾਰ ਨਾ ਅੰਬਰਸਰ ਬਣਨ ਦਿੱਤੀ ਦਿੱਲੀ ਵਾਲਿਆਂ ਸੰਦੀ ਬਣਾਉਣ ਲੱਗੇ!
ਫ਼ੱਕਰ ਕਹੇ ਟਕਸਾਲੀਓ ਡੁੱਬ ਮੋਇਓ! ਕੁਰਸੀ ਪਿੰਜਰਾਂ ਉੱਤੇ ਹਨ ਡਾਹੁਣ ਲੱਗੇ!!

## 239. ਪ੍ਰਦੇਸ

ਬਾਂਕੇ ਮੁੰਡੇ ਪੰਜਾਬ ਦੇ ਸੋਚ ਸੋਚਣ ਕਿੰਨਾ ਪਿਆ ਹੈ ਏਥੇ ਹਨ੍ਹੇਰ ਦੋਸਤ।
ਆਪਾਂ ਪੜ੍ਹੀਏ ਨਾ ਕੋਈ ਪੜ੍ਹਾਏ ਏਥੇ ਕੰਮ ਮਿਲੇ ਨਾ ਦੇਰ-ਅਵੇਰ ਦੋਸਤ।
ਚੱਲੀਏ ਬਾਹਰਲੇ ਮੁਲਕ ਜ਼ਮੀਨ ਧਰ ਕੇ ਚੜ੍ਹ ਜੂ ਜਾਂਦਿਆਂ ਸੂਹੀ ਸਵੇਰ ਦੋਸਤ।
ਦੇਸ਼ ਪਰੀਆਂ ਦੇ ਰੁੱਖਾਂ ਫੁੱਲ-ਨੋਟ ਲੱਗੇ ਮੁੱਛਦੇ ਆਪਾਂ ਨਾ ਲਾਵਣੀ ਦੇਰ ਦੋਸਤ।
ਸੁੱਖਾਂ ਸੁੱਖਦਿਆਂ 'ਸੁੱਖੀ' ਦੇ ਬਣੇ ਕਾਗ਼ਜ਼ ਐਪਰ ਦਿੱਤਾ ਏਜੰਟ ਨੇ ਠੋਕ ਮੀਆਂ!
ਲੰਡਣ ਉੱਤਰਦੇ ਬੋਚਿਆ ਗਿਆ ਸੁੱਖੀ ਸੀਖੀਂ ਝਾਕੇ ਜਿਓਂ ਤੁੱਕਿਆਂ ਬੋਕ ਮੀਆਂ!!

## 240. ਰਾਖਵਾਂ-ਕਰਨ

ਹਾਈਕੋਰਟ ਨੇ ਸੋਹਣਾ ਸੁਆਲ ਕੀਤੈ ਕੇਂਦਰ ਅਤੇ ਪੰਜਾਬ ਸਰਕਾਰ ਤਾਂਈਂ।
ਦੱਸੋ ਰਾਖਵਾਂ-ਕਰਨ ਕਿਓਂ ਨਹੀਂ ਦਿੰਦੇ ਨਹੀਂ ਖੁਸਰਿਆਂ ਦੀ ਲੈਂਦੇ ਸਾਰ ਤਾਂਈਂ?
ਇਹਨਾਂ ਨਾਲ ਹੈ ਵਿਤਕਰਾ ਧੁਰੋਂ ਹੋਇਆ ਝੱਲਦੇ ਆਉਂਦੇ ਇਹ ਪਈ ਹਨ ਮਾਰ ਤਾਂਈਂ।
ਲੱਖਾਂ ਮਰਦਾਂ ਨੂੰ ਬਿਸਤਰੀਂ ਪੈਣ ਮਿਹਣੇ ਸ਼ਰੇਆਮ ਕਿਓਂ ਪੈਣ ਨਚਾਰ ਤਾਈਂ?
ਕਰਦੀ ਹੁਕਮ ਅਦਾਲਤ ਸਰਕਾਰ ਸੁਣ ਲੇ-ਹੱਕ ਖੁਸਰਿਆਂ ਸੰਦਾ ਨਾ ਭੱਖੀਏ ਜੀ!
ਲੀਡਰ ਜਿਹੜੇ ਵੀ ਕੁਝ ਨਹੀਂ ਕਰਨ ਜੋਗੇ ਉਹਨਾਂ ਏਸ ਸ਼੍ਰੇਣੀ ਵਿੱਚ ਰੱਖੀਏ ਜੀ!!

(9 ਨਵੰਬਰ,09)



## 241. ਲਾਲ-ਬੱਤੀ

ਆਪਣੇ ਦੇਸ ਪੰਜਾਬ ਵਿੱਚ ਦੇਖ ਫ਼ੱਕਰ ਲਾਲ-ਬੱਤੀ ਦਾ ਹੋ ਗਿਐ ਬੋਲ-ਬਾਲਾ।
ਜਣਾ-ਖਣਾ ਈ ਗੱਡੀ 'ਤੇ ਲਾਈ ਫਿਰਦੈ ਰਾਣੀ ਖਾਂ ਦਾ ਬਣਕੇ ਵਈ ਸਕਾ ਸਾਲਾ।
ਕੋਈ ਚੋਰ ਹੋਵੇ ਦਿਸਦਾ ਸਾਧ ਹੋਵੇ ਪਈ ਗੰਧਲ-ਚੌਦੇ ਹੋਇਐ ਘਾਲ਼-ਮਾਲਾ।
ਵੱਧ ਬਦਮਾਸ਼ਾਂ ਤੋਂ ਭੇਖੀਆਂ ਕੇਸ ਹੁੰਦੇ ਹੁੰਦੀ ਲਾਲਾ ਲਾਲਾ! ਹੁੰਦੀ ਲਾਲਾ ਲਾਲਾ!!
ਰਿਹਾ ਦੇਸ-ਪ੍ਰਦੇਸ ਨਾ ਹੀ ਥਾਂ ਕੁ-ਥਾਂ ਦੱਸ ਫ਼ੱਕਰਾ ਕੌਣ ਗਰਾਂ ਜਾਈਏ?
ਤੂੰਬਾ ਬੋਲਿਆ-ਮਿੱਟੀ ਦੇ ਦੀਵਿਆ ਉਏ ਬਹੁਤ ਜਗ ਲਿਐ ਬੁਝ ਪਰ੍ਹਾਂ ਜਾਈਏ!

## 242. ਨਵੇਂ-ਲੀੜੇ

ਸ੍ਰੀ ਲੰਕਾ ਵਿੱਚ ਮੰਤਰੀ ਜੈਰਤਨੇ ਵੇਖੋ ਹੱਥ 'ਤੇ ਸਰ੍ਹੋਂ ਜਮਾਈ ਕੀਕਰ।
ਨੇਤਾ ਲੋਕਾਂ ਦੇ ਦਿਲਾਂ ਵਿਚ ਬਲੇ ਜਿਹੜੀ ਤ੍ਰਿਸ਼ਨਾ ਅੱਗ ਭੜਕਾਇ ਦਿਖਾਈ ਕੀਕਰ।
ਪ੍ਰਧਾਨ-ਮੰਤਰੀ ਬਣਨ ਦਾ ਸੋਚ ਪਹਿਲੋਂ ਸੋਹਣੀ ਆਪ ਪੁਸ਼ਾਕ ਬਣਵਾਈ ਕੀਕਰ।
ਹੁਣ ਮੈਂ ਦੌੜ ਵਿੱਚ ਕਿਵੇਂ ਨਾ ਰਹੂੰ ਪਿੱਛੇ ਝੱਸ ਤੇਲ ਨਾਲ ਮਾਲਸ਼ ਕਰਵਾਈ ਕੀਕਰ।
ਵਿਆਹ-ਮੇਲੇ ਨੂੰ ਮਿਲਦਾ ਸੀ ਨਵਾਂ ਝੱਗਾ ਫ਼ੱਕਰਾ ਵੇਖਲਾ ਅੱਗੇ ਨਿਆਣਿਆਂ ਨੂੰ!
ਬਣਨੋਂ ਪਹਿਲਾਂ ਬਣਵਾਉਣ ਅੱਜ ਨਵੇਂ ਝੱਗੇ ਲਲ਼ਕ ਲੱਗੀ ਕੀ ਸਿਆਣਿਆਂ-ਬਿਆਣਿਆਂ ਨੂੰ!!

## 243. ਮਜ਼ਬੂਰੀ

ਚੌਥੀ ਵੇਰ ਜਾਂ ਬਾਦਲ ਕੋਲ ਜਾਇ ਰੁੰਨੀ ਕਿਹਾ ਬਾਦਲ ਨੇ ਮੈਂ ਹਾਂ ਮਜ਼ਬੂਰ ਬੀਬੀ।
ਕੀਤਾ ਬੋਨੀ ਵਿਧਾਇਕ ਨੇ ਬਹੁਤ ਧੱਕਾ ਉੱਤੋਂ ਪੁਲਸ ਦੀ ਝੱਲੀ ਤੂੰ ਘੂਰ ਬੀਬੀ।
ਤੇਰਾ ਕਣਕ ਝੋਨਾ ਵੱਢਿਆ ਸੱਤ ਏਕੜ ਤੇਰਾ ਝਾੜਤਾ ਆਸਾਂ ਦਾ ਬੂਰ ਬੀਬੀ।
ਤੈਨੂੰ ਉੱਕਾ ਨਾ ਹੱਕ ਇਨਸਾਫ਼ ਮਿਲਿਆ ਜਦ ਕਿ ਉੱਕਾ ਨਾ ਤੇਰਾ ਕਸੂਰ ਬੀਬੀ।
ਘੋਗਲ-ਕੰਨਾ ਨਹੀਂ! ਸਾਰਾ ਕੁਝ ਪਤੈ ਮੈਨੂੰ ਪਰ ਮੈਂ ਕੁਝ ਨਹੀਂ ਕਰ ਕਰਾ ਸਕਦਾ?
ਐਮ.ਪੀ. ਅਤੇ ਵਿਧਾਇਕਾਂ ਦੀ ਲੋੜ ਮੈਨੂੰ ਤੇਰੇ ਪਿੱਛੇ ਨਹੀਂ ਕੋਈ ਰੁਸਾ ਸਕਦਾ!!

## 244. ਦੁਸ਼ਮਣੀ

ਪੀ.ਯੂ.ਉਪ-ਕੁਲਪਤੀ ਡਾਕਟਰ ਸੋਬਤੀ ਨੇ ਛੱਡਿਆ ਕਿਵੇਂ ਫ਼ਿਰੋਜ਼ਪੁਰ ਤੀਰ ਮੀਆਂ।
ਸ਼ਰੇਆਮ ਪੰਜਾਬੀਆਂ ਘਾਇਲ ਕੀਤਾ ਗਿਆ ਉਹਨਾਂ ਦੇ ਦਿਲਾਂ ਨੂੰ ਚੀਰ ਮੀਆਂ।
ਕਿਹਾ-ਛੱਡੋ ਪੰਜਾਬੀ ਦਾ ਤੁਸੀਂ ਖਹਿੜਾ ਬਣਨਾ ਚਾਹੋਂ ਜੇ ਵਿਸ਼ਵ-ਅਮੀਰ ਮੀਆਂ।
ਦਿੱਤਾ ਵਿੱਚ ਅੰਗਰੇਜ਼ੀ ਦੇ ਆਪ ਭਾਸ਼ਣ ਆਪਣੀ ਮਾਰਕੇ ਕਿਵੇਂ ਜ਼ਮੀਰ ਮੀਆਂ।
ਫ਼ੱਕਰ ਕਿਹਾ ਸਰਕਾਰ ਦੇ ਲੀਡਰਾਂ ਨੂੰ ਅੰਨ੍ਹਿਓਂ ਅਕਲ ਦਿਓ ਵੇਖੋ ਕੀ ਹੋਣ ਲੱਗੈ!
ਕਿਵੇਂ ਦੁਸ਼ਮਣ ਪੰਜਾਬੀ ਨੂੰ ਜ਼ਿਬਾਹ ਕਰਦੇ ਥੋਡਾ ਕਿਵੇਂ ਪੰਜਾਬ ਅੱਜ ਰੋਣ ਲੱਗੈ!!

(16ਨਵੰਬਰ,09)

## 245. ਝਗੜਾ

ਰੁੱਤ ਆਈ ਦੀਵਾਨਾਂ ਤੇ ਮੇਲਿਆਂ ਦੀ ਝਗੜੇ ਧਾਰਨਾਂ ਗੀਤਾਂ ਦੇ ਹੋਣ ਲੱਗੇ।
ਸਿਰ ਚੁੱਕੇ ਗਿਟਾਰਾਂ ਤੇ ਵਾਇਲਨਾਂ ਨੇ ਚਿਮਟੇ-ਢੋਲਕੀ ਚੱਕੀਆਂ ਝੋਣ ਲੱਗੇ।
ਤੂੰਬੇ ਤੂੰਬੀਆਂ ਹੱਸੇ ਨੇ ਇਕ ਪਾਸੇ ਦੂਜੇ ਪਾਸੇ ਹਨ ਵਾਜੜੇ ਰੋਣ ਲੱਗੇ।
ਭਰ ਕੇ ਹਾਸੇ ਦੀ ਐਸੀ ਹੈ ਵਗੀ ਗੰਗਾ ਲੋਕੀ ਵਹਿੰਦੀ ਵਿਚ ਹੱਥ ਨੇ ਧੋਣ ਲੱਗੇ।
ਫ਼ੱਕਰ ਕੂਕਰ ਨੇ ਜਦੋਂ ਇਹ ਸੁਣੀ ਹੂਕਰ ਕਿਹਾ-ਬੱਬੂ ਕੁਝ ਪਿਆਰ ਨਾਲ ਭੌਂਕੀਏ ਜੀ!
ਸਾਧ ਵੱਢੇ ਦਾ ਬਹੁਤ ਈ ਪਾਪ ਲਗਦੈ ਪਾਣੀ ਲੂਣ ਪਾ ਹੋਰ ਨਾ ਤਰੌਂਕੀਏ ਜੀ!!

## 246. ਸਕਿਉਰਿਟੀ

ਵਾਈਟ-ਹਾਊਸ ਵਿੱਚ ਪਿਆ ਹਨ੍ਹੇਰ ਸਮਝੋ ਜੋੜਾ ਵੜ ਗਿਆ ਕਿਸਤਰ੍ਹਾਂ ਆਣ ਮੀਆਂ।
ਸੁਸਰੀ ਵਾਂਗ ਸਕਿਉਰਿਟੀ ਰਹੀ ਸੁੱਤੀ ਸੁੱਤੀ ਕਿਸਤਰ੍ਹਾਂ ਲੰਮੀਆਂ ਤਾਣ ਮੀਆਂ।
ਮਟਕ ਮਟਕ ਕੇ ਰਹੇ ਬੇਫ਼ਿਕਰ ਫਿਰਦੇ ਹੱਸ ਹੱਸ ਮੂਰਤਾਂ ਖ਼ੂਬ ਖਿਚਵਾਣ ਮੀਆਂ।
ਘਰ ਦੇ ਭੇਤੀ ਇਹ ਕੌਣ ਹਨ ਆ ਪਹੁੰਚੇ? ਸਕਿਆ ਇਕ ਵੀ ਨਹੀਂਓਂ ਪਛਾਣ ਮੀਆਂ।
ਫ਼ੱਕਰ ਕਿਹਾ-ਓਬਾਮਾ ਕੀ ਫ਼ਿਕਰ ਕਰਨਾ ਨਾਲ ਤੁਸਾਂ ਦੇ ਬੈਠਾ ਜੇ ਸ਼ੇਰ ਹੋਵੇ!
ਕੋਈ ਵਾਲ਼ ਵੀ ਵਿੰਗਾ ਨਹੀਂ ਕਰ ਸਕਦਾ ਪਿਆ ਕਿੰਨਾ ਵੀ ਭਾਵੇਂ ਹਨ੍ਹੇਰ ਹੋਵੇ!!

## 247. ਪ੍ਰਧਾਨਗੀ

ਪੰਜਵੀਂ ਵੇਰ ਪ੍ਰਧਾਨਗੀ ਮਿਲੀ ਮੱਕੜ ਹੱਸ ਸ਼ਾਇਰ ਨੇ ਕਿਹਾ-ਵਧਾਈ ਹੋਵੇ!
ਸੌਖਾ ਕੰਮ ਨਹੀਂ ਲੀਡਰ ਦਾ ਬਣੇ ਰਹਿਣਾ ਲੀਡਰ ਰਹੇ ਜੇ ਹੱਥ ਸਫ਼ਾਈ ਹੋਵੇ।
ਕੁਰਸੀ ਕਾਇਮ ਜੇ ਪੈੜ ਵਿੱਚ ਪੈਰ ਰੱਖੇ ਭਾਵੇਂ ਓਸਦੀ ਜੱਗ-ਹਸਾਈ ਹੋਵੇ।
ਸ਼ੀਸ਼ੀ ਤੇਲ ਦੀ ਖੀਸੇ ਵਿੱਚ ਪਾਈ ਰੱਖੇ ਬਣੇ ਅੜਬ ਨਾ ਪੱਲੇ ਤਿਲ੍ਹਕਾਈ ਹੋਵੇ।
ਫ਼ੱਕਰ ਆਪੇ ਨੂੰ ਕਿਹਾ-ਤੂੰ ਕੀ ਲੈਣੈਂ? ਕਾਹਨੂੰ ਟਿੰਡ ਪਾ ਕਾਨਾ ਖੜਕਾਈ ਜਾਨੈਂ।
ਹੋਣਾ ਸਿਹਤ 'ਤੇ ਅਸਰ ਨਹੀਂ ਲੀਡਰਾਂ ਦੇ ਕਾਹਤੋਂ ਮੁਫ਼ਤ ਦੀ ਦੇਈ ਦਵਾਈ ਜਾਨੈਂ!!

## 248. ਰਾਗੀ

ਪੈ ਗਏ ਰਾਗੀ ਨੂੰ ਟੁੱਟ ਕੇ ਸਿੰਘ ਫ਼ੱਕਰ ਪੁਤਲੇ ਸਾੜੇ ਤੇ ਲਾਹੀ ਐ ਡੰਡ ਕੀਕਰ।
ਗੁਰਮੁਖ ਕਾਸਦਾ ਗੁਰੂ ਜਿਸ ਨਿੰਦਿਆ ਹੈ ਕੀਤੀ ਏਸ ਨੇ ਗੁਰੂ ਵੱਲ ਕੰਡ ਕੀਕਰ?
ਗੁਰੂ-ਘਰ ਇਸ ਕਿਸੇ ਨਾ ਵੜਨ ਦੇਵੋ ਹੁਕਮ ਚਾੜ੍ਹੇ ਕਿ ਕੱਢੀ ਹੈ ਛੰਡ ਕੀਕਰ।
ਜੱਥੇਦਾਰੀ ਸੀ ਪੰਥ ਨੇ ਕਦੇ ਬਖ਼ਸ਼ੀ ਘਿਓ ਦੇ ਨਾਲ ਰਲਾਈ ਆ ਖੰਡ ਕੀਕਰ।
ਪੰਥ ਹੋਵੇ ਨਿਹਾਲ ਤੇ ਨਾਲ ਫ਼ੱਕਰ ਬੰਦਾ ਹਾਥੀ 'ਤੇ ਹੱਥੀਂ ਸਜਾਂਵਦਾ ਈ!
ਜਦੋਂ ਚੁੱਕਦਾ ਗੁਰੂ ਕਾ ਪੰਥ ਪੌੜੀ ਓਹਨੂੰ ਗਧੇ 'ਤੇ ਚੁੱਕ ਬਹਾਂਵਦਾ ਈ!!
(23 ਨਵੰਬਰ,09)



## 249. ਇਤਰ

ਇਕ 'ਬੇਦੀ' ਮੁਕੱਦਮਾ ਠੋਕ ਦਿੱਤਾ, ਦਿੱਤਾ ਫਰਮ ਇਕ ਇਤਰ-ਫੁਲੇਲ ਉੱਤੇ।
ਇਤਰ ਲਾਏ ਤੋਂ ਕਹਿੰਦੇ ਸੀ ਫਸੂ ਲੜਕੀ ਅਸਰ ਹੋਇਆ ਨਹੀਂ ਕਿਸੇ ਚੁੜੇਲ ਉੱਤੇ।
ਸੱਤ ਸਾਲ ਮੈਂ ਤੁਸਾਂ ਦਾ ਇਤਰ ਲਾਇਆ ਚੁੰਆਂ ਪਿਆ ਨਾ ਆਸ ਦੀ ਵੇਲ ਉੱਤੇ।
ਥੋਡੀ ਸੇਲ ਤੋਂ ਲਿਆ ਮੈਂ ਇਤਰ ਕਾਹਦਾ ਡਿਪਰੈਸਡ ਹੋ ਲੱਗਿਆ ਸੇਲ ਉੱਤੇ।
ਭਰੋ ਅੱਧਾ ਲੱਖ ਪੌਂਡ ਹਰਜ਼ਾਨੇ ਵਾਲਾ ਨਹੀਂ ਤਾਂ ਫਰਮ ਕਰਵਾਊਂ ਮੈਂ ਬੰਦ ਵੇਖੋ!
ਮੇਰੀ ਵਿਆਹ ਦੀ ਉਮਰ ਲੰਘ ਗਈ ਸੁੱਕੀ ਥੋਡੇ ਇਤਰ ਨੇ ਚਾੜ੍ਹਤੈ ਚੰਦ ਵੇਖੋ!!

## 250. ਹੁੱਬ

ਕਿੰਨਾ ਹੁੱਬ ਕੇ ਜ਼ੈਦੀ ਸੀ ਗਿਆ ਪੈਰਿਸ ਸੋਚੇ ਸੋਹਣਾ ਹੈ ਓਥੇ ਸਨਮਾਨ ਹੋਣਾ।
ਮੈਂ ਵਰਤਾਈ ਹੈ ਬੁਸ਼ ਦੇ ਨਾਲ ਜਿਹੜੀ ਓਥੇ ਲੋਕਾਂ ਨੂੰ ਚੰਗੂੰ ਗਿਆਨ ਹੋਣਾ।
ਸਾਰੇ ਲੋਕ ਨਾ ਟੀ.ਵੀ. ਅਖ਼ਬਾਰ ਵਾਚਣ ਸਭ ਦਾ ਮੇਰੇ ਵੱਲ ਓਥੇ ਧਿਆਨ ਹੋਣਾ।
ਹੀਰੋ ਬਣਿਆ-ਬਣਾਇਆ ਹਾਂ ਮੈਂ ਪਹਿਲੋਂ ਪਾਲਿਸ਼ ਹੋਰ ਹੋ ਮੈਂ ਪ੍ਰਵਾਨ ਹੋਣਾ।
ਆਸਾਂ ਹੁੱਬੜੇ ਜ਼ੈਦੀ ਦੀਆਂ ਡੁੱਬ ਮੋਈਆਂ ਕਿਸੇ ਓਸ 'ਤੇ ਜੁੱਤੀ ਵਗ੍ਹਾਇ ਦਿੱਤੀ!
ਬੁਸ਼ ਵਾਲੜੀ ਫ਼ੱਕਰਾ ਰਹੀ ਪਿੱਛੇ ਕਿਸੇ ਕੰਧ 'ਤੇ ਕੁੱਤੀ ਚੜ੍ਹਾਇ ਦਿੱਤੀ!!

## 251. ਪਛਾਣ

ਕੀਤੇ ਜਿਹੜੇ ਅਮਰਿੰਦਰ ਨੇ ਕੰਮ ਭਾਈ ਹੋਏ ਕਦੇ ਨਾ ਇਹਨਾਂ ਅਕਾਲੀਆਂ ਤੋਂ।
ਪਾਇਆ ਪੰਥ ਪੰਜਾਬ ਨੂੰ ਜਿਵੇਂ ਪਾਣੀ ਪਿਆ ਇਹਨਾਂ ਨਾ ਪੰਥ ਦੇ ਪਾਲੀਆਂ ਤੋਂ।
ਪੱਚੀ ਸਾਲਾਂ ਤੋਂ ਰਹੇ ਹਨ ਸਿੱਖ ਰੋਂਦੇ ਗੱਲ ਹੋਈ ਨਾ ਵਫ਼ਾ ਦੇ ਖਾਲੀਆਂ ਤੋਂ।
ਬੂਟਾ ਪੰਥ ਦਾ ਸਾਹਮਣੇ ਝਾਉਂਣ ਲੱਗਾ ਲਈ ਸਾਰ ਨਾ ਗਈ ਝੂਠੇ ਮਾਲੀਆਂ ਤੋਂ।
ਫ਼ੱਕਰਾ ਸਿੱਖਾਂ ਦੀ ਗਈ ਐ ਮੱਤ ਮਾਰੀ ਕੋਈ ਪੰਥ ਦੀ ਨਬਜ਼ ਪਛਾਣਦਾ ਨਹੀਂ!
ਕਿਹੜਾ ਸਿੱਖੀ ਦੇ ਵੱਲ ਵਿਰੁੱਧ ਕਿਹੜਾ? ਸਿੱਖ ਭੁੱਲਿਆ ਅੱਜ ਇਹ ਜਾਣਦਾ ਨਹੀਂ!!

## 252. ਝੱਖ

ਉਮਾ ਭਾਰਤੀ ਵੇਖੋ ਬਿਆਨ ਦਿੱਤਾ-ਮੇਰਾ ਦਿਲ ਹਿੰਦੀ ਤੇ ਮੇਰੀ ਜਾਨ ਹਿੰਦੀ।
ਚੁੱਲ੍ਹੇ ਚਾਚੇ-ਭਤੀਜੇ ਨੂੰ ਡਾਹ ਘੱਤੋ ਦਿਲੋਂ ਜਿਹਨਾਂ ਨੂੰ ਨਹੀਂ ਪ੍ਰਵਾਨ ਹਿੰਦੀ।
ਮਿੱਠੀ ਲਗਦੀ ਮਰਾਠੀ ਤਾਂ ਘਰੇ ਬੈਠਣ ਲੱਗੇ ਏਹਨਾਂ ਨੂੰ ਜੇ ਸ਼ਮਸ਼ਾਨ ਹਿੰਦੀ।
ਲੰਡਨ ਜਾਣ ਅੰਗਰੇਜ਼ੀ ਨੂੰ ਮਾਂ ਆਖਣ ਜੇ ਨਹੀਂ ਇਹਨਾਂ ਨੂੰ ਮਾਤਾ ਸਮਾਨ ਹਿੰਦੀ।
ਫ਼ੱਕਰ ਆਖਿਆ ਬੀਬੀ ਜੀ ਸਬਰ ਕਰੀਏ ਪੱਲਾ ਸਾੜ੍ਹੀ ਦਾ ਏਨਾ ਖਿਲਾਰੀਏ ਨਾ!
ਲੋਕੀਂ ਕਰਨ ਗੱਲਾਂ ਕਿ ਸਾਰਾ ਜੱਗ ਹੱਸੇ ਝੱਖ ਇਤਨੀ ਵੱਡੀ ਵੀ ਮਾਰੀਏ ਨਾ!!
(30 ਨਵੰਬਰ,09)

## 253. ਸਿਰੋਪਾ

ਪੰਥ ਭਲਾ ਸਰਬੱਤ ਦਾ ਮੰਗਦਾ ਹੈ ਗੱਲ ਗੁੱਝੀ ਜਹਾਨ ਤੇ ਨਹੀਂ ਕਾਈ।
ਸਾਖੀ ਭਾਈ ਕਨੱਈਆ ਦੀ ਯਾਦ ਕਰੀਏ ਪੰਥ ਰੱਖਦਾ ਕਦੇ ਨਾ ਭੇਦ ਰਾਈ।
'ਕਾਲੀ ਭੱਜ ਕੇ ਪਾਉਣ ਸਿਰੋਪਿਆਂ ਨੂੰ ਜਦੋਂ ਆਉਂਦੇ ਦਰਬਾਰ ਨੇ ਭਾਜਪਾਈ।
ਲਗਦੇ ਇਹਨਾਂ ਅਮਰਿੰਦਰ ਪ੍ਰਨੀਤ ਭੈੜੇ ਕਰਦੇ ਜਿਹੜੇ ਪੰਜਾਬ ਦੀ ਖ਼ੈਰ-ਪਾਈ।
ਫ਼ੱਕਰਾ ਹੱਥ ਨਾ ਤੇਰੇ ਕੋਈ ਡਾਂਗ -ਸੋਟੀ ਐਵੇਂ ਬੈਠਕੇ ਕਲਮ ਘਸਾਈ ਜਾਨੈਂ!
ਲੁੱਟਿਆ ਗਿਆ ਪੰਜਾਬ ਕੁੱਤੀ ਭੌਂਕਦੀ ਨਹੀਂ ਐਵੇਂ ਕਮਲਿਆ ਕੀਰਨੇ ਪਾਈ ਜਾਨੈਂ!!

## 254. ਦਗ਼ਾ

ਆਸ਼ੂਤੋਸ਼ ਤੋਂ ਹੋਈ ਕੀ ਲੁਧਿਆਣੇ! ਘੋਗਲ-ਕੰਨੀਂ ਹੋ ਕਿਵੇਂ ਸਰਕਾਰ ਸੁੱਤੀ।
ਬਣ ਬਣ ਬਹੇ ਪੰਥਕ, ਸਿੱਖ ਕੋਹ ਸੁੱਟੇ ਕੀਤਾ ਦਰਦ ਨਾ ਕਿਵੇਂ ਮੱਕਾਰ ਸੁੱਤੀ।
ਸ਼ਰੇਆਮ ਕਿੰਜ ਸਿੱਖਾਂ ਨੂੰ ਦਗ਼ਾ ਦਿੱਤਾ ਕਰਕੇ ਯਾਰ ਨਾਲ ਕਿਵੇਂ ਪਿਆਰ ਸੁੱਤੀ।
ਛਿੱਕੇ ਟੰਗ ਕੇ ਸ਼ਰਮ-ਹਿਯਾਓ ਤਾਈਂ, ਮਾੜੀ, ਸ਼ਰਮ ਨੂੰ ਕਿਵੇਂ ਵਿਸਾਰ ਸੁੱਤੀ।
ਫ਼ੱਕਰਾ ਪੰਥ ਦੀ ਖੇਤੀ ਵਿੱਚ ਛੱਡ ਢੱਟੇ ਲੀਡਰ ਸਿੱਖੀ ਦੀ ਫ਼ਸਲ ਉਜਾੜਦੇ ਹਨ!
ਖਚਰੇ ਆਜੜੀ ਮਕਰ ਦੀ ਪਕੜ ਢਾਂਗੀ ਤੁੱਕੇ ਵੋਟਾਂ ਦੇ ਕਿਸਤਰ੍ਹਾਂ ਝਾੜਦੇ ਹਨ!!

## 255. ਪ੍ਰਧਾਨਗੀ

ਕਿਹਾ ਬੋਲ ਜਗਮੀਤ ਬਰਾੜ ਦੇਖੋ-ਆਪਣੇ ਹੱਕ ਲਈ ਲੜਨ ਨੂੰ ਜੀ ਕਰਦੈ।
ਕੈਪਟਨ ਸਾਹਿਬ ਨੇ ਅਹੁਦੇ ਹਨ  ਭੋਗ ਲੀਤੇ ਮੇਰਾ ਫ਼ੀਤੀਆਂ ਜੜਨ ਨੂੰ ਜੀ ਕਰਦੈ।
ਭੱਠਲ ਕਾਟੋ ਨੇ ਟੀਸੀਆਂ ਬਹੁਤ ਚੜ੍ਹੀਆਂ ਕਹਾਂ ਉੱਤਰ ਕਿ ਚੜ੍ਹਨ ਨੂੰ ਜੀ ਕਰਦੈ।
ਘੜਿਆ ਅਸਾਂ ਨੂੰ ਬਾਦਲਾਂ ਪੀੜ੍ਹੀਆਂ ਤੋਂ ਦਿਓ ਮੌਕਾ ਕਿ ਘੜਨ ਨੂੰ ਜੀ ਕਰਦੈ।
ਫ਼ੱਕਰ ਕਿਹਾ ਜਗਮੀਤ ਸਿੰਘ ਸਬਰ ਕਰੀਏ ਨਾਹੀਂ ਖੇਤ ਅਗੇਤਰੇ ਵੱਤੀਏ ਜੀ!
ਖੁਰੀਆਂ ਬਲਦਾਂ ਦੇ ਲਾਵਣਾ ਖਰਾ ਔਖਾ ਰੱਸੇ ਖੁਰੀਂ ਤਹੱਮਲੀਂ ਘੱਤੀਏ ਜੀ!!

## 256. ਗੋਲਕ

ਆਈ ਨਹੀਂ ਹਰਿਆਣੇ ਦੀ ਗੱਲ ਕਾਬੂ ਰਾਜਿਸਥਾਨ ਤੋਂ ਚੜ੍ਹੀ ਆਹ ਜੰਨ ਕੀਕਰ।
ਅੱਗੇ ਝੀਂਡੇ ਨੇ ਨੱਕ ਵਿੱਚ ਦਮ ਕੀਤਾ ਅੱਗੋਂ ਡਿਬਡਿਬੇ ਚਾੜ੍ਹਤਾ ਚੰਨ ਕੀਕਰ।
ਮਸਾਂ ਮਸਾਂ ਕਮੇਟੀ ਸੀ ਹੱਥ ਆਈ ਮਸਾਂ ਹੋਇਆ ਸੀ ਮਨ ਪ੍ਰਸੰਨ ਕੀਕਰ।
ਫਾੜ੍ਹ ਸਿੰਗਾਂ ਵਿਚ ਮਾਰੇ ਹਨ ਆਣ ਸੋਟੇ ਮਸਾਂ ਗੋਲਕ ਨੇ ਕੱਢੀ ਸੀ ਬੰਨ ਕੀਕਰ।
ਫ਼ੱਕਰ ਕਿਹਾ ਚੜ੍ਹਾਵੇ ਦੇ ਅਸੀਂ ਆਦੀ ਰਹਿ ਰਹਿ ਗੋਲਕ ਦਾ ਅਸਾਂ ਨੂੰ ਪਿਆਰ ਆਵੇ!
ਸਾਨੂੰ ਵਿਹੁ ਲਗਦਾ ਪਿਆਰੇ ਖਾਲਸਾ ਜੀ ਬੁਰਾ ਤੱਕੇ ਜੋ ਏਸਨੂੰ ਹੱਥ ਲਾਵੇ!!

(6 ਦਸੰਬਰ, 09)



## 257. ਸਮਝੌਤਾ

ਬਾਬੇ ਢੱਡਰੀਆਂ ਵਾਲੇ ਨੇ ਆਖਿਆ ਸੂ ਰੌਲਾ ਬੱਬੂ ਦੇ ਨਾਲ ਨਾ ਰਿਹਾ ਕਾਈ।
ਰਫ਼ਾ ਦਫ਼ਾ ਹੈ ਸਾਡੜੀ ਗੱਲ ਹੋਈ ਕੰਨ ਖੋਹਲ ਕੇ ਸੁਣੋ ਸਭ ਮਾਈ-ਭਾਈ।
'ਕਾਲ਼ੀ ਓਡੀ' ਦੀ ਓਸਨੇ ਕੱਢ ਦਿੱਤੀ ਜਿਹੜੀ ਸਤਰ ਸੀ ਗੀਤ ਦੇ ਵਿਚ ਪਾਈ।
ਇੰਟਰਨੈੱਟ ਸ਼ਰਾਰਤੀ ਅਨਸਰਾਂ ਨੇ ਪਤਾ ਨਹੀਂ ਇਹ ਗੱਲ ਸੀ ਕਿਉਂ ਚਾਈ।
ਟਿੱਚ-ਬਟਨਾਂ ਦੀ ਜੋੜੀ ਬਣ ਗਏ ਦੋਵੇਂ ਸਿੱਖ ਵਿਚੇ-ਵਿਚ ਖੁਸ਼ੀ ਖੁਆਰ ਹੋ ਗਏ!
ਸਾਰੀ ਜੰਨ ਕੁਪੱਤੀ ਹੋ ਗਈ ਫ਼ੱਕਰ ਸੁਥਰੇ ਕਿਵੇਂ ਹੁਸ਼ਿਆਰ-ਸਚਿਆਰ ਹੋ ਗਏ!!

## 258. ਸ਼ਰਧਾਂਜਲੀ-ਸਮਾਗਮ

ਦਰਸ਼ਨ ਸਿੰਘ ਇਕ ਗੁਰੂ ਕੇ ਸਿੱਖ ਸਾਦੇ ਦਿੱਤੀ ਜਾਨ ਜਦ ਸਿੱਖੀ ਦਾ ਪਿਆਰ ਆਇਆ।
ਲੁਧਿਆਣੇ ਵਿੱਚ 'ਪੰਥਕ ਸਰਕਾਰ' ਵੱਲੋਂ ਸਿੱਖ ਦੇ ਦਿਲ 'ਤੇ ਕਿਸਤਰ੍ਹਾਂ ਵਾਰ ਆਇਆ।
ਪਿਆ ਪਿੰਡ ਲੁਹਾਰੇ ਜਾਂ ਭੋਗ ਉਹਦਾ ਸਿੱਖ ਅੱਖਾਂ ਭਰ ਕਈ ਹਜ਼ਾਰ ਆਇਆ।
ਰੋਂਦੇ ਸਾਧ ਆਏ, ਆ ਕੇ ਚੋਰ ਪਿੱਟੇ ਝੂਠੇ-ਲੀਡਰ ਕੋਈ ਫ਼ਰਮਾ-ਬਰਦਾਰ ਆਇਆ।
ਹੱਥ ਮੱਥੇ 'ਤੇ ਰੱਖਕੇ ਫ਼ੱਕਰ ਸੋਚੇ ਪੰਥ-ਦੋਖੀ ਇਹ ਏਥੇ ਕੀ ਕਰਨ ਆ ਗੇ?
ਆਖੇ ਫੇਰ ਕਿ ਪੰਥ ਜਿਨ ਘਾਇਲ ਕੀਤਾ ਝੂਠੇ ਫ਼ੈਰੇ ਉਹ ਜ਼ਖ਼ਮਾਂ 'ਤੇ ਧਰਨ ਆ ਗੇ!!

## 259. ਰਾਜਧਾਨੀ-ਅਨੰਦਪੁਰ

ਗੁੱਸੇ-ਗਿਲੇ ਤੇ ਲੱਖ ਮੱਤਭੇਦ ਹੋਵਣ ਕਿੰਨੀ ਸੋਹਣੀ ਇਕ ਝੀਂਡੇ ਨੇ ਗੱਲ ਆਖੀ।
ਥੋਨੂੰ ਦੱਸਾਂ ਪੰਜਾਬ ਦੀ ਰਾਜਧਾਨੀ? ਨਿੱਕਲੀ ਮੂੰਹੋਂ ਉਸ ਕਿਸਤਰ੍ਹਾਂ ਗੱਲ ਭਾਖੀ।
ਕਿਲ੍ਹਾ ਭਾਰਤ ਦਾ ਬਣਿਆ ਅਨੰਦਪੁਰ ਹੀ ਕੀਤੀ ਏਸਨੇ ਹਿੰਦ ਦੀ ਸਦਾ ਰਾਖੀ।
ਚੰਡੀਗੜ੍ਹ ਦੀ ਗਾਂਓਂ ਕੀ ਧਾਰ ਦੇਣੀ? ਇਹ ਤਾਂ ਵੰਡ-ਵੜੇਂਵੇ ਦੀ ਨਿਰੀ ਚਾਖੀ।
ਗੁਜ਼ਰ ਗਏ ਹਨ ਫ਼ੱਕਰਾ ਵਰ੍ਹੇ ਕਿੰਨੇ ਸਿੱਖ ਸਿੱਖੀ ਨੂੰ ਕਿਵੇਂ ਵਿਸਾਰਦੇ ਰਹੇ!
ਭੋਲੇ ਆਪਣਾ ਜਨਮ ਅਸਥਾਨ ਭੁੱਲੇ ਚਿੱਟੇ ਚੰਡੀ ਦੇ ਪੱਥਰ ਨਿਹਾਰਦੇ ਰਹੇ!!

## 260. ਸੀ.ਡੀ.-ਸਿਰਸਾ ਸਾਧ

ਜੱਗ ਸਾਧਾਂ ਦੀ ਬਣ ਗਿਆ ਰੂਪ -ਨਗਰੀ ਧੁੰਮ ਧੂਤਿਆਂ ਕਿਵੇਂ ਮਚਾਈ ਵੇਖੋ।
ਸਿਰਸਾ ਵਾਲੇ ਨਾਲ ਸਿੱਖਾਂ ਦਾ ਪਿਆ ਪੰਗਾ ਕਈਆਂ ਸਿੱਖਾਂ ਨੇ ਜਾਨ ਗਵਾਈ ਵੇਖੋ।
ਕੇਸ ਕਿਵੇਂ ਬਲਾਤ ਦੇ ਪਏ ਚੱਲਣ ਪਈ ਖ਼ਬਰਾਂ ਵਿੱਚ ਹਾਲ-ਦੁਹਾਈ ਵੇਖੋ।
ਐਪਰ-ਸਾਧ ਸਰਕਾਰੀਏ ਫ਼ਿਕਰ ਕਾਹਦਾ? ਸੀ.ਡੀ.ਓਸਨੇ ਚੁੱਕ ਬਣਾਈ ਵੇਖੋ।
ਐਕਟਰ ਸਾਧ ਬਣਿਆ ਫਿਰਦਾ ਬੀਚ ਉੱਤੇ ਗਾਣੇ ਨਾਲ ਗਿਟਾਰ ਵਜਾਂਵਦਾ ਈ!
ਡੇਰੇ ਵਿੱਚ ਬੈਡਮਿੰਟਨ ਪਿਆ ਖੇਡੇ ਦੰਦੀਆਂ ਸਿੱਖਾਂ ਨੂੰ ਫੇਰ ਚਿੜਾਂਵਦਾ ਈ!!

(12 ਦਸੰਬਰ,09)

## 261. ਨੁਸਖ਼ਾ-ਫਿਟਨੈੱਸ

ਨਵੀਂ ਫ਼ੱਕਰਾ ਲੰਡਨ ਤੋਂ ਖੋਜ ਆਈ ਰਹਿਣਾ ਚਾਹੇ ਜੇ ਸਦਾ ਕੋਈ ਫਿੱਟ ਭਾਈ।
ਇੱਕੋ ਇੱਕ ਤਰੀਕਾ ਹੈ ਏਸ ਸੰਦਾ ਗੱਲ ਪਾਵਣੀ ਕਦੇ ਨਾ ਸਿੱਟ ਭਾਈ।
ਪੱਲੇ ਬੰਨ੍ਹਣ ਵਾਲੀ ਗੱਲ ਹੈ ਸਾਰਿਆਂ ਦੇ ਇਹ ਨਾ ਟਿੱਚਰ ਤੇ ਨਹੀਂ ਕੋਈ ਵਿੱਟ ਭਾਈ।
ਸੰਵੋਂ ਬਾਂਹ ਸਿਰਹਾਣੇ ਦੇਹ ਅਮਲ ਕਰ ਕੇ ਬੋਚੋ ਪੂਰੀ ਇਲਾਜ ਦੀ ਕਿੱਟ ਭਾਈ।
ਰੱਖੀਏ ਕੁੱਤਾ ਤੇ ਘੁੰਮੀਏਂ ਨਾਲ ਉਹਦੇ ਫ਼ੱਕਰਾ ਕਦੇ ਵੀ ਨਹੀਂ ਬਿਮਾਰ ਹੋਈਏ।
ਮਗਰ ਲੀਡਰਾਂ, ਬੰਦਿਆਂ ਨਾਲ ਫਿਰੀਏ ਸਿਹਤ ਨਿੱਘਰੇ ਸਦਾ ਖ਼ੁਆਰ ਹੋਈਏ!!

## 262. ਬਾਜ਼ੀ

ਬਾਜ਼ੀ ਮਾਰ ਗਏ ਸਿੰਘ ਇੰਗਲੈਂਡ ਵਾਲੇ ਕੀਤੇ ਫ਼ੈਸਲੇ ਅਕਲ ਕਮਾਲ ਵੇਖੋ।
ਕੀਤਾ ਮਾਣ ਸ਼ਹੀਦਾਂ ਤੇ ਦਰਦੀਆਂ ਦਾ ਬਣ ਗਏ ਦਿਲੋਂ ਇਹ ਪੰਥ ਦੀ ਢਾਲ ਵੇਖੋ।
ਕਈ ਹੋਰ ਵੀ ਮੌਕੇ ਤੇ ਆਇ ਪਹੁੰਚੇ ਹੋਏ ਸਫ਼ਲ ਕਿ ਰਲ਼ੇ ਹਨ ਨਾਲ ਵੇਖੋ।
ਖ਼ਬਰ ਖੁਸ਼ੀ ਇੰਗਲੈਂਡੀਏ ਹੋਏ 'ਕੱਠੇ ਜਿਹੜੇ ਸਮਝ ਗਏ ਬਾਦਲਾਂ ਚਾਲ ਵੇਖੋ।
ਲਏ ਫੈਸਲੇ ਫ਼ੱਕਰ ਦੀ ਰੂਹ ਰੱਜੀ ਛਾਲਾਂ ਫ਼ੱਕਰ ਨੇ ਪੁੱਠੀਆਂ ਮਾਰੀਆਂ ਨੇ!
ਸਮਝੇ ਸਿੱਖ ਇੰਗਲੈਂਡ ਦੇ, ਬਾਦਲਾਂ ਨੇ ਸੰਗਤਾਂ ਬੱਕਰੀਆਂ ਸਮਝ ਕੇ ਚਾਰੀਆਂ ਨੇ!!

## 263. ਪੰਗਾ

ਆਸ਼ੂਤੋਸ਼ ਸੰਬੰਧੀ ਇਹ ਕਿਹਾ ਮੱਕੜ-ਏਹਨੂੰ ਤਖ਼ਤ ਅਕਾਲ ਤੇ ਸੱਦਾਂਗੇ ਜੀ।
ਪੁੱਠੇ-ਪੰਗੇ ਇਹ ਸਿੱਖਾਂ ਦੇ ਨਾਲ ਲੈਂਦੇ ਇਹਨੂੰ ਭਰੀ ਕਚਹਿਰੀ ਵਿੱਚ ਰੱਦਾਂਗੇ ਜੀ।
ਮਸਾਂ ਮਿਲਿਆ ਹੈ ਅਹੁਦਾ ਪ੍ਰਧਾਨਗੀ ਦਾ ਵਸ ਚੱਲੇ ਨਾ ਏਸਨੂੰ ਛੱਡਾਂਗੇ ਜੀ।
ਜੇ ਕਰ ਆਕਾ ਨੇ ਅਸਾਂ ਦੀ ਡੋਰ ਖਿੱਚੀ ਰਾਹ ਕੋਈ ਵਿਚ-ਵਿਚਾਲੇ ਦਾ ਕੱਢਾਂਗੇ ਜੀ।
ਫ਼ੱਕਰਾ ਖੁਸ਼ੀ ਹੋਈ ਮੱਕੜ ਮੰਨਿਆ ਤਾਂ, ਪੂਰੀ ਚਲਦੀ ਨਹੀਂ ਤਖ਼ਤ ਅਕਾਲ ਉੱਤੇ!
ਸੱਚੇ ਤਖ਼ਤ ਤੇ ਝੂਠੇ ਹਨ ਅੱਜ ਕਾਬਜ਼ ਅਸੀਂ ਨੱਚੀਏ ਜਿਹਨਾਂ ਦੇ ਤਾਲ ਉੱਤੇ!!

## 264. ਫ਼ਰਾਖ਼ੀ

ਆਹਲਾ ਗੱਲ ਫ਼ਾਰੂਕ ਨੇ ਖੂਬ ਕੀਤੀ ਪੁੱਤ ਉਮਰ ਨੂੰ ਦਿਤਾ ਸੁ ਠੋਕ ਮੀਆਂ।
ਮਸਲੇ ਊਰਜਾ ਵਾਲੇ ਕੀ ਗੱਲ ਕੀਤੀ ਹੋਈ ਨਹੀਂ ਜ਼ਬਾਨ ਤੋਂ ਰੋਕ ਮੀਆਂ।
ਲਾਲ ਸਿਹੁੰ ਦੇ ਪ੍ਰਸ਼ਨ ਇਉਂ ਸਿੰਗ ਮਾਰੇ ਜਿਵੇਂ ਕਿੱਕਰ ਨੂੰ ਮਾਰਦੈ ਬੋਕ ਮੀਆਂ।
ਸੱਚਾ ਜਲਵਾ ਬਜ਼ੁਰਗੀ ਦਾ ਹੁੰਦੈ ਝਰਨਾਂ ਜਦੋਂ ਵਗੇ ਇਹ ਵਗਦੈ ਅਰੋਕ ਮੀਆਂ।
ਪੜ੍ਹ ਕੇ ਆਪੇ ਨੂੰ ਫ਼ੱਕਰ ਨੇ ਪ੍ਰਸ਼ਨ ਕੀਤਾ-ਆਈ ਬਾਦਲਾਂ ਕਾਹਤੋਂ ਇਹ ਰੱਤ ਨਾਹੀਂ?
ਕਿਹਾ ਫੇਰ ਕਿ ਉਹਨਾਂ ਨਾ ਪ੍ਰਸ਼ਨ ਕਰੀਏ ਸੱਚੀ ਮੁੱਛ ਤੇ ਪਿੱਛੇ ਜਿਨ ਗੁੱਤ ਨਾਹੀਂ!!

(19 ਦਸੰਬਰ,09)



## 265. ਝੋਰਾ

ਗਈ ਉਮਰ ਸਾਰੀ ਸਦਾ ਰਿਹੈਂ ਝੁਰਦਾ ਉਮਰ ਭਰ ਸਦਾ ਉਧਾਰ ਫੜ੍ਹਦਾ।
ਸਾਹ ਸੂਤੇ ਰਹੇ ਮਿੱਤਰ ਪਿਆਰਿਆ ਓਏ ਕਰਜ਼ੇ ਸੋਚ ਕੇ ਰਿਹਾ ਓਇ ਸਾਹ ਚੜ੍ਹਦਾ।
ਆਇਆ ਬਾਹਰ ਤੇ ਫੇਰ ਵੀ ਰਿਹਾ ਥੁੜਿਆ ਜੇ ਤੂੰ ਰਿਹਾ ਤਾਂ ਰਿਹਾ ਇਕ ਕਲਮ ਘੜਦਾ।
ਫ਼ਿਲਮੀ ਗੀਤ ਲਿਖਦਾ ਜੇ ਤੂੰ ਕਥਾ ਕਰਦਾ ਹੀਰੇ ਮੋਤੀ ਦਸਤਾਰ ਦੇ ਵਿੱਚ ਜੜਦਾ।
ਬਾਬਾ ਬਹੁਤ ਝੇਲੀ, ਏਥੇ ਕੌਣ ਬੇਲੀ? ਦੁੱਖ ਦਿਲਾਂ ਦੇ ਨਹੀਂ ਉਚਾਰੀਏ ਜੀ!
ਵਾਂਗੂੰ ਚਾਰਲੀ ਹੱਥ-ਉਧਾਰ ਫੜਕੇ ਧਾਰ ਸਾਰੇ ਸੰਸਾਰ ਤੇ ਮਾਰੀਏ ਜੀ!!

## 266. ਇਟਲੀ-ਘਟਨਾ

ਹੋਈ, ਇਟਲੀ ਵਿੱਚ ਹੋਈ ਬਹੁਤ ਮੰਦੀ ਆਉਣੀ ਕਿਸੇ ਵੀ ਨਹੀਂ ਪਸੰਦ ਭਾਈ।
ਐਸੀ ਮੂੰਹ 'ਤੇ ਮੂਰਤੀ ਕਿਸੇ ਮਾਰੀ ਪ੍ਰਧਾਨ-ਮੰਤਰੀ ਦੇ ਕੱਢੇ ਦੰਦ ਭਾਈ।
ਲੱਭਿਆ ਢੰਗ ਅਨੋਖੜਾ ਆਣ ਕੇਹਾ ਬੁੱਲ੍ਹ ਪਾੜਕੇ ਕੀਤਾ ਮੂੰਹ ਬੰਦ ਭਾਈ।
ਜੋ ਵੀ ਹੱਥ ਆਇਆ ਓਹੀ ਵਰਤ ਲੀਤਾ ਲੱਭਿਆ ਨਹੀਂ ਔਜ਼ਾਰ ਜਾਂ ਸੰਦ ਭਾਈ।
ਵਰਤੇ ਜੁੱਤੀ ਤੇ ਮੂਰਤੀ ਕੋਈ ਵਰਤੇ ਨਵੇਂ ਯੁੱਗ ਵਿੱਚ ਨਵੇਂ ਵਿਹਾਰ ਹੋ ਗਏ!
ਐਸੀ ਜੰਗ ਵਿਚਾਰਾਂ ਦੀ ਲੱਗੀ ਫ਼ੱਕਰ ਨਵੀਆਂ ਪਲਟਣਾਂ ਨਵੇਂ ਹਥਿਆਰ ਹੋ ਗਏ!!

## 267. ਕੀਰਤਨ-ਦਰਬਾਰ

ਦਸਮ ਪਿਤਾ ਦੇ ਨਾਂ 'ਤੇ ਵਿੱਚ ਦਿੱਲੀ ਪਿੱਛੇ ਕੀਰਤਨ ਇਕ ਦਰਬਾਰ ਹੋਇਆ।
ਚੈਨਲ ਪਹਿਲੋਂ ਹੀ ਬੰਨ੍ਹੇ ਸੀ ਬਾਬਿਆਂ ਨੇ ਧੂੰਆਂ-ਧਾਰ ਸੀ ਸੋਹਣਾ ਪ੍ਰਚਾਰ ਹੋਇਆ।
ਸੰਗਤ ਗੁਰੂ ਦੇ ਨਾਮ 'ਤੇ ਬਹੁਤ ਢੂਕੀ ਗਈ ਡੁੱਕੀ ਪਖੰਡ ਦਾ ਵਾਰ ਹੋਇਆ।
ਗੱਲ ਹੋਈ ਦਸਮੇਸ਼ ਦੀ ਇਕ ਭੌਰਾ ਸਾਧਗਿਰੀ ਦਾ ਸਾਰ ਵਿਹਾਰ ਹੋਇਆ।
ਚੁਗੀ ਮਾਇਆ-ਕਪਾਹ ਤੇ ਭਰੇ ਝੋਲੇ ਪੰਡਾਂ ਬੰਨ੍ਹ ਕੇ ਤੋਰੀਆਂ ਪਿਆਰ ਪਾਸੇ!
ਭੁੱਲੇ ਦਿੱਲੀ ਵਿਚ ਸਾੜਤੇ ਸਿੱਖਾਂ ਤਾਈਂ ਸਾਧ ਭੁਗਤਗੇ ਕਿਵੇਂ ਸਰਕਾਰ ਪਾਸੇ!!

## 268. ਪੰਜਾਬ -ਪਲੀਸ

ਸ਼ਾਵਾ! ਸ਼ਾਵਾ!! ਪੰਜਾਬ ਦੀ ਪੁਲਸ ਸ਼ਾਵਾ!! ਪਾਉਂਦੀ ਸੋਹਣੀਆਂ ਕਾਰ-ਗੁਜ਼ਾਰੀਆਂ ਨੇ।
ਜੀਹਨੂੰ ਚਾਹੇ ਛੱਡੇ ਜੀਹਨੂੰ ਚਾਹੇ ਮਾਰੇ ਇਹਦੇ ਹੱਥ ਵਿੱਚ ਤਾਕਤਾਂ ਸਾਰੀਆਂ ਨੇ।
ਸਾਧ ਚੋਰ ਤੇ ਚੋਰ ਨੂੰ ਸਾਧ ਕਰਦੀ ਕਰੇ ਸੱਚ ਜੋ ਏਸ ਨੇ ਧਾਰੀਆਂ ਨੇ।
ਫੈਂਟਾ ਚਾੜ੍ਹਦੀ ਮਾਰੇ ਮੁਕਾਬਲੇ ਵਿਚ ਭਰਦੀ ਕੁੱਟ ਮੁਲਾਜ਼ਮਾਂ ਲਾਰੀਆਂ ਨੇ।
ਮੱਥਾ ਟੇਕਣ ਨੂੰ ਹਾਰਪਰ ਜਦੋਂ ਆਇਆ ਡਿਊਟੀ ਆਪਣੀ ਖ਼ੂਬ ਨਿਭਾਈ ਇਹਨੇ!
ਰਗੜੇ ਵਰਕਰ ਕਮੇਟੀ ਸ਼੍ਰੋਮਣੀ ਦੇ ਚੰਗੀ ਉਹਨਾਂ ਤੋਂ ਕੀਤੀ ਉਗਰਾਈ ਇਹਨੇ!!

(29 ਦਸੰਬਰ, 09)

## 269. ਬਿਆਨ-ਕੈਪਟਨ

ਸੱਚੀ ਗੱਲ ਅਮਰਿੰਦਰ ਨੇ ਕਿਹੀ ਆਖੀ ਦਿੱਤਾ ਬਿਆਨ ਹੈ ਕਿਸਤਰ੍ਹਾਂ ਜਥ੍ਹੇ ਵਾਲਾ।
ਜੱਫ਼ਾ ਬਾਦਲ ਨੇ ਪਾਇਐ ਕਮੇਟੜੀ ਨੂੰ ਭ੍ਰਿਸ਼ਟਾਚਾਰ ਦਾ ਕੀਤੈ ਵਿੱਚ ਬੋਲ-ਬਾਲਾ।
ਇਹਦੇ ਦਖਲ ਕਮੇਟੀ ਨੂੰ ਪੱਟਿਆ ਹੈ ਕੀਤਾ ਏਸਨੇ ਕਿਹੜਾ ਨਹੀਂ ਬੁਰਾ ਚਾਲਾ?
ਕੁੰਜੀਆਂ ਜੀਦੇ ਨਾਲ ਏਸਨੇ ਬੰਨ੍ਹੀਆਂ ਹਨ ਬੰਨ੍ਹਿਆਂ ਰਹਿਣ ਨਾ ਦੇਣ ਉਹ ਸਿੱਖ ਨਾਲ਼ਾ।
ਮੈਂ ਹਾਂ ਸਿੱਖ ਤੇ ਮੇਰਾ ਹੈ ਫ਼ਰਜ਼ ਬਣਦੈ ਏਹਨੂੰ ਇਹਨਾਂ ਕੁਕਰਮਾਂ ਤੋਂ ਰੋਕਣੇ ਦਾ!
ਫ਼ੱਕਰ ਹੱਕ ਨਹੀਂ ਮੇਰਾ ਕੋਈ ਖੋਹ ਸਕਦਾ ਇਹਨਾਂ ਬਾਦਲਾਂ ਦੀ ਮੰਜੀ ਠੋਕਣੇ ਦਾ!!

## 270. ਚਲਾਕੀ

ਮਮਤਾ ਬੈਨਰਜੀ ਕੇਹੀ ਇਹ ਖ਼ੂਬ ਕੀਤੀ ਲੋਕ -ਸਭਾ ਵਿਚ ਲਾਲੂ ਨੂੰ ਘੇਰਿਆ ਏ।
ਲੱਥੇ ਹੋਇਆਂ ਵੀ ਲੋਕੀ ਨਹੀਂ ਸੌਣ ਦਿੰਦੇ ਗੂੜ੍ਹੀ ਨੀਂਦ ਵਿੱਚ ਤਾਂਬਲ ਆ ਫੇਰਿਆ ਏ।
ਲਾਲੂ ਕਾਗ਼ਜ਼ੀ ਨਫ਼ੇ ਦਿਖਾਉਣ ਵਾਲਾ ਕਿਵੇਂ ਅੱਟੀ ਦੇ ਵਾਂਗ ਅਟੇਰਿਆ ਏ।
ਆਵੇ ਗੱਲ ਨਾ ਕੋਈ ਜਵਾਬ ਅਹੁੜੇ ਕਿਵੇਂ ਗਿਆ ਭੰਮੱਤਰ-ਘੁਮੇਰਿਆ ਏ।
ਫ਼ੱਕਰ ਆਖਿਆ ਲਾਲੂ ਨਾ ਨਾਲ ਹੋਈਏ ਰੇਲੀਂ ਮਾਰੀਆਂ ਖ਼ੂਬ ਪਲਾਕੀਆਂ ਨੇ!
ਇਹ ਨਹੀਂ ਰਾਬੜੀ ਭੋਲ਼ੀ , ਇਹ ਹੈ ਮਮਤਾ, ਫੜੀਆਂ ਵੇਖ ਜਿਸ ਸਭੇ ਚਲਾਕੀਆਂ ਨੇ!!

## 271. ਧੁੰਦ

ਪੈਂਦੀ ਧੁੰਦ ਪੰਜਾਬ ਤੇ ਵਿਚ ਭਾਰਤ ਦੇਖੋ ਲੋਕਾਂ ਦਾ ਮੰਦੜਾ ਹਾਲ ਹੋਇਆ।
ਹੱਥ ਮਾਰਿਆਂ ਕਿਤੇ ਵੀ ਨਹੀਂ ਦਿਸਦਾ ਮੌਸਮ ਕਿਸੇ ਤੋਂ ਨਹੀਂ ਇਹ ਟਾਲ਼ ਹੋਇਆ।
ਬਾਦਲ ਵਰ੍ਹਦਾ ਹੈ ਭਾਜਪਾ ਭਿਉਂਣ ਖਾਤਰ ਸਿੱਖ-ਟ੍ਰੈਫ਼ਿਕ ਦਾ ਕੀਹਨੂੰ ਖਿਆਲ ਹੋਇਆ?
ਹੋਏ ਹਾਦਸੇ ਸਿੱਖਾਂ ਦੇ ਨਾਲ ਕਿੰਨੇ ਵਿੰਗਾ ਦੋਖੀਆਂ ਕਦੇ ਨਾ ਵਾਲ਼ ਹੋਇਆ।
ਏਨੀ ਧੁੰਦ ਵਿੱਚ ਕੀਹਦੇ ਨਾਲ ਕੀ ਹੁੰਦੈ ਅਤਾ-ਪਤਾ ਤਾਂ ਫ਼ੱਕਰਾ ਕੱਢੀਏ ਜੀ!
ਹੈਥੈ ਅੰਨ੍ਹੀ ਨੂੰ ਬੋਲ਼ਾ ਘੜੀਸਦੈ ਜੇ ਆਪਾਂ ਧੂੜ ਵਿੱਚ ਟੱਟੂ ਨਾ ਛੱਡੀਏ ਜੀ!!

## 272. ਸੁਧਾਰ

ਸੁਣ ਕੇ ਰੁੱਖ ਤੋਂ ਬੋਲਿਆ ਇਕ ਤੋਤਾ-ਤੁਸੀਂ ਬਾਈ ਜੀ ਕਰੀ ਭਕਾਈ ਜਾਵੋ!
ਲੋਕੀ ਮੁਖਤ ਦਾ ਨਹੀਂ ਅਖ਼ਬਾਰ ਪੜ੍ਹਦੇ ਭਾਵੇਂ ਕਿੰਨੀ ਵੀ ਕਲਮ ਘਸਾਈ ਜਾਵੋ।
ਗੈਂਡੇ-ਲੀਡਰਾਂ 'ਤੇ ਹੋਣਾ ਅਸਰ ਨਾਹੀਂ ਟੀਕੇ ਠੋਕ-ਭਰ ਕਿੰਨੇ ਵੀ ਲਾਈ ਜਾਵੋ।
ਸਿੱਖ ਢੋਲਕੀ-ਛੈਣਿਆਂ ਵਿੱਚ ਵੜ ਗੇ ਇਹ ਨਹੀਂ ਨਿਕਲਣੇ ਲੱਖ ਕਢਾਈ ਜਾਵੋ।
ਫੇਰ ਆਖਿਆ-ਐਵੇਂ ਨਾ ਫ਼ਿਕਰ ਕਰੀਏ ਖ਼ੂਹ ਅਕਲ ਦੇ ਐਵੇਂ ਨਾ ਗੇੜੀਏ ਜੀ!
ਫ਼ੱਕਰਾ ਸੌਂ ਰਹੀਏ, ਸੁੱਤੇ ਰਹਿਣ ਦੇਈਏ ਐਵੇਂ ਭੂੰਡਾਂ ਦੀ ਖੱਖਰ ਨਾ ਛੇੜੀਏ ਜੀ!!

(4 ਜਨਵਰੀ,10)



## 273. ਚੋਰੀ

ਰਾਜਪੁਰੇ ਵਿੱਚ ਫ਼ੱਕਰਾ ਕੀ ਬੀਤੀ ਊਧਮ ਸਿੰਘ ਦਾ ਹੋਇਆ ਪਸਤੌਲ ਚੋਰੀ।
ਹੋਇਆ ਇਓਂ ਜਿਓਂ ਮਾੜਕੂ ਕੋਈ ਬੰਦਾ ਦਾਅ ਗਾਮੇ ਦਾ ਕਰੇ ਜਾਂ ਧੌਲ ਚੋਰੀ।
ਅਸ਼ਵਮੇਧ ਜਿਹਾ ਹੁੰਦਾ ਜਾਂ ਯੱਗ ਹੋਵੇ ਬਾਂਦਰ ਯੱਗ 'ਚ ਕਰੇ ਜਿਉਂ ਚੌਲ ਚੋਰੀ।
ਕਰਕੇ ਵਾਅਦਾ ਤੇ ਲੋਕਾਂ ਤੋਂ ਲਏ ਵੋਟਾਂ ਫੇਰ ਲੀਡਰ ਕੋਈ ਕਰੇ ਜਾਂ ਕੌਲ ਚੋਰੀ।
ਸਮੇਂ ਮਾੜੇ ਹਨ ਸਾਂਭ ਸਾਮਾਨ ਫ਼ੱਕਰ ਲੋਕੀ ਹੱਥ ਕਸੂਤੀ ਥਾਂ ਪਾਂਵਦੇ ਹਨ!
ਚੋਰ ਲੱਗਣ ਹੁਣ ਕੁੱਤੀ ਵੀ ਭੌਂਕਦੀ ਨਹੀਂ ਮਨ ਵਿੱਚ ਆਏ ਜੋ, ਚੋਰ ਚੁਰਾਂਵਦੇ ਹਨ!!

## 274. ਜੋੜ-ਮੇਲੇ

ਜਦੋਂ ਆਉਣ ਸ਼ਹੀਦਾਂ ਦੇ ਜੋੜ-ਮੇਲੇ ਇਹ ਜੁ ਲੀਡਰ ਇਹ ਰੱਖਦੇ ਤਾੜ ਭਾਈ।
ਬਣ ਕੇ ਪੰਥਕ ਇਹ ਮੇਲੇ ਦੇ ਵਿੱਚ ਪਹੁੰਚਣ ਖਾਣ ਸਿੱਖੀ, ਜਿਉਂ ਖੇਤੀ ਨੂੰ ਵਾੜ ਭਾਈ।
ਇਹ ਨਹੀਂ ਦਿਲੋਂ ਸ਼ਹੀਦਾਂ ਨੂੰ ਯਾਦ ਕਰਦੇ ਪਵੇ ਸਿੱਖਾਂ ਦੀ ਲੱਖ ਵੀ ਝਾੜ ਭਾਈ।
ਪਾਲਣ ਹੋਰਾਂ ਨੂੰ ਸਿੱਖ ਤੇ ਮਾਰ ਸਿੱਖੀ ਕੁਰਸੀ ਭਾਲ਼ਦੇ ਚਾਹੁੰਦੇ ਉਜਾੜ ਭਾਈ।
ਫ਼ਤਹਗੜ੍ਹ ਵਿਚ ਫ਼ੱਕਰਾ ਚਿੱਕੜ ਸੁੱਟੇ 'ਨਿੱਕਿਆਂ' ਵੱਡਿਆਂ ਨਹੀਂ ਚਿਤਾਰਿਆ ਏ!
ਕੀਤਾ ਪੰਥੋਂ ਸਰਬੰਸ ਕੁਰਬਾਨ ਇਕਨਾਂ, ਇਕਨਾਂ ਟੱਬਰ ਲਈ ਪੰਥ ਵਿਸਾਰਿਆ ਏ!!

## 275. ਕੁਰਸੀ-ਪਿਆਰ

ਬਾਦਲ ਸਾਬਤਾ ਭਾਜਪਾ ਪਾਸ ਵਿਕਿਆ ਗੱਲ ਪੰਥ ਦੀ ਕਰੇ ਤਾਂ ਕਰੇ ਕੀਕਰ।
ਬਦਲੇ ਸਿੱਖੀ ਦੇ ਚਾਹੇ ਜੋ ਸਿਰਫ਼ ਕੁਰਸੀ ਉਹ ਨਾ ਪਾਣੀ ਵਿਰੋਧੀ ਦਾ ਭਰੇ ਕੀਕਰ?
ਘੂਰੀ ਵੇਖਕੇ ਫ਼ੈਸਲੇ ਤੁਰਤ ਬਦਲੇ ਹੋਵੇ ਸ਼ੇਰ ਤਾਂ ਬਿੱਲੀਓਂ ਡਰੇ ਕੀਕਰ?
ਸਸਤਾ ਕਰੇ ਸਿਰੋਪੇ ਨੂੰ ਹੋਰਨਾਂ ਲਈ ਕੰਨ ਸਿੱਖਾਂ ਵੱਲ ਧਰੇ ਤਾਂ ਧਰੇ ਕੀਕਰ?
ਹੁਣ ਤਾਂ ਕੱਛੇ ਤੇ ਨੀਂਕਰ ਹੈ ਪਈ ਭਾਰੂ ਅਤੇ ਲੱਗੇ ਕਛਹਿਰੇ ਮਜ਼ਬੂਰ ਹੋ ਗਏ!
ਰੰਡੀ ਮੁੱਛ ਦਾ ਹੋ ਗਿਆ ਹੱਥ ਉੱਤੇ ਫ਼ੱਕਰਾ ਕਿਵੇਂ ਮੁੱਛਹਿਰੇ ਮਜ਼ਬੂਰ ਹੋ ਗਏ!!

## 276. ਗਵਰਨਰੀ-ਪੰਜਾਬ

ਦਿੱਤੀ ਗਵਰਨਰੀ ਪਾਟਿਲ ਸ਼ਿਵਰਾਜ ਤਾਈਂ ਕੇਂਦਰ ਵਿਚ ਪੰਜਾਬ ਦੇ ਘੱਲਿਆ ਈ।
ਦਿੱਤਾ ਵੇਖੋ ਪੰਜਾਬ ਨੂੰ ਇਹ ਤੋਹਫ਼ਾ ਕਾਰਤੂਸ ਬੰਬਈ ਦਾ ਚੱਲਿਆ ਈ।
ਟੁੱਟ ਗਈ ਵਜ਼ੀਰੀ ਬੰਬਈ ਬਦਲੇ ਗਿਆ ਨੈਣਾਂ 'ਚੋਂ ਨੀਰ ਨਾ ਠੱਲ੍ਹਿਆ ਈ।
ਦਿੱਲੀ ਜਾਣੇ, ਬੰਬਈ- ਗੱਲ ਲੋਕ ਭੁੱਲੇ ਬੇਹਾ ਆਣ ਪਰੌਂਠੜਾ ਥੱਲਿਆ ਈ।
ਫ਼ੱਕਰ ਕਿਹਾ-ਸਿਵਰਾਜ ਜੀ ਜੀ-ਆਇਆਂ ਕੱਪੜੇ ਏਥੇ ਨਹੀਂ ਕਿਸੇ ਬਦਲਾਣ ਦੇਣੇ!
ਇਹ ਹੈ ਸੱਚਾ ਪੰਜਾਬ, ਬੰਬਈ ਨਹੀਂਓਂ, ਏਥੇ ਲਾਹੇ ਵੀ ਕਿਸੇ ਨਹੀਂ ਪਾਣ ਦੇਣੇ!!

(10 ਜਨਵਰੀ, 10)

## 277. ਵਰਦਾਨ-ਸਰਾਪ

ਕੱਛੂ-ਕੁੰਮੇ ਨੂੰ ਕੁਦਰਤ ਵਰਦਾਨ ਦਿੱਤਾ ਸ਼ਕਤੀ ਏਸ ਵਿੱਚ ਕਾਮ-ਵਰਧਾਨ ਮੀਆਂ।
ਕੁਸ਼ੀਨਗਰ ਵਿੱਚ ਕੱਛੂਆਂ ’ਤੇ ਕਹਿਰ ਢੱਠਾ ਮਾਛੀ ਫੜਨ ਇਹ ਹੋਣ ਕੁਰਬਾਨ ਮੀਆਂ।
ਮੂੰਹੋਂ ਮੰਗਿਆ ਮਿਲੇ ਸਮੱਗਲਰਾਂ ਤੋਂ ਮਿਲੇ ਪੰਡਤਾਂ ਤਾਈਂ ਜਿਉਂ ਦਾਨ ਮੀਆਂ।
ਰਕਮ ਵੱਟਣ ਬਿਹਾਰ ਨਿਪਾਲ ਭੇਜਣ ਗਾਹਕ ਕਰਦੇ ਫਿਰ ਪੂੰਜ ਭੁਗਤਾਨ ਮੀਆਂ।
ਕੱਛੂ ਸਿਰੀ ਲਕੋਇ ਸਰਾਪ ਦਿੰਦੇ-ਫ਼ੱਕਰਾ ਤੁਸਾਂ ਦੀ ਸਿਰੀ ਵੀ ਨੱਪੀ ਜਾਵੇ!
ਪੱਟੇ ਸੁਆਦਾਂ ਦੇ ਅਸਾਂ ਨੂੰ ਮਾਰਦੇ ਓਂ ਬੰਦਿਓ! ਖੁੰਬ ਤੁਹਾਡੀ ਵੀ ਠੱਪੀ ਜਾਵੇ!!

## 278. ਸਰਦਾਰ ਫੂਲਕਾ

ਸਰਦਾਰ ਫੂਲਕੇ ਦਿੱਲੀ ਦੀ ਹਾਈਕੋਰਟ ਕੀਤੀ ਪੀ.ਆਈ.ਐਲ. ਇਕ ਦਾਇਰ ਕੀਕਰ।
ਪੱਚੀ ਸਾਲ ਨਾ ਕਿਸੇ ਨੇ ਗੱਲ ਗੌਲ਼ੀ ਸਿੱਖ ਸਾੜੇ ਸੂ ਗਲੀਂ ਪਾ ਟਾਇਰ ਕੀਕਰ।
ਸਗੋਂ ਦਿੱਤੇ ਸਰਕਾਰ ਨੇ ਥਾਪੜੇ ਹਨ ਸ਼ੇਰ-ਕਾਗ਼ਜ਼ੀ ਕਰੇ ਹਨ ਕਾਇਰ ਕੀਕਰ।
ਪੰਥਕ-ਸਫ਼ਾਂ ਵਿੱਚ ਏਧਰ ਵੀ ਘਾਤ ਲਾ ਕੇ ਫੋਕੇ ਮਾਰਦੇ ਕਈ ਰਹੇ ਫ਼ਾਇਰ ਕੀਕਰ।
ਸਦਕੇ! ਫੂਲਕੇ ਵਰਗਿਆਂ ਸਿੱਖਾਂ ਉੱਤੋਂ ਜਿਹੜੇ ਸਿੱਖਾਂ ਦਾ ਦਰਦ ਵੰਡਾਂਵਦੇ ਹਨ!
ਤੋਰੀ-ਫੁਲਕਾ ਚਲਾਉਣ ਤੇ ਵੋਟ ਖਾਤਰ ਸਿੱਖ-ਲੀਡਰ ਤਰ ਨੂਣ ਘਸਾਂਵਦੇ ਹਨ!!

## 279. ਲੋਹ-ਪੁਰਸ਼

ਜੱਥੇਦਾਰ ਜਗਦੇਵ ਸਿੰਘ ਚੁੱਪ ਤੋੜੀ ਸੁੱਤਾ ਝੱਲ ’ਚੋਂ ਸ਼ੇਰ ਭਬਕਾਰਿਆ ਹੈ।
ਕਹੇ-ਸ਼ਹਿਰੀ ਮਨਜੀਤ ਸਿੰਘ ਚੁਸਤ ਸੀਗ੍ਹਾ ਲੋਹੜਾ ਓਸ ਚੁਰੰਨਵੇ ਮਾਰਿਆ ਹੈ।
ਖਾਲਿਸਤਾਨ ਦੀ ਸਹੁੰ ਚੁਕਾ ਸਾਨੂੰ ਉਸਨੇ ਬੱਕਰੀਆਂ ਵਾਂਗਰਾਂ ਚਾਰਿਆ ਹੈ।
ਉਹ ਸੀ ਡਰਿਆ ਤੇ ਦਸਖਤ ਕਰਾਏ ਸਾਥੋਂ ਜਾਣੇਂ ਮਾਨ ਨੇ ਦਬਕਾ ਜੁ ਮਾਰਿਆ ਹੈ।
ਫ਼ੱਕਰ ਪੁੱਛਿਆ-ਦੱਸਿਓ ਲੋਹ-ਪੁਰਸ਼ੋ! ਛਮਕ-ਛੱਲੇ ਜਿਹੇ ਕਿੰਜ ਪਿਘਲਾਇ ਦਿੱਤਾ?
ਕਿਹਾ-ਸਾਲੀ ਇਹ ਸਮਝ ਨਹੀਂ ਪਈ ਮੈਨੂੰ ਕਿਸ ਭੜੂਏ ਲੋਹ-ਪੁਰਸ਼ ਬਣਾਇ ਦਿੱਤਾ!

## 280. ਨੀਂਕਰ ਤੇ ਗੋਲ਼ੀ

ਰਾਮ ਨਗਰ ਕਰਨਾਲ ਵਿੱਚ ਕੀ ਬੀਤੀ ਸਿੱਖਾਂ ਮੱਕੜ ’ਤੇ ਨੀਂਕਰ ਚਲਾਈ ਕੀਕਰ!
ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਕਰਨੀ ਬਣ ਕੇ ਮੱਕੜ ਨੂੰ ਟੱਕਰੀ ਮਹਿੰਗਾਈ ਕੀਕਰ।
ਫੇਰ ਕਰੀ ਸ਼ਿਕਾਇਤ ਸੂ ਤਖ਼ਤ ਜਾ ਕੇ ਖ਼ਫੇ-ਖੂਨ ਹੋ ਪਾਈ ਦੁਹਾਈ ਕੀਕਰ।
ਨਾਲੇ ਕਿਹਾ -ਜੀ ਵੇਖੋ ਮੈਂ ਹਾ ਚੁਣਿਆ ਝੀਂਡੇ ਹੋਣਾਂ ਫਿਰ ਕੀਤੀ ਮੰਜਾਈ ਕੀਕਰ।
ਫ਼ੱਕਰ ਪੁੱਛਿਆ-ਨੀਂਕਰ ਦੀ ਸੱਟ ਲੱਗੀ? ਰੋਇ ਰੋਇ ਹੁਣ ਬਹੁੜੀਆਂ ਪਾਂਵਦੇ ਹੋ!
ਓਦੋਂ ਦਿਸਦੇ ਨਹੀਂ ਸਿੰਘ ਸ਼ਹੀਦ ਹੁੰਦੇ? ਹੱਸ ਹੱਸ ਗੋਲੀਆਂ ਜਦੋਂ ਚਲਾਂਵਦੇ ਹੋ!!
(17 ਜਨਵਰੀ,10)



## 281. ਫੁੱਲ ਬਾਡੀ-ਸਕੈਨਰ

ਫੁੱਲ ਬਾਡੀ-ਸਕੈਨਰ ਹੁਣ ਲਾਏ ਜਾਣੇ ਕੇਹਾ ਕੈਨੇਡਾ ਸਰਕਾਰ ਮੀਆਂ।
ਪੁੱਛੂ ਕੈਮਰਾ ਬਾਤ ਹਰ ਯਾਤਰੀ ਦੀ ਏਅਰਪੋਰਟੀਂ ਲਊਗਾ ਸਾਰ ਮੀਆਂ।
ਅੰਗ-ਮਾਸ ਨੂੰ ਐਨ੍ਹ ਪੁਣ-ਛਾਣ ਕਰਲੂ ਕਿਰਨਾਂ ਜਾਣ ਸਰੀਰ ’ਚੋਂ ਪਾਰ ਮੀਆਂ।
ਫੇਰ ਕੀ ਮਜਾਜ ਜਹਾਜ਼ ਚੜ੍ਹ ਜੇ ਤੇਜ਼ਧਾਰ ਜਾਂ ਕੋਈ ਹਥਿਆਰ ਮੀਆਂ।
ਫ਼ੱਕਰ ਕਿਹਾ ਫੜ ਲਵੋਂਗੇ ਅੱਤਵਾਦੀ ਫੜੇ ਜਾਣੇ ਨਹੀਂ ਦਾਓ ਘਚਾਨੀਆਂ ਦੇ?
ਜੇ ਕੋਈ ਭਾਰਤ ਦਾ ਨੇਤਾ ਜਹਾਜ਼ ਚੜ੍ਹਿਆ ਕਿਵੇਂ ਫੜੋਂਗੇ ਭੇਤ ਬੇਈਮਾਨੀਆਂ ਦੇ?

## 282. ਛੱਜ-ਛਾਣਨੀ

ਆਸਾ ਰਾਮ ਨੇ ਅੱਖ ਮਟਕਾਇ ਆਖੀ-ਮੋਦੀ ਮੇਰਾ ਨਹੀਂ ਕੁਝ ਵਿਗਾੜ ਸਕਦਾ।
ਕਿਹੜੇ ਕੇਸ ਵਿੱਚ ਮੈਨੂੰ ਫਸਾ ਘੱਤੂ? ਜਿਹੜਾ ਆਪਣਾ ਪਿੱਛਾ ਨਹੀਂ ਝਾੜ ਸਕਦਾ।
ਮੋਦੀ ਛਾਣਨੀ ਜੀਹਦੇ ਵਿਚ ਛੇਕ ਸੈਆਂ ਮੈਨੂੰ ਛੱਜ ਨੂੰ ਨਹੀਂ ਪਛਾੜ ਸਕਦਾ।
ਸੱਤ ਵਾਰ ਮੁਆਫ਼ੀ ਜਿਸ ਆਪ ਮੰਗੀ ਕਿਹੜੀ ਖੁੱਡ ਵਿੱਚ ਮੈਨੂੰ ਹੈ ਵਾੜ ਸਕਦਾ?
ਫ਼ੱਕਰ ਆਖਿਆ -ਹੋਈ ਜਾਓ ਹੇਠ-ਉੱਤੇ ਭਾਰਤ ਮਾਂਓਂ ਦੀ ਝੁੱਗੀ ਉਜਾੜਦੇ ਰਹੋ!
ਦੁਨੀਆਂ ਜਾਣਦੀ ਥੋਨੂੰ ਭਲੇਮਾਣਸਾਂ ਨੂੰ ਚਾਦਰ ਏਸਦੀ ਨੂੰ ਚੰਗੂੰ ਪਾੜਦੇ ਰਹੋ!!

## 283. ਰਾਗੀ-ਮੱਕੜ

ਰਾਗੀ ਇਕ ਪਾਸੇ ਮੱਕੜ ਦੂਏ ਪਾਸੇ ਚੱਲੀ ਪੰਥ ਵਿੱਚ ਕੇਹੀ ਸ਼ਮਸ਼ੀਰ ਭਾਈ।
ਖ਼ਬਰ ਵਿੰਨ੍ਹ ਹਰ ਸਿੱਖ ਦਾ ਗਈ ਸੀਨਾ ਜਾਵੇ ਕੱਦੂ ਨੂੰ ਕਰਦ ਜਿਓਂ ਚੀਰ ਭਾਈ।
ਖਿੱਚਣ ਰਾਗੀ ਨੂੰ ਇਕ ਇਕ ਮੱਕੜ ਤਾਈਂ ਕੀਤੇ ਕੁੜਤੇ ਪਜਾਮੇ ਨੇ ਲੀਰ ਭਾਈ।
ਫੱਟੜ ਸਿੱਖਾਂ ਨੂੰ ਕੋਈ ਨਾ ਆਸ ਬੱਝੇ ਨਾ ਕੋਈ ਕਿਸੇ ਬੰਨ੍ਹਾਂਵਦਾ ਧੀਰ ਭਾਈ।
ਐਸੇ ਸਮੇਂ ਵਿੱਚ ਕਿਸੇ ਨੇ ਆਖਿਓ ਨੇ-ਓਟ ਤਖ਼ਤ ਅਕਾਲ ਨਾ ਟਾਲੀਏ ਜੀ!
ਜੱਥੇਦਾਰਾਂ ਦੀ ਜਿੱਥੋਂ ਤੱਕ ਗੱਲ ਫ਼ੱਕਰ ਨੁੱਚੜੇ ਹੋਇਆਂ ’ਚੋਂ ਤੇਲ ਨਾ ਭਾਲੀਏ ਜੀ!!

## 284. ਆਦਰ-ਸਤਿਕਾਰ

ਨਿਤਿਨ ਗਡਕਰੀ ਗਿਆ ਹਰਿਮੰਦਰ ਸਾਹਿਬ ਹੋਈ ਸ਼੍ਰੋਮਣੀ ਪੱਬਾਂ ਦੇ ਭਾਰ ਮੀਆਂ।
ਅਹੁਦੇਦਾਰਾਂ ਨਿਭਾਇਆ ਸੂ ਕਾਜ ਸਹੋਣਾ ਸੋਹਣੇ ਕੀਤੇ ਸਭ ਕਾਰ-ਵਿਹਾਰ ਮੀਆਂ।
ਦਿੱਤੇ ਕਿਵੇਂ ਸਿਰੋਪੇ ਤੇ ਕਰੇ ਆਦਰ ਕੀਤੇ ਪੁੱਜ ਕੇ ਮਾਣ-ਸਤਿਕਾਰ ਮੀਆਂ।
ਸਿੱਧੂ ਵਰਗੇ ਵੀ ਹਾਜ਼ਰੀ ਭਰਨ ਆਏ ਪੰਥਕ-ਬਾਗ਼ ਲਈ ਤਿੱਖੜੇ ਖ਼ਾਰ ਮੀਆਂ।
ਫ਼ੱਕਰ ਕਿਹਾ ਕਮੇਟੜੀ ਵਾਲਿਆਂ ਨੂੰ -ਤੁਸੀਂ ਹੋਰਾਂ ਨੂੰ ਹਾਰ ਪਹਿਨਾਈ ਜਾਵੋ!
ਚੜ੍ਹ ਕੇ ਢਾਕ ਨਿਕੰਮਿਆਂ ਲੀਡਰਾਂ ਦੀ ਆਪਣੇ ਫੁੱਲਾਂ ਨੂੰ ਪੈਰੀਂ ਰੁਲਾਈ ਜਾਵੋ!!
(24 ਜਨਵਰੀ, 10)

## 285. ਸਾਧ-ਸੁਰੱਖਿਆ

ਆਹ ਹੁਣ ਨਵੀਂ ਹੀ ਭਾਈ ਜੀ ਗੱਲ ਸੁਣ ਲੀ ਪੈਣ ਲੱਗਾ ਬਰਸੀਮ ਹੈ ਢੱਟਿਆਂ ਨੂੰ।
ਦੇਣ ਲੱਗੀ ਸਰਕਾਰ ਸੁਰੱਖਿਆ ਹੈ ਸਾਧਾਂ ਸੱਤ ਵਲਾਇਤਾਂ ਦੇ ਛੱਟਿਆਂ ਨੂੰ।
ਖ਼ਾਤਰ ਵੋਟਾਂ ਦੀ ਲੀਡਰ ਨੇ ਹੱਥ ਲਾਉਂਦੇ ਪੈਰਾਂ ਗੋਡਿਆਂ ਇਹਨਾਂ ਦੇ ਵੱਟਿਆਂ ਨੂੰ।
ਕੁਰਸੀ ਬਿਨਾਂ ਕੁਸ਼ ਹੋਰ ਨਹੀਂ ਕਿਓਂ ਦਿਸਦਾ ਤਮ੍ਹਾਂ-ਪੱਟਿਆਂ ਭਲਾ ਜੀ ਘੱਟਿਆਂ ਨੂੰ?
ਸਿੱਖ-ਲੀਡਰਾਂ ਕਿਵੇਂ ਕਰੀਬ ਹੋਏ ਨੂਰ-ਮਹਿਲੀਏ ਸਾਧ ਭਨਿਆਰੀਏ ਜੀ!
ਗੱਲ ਏਥੋਂ ਤੱਕ ਫ਼ੱਕਰਾ ਨਿੱਘਰ ਜਾਵੇ ਭਲਾ ਦੱਸ ਕੀ ਲੀਡਰਾਂ ਮਾਰੀਏ ਜੀ!!

## 286. ਰਿਸ਼ਤਾ

ਸਾਡੇ ਗੁਰੂ ਤੇ ਭਗਤ ਸਭ ਸਕੇ ਸਾਡੇ ਏਸ ਰਿਸ਼ਤੇ ਨੂੰ ਕੋਈ ਨਹੀਂ ਤੋੜ ਸਕਦਾ।
ਕੋਈ ਪਾਵੇ ਬਨਾਰਸ ਵਿੱਚ ਰਾਮ-ਰੌਲ਼ਾ ਗ੍ਰੰਥੋਂ 'ਭਗਤ' ਨਹੀਂ ਕੋਈ ਵਿਛੋੜ ਸਕਦਾ।
ਸੱਜੀ ਬਾਂਹ ਰਵਿਦਾਸੀਏ ਪੰਥ ਦੀ ਹਨ ਬਾਂਹ-ਪੰਥ ਨਹੀਂ ਕੋਈ ਮਰੋੜ ਸਕਦਾ।
'ਇੰਟਰਨੈਸ਼ਨ ਕੌਂਸਲ' ਨੇ ਖ਼ਰੀ ਆਖੀ -ਕੋਈ ਵਹਿਣ ਇਤਿਹਾਸ ਨਹੀਂ ਮੋੜ ਸਕਦਾ।
ਫ਼ੱਕਰਾ ਵੱਖਰੇ ਜਿਹੜੇ ਨਿਸ਼ਾਨ ਗੱਡਣ ਉੱਤੋਂ ਡਿੱਗ ਕੇ ਧੌਣ ਭਨਾਉਣਗੇ ਇਹ!
ਪੁੱਠੇ ਕੰਮਾਂ ਨਤੀਜੇ ਸਦ ਹੋਣ ਪੁੱਠੇ ਲਗਦੈ ਕਈਆਂ ਦੇ ਕੂੰਡੇ ਕਰਵਾਉਣਗੇ ਇਹ!!

## 287. ਖਿੱਚੋਤਾਣ

ਰਾਹੁਲ ਪਹੁੰਚਾ ਮੁੰਬਈ ਦੇ ਵਿੱਚ ਸਿੱਧਾ ਬਾਲ ਠਾਕਰੇ ਚਾਂਗਰਾਂ ਮਾਰੀਆਂ ਨੇ।
ਸ਼ਿਵ-ਸੈਨਾ ਨੇ ਗੱਡੀ ਵਿੱਚ ਤੇਲ ਪਾਇਆ ਝੰਡੀਆਂ ਕਾਲ਼ੀਆਂ ਆਣ ਉਡਾਰੀਆਂ ਨੇ।
ਓਧਰ ਰਾਹੁਲ ਵੀ ਹੌਸਲਾ ਹਿੱਕ ਭਰ ਕੇ ਫ਼ੂਕਾਂ ਅੱਗ ਬੇ-ਨਾਮੀਆਂ ਮਾਰੀਆਂ ਨੇ।
ਫੂਕੇ ਪੁਤਲੇ ਪੰਜਾਬ ਵਿੱਚ ਠਾਕਰੇ ਦੇ ਵਰਕਰ ਮਾਰਦੇ ਹੱਸ ਕਿਲਕਾਰੀਆਂ ਨੇ।
ਫ਼ੱਕਰ ਆਖਿਆ-ਸੁਣੋ ਰੇ ਬਾਲ ਠਾਕਰ ਥੋਨੂੰ ਬਾਲ ਵੀ ਦੰਦੀਆਂ ਚਿੜਾਣ ਲੱਗੇ!
ਤੁਸੀਂ ਬੱਸ -ਮਰਾਠੀ ਦੇ ਸੀ ਸ਼ੌਂਕੀ ਥੋਨੂੰ ਹਿੰਦੀ ਦੀ ਗੱਡੀ ਬਿਠਾਣ ਲੱਗੇ!!

## 288. ਝੱਲ

ਰਮਾਕਾਂਤ ਤਿਵਾੜੀ ਸੋਇਮ-ਸਿੰਘੀਏ ਵੇਖੋ ਕੇਹਾ ਇਕ ਝੱਲ ਖਿਲਾਰਿਆ ਏ।
ਅਖੇ-ਗਿਆ ਸੀ ਮੈਂ ਦਰਬਾਰ ਸਾਹਿਬ ਕਈਆਂ ਗੱਲਾਂ ਨੇ ਮੈਨੂੰ ਦੁਖਿਆਰਿਆ ਏ।
'ਰਾਮ' 'ਸ਼ਿਵ' ਜਦ ਗ੍ਰੰਥ ਵਿੱਚ ਹਨ ਆਉਂਦੇ ਵੱਖਰੀ ਕੌਮ ਕਿਓਂ ਸਿੱਖਾਂ ਪੁਕਾਰਿਆ ਏ?
'ਸੰਤ' ਬਿਅੰਤ 'ਤੇ ਕਿਹਰ ਸਿੰਘ ਨੂੰ ਕਹਿ ਕੇ ਕਾਹਤੋਂ 'ਸ਼ਹੀਦ' ਪ੍ਰਚਾਰਿਆ ਏ?
ਗਿਆ ਲੰਗਰ ਮੈਂ, ਲੱਸਣ ਪਿਆਜ਼ ਵਰਤਣ ਜਿਹੜੇ ਤ੍ਰਿਸ਼ਨਾ ਨੂੰ ਖ਼ੂਬ ਭੜਕਾਂਵਦੇ ਹਨ!
ਫ਼ੱਕਰ ਕਿਹਾ-ਨਿਪੁੰਸਕਤਾ ਤੁਸੀਂ ਭੋਗੋ, ਧੰਨ ਧੰਨ ਸ਼ੇਰ ਹੀ ਸਦਾ ਕਰਵਾਂਵਦੇ ਹਨ!!

(31 ਜਨਵਰੀ,10)

## 289. ਕਾਲ਼

ਓਧਰ ਪੂਰਬ ਵਿੱਚ ਕੁੜੀਆਂ ਦੇ ਕਾਲ਼ ਪੈਗੇ ਲੱਗੀ ਪੱਛਮ ਵਿਚ ਕੁੜੀ-ਬਹਾਰ ਵੇਖੋ।
ਹੋਏ ਡੇਟਿੰਗ-ਏਜੰਸੀਆਂ ਫ਼ਿਕਰ ਡਾਢੇ ਮਰਦ ਮਿਲੇ ਨਾ ਨਕਦ ਉਧਾਰ ਵੇਖੋ।
ਹਾਹਾ-ਕਾਰ ਇੰਗਲੈਂਡ ਦੇ ਵਿੱਚ ਮੱਚੀ ਧੰਦਾ ਠੱਪ ਤੇ ਮੱਧਮ ਵਪਾਰ ਵੇਖੋ।
ਕਹਿਣ ਮਰਦਾਂ ਜੇ ਕਰਨੈਂ ਤਲਾਕ ਭਾਈ ਬੁੱਚਣ ਲਈ ਹਾਂ ਅਸੀਂ ਤਿਆਰ ਵੇਖੋ।
ਦਿੰਦੀਆਂ ਔਰਤਾਂ ਗੇੜੇ 'ਤੇ ਮਾਰ ਗੇੜਾ ਹਾਲ-ਪਾਹਰਿਆ ਪਈ ਦੁਹਾਈ ਕਿੰਨੀ!
ਨਾਲ ਸੋਨੇ ਦੇ ਲਾੜੇ ਹਨ ਤੁਲਣ ਲੱਗੇ ਵੇਖੋ ਮਰਦਾਂ ਦੀ ਹੋਈ ਮਹਿੰਗਾਈ ਕਿੰਨੀ!!

## 290. ਲੱਤ

ਸ਼ਾਹਰੁਖ਼ ਖ਼ਾਨ ਸ਼ਿਵ-ਸੈਨਾ ਦਾ ਪਿਆ ਪੰਗਾ ਲੇਰਾਂ ਪੁੱਜ ਸ਼ਿਵ-ਸੈਨੀਆਂ ਮਾਰੀਆਂ ਨੇ।
ਨਹੀਂਓਂ ਵੇਖਣੀਂ ਅਸਾਂ ਨੇ ਫ਼ਿਲਮ ਏਹਦੀ ਇਹਨੇ ਕੀਤੀਆਂ ਬਹੁਤ ਗ਼ੱਦਾਰੀਆਂ ਨੇ।
ਕਿੱਥੋਂ ਬਣੂੰ ਸਾਡਾ? ਲੁੱਟਿਆ ਦਿਲ ਜੀਹਦਾ ਪਾਕਿਸਤਾਨ ਦੇ ਭਲਾ ਖਿਡਾਰੀਆਂ ਨੇ।
ਜਾ ਕੇ ਰਹੇ ਕਰਾਚੀ ਮੁੰਬਈ ਛੱਡੇ ਕਰੀਆਂ ਏਸਨੇ ਗ਼ਲਤੀਆਂ ਭਾਰੀਆਂ ਨੇ।
'ਮਾਈ ਨੇਮ ਇਜ਼ ਖਾਨ' ਨਹੀਂ ਚੱਲਣ ਦੇਣੀ ਸੈਨਾ-ਸੀਨੇ ਦੀਆਂ ਅੱਗੋਂ ਭੜਾਸ ਆਈ!
ਮੂਹਰੇ ਸਿਨਮਿਆਂ ਲਾਈਨਾਂ ਹੀ ਲੱਗ ਗਈਆਂ ਲੱਤ ਕੁੱਬੇ ਨੂੰ ਫ਼ੱਕਰਾ ਰਾਸ ਆਈ!!

## 291. ਮਤਰੇਈ

ਭਾਵੇਂ ਭਾਜਪਾ ਪਿਓ ਨੂੰ ਖਰੀ ਖੋਟੀ ਕੁਰਸੀ ਵੱਡੀ ਤੋਂ ਵੱਡੀ ਦਿਵਾਏ ਜਿਹੜੀ।
ਜਿਹੜੀ ਉਹਦੀ ਸਰਕਾਰ ਨੂੰ ਕਾਇਮ ਰੱਖੇ ਨਿੱਕੀ ਗੱਲ ਹੈ ਸਿੱਖ ਮਰਵਾਏ ਜਿਹੜੀ।
ਲੈਂਟਰ ਲੀਡਰੀ ਵਾਲਾ ਨਾ ਡਿੱਗਣ ਦੇਵੇ ਪੈਰ ਪੈਰ 'ਤੇ ਉਹਨੂੰ ਬਚਾਏ ਜਿਹੜੀ।
ਲੱਗੇ ਓਸ ਨੂੰ ਦੂਜੀ ਅਰਧੰਗਣੀ ਇਹ ਕੂੰਡਾ ਕੌਮ ਦਾ ਭਾਵੇਂ ਕਰਵਾਏ ਜਿਹੜੀ।
ਪਿਆਰੀ ਪਿਓ ਦੀ, ਪੁੱਤ-ਮਤਰੇਈ ਬਣਗੀ ਦਿਲੋਂ ਪੁੱਤ ਜਿਸ ਮੂਲ ਨਾ ਭਾਂਵਦਾ ਈ!
ਤਾਹੀਓਂ ਦੂਸਰੀ ਮਾਂਓਂ ਨੂੰ ਪੁੱਤ ਲੋੜੇ ਕੁੱਛੜ ਬਸਪਾ ਦੇ ਚੜ੍ਹਨ ਨੂੰ ਚਾਂਹਵਦਾ ਈ!!

## 292. ਸੱਦਾ

ਵੇਖੋ ਕੋਰਟ ਪਟਿਆਲੇ ਵਿੱਚ ਕੀ ਬੀਤੀ ਭਰਤਇੰਦਰ ਨੂੰ ਟੱਕਰੇ ਮਾਨ ਮੀਆਂ।
ਗੱਲ ਆਪਣੇ ਅੰਦਾਜ਼ ਵਿੱਚ ਖ਼ੂਬ ਕੀਤੀ ਦਿੰਦੇ ਸਦਾ ਜਿਓਂ ਮਾਨ ਬਿਆਨ ਮੀਆਂ।
ਲੀਡਰ ਲੋਕਾਂ ਤੋਂ ਵੱਖਰਾ ਕਿਵੇਂ ਹੋਜੂ? ਕਰਤਬ ਕਰੇ, ਜੇ ਖਿੱਚੇ ਧਿਆਨ ਮੀਆਂ।
ਬੰਦਾ ਬੁੜ੍ਹਕ ਨਾ ਕੰਧ ਦੇ ਨਾਲ ਵੱਜੇ ਕਾਹਦਾ ਲੀਡਰ ਦਾ ਹੋਵੇ ਵਖਿਆਨ ਮੀਆਂ?
ਕਿਹਾ-ਚਾਹਲ ਜੀ ਸਾਡੇ ਵਿੱਚ ਆਣ ਰਲ ਜੋ ਸਾਡੀ ਪਾਰਟੀ ਆਖਦੀ ਜੀ-ਆਇਆਂ!
ਚਾਰ ਬੰਦੇ ਹਨ ਅਜੇ ਵੀ ਮਗਰ ਜਿਹੜੇ ਵਿੱਝੜ ਜਾਣਗੇ ਤੁਸਾਂ ਦੇ ਪੈਰ ਪਾਇਆਂ!!

(8 ਫਰਵਰੀ,10)

## 293 . ਗਾਜਰਾਂ

ਕਾਟੋ ਫੁੱਲਾਂ ’ਤੇ ਖੇਡ੍ਹਦੀ ਬਾਬਿਆਂ ਦੀ ਬੱਝੇ ਰੰਗ ਕੈਨੇਡਾ ਵਿੱਚ ਆਣ ਕੀਕਰ।
ਬਰਸਣ ਪਿਨਸ਼ਨਾਂ ਬੱਸਾਂ ਦੇ ਪਾਸ ਮੁਫਤੇ ਬਾਬੇ ਸ਼ਹਿਰਾਂ ਵਿੱਚ ਘੁੰਮਣ-ਘੁਮਾਣ ਕੀਕਰ।
ਲੰਗਰ ਰੋਟੀ ਤੇ ਸੈਂਟਰ ਅਖ਼ਬਾਰ ਮੁਫ਼ਤੇ ਪੱਤਾ ਪਵੇ ਤੇ ਹੱਸਣ-ਹਸਾਣ ਕੀਕਰ।
ਸ਼ਾਮੀਂ ਮੇਮਾਂ ਜਾਂ ਪਾਰਕ ਦੇ ਵਿਚ ਦੌੜਨ ਚਾੜ੍ਹੀ ‘ਮਿੱਕੀ’ ਨਾ ਕਾਹਤੋਂ ਮੁਸਕਾਣ ਕੀਕਰ?
ਰੰਬਾ ਵਿਚ ਦੱਸੋ ਨਾ ਕਿਓਂ ਰੱਖਣ? ਪਿਛਲੀ ਉਮਰ ਰੱਬ ਦਿੱਤੀਆਂ ਗਾਜਰਾਂ ਜੀ!
ਜਿੰਨੇ ਮਰਜ਼ੀ ਤੂੰ ਪੈਰ ਪਸਾਰ ਫ਼ੱਕਰ ਡਿੱਗੀਆਂ ਉੱਤੇ ਅਣ-ਮਿਣਵੀਆਂ ਚਾਦਰਾਂ ਜੀ!!

## 294 . ਖੁੰਝਵਾਂ -ਤੀਰ

ਕੀਤੈ ਭਾਜਪਾ ਭਾਬੀ ਜੀ ਅਧਿਵੇਸ਼ਨ ਤੀਰ ਛੱਡੇ ਦੀ ਤੈਨੂੰ ਵਧਾਈ ਹੋਵੇ।
ਮੂਹਰੇ ਤੂੰ ਅਡਵਾਨੀ ਨੂੰ ਫੇਰ ਲਾਇਆ ਹੋਵੇ ਕਿਓਂ ਨਾ ਮਾਂਜ-ਮੰਜਾਈ ਹੋਵੇ?
ਗਡਕਰੀ ਤੇ ਹੋਰਾਂ ਨੇ ਗੀਤ ਗਾਏ ਲੋਕ ਸੁਣਦੇ ਨਹੀਂ ਕਾਸ਼ ਸੁਣਵਾਈ ਹੋਵੇ।
ਹੋਵੇਂ ਵਿੱਚ ਪੰਜਾਬ ਦੇ ਤੂ ਰਾਜ਼ੀ ਹੱਥੀਂ ਬਾਦਲ ਜੇ ਖੀਰ ਬਣਾਈ ਹੋਵੇ।
ਕਿਹਾ ਫ਼ੱਕਰ ਅਡਵਾਨੀ ਲੱਖ ਬੰਨ੍ਹ ਸ਼ਿਸਤਾਂ ਤੇਰਾ ਤੀਰ ਨਿਸ਼ਾਨੇ ’ਤੇ ਵੱਜਣਾ ਨਹੀਂ!
ਤੀਰ ਕਿਸੇ ਇਹ ਕੱਦੂ ਵਿੱਚ ਵੱਜਣਾ ਨਹੀਂ ਸਾਡੇ ਮੋਹਣ ਨੇ ਤੇਰੇ ਤੋਂ ਭੱਜਣਾ ਨਹੀਂ!!

## 295 . ਠੀਕਰੇ-ਠਾਕਰੇ

ਨੱਬੇ ਸੌ ’ਚੋਂ ਸਿੱਖਾਂ ਨੇ ਸੀਸ ਦਿੱਤੇ ਫਿਰ ਵੀ ਵੱਖਵਾਦੀ! ਸਿੱਖ ਅਤਿਵਾਦੀ!!
ਗੁਰੂਆਂ ਜਿਹਨਾਂ ਲਈ ਬੰਸ-ਸਰਬੰਸ ਵਾਰੇ ਓਹੀਓ ਆਖਦੇ ਅੱਜ ਸਿੱਖ ਅਤਿਵਾਦੀ।
ਜਾਨ ਤਲੀ ਧਰ ਡੋਲੇ ਛਡਵਾਂਵਦੇ ਰਹੇ ਉਹਨਾਂ ਤਾਈਂ ਇਹ ਕਹਿਣ ਸਿੱਖ ਅਤਿਵਾਦੀ।
ਗੌਰੇ ਦਿੰਦੇ ਸੀ ਲੀਡਰ ਹੀ ਗਏ ਮੂਤਰ ਲਿਆ ਹੱਕ ਨਾ ਅੱਜ ਸਿੱਖ ਅਤਿਵਾਦੀ।
ਜਿਹਨਾਂ ਦੁਆਨੀ ਦੀ ਨਹੀਂ ਕੁਰਬਾਨੀ ਦਿੱਤੀ ਗੱਲ ਵੱਖਰਤਾ ਦੀ ਕਰਦੇ ਇਹ ਚਾਕਰੇ ਜੀ।
ਸਾਰਾ ਹਿੰਦੁਸਤਾਨ ਹੈ ਸਿੱਖਾਂ ਸੰਦਾ ਲਗਦੇ ਇਹਦੇ ਕੀ ਠੀਕਰੇ-ਠਾਕਰੇ ਜੀ?

## 296 . ਭਾਰੀਆਂ ਡੱਗੀਆਂ

ਆਰਡਰ ਦਿੱਤੇ ਕੀ ਸਭਨਾਂ ਹੀ ਡੀ.ਸੀ.ਆਂ ਨੂੰ ਕੰਮ ਉਹਨਾਂ ਦੇ ਕਰੋ ਸਾਡੇ ਨਾਲ ਦੇ ਹਨ।
ਨੇੜ-ਤੇੜ ਦੇ ਵਾਲਿਆਂ ਲਾਭ ਪਹੁੰਚੇ ਪੰਥੋਂ ਪਹਿਲਾਂ ਜੋ ਸਾਡੀ ਸੁਖ ਭਾਲਦੇ ਹਨ।
ਬਾਪੂ ਭਾਜਪਾ ਦੀ ਪੂਛ ਚੁੱਕੀ ਜਾਂਦੈ ਲਗਦੈ ਦਿਨ ਇਹ ਆਂਵਦੇ ਕਾਲ਼ ਦੇ ਹਨ।
ਟਕੇ ਲੈਣੇ ਹਨ ਟੜੇ-ਟਕਸਾਲੀਆਂ ਤੋਂ? ਇਹ ਤਾਂ ਮੂਤ ’ਚੋਂ ਮੱਛੀਆਂ ਭਾਲ਼ਦੇ ਹਨ।
ਗੱਲ ਨਸ਼ਰੀ ਕੀ ਭਾਜਪਾ ਮੱਚ ਉੱਠੀ ਮਿਰਚਾਂ ਮਗਰਲੇ ਪਾਸੜੇ ਲੱਗੀਆਂ ਨੇ!
ਨਵੇਂ ਲੀਡਰ ਨਾ ਵੇਚਣਾ ਆਏ ਲੀੜਾ ਕੱਦ ਛੋਟਾ ਤੇ ਭਾਰੀਆਂ ਡੱਗੀਆਂ ਨੇ!!
(15 ਫਰਵਰੀ,10)



## 297 . ਢੂਹਾ-ਕੁਟਵਾਈ

ਪਹਿਨ-ਪੱਚਰ ਪੰਜਾਬੀ ਪੰਜਾਬ ਪਹੁੰਚੇ ਓਥੇ ਹੋਵਣੀ ਸਭਾ ਦੀ ਚੋਣ ਭਾਈ।
ਹੋਵੇ ਮਾਣ-ਸਤਿਕਾਰ ਪ੍ਰਵਾਸੀਆਂ ਦਾ ਮਸਲੇ ਹੱਲ ਪ੍ਰਵਾਸੀਆਂ ਹੋਣ ਭਾਈ।
ਪੈਣ ਜੱਫ਼ੀਆਂ ਉੱਚੀਆਂ ਕੁਰਸੀਆਂ ਨਾ’ ਪਿਆਰ ਵਾਂਗ ਮਖਿਆਲ ਦੇ ਚੋਣ ਭਾਈ।
ਮਸਲੇ ਸਾਰੜੇ ਝੱਬਦੇ ਹੀ ਹੱਲ ਹੋਵਣ ਧੋਤੇ ਜਾਣਗੇ ਸਾਰੇ ਹੀ ਧੋਣ ਭਾਈ।
ਚੋਣ ਹੋਈ ਨਾ ਮੁੜੇ ਬਰੰਗ ਫ਼ੱਕਰ ਕਿਹਾ-ਸਦਾ ਸਦ ਪੱਤ ਲੁਹਾਂਵਦੇ ਰਹੋ!
ਉਮਰ ਅਕਲ ਗਵਾ ਪ੍ਰਵਾਸੀਓ ਉਏ ਚੰਦੇ ਦਿੰਦੇ ਤੇ ਢੂਹਾ ਕੁੱਟਵਾਂਵਦੇ ਰਹੋ!!

## 298 . ਸੁਰੱਖਿਆ

ਕੇਸ ਕਤਲ ਦਾ ਬਾਬੇ ’ਤੇ ਆਣ ਡਿੱਗਾ ਪ੍ਰੇਮੀ ਹੋਏ ਨੇ ਕਿਵੇਂ ਬਦਰੰਗ ਵੇਖੋ।
ਨਾਂਓਂ ‘ਪੇਮੀ’ ਕਰਤੂਤ ਹੈ ਕਾਫ਼ਰਾਂ ਦੀ ਉੱਘੜੇ ਅਸਲ ਹਨ ਕਿਸਤਰ੍ਹਾਂ ਰੰਗ ਵੇਖੋ।
ਸਾੜ-ਫੂਕ ਕਰ ਅਮਨ ਨੂੰ ਲਾਏ ਲਾਂਬੂ ਇਹਨਾਂ ਭਗਤਾਂ ਦੀ ਭਗਤੀ ਦੇ ਢੰਗ ਵੇਖੋ।
ਛਿੱਕੇ ਉਤੇ ਕਾਨੂੰਨ ਨੂੰ ਟੰਗ ਕੀਕਰ ਗੁੰਡਾ-ਗਰਦੀਆਂ ਦੀ ਛੇੜੀ ਜੰਗ ਵੇਖੋ।
ਫ਼ੱਕਰ ਪੁੱਛਿਆ-ਲੀਡਰੋ! ਮਜ਼ਾ ਆਇਆ? ਮੱਥੇ ਟੇਕ ਕੇ ਇਹਨਾਂ ਮਛੰਦਰਾਂ ਨੂੰ!
ਮੂਹਰੇ ਹੋਵੋ ਹੁਣ ਵੋਟਾਂ ਲਈ ਕਰੋ ਭਾਂਡਾ ਹੋਰ ਰੱਖਿਆ ਦੇਵੋ ਪਤੰਦਰਾਂ ਨੂੰ!!

## 299 . ਮਹਿੰਗਾਈ

ਆਪੋਜ਼ੀਸ਼ਨ ਵਿੱਚ ਖੜ੍ਹ ਕੇ ਤੂੰ ਵੇਖ ਫ਼ੱਕਰ ਵਧ ਗਈ ਕਿੰਨੀ ਹੈ ਏਥੇ ਮਹਿੰਗਾਈ ਕੀਕਰ।
ਧਰਮੀ ਆਪਸ ਵਿਚ ਕਰਦੇ ਹਨ ਧੌਲ਼-ਧੱਫ਼ਾ ਵਧੀ ਦੁਨੀਆਂ ’ਤੇ ਵੇਖ ਬੁਰਿਆਈ ਕੀਕਰ।
ਜਮ੍ਹਾਂ-ਖੋਰ ਨਹੀਂ ਜਮਾਂ ਪ੍ਰਵਾਹ ਕਰਦੇ ਜਮ੍ਹਾਂ-ਖੋਰੀ ਨੇ ਹੱਦ ਮੁਕਾਈ ਕੀਕਰ।
ਰੁਲਦੈ ਗਰੀਬ ਤੇ ਕਿਵੇਂ ਕਿਰਸਾਨ ਏਥੇ ਨਹੀਂਓਂ ਪਹੁੰਚਦੀ ਕਿਤੇ ਦੁਹਾਈ ਕੀਕਰ।
ਮੱਥੇ ਚੂੰਢ ਭਰ ਆਪ ਹੀ ਫੇਰ ਆਖੀ-ਰੱਖੀਏ ਬੋਕਾਂ ਤੋਂ ਕੋਈ ਨਾ ਆਸ ਮੀਆਂ!
ਜਮ੍ਹਾਂ-ਖੋਰਿਆਂ ਨੂੰ ਜਮਾਂ ਛੇੜੀਏ ਨਾ ਡਾਕਖ਼ਾਨੇ ਹਨ ਇਹਨਾਂ ਦੇ ਖਾਸ ਮੀਆਂ!!

## 300 . ਵਿਦਾਈ

ਤੁਰ ਗਏ ਧੀਰ, ਵਿਨੋਦ, ਮਹਿਬੂਬ, ਅਣਖੀ, ਖ਼ਬਰ ਪੜ੍ਹੀ ਤੇ ਫ਼ੱਕਰ ਨੇ ਧਾਹ ਮਾਰੀ।
ਅੱਗੋਂ ਸਮੇਂ ਦੇ ਖੂਹ ’ਚੋਂ ’ਵਾਜ ਆਈ-ਕਰ ਨਾ ਫ਼ਿਕਰ ਪੁੱਤ ਤੇਰੀ ਵੀ ਆਈ ਵਾਰੀ।
ਰਾਣੇ ਰੰਕ ਨਹੀਂ ਮੌਤ ਨੇ ਰਹਿਣ ਦਿੱਤੇ ਉਹਦੀ ਕਿਸੇ ਦੇ ਨਾਲ ਹੈ ਨਹੀਂ ਯਾਰੀ।
ਕਿੱਲੇ ਗੱਡਣ ਜੋ ਏਸ ਜਹਾਨ ਉੱਤੇ ਨਿਰੇ ਮੂਰਖ ਹਨ ਉਹਨਾਂ ਦੀ ਮੱਤ ਮਾਰੀ।
ਤੁਰ ਗਏ ਮਿੱਤਰ-ਮਹਿਬੂਬਾਂ ਲਈ ਕੀ ਰੋਣਾ ਆਪਾਂ ਆਪਣਾ ਬਿਸਤਰਾ ਬੰਨ੍ਹੀਏ ਜੀ!
ਜ਼ਿੰਦਗੀ ਵਾਲੀ ਵਜ਼ਾਰਤ ਨੇ ਟੁੱਟ ਜਾਣੈਂ ਬਣੀਏ ਲੀਡਰ ਤੇ ਭਾਣੇ ਨੂੰ ਮੰਨੀਏ ਜੀ!!
(20 ਫ਼ਰਵਰੀ,10)

## 301. ਮੋਟਾਪਾ

ਜਦੋਂ ਹੁੰਦੇ ਸੀ ਇੰਡੀਆ ਦੇ ਵਿੱਚ ਫ਼ੱਕਰ ਮੋਟੇ ਹੋਣਾ ਸੀ ਨਹੀਂ ਨੁਕਸਾਨ ਹੁੰਦਾ।
ਆਉਂਦਾ ਡਰਾਈਵਰ ਕਲਕੱਤਿਓਂ ਕੋਈ ਮੋਟਾ 'ਖਾਂਦਾ ਪੀਂਦਾ' ਕਹਿ ਪਿੰਡ ਹੈਰਾਨ ਹੁੰਦਾ।
ਮੋਟਾ ਆਣ ਗਿਆਨੀ ਕੋਈ ਕਥਾ ਕਰਦਾ ਉਹਦਾ ਪੁੱਜ ਕੇ ਮਾਨ-ਸਨਮਾਨ ਹੁੰਦਾ।
ਭੂਆ ਮਾਸੀ ਦੇ ਪੈਂਦੀ ਸੀ ਘਿਓ-ਸ਼ੱਕਰ ਅਸ਼ਵਮੇਧ ਜਿਓਂ ਲਗਦਾ ਸੀ ਦਾਨ ਹੁੰਦਾ।
ਖਾਣਾ-ਦਾਣਾ ਪ੍ਰਦੇਸਾਂ ਵਿੱਚ ਮਿਲੇ ਚੰਗਾ ਮਗ਼ਜ਼ ਡਾਢਿਆਂ ਫ਼ਿਕਰਾਂ ਪਰ ਫੇਰਿਆ ਏ!
ਭਾਰ ਵਧੇ ਤਾਂ ਦੂਗਣਾ ਟਿਕਟ ਲੱਗੂ ਏਅਰ-ਲਾਈਨਾਂ ਨੇ ਦਿਲੇ ਨੂੰ ਘੇਰਿਆ ਏ!!

## 302. ਮਹਿਲਾ-ਬਿੱਲ

ਚੌਦਾਂ ਸਾਲ ਤੋਂ ਲਟਕਦਾ ਬਿੱਲ-ਮਹਿਲਾ ਹੋਣ ਲੱਗਾ ਹੈ ਸੰਸਦ ਵਿਚ ਪਾਸ ਕੀਕਰ।
ਹਰ ਇਕ ਪਾਰਟੀ ਆਖਦੀ-ਭਲਾ ਹੋਇਆ ਪੁੱਗਣ ਲੱਗੀ ਹੈ ਚਿਰਾਂ ਦੀ ਆਸ ਕੀਕਰ।
ਨਾਲੇ ਵੋਟ ਤੇ ਨਾਲੇ ਬਹੁੰ ਹੋਰ ਖੁਸ਼ੀਆਂ ਬਿੱਲ ਆਂਵਦਾ ਸਭਨਾਂ ਨੂੰ ਰਾਸ ਕੀਕਰ।
ਤੱਤੇ-ਮਿੱਠੇ ਨੂੰ ਤਾਂਘਦੇ ਰਹੇ ਸਾਰੇ ਪੈਣ ਲੱਗੀ ਹੈ ਸੂਜੀ ਵਿੱਚ ਚਾਸ ਕੀਕਰ।
ਲਾਲੂ ਸੁਣਿਆ ਤਾਂ ਭੈਰਮੀ ਪੱਟ ਦਿੱਤੀ-ਵਾਰੀ ਮੈਂ ਨਹੀਂ ਔਰਤ ਨੂੰ ਲੈਣ ਦੇਣੀ!
ਮੈਂ ਹਾਂ ਮਰਦ ਤੇ ਮੱਚ ਜੂੰ ਮੈਂ ਸਾਰਾ ਮੈਂ ਨਹੀਂ ਢਿੱਡ 'ਤੇ ਰਾਬੜੀ ਪੈਣ ਦੇਣੀ!!

## 303. ਮੁੱਖ-ਧਾਰਾ

ਪੀ. ਚਿੰਦਬਰਮ ਨਵਾਂ ਬਿਆਨ ਦਿੱਤਾ ਲਾਇਆ ਚਮਕਦਾ ਕਿਸਤਰ੍ਹਾਂ ਜਾਲ਼ ਮੀਆਂ।
ਕਾਲੀ-ਸੂਚੀ 'ਚੋਂ ਕੱਢਾਂਗੇ ਸਿੱਖ ਈਕੂੰ ਜਿਵੇਂ ਮੱਖਣੀ 'ਚੋਂ ਕੱਢੀਦੈ ਵਾਲ਼ ਮੀਆਂ।
ਛੱਡਣ ਮੰਗ ਇਹ ਵੱਖਰੇ ਦੇਸ਼ ਸੰਦੀ ਮੁੱਖ-ਧਾਰਾ ਦੇ ਰਲਣ ਆ ਨਾਲ਼ ਮੀਆਂ।
ਨੰਬਰ ਬੋਚਣ ਲਈ ਅੰਮਿਤਸਰ ਪਹੁੰਚ ਬਾਦਲ ਸਦਾ ਵਾਂਗ ਹੀ ਚੱਲੀ ਇਕ ਚਾਲ ਮੀਆਂ।
ਫ਼ੱਕਰ ਕਿਹਾ-ਚਿਦੰਬਰਮ ਜੀ ਤੁਸੀਂ ਭੁੱਲੇ? ਧਾਰਾ ਬਾਦਲ ਜੀ ਹੱਥੀਂ ਜਲਾਂਵਦੇ ਰਹੇ!
ਪੁੱਛੀ ਬਾਤ ਨਾ ਜੇਹਲੀਂ ਧੱਕ ਮੁੰਡਿਆਂ ਦੀ ਰਾਹੀਂ ਆਪ ਕਸੂਤੜੀਂ ਪਾਂਵਦੇ ਰਹੇ!!

## 304. ਭਗੌੜਾ-ਦੁਸ਼ਮਣ

ਜਿਹਲ ਆਖਿਆ-'ਆਣ ਕੇ ਮਿਲੋ ਸੱਜਣ' ਚੀਕਾਂ ਸੱਜਣ ਕੁਮਾਰ ਨੇ ਛੱਡੀਆਂ ਜੀ।
ਫੁੱਲਿਆ ਸਾਹ ਨਾ ਭੱਜੇ ਨੂੰ ਰਾਹ ਲੱਭੇ ਅੱਖਾਂ ਜਿਉਂਦੇ-ਜੀ ਗਈਆਂ ਨੇ ਟੱਡੀਆਂ ਜੀ।
ਬੁੱਲ੍ਹੀਂ ਸਿੱਕਰੀ ਜ਼ਰਦ-ਵਸਾਰ ਹੋਇਆ ਡੀਗ੍ਹਾਂ ਮਾਰਦਾ ਜਿਹੜਾ ਸੀ ਵੱਡੀਆਂ ਜੀ।
ਸਿਰ ਜਾਇ ਘਸੋਇਆ ਹੈ ਇਉਂ ਕਿਧਰੇ ਇੱਲ੍ਹ ਵੇਖਕੇ ਛੱਪੜ ਜਿਓਂ ਡੱਡੀਆਂ ਜੀ।
ਫ਼ੱਕਰ ਆਖਿਆ -ਜਾਏਂਗਾ ਦੱਸ ਕਿੱਥੇ? ਕੂੰਡਾ ਤੇਰਾ ਹੁਣ ਕਰਨਗੇ ਪਾਪ ਤੇਰੇ!
ਨਹੀਂਓਂ ਤੇਰੀ ਰਗੜਾਈ ਨੂੰ ਰੋਕ ਸਕਦੇ ਤੇਰੇ ਬਾਪ ਦੇ ਬਾਪ ਦੇ ਬਾਪ ਤੇਰੇ!!

(28 ਫ਼ਰਵਰੀ,10)



## 305. ਠੱਗ-ਸਾਧ

ਤੱਤ ਖਾਲਸੇ ਵਾਲਿਆਂ ਖਰੀ ਆਖੀ-ਇੱਕੋ ਜਿਹੇ ਹੀ ਸਾਰੇ ਹਨ ਸਾਧ ਭਾਈ।
ਸਿਰਸਾ ਵਾਲਾ ਜਾਂ ਹੋਵੇ ਇਹ ਇੱਛਾਧਾਰੀ ਉੱਨੀਂ-ਇੱਕੀ ਦੀ ਘਾਟ ਜਾਂ ਵਾਧ ਭਾਈ।
ਚੜ੍ਹਿਆ ਫਿਰਦਾ ਹੈ ਬਾਬੇ 'ਤੇ ਅੱਜ ਬਾਬਾ ਲੱਗਾ ਰੋਗ ਇਹ ਕੋਈ ਅਸਾਧ ਭਾਈ।
ਧਰਮੀ ਚੋਗਾ ਪਾ ਲੋਕਾਂ ਨੂੰ ਫਾਂਹਵਦੇ ਹਨ ਇਕ ਰਕਮ ਦਾ ਕਰਨ ਅਪਰਾਧ ਭਾਈ।
ਗਿੱਦੜ-ਕੁੱਟ ਦੇ ਸਾਧ ਹੱਕਦਾਰ ਪੂਰੇ ਮੱਥਾ ਟੇਕੀਏ ਨਾ, ਇਹਨਾਂ ਘੇਰੀਏ ਜੀ!
ਐਸਾ ਸਾਧ ਫੜੂੰਗੇ ਵਿਚ ਜੇ ਆਵੇ ਤੱਤਾ ਖੁਰਚਣਾ ਢੂਈ 'ਤੇ ਫੇਰੀਏ ਜੀ!!

## 306. ਤਖ਼ਤ

ਸਾਡਾ ਤਖ਼ਤ ਅਕਾਲ ਜਿੰਦ-ਜਾਨ ਸਾਡੀ ਅਸੀਂ ਸਿੱਖ ਇਹ ਸਾਰੇ ਤਾਂ ਜਾਣਦੇ ਹਾਂ।
ਜਦ ਪਰ ਹੁਕਮ ਵਜਾਉਣ ਦੀ ਗੱਲ ਆਉਂਦੀ ਪਤਾ ਨਹੀਂ ਕਿਉਂ ਲੰਮੀਆਂ ਤਾਣਦੇ ਹਾਂ।
ਜੇਕਰ ਗੁਰੂ ਦੇ ਤਖ਼ਤ ਨੂੰ ਵਰਤਦੇ ਹਾਂ ਅਸੀਂ ਗੁਰੂ ਨੂੰ ਕਿੱਥੇ ਪਛਾਣਦੇ ਹਾਂ?
ਸ਼ਾਨ ਤਖ਼ਤ ਅਕਾਲ ਦੀ ਵੇਚ ਖਾਧੀ ਇਹਤੋਂ ਗੱਦੀਆਂ ਕੁਰਸੀਆਂ ਮਾਣਦੇ ਹਾਂ।
ਸਿੱਖ ਗੁਰਾਂ ਦੇ ਸਾਰੇ ਸੰਸਾਰ ਛਾਏ ਸਾਰੇ ਤਖ਼ਤ ਵਿੱਚ ਪਰ ਹਿੱਸੇਦਾਰ ਨਾਹੀਂ!
ਤਖ਼ਤ ਵੇਚਤਾ ਲੋਟੂਆਂ ਗੁਰੂ ਸੰਦਾ ਵੱਡੜੀ ਪੰਥ ਨੂੰ ਏਸ ਤੋਂ ਮਾਰ ਨਾਹੀਂ!!

## 307. ਔਰਤ

ਵਾਰ ਆਸਾ ਵਿੱਚ ਆਖਿਆ ਗੁਰੂ ਨਾਨਕ-ਦੇਈਏ ਭੰਡ ਨੂੰ ਮਾਨ-ਸਨਮਾਨ ਭਾਈ।
ਮੰਦਾ ਔਰਤ ਨੂੰ ਕਦੇ ਵੀ ਆਖੀਏ ਨਾ ਕੁੱਖ ਜੀਹਦੀ 'ਚੋਂ ਜੰਮਣ ਰਾਜਾਨ ਭਾਈ।
ਔਰਤ ਬਾਝ ਨਾ ਮਰਦ ਦਾ ਕਦੇ ਸਰਦਾ ਔਰਤ ਗੁਰਾਂ ਨੇ ਕਿਹਾ ਈਮਾਨ ਭਾਈ।
ਔਰਤ ਨਾਲ ਗ੍ਰਹਿਸਥ ਸੁਖ-ਸਹਿਜ ਪੂਰਾ ਔਰਤ ਮਰਦ ਦੀ ਹੁੰਦੀ ਹੈ ਸ਼ਾਨ ਭਾਈ।
ਰੋਜ਼ ਪੜ੍ਹਨ ਹਰਿਮੰਦਰ ਵਿਚ ਵਾਰ ਆਸਾ ਸਿੱਖ ਨਾਨਕ ਦੇ ਬੋਲ ਵਿਸਾਰਦੇ ਹਨ!
ਕੀਰਤਨ ਬੀਬੀਆਂ ਕਰਨ ਨਾ ਦੇਣ ਓਥੇ ਬਾਣੀ ਪੜ੍ਹਦੇ, ਪਰ ਨਹੀਂ ਵਿਚਾਰਦੇ ਹਨ!!

## 308. ਅਸਤੀਫ਼ਾ

ਕਿਰਨਬੀਰ ਅਸਤੀਫ਼ੇ ਦੀ ਪਹਿਲ ਕਰ ਕੇ ਛਾਲ ਮਾਰਤੀ ਅੱਗੇ ਟਕਸਾਲੀਆਂ ਤੋਂ।
ਬਾਗ਼ੀ ਹੋਇ ਕੇ ਗਾਲ੍ਹੜ ਪਟਵਾਰੀਆਂ ਤੋਂ ਉੱਜੜੇ ਬਾਗ਼ ਦੇ ਝੂਠਿਆਂ ਮਾਲੀਆਂ ਤੋਂ।
ਜਿਹਨਾਂ ਹਨ ਸ਼ਹੀਦਾਂ ਦੇ ਖ਼ੂਨ ਵੇਚੇ ਮਿਲਣਾ ਕੌਮ ਕੀ ਭਗਵੇਂ ਅਕਾਲੀਆਂ ਤੋਂ।
ਸੁੱਚੇ ਵਣਜ ਸੀ ਪੰਥ ਨੂੰ ਗੁਰਾਂ ਪਾਇਆ ਕੀ ਕੋਈ ਖੱਟਲੂ ਕੋਲੇ-ਦਲਾਲੀਆਂ ਤੋਂ?
ਫ਼ੱਕਰ ਆਖਿਆ-ਰੱਖੀਏ ਖੋਲ੍ਹ ਅੱਖਾਂ ਜਿਉਣ-ਜੋਗਿਆ ਸੱਚ ਨਿਤਾਰਦਾ ਰਹਿ!
ਡਾਂਗ ਸੱਤ ਸਮੁੰਦਰ ਨਹੀਂ ਪਾਰ ਜਾਂਦੀ ਕਲਮ ਨਾਲ ਤਾਂ ਹਰਖ ਉਤਾਰਦਾ ਰਹਿ!!

(7 ਮਾਰਚ,10)

## 309. ਟੱਲੀਆਂ

ਚੰਗੀ ਗੱਲ ਹੋਈ ਮਹਿਲਾ-ਬਿੱਲ ਸੰਦੀ ’ਵਾਵਾਂ ਸੁੰਦਰ ਇਹ ਕਿਵੇਂ ਆਣ ਚੱਲੀਆਂ ਨੇ।
ਸੁਣੀ ਗਈ ਹੈ ਕਿਵੇਂ ਅੱਜ ਬੀਬੀਆਂ ਦੀ ਉੱਤੋਂ ਹੇਠ ਤੱਕ ਪਈਆਂ ਤਰਥੱਲੀਆਂ ਨੇ।
ਬੰਦੇ ਜਾੜ੍ਹ ਦੇ ਹੇਠ ਸੀ ਲਈ ਰਖਦੇ ਸੀਨੇ ਵਿੱਚ ਅੱਜ ਵੱਜੀਆਂ ਟੱਲੀਆਂ ਨੇ।
ਮਰਦ ਸਾਰੀਆਂ ਸੀਟਾਂ ਸਨ ਮੱਲ ਲੈਂਦੇ ਚਿੱਤ-ਚਾਹੁੰਦੀਆਂ ਬੀਬੀਆਂ ਮੱਲੀਆਂ ਨੇ।
ਕੀਕਰ ਵਿੱਚ ਬਾਜ਼ਾਰਾਂ ਦੇ ਪੈਣ ਗਿੱਧੇ ਲੱਗੀਆਂ ਕਿਵੇਂ ਅਸਮਾਨ ਨੂੰ ਪੌੜੀਆਂ ਹਨ!
ਫ਼ੱਕਰਾਂ ਸਮੇਂ ਦਾ ਪੁੱਠਾ ਕਿੰਜ ਖੂਹ ਗਿੜਿਆ ਮਿਰਚਾਂ ਮਰਦਾਂ ਨੇ ਖਾਧੀਆਂ ਕੌੜੀਆਂ ਹਨ!!

## 310. ਪੇਚਾ

ਨਿੱਤਿਆ ਨੰਦ ਸੁਆਮੀ ਦਾ ਸੁਣੋ ਕਿੱਸਾ ਪੇਚਾ ਨਾਲ ਰਣਜੀਤਾ ਦੇ ਪਾਇਆ ਈ।
ਸਿਰ ਵਿੱਚ ਖ਼ਬਰੇ ਅਭਿਨੇਤਰੀ ਧੂੜਿਆ ਕੀ ਉਹਨੂੰ ਜਾਲ ਵਿੱਚ ਕਿਵੇਂ ਫਸਾਇਆ ਈ।
ਸੀ.ਡੀ. ਸੈਕਸ ਦੀ ਜੱਗ ’ਤੇ ਜਦੋਂ ਧੁੰਮੀ ਉਸ ਨੇ ਸਾਧ ਦਾ ਤੌਰ ਘੁਮਾਇਆ ਈ।
ਸੱਪਾਂ ਬਾਬੇ ਦਾ ਝੁੱਗੜਾ ਚੌੜ ਕੀਤਾ ਚੰਗਾ ਮਾਹਿਰ ਨੂੰ ਉਹਨੇ ਬੁਲਾਇਆ ਈ।
ਲੱਕੜਾਂ ਚੰਦਨ ਦੀਆਂ ਨਿਕਲੀਆਂ ਸੱਠ ਕਿੱਲੋ ਯੇਦੀਰੁੱਪਾ ਤੇ ਮੋਦੀ ਦੇ ਭੇਦ ਮੀਆਂ!
ਰੋਂਦੇ ਪੈਰੀਂ ਹੱਥ ਲਾਣ ਲੁਆਣ ਵਾਲੇ ਡਾਢਾ ਸਾਰਿਆਂ ਨੂੰ ਹੋਇਆ ਖੇਦ ਮੀਆਂ!!

## 311. ਮੱਖੀਆਂ

ਨੀਤੀਵਾਨਾਂ ਦੀ ਫ਼ੱਕਰਾ ਕੀ ਕਹੀਏ? ਨੀਤਾਂ ਜਿਹਨਾਂ ਨੇ ਵੋਟਾਂ ’ਤੇ ਰੱਖੀਆਂ ਨੇ।
ਕਿੰਜ ਬਣੇ ਸਰਕਾਰ ਤੇ ਮਿਲੇ ਕੁਰਸੀ ਏਸੇ ਗੱਲ ’ਤੇ ਰੱਖੀਆਂ ਅੱਖੀਆਂ ਨੇ।
ਮਾਇਆਵਤੀ ਲਖਨਊ ਵਿੱਚ ਕਰੀ ਰੈਲੀ ਛੱਡੀਆਂ ਕਿਸੇ ਆ ਸ਼ਹਿਦ ਦੀਆਂ ਮੱਖੀਆਂ ਨੇ।
ਸਾਰਾ ਕਹਿਣ-ਕੁਹਾਣ ਤਾਂ ਰਿਹਾ ਪਿੱਛੇ ਕਿਰਚੇ ਦੰਦ ਤੇ ਖੁਰਕੀਆਂ ਵੱਖੀਆਂ ਨੇ।
ਕਹੇ-ਪਤਾ ਹੈ ਜਿਹਨਾਂ ਨੇ ਛੱਡੀਆਂ ਹਨ ਦੂਣੀ ਹੋਇ ਕੇ ਉਹਨਾਂ ਨੂੰ ਲੜਾਂਗੀ ਮੈਂ!
ਨੀਵੀਂ ਥਾਂ ਤੇ ਮੱਖੀਆਂ ਹੀ ਲੜਦੀਆਂ ਹਨ ਪੌੜੀ ਲਾਇਕੇ ’ਤਾਹਾਂ ਹੁਣ ਚੜ੍ਹਾਂਗੀ ਮੈਂ!!

## 312. ਅਟਾਰੀ

ਰੇਲ-ਮੰਤਰੀ ਅਹਿਮਦ ਨੇ ਸਾਫ਼ ਕੀਤਾ-ਦਿੱਤੀ ਮਦਦ ਪੰਜਾਬ ਸਰਕਾਰ ਨਾਹੀਂ।
ਕਿਵੇਂ ਨਾਂਓਂ ਸਟੇਸ਼ਨ ਦਾ ਬਦਲ ਦਿੰਦੇ ਜ਼ਿੰਮੇਵਾਰਾਂ ਜੇ ਸਾਰ-ਵਿਚਾਰ ਨਾਹੀਂ?
ਰੱਖਦੇ ਨਾਂ ਸ਼ਹੀਦ ਦੇ ਨਾਂ ਉੱਤੇ ਪੈਂਦੀ ਜੇ ਮੁਦੱਈਆਂ ਨੂੰ ਮਾਰ ਨਾਹੀਂ।
ਖੱਟਿਆ ਭਾਵ ਸ਼ਹੀਦਾਂ ਦੀ ਇਹ ਖਾਂਦੇ ਉਹਨਾਂ ਨਾਲ ਕੋਈ ਇਹਨਾਂ ਪਿਆਰ ਨਾਹੀਂ।
ਸ਼ਾਮ ਸਿੰਘ ਸਰਦਾਰ ਸ਼ਹੀਦ ਹੋਇਆ ਸੋਚਣ ਕੱਟੀ ਗਈ ਓਸਦੀ ਵੋਟ ਯਾਰੋ!
ਛੱਡੋ ਪੰਗੇ-ਦੁੜੰਗੇ ਤੇ ਲਓ ਕੁਰਸੀ ਰੱਖੋ ਕੰਮ ਇਹ ਆਪਣਾ ਲੋਟ ਯਾਰੋ!!

(14 ਮਾਰਚ,10)

## 313. ਟੰਗਾਈ

ਮੁਕਤਸਰ ਵੇਖੋ ਕੀ ਮੱਕੜ ਨੇ ਕੜ੍ਹੀ ਘੋਲੀ ਜੁੱਤੀ ਲਾਹੀ ਨਾ ਜਦੋਂ ਅਰਦਾਸ ਹੋਈ।
ਕੀਤਾ ਅਦਬ ਨਾ ਬਾਣੀ ਤੇ ਗੁਰਾਂ ਸੰਦਾ ਸੰਗਤ ਵੇਖ ਕੇ ਘਣੀ ਨਿਰਾਸ ਹੋਈ।
ਵਿੱਚ ਮੀਢੀਏ ਪਿਆ ਜਾਂ ਰਾਮ-ਰੌਲ਼ਾ ਸਮਝਣ ਬਾਤ ਇਹ ਕਿਹੜੀ ਹੈ ਖਾਸ ਹੋਈ?
ਨਿੱਕੀ ਗੱਲ ਇਹ, ਕਾਹਦੀ ਪ੍ਰਵਾਹ ਇਹਦੀ ਵੱਡੀ ਕੁਰਸੜੀ ਜਦੋਂ ਤੱਕ ਪਾਸ ਹੋਈ।
ਜਾਵੇ ਟੰਗਿਆ ਜੀਹਦਾ ਨਾ ਹੱਥ ਪੈਂਦਾ, ਹੱਥ ਪਵੇ ਨਾ ਫ਼ੱਕਰ ਟੰਗਾਈ ਹੋਵੇ!
ਅੰਨ੍ਹਾ ਬੋਲ਼ੇ ਨੂੰ ਧੂੰਦੈ ਅੱਜ ਪੰਥ ਅੰਦਰ ਡਾਂਗ ਵਾਲੇ ਦੀ ਏਥੇ ਸੁਣਵਾਈ ਹੋਵੇ!!

## 314. ਕੇਅਰ

ਹੈਲਥ-ਕੇਅਰ ਦਾ ਬਿੱਲ ਜਾਂ ਪਾਸ ਹੋਇਆ ਫ਼ੱਕਰ ਕਿਹਾ-ਓਬਾਮਾ ਵਧਾਈ ਹੋਵੇ!
ਬੱਚੇ ਬੁੱਢੇ ਜਵਾਨ ਸਭ ਸੁਖੀ ਵੱਸਣ ਸਾਰੇ ਚਿਹਰਿਆਂ ’ਤੇ ਖੁਸ਼ੀ ਛਾਈ ਹੋਵੇ।
ਜਦੋਂ ਮਰਜ਼ੀ ਹੈ ਕੋਈ ਬੀਮਾਰ ਹੋਵੇ, ਹਰ ਇਕ ਵਾਸਤੇ ਇਥੇ ਦਵਾਈ ਹੋਵੇ।
ਸਾਡਾ ਮੁਲਕ ਸੰਸਾਰ ਵਿੱਚ ਇਕ ਨੰਬਰ ਜੱਗ ’ਤੇ ਇਹਦੀ ਨਾ ਹੱਸ-ਹਸਾਈ ਹੋਵੇ।
ਇਕ ਹੋਰ ਹੈ ਤੁਸਾਂ ਨੂੰ ਗੱਲ ਕਹਿਣੀ-ਕੰਮ ਰਹਿੰਦੈ ਇਕ ਹੋਰ ਵੀ ਕਰਨ ਵਾਲਾ!
ਬੁਸ਼ ਵਾਂਗ ਸਿਆਸਤਾਂ ਖੇਡਣਾ ਨਾ ਛੱਡਣਾ ਕੰਮ ਮਰਵਾਉਣ ਤੇ ਮਰਨ ਵਾਲਾ!!

## 315. ਬਿਮਾਰੀ

ਪਿਆ ਆਣ ਪ੍ਰਵਾਰ ਦਾ ਜ਼ੋਰ ਐਨਾ ਝੂਠੀ-ਮੂਠੀ ਹੈ ਬਾਪੂ ਬੀਮਾਰ ਹੋਇਆ।
ਡਾਢੇ ਹੁਕਮ ਹੋਏ ਘਰਦਿਆਂ ਸਾਰਿਆਂ ਤੋਂ ਵਿੱਚੋਂ ਖੁਸ਼ ਤੇ ਉੱਤੋਂ ਲਾਚਾਰ ਹੋਇਆ।
ਭਾਬੀ ਭਾਜਪਾ ਪਈ ਹੈ ਕੁਝ ਢੈਲ਼ੀ ਹੁਣ ਨਹੀਂ ਝੱਲਦੀ ਜੇ ’ਕੇਰਾਂ ਇਹ ਵਾਰ ਹੋਇਆ।
ਤਾਜ-ਪੋਸ਼ੀ ਵਿਸਾਖੀ ਨੂੰ ਕਰੋ ਛੇਤੀ ਨ੍ਹਾਈ-ਧ੍ਹੋਈ, ਕਾਕਾ ਤਿਆਰ ਹੋਇਆ।
ਕੁਰਸੀ ਫ਼ੱਕਰਾ ਹੋਵੇ ਜੇ ਕਿਸੇ ਦੇਣੀ ਕਿਵੇਂ ਆਉਂਦੀਆਂ ਵੇਖ ਬਿਮਾਰੀਆਂ ਨੇ!
ਕੋਈ ਟੜਾ-ਟਕਸਾਲੀ ਨਹੀਂ ਖੰਘ ਸਕਦਾ ਪਿਓ-ਪੁੱਤ ਨੇ ਬੱਧੀਆਂ ਵਾਰੀਆਂ ਨੇ!!

## 316. ਸੰਤ

ਇਕਨਾਂ ਲਈ ਭਵਿੱਖ ਹੈ ਸੰਤ ਬਣਿਆ ਇਕਨਾਂ ਲਈ ਹੈ ਭੂਤ ਜਰਨੈਲ ਵੇਖੋ।
ਜਾਪੇ ਇਕਨਾਂ ਨੂੰ ਸੰਤ ਜਰਨੈਲ ਸੋਨਾ ਲਗਦਾ ਇਕਨਾਂ ਨੂੰ ਸੋਨਾ ਇਹ ਮੈਲ਼ ਵੇਖੋ।
ਲੱਗੇ ਇਕਨਾਂ ਨੂੰ ਨਿਰੀ ਹਨੇਰ-ਗ਼ਰਦੀ ਲੱਗੇ ਇਕਨਾਂ ਨੂੰ ਮੋਰ ਦੀ ਪੈਲ ਵੇਖੋ।
ਲੱਗੇ ਇਕਨਾਂ ਨੂੰ ਸਿੰਘ ਦੀ ਚੜ੍ਹਤ-ਸ਼ਾਹੀ ਲੱਗੇ ਇਕਨਾਂ ਨੂੰ ਸਿੱਖੀ ਨੂੰ ਵੈਲ ਵੇਖੋ।
ਸੁਣਕੇ ਹੱਸਿਆ ਫ਼ੱਕਰ ਤੇ ਗੱਲ ਆਖੀ-ਉਹ ਸੀ ਸੰਤ ਨਾ ਅੱਜ ਦਾ ਸਾਧ ਲੋਕੋ!
ਧਨ ਹਜ਼ਮ ਨਾ ਕਿਸੇ ਦੀ ਗਾਂਓ ਖੋਹਲੀ ਹੋ ਕੁਰਬਾਨ ਨਾ ਕੀਤਾ ਅਪਰਾਧ ਲੋਕੋ!!

(20 ਮਾਰਚ, 10)

## 317. ਯਾਦ

ਆਈ ਯਾਦ ਕਿੰਜ ਦਿੱਲੀ ਦੇ ਦੰਗਿਆਂ ਦੀ ਕਿਵੇਂ ਆਈ ਸੁਖਬੀਰ ਨੂੰ ਯਾਦ ਮੀਆਂ।
ਪੱਚੀ ਵਰ੍ਹਿਆਂ ਦੇ ਬਾਅਦ ਹੁਣ ਯਾਦ ਆਈ-ਸਿੱਖ ਦਿੱਲੀ ਦੇ ਹੋਏ ਬਰਬਾਦ ਮੀਆਂ
ਬਾਪੂ ਸੈਂਟਰ ਵਿੱਚ ਭਾਜਪਾ ਰਿਹਾ ਸਾਥੀ ਕੀਤਾ ਓਦੋਂ ਨਾ ਵਾਦ-ਵਿਵਾਦ ਮੀਆਂ।
ਆ ਹੁਣ ਸੀਨੇ ਦੇ ਵਿਚ ਕਸੀਸ ਉੱਠੀ ਬੇ-ਆਬਾਦ ਹੋਏ ਹੋਣ ਆਬਾਦ ਮੀਆਂ।
ਕੁਰਸੀ ਚੀਜ਼ ਹੈ ਫ਼ੱਕਰ ਨੇ ਕਿਹਾ ਐਸੀ ਸਭ ਕੁੱਝ ਬੰਦੇ ਨੂੰ ਯਾਦ ਕਰਵਾਇ ਦੇਂਦੀ!
ਕੌਮ ਛੱਡ ਜੇ ਕੁਰਸੀ ਨੂੰ ਵਫ਼ਾ ਕਰੀਏ ਦਿਨੇ ਬੰਦੇ ਨੂੰ ਤਾਰੇ ਦਿਖਾਇ ਦੇਂਦੀ!!

## 318. ਮਰਜ਼ੀ

ਇੰਗਲੈਂਡ ਦੀ ਨੈਸ਼ਨਲ ਹੈਲਥ ਸਰਵਿਸ ਕਿੰਨੀ ਹੋਈ ਸੂ ਲਾਪ੍ਰਵਾਹ ਮੀਆਂ।
ਸੱਤ ਸੌ ਬਾਈ ਸੰਦ, ਵੀਹ ਸੌ ਅੱਠ ਅੰਦਰ ਦਿੱਤੇ ਢਿੱਡਾਂ ਵਿੱਚ ਛੱਡ ਖਪਾ ਮੀਆਂ।
ਚਿਮਟੇ ਕੈਂਚੀਆਂ ਛੱਡਦੇ ਨਾ ਪਤਾ ਲੱਗਾ ਦਿੱਤੀ ਮੂਲੋਂ ਹੀ ਹੱਦ ਮੁਕਾ ਮੀਆਂ।
ਗ਼ਲਤ ਖ਼ੂਨ ਚੜ੍ਹਾਉਣ, ਦਵਾਈ ਦੇਵਣ, ਦੇਣ ਮਰਦ ਨਾਮਰਦ ਬਣਾ ਮੀਆਂ।
'ਮੈਨੂੰ ਬਖ਼ਸ਼ ਲੈ ਹੈਲਥ ਦੇ ਮਹਿਕਮਾ ਜੀ'- ਕਿਹਾ ਫ਼ੱਕਰ ਨੇ ਮੈਂ ਮਰੀਜ਼ ਹੁੰਨਾਂ!
'ਹਸਪਤਾਲ ਹੈ ਕਰਾਂਗੇ ਮਨ-ਮਰਜ਼ੀ ਅੰਦਰ ਆਇਐਂ, ਕੀ ਭਲਾ ਤੂੰ ਚੀਜ਼ ਹੁੰਨਾਂ?

## 319. ਮੱਛਰ

ਮਾਓਵਾਦੀਆਂ ਕਿੰਨੀ ਹੈ ਅੱਤ ਚੁੱਕੀ ਝਾਰਖੰਡ ਵਿੱਚ ਗ਼ਦਰ ਮਚਾਇਆ ਈ।
ਫ਼ੌਜ ਭੇਜੀਏ ਇਹਨਾਂ ਨੂੰ ਕੁਚਲ ਦੇਈਏ ਸੋਚ ਹਾਕਮਾਂ ਮਤਾ ਪਕਾਇਆ ਈ।
ਮਾਓਵਾਦੀ ਵਿਚਾਰੇ ਤਾਂ ਰਹੇ ਪਿੱਛੇ ਪੰਗਾ ਮੱਛਰਾਂ ਪਹਿਲਾਂ ਆ ਪਾਇਆ ਈ।
'ਗਰੀਨ-ਹੰਟ-ਓਪਰੇਸ਼ਨ' ਨੂੰ ਦੇਹ ਗੇੜਾ ਆ 'ਮਸਕੀਟੋ-ਓਪਰੇਸ਼ਨ' ਬਣਾਇਆ ਈ।
ਬਾਜ਼ੀ ਲੈ ਗਏ ਮੱਛਰ ਮਾਓਵਾਦੀਆਂ ਤੋਂ ਜਿਹਨਾਂ ਫ਼ੌਜੀਆਂ ਸੱਥਰ ਵਿਛਾਇ ਦਿੱਤੇ!
ਕੀਤਾ ਐਸਾ 'ਓਪਰੇਸ਼ਨ ਮਲੇਰੀਆ' ਜੀ ਲੰਮੇ ਹਸਪਤਾਲਾਂ ਵਿੱਚ ਪਾਇ ਦਿੱਤੇ!!

## 320. ਕਬਜ਼ਾ

ਰੁੱਤ ਆਈ ਪੰਜਾਬ ਵਿੱਚ ਕਬਜ਼ਿਆਂ ਦੀ ਕਰੇ ਕਬਜ਼ੇ ਦੇ ਉੱਤੇ ਪ੍ਰਵਾਰ ਕਬਜ਼ਾ।
ਕਬਜ਼ਾ ਦਲ ਤੇ ਸ਼੍ਰੋਮਣੀ, ਤਖਤ ਉੱਤੇ ਪੰਥ ਵਾਰ ਕੇ ਕੀਤਾ ਸਰਕਾਰ ਕਬਜ਼ਾ।
ਨੱਥੇ ਸਾਧ ਤੇ ਸੰਤ ਵੀ ਨਹੀਂਓਂ ਛੱਡੇ ਗਿਆ ਕਿਵੇਂ ਟਕਸਾਲੀਆਂ ਮਾਰ ਕਬਜ਼ਾ।
ਫੇਰ ਸਭਾ-ਪ੍ਰਵਾਸੀ ਵੀ ਪਾਈ ਖੀਸੇ ਖੇਡਾਂ ਵਾਲਾ ਵੀ ਲਿਆ ਹੁਣ ਧਾਰ ਕਬਜ਼ਾ।
ਕਬਜ਼ਾ ਕੋਈ ਵੀ ਬਚੇ ਨਾ-ਕਿਹਾ ਫੱਕਰ ਦਾਓ ਰਹੇ ਨਾ ਕੋਈ ਘਚਾਨੀਆਂ ਦਾ!
ਕੁੱਖਾਂ ਕੱਢਲੋ ਜਿੰਨਾ ਚਿਰ ਹੱਥ ਪੈਂਦੈ ਬਚਦਾ ਦੁੱਧ ਵੀ ਪੀਲੋ ਕੁਰਬਾਨੀਆਂ ਦਾ!!

(28 ਮਾਰਚ, 10)



## 321. ਸੈਸ਼ਨ

ਬਜਟ-ਸੈਸ਼ਨ ਕਮੇਟੀ ਦਾ ਜਦੋਂ ਹੋਇਆ ਪੰਜ ਅਰਬ ਕਰੋੜਾਂ ਦੀ ਗੱਲ ਹੋਈ।
ਐਨੇ ਵਿੱਦਿਆ ਤੇ ਐਨੇ ਪ੍ਰਚਾਰ ਖ਼ਾਤਰ ਹੋਈ ਅੱਜ ਵੀ ਪਰਸੋਂ ਜੋ ਕੱਲ੍ਹ ਹੋਈ।
ਪੱਗੋ-ਹੱਥੀ ਤਾਂ ਹੋਈ ਕਈ ਵਾਰ ਪਹਿਲੋਂ ਏਸ ਵਾਰ ਇਕ ਗੱਲ ਅਵੱਲ ਹੋਈ।
ਸ਼ਰਮਸਾਰ ਹੋਵੇ ਸੁਣ ਕੇ ਸ਼ਰਮ ਵਾਲਾ ਪਤਾ ਨਹੀਂ ਕਿੰਵ ਮੈਂਬਰਾਂ ਝੱਲ ਹੋਈ?
ਕੱਢਣ ਲੱਗੇ ਤਾਂ ਝੀਂਡੇ ਲਲਕਾਰਿਆ ਇਓਂ-ਮੈਂਬਰ ਸਾਰੇ ਇਹ 'ਮਿੱਟੀ ਦੇ ਹਨ ਬਾਵੇ।'
'ਨਿੱਕੇ ਠੇਂਗਣੇ ਜਾਣ ਸੰਦੂਕ ਚੱਕੀ' ਫ਼ੱਕਰ ਕਿਹਾ-ਇਹ ਕੁਰਸੀ ਦੇ ਹਨ ਪਾਵੇ!!

## 322. ਮਸਲਾ -ਕਿਰਪਾਨ

ਆਹ ਹੁਣ ਨਵੀਂ ਕੈਨੇਡਾ ਵਿੱਚ ਗੱਲ ਹੋਈ ਮਸਲਾ ਭਖ ਗਿਐ ਵੇਖੋ ਕਿਰਪਾਨ ਵਾਲਾ।
'ਸ਼ਸਤਰ' 'ਸਿੰਬਲ' ਦਾ ਰੇੜਕਾ ਪਿਆ ਵੱਡਾ ਹਾਲ ਸਿੱਖਾਂ ਦਾ ਹੋਇਆ ਹੈ ਮਾਨ ਵਾਲਾ।
ਰਿੰਨ੍ਹੀਆਂ ਸੇਵੀਆਂ ਪੈ ਗਿਆ ਲੂਣ ਉੱਤੇ ਟੁੱਟਿਆ ਨੋਟ ਕੀ ਹਾਲ ਹੈ ਭਾਨ ਵਾਲਾ।
ਉਲਝੀ ਤਾਣੀ ਤੇ ਵਿਚ ਹਨ ਆਪ ਉਲਝੇ ਮਸਲਾ ਖ਼ਤਰੇ ਵਿੱਚ ਸ਼ਾਨ-ਨਿਸ਼ਾਨ ਵਾਲਾ।
ਜੱਦੋ-ਜਹਿਦ ਕਰ ਸਿੱਖ ਹਨ ਹੱਕ ਲੈਂਦੇ ਮੀਟਣ ਅੱਖਾਂ ਫਿਰ ਲੈਣ ਗੁਆ ਮੀਆਂ!
ਦਿੰਦੇ ਕਦੇ ਵੀ ਗੰਨਾ ਨਹੀਂ ਜਾਣ ਹੱਥੋਂ ਦੇਵਣ ਭੇਲੀਆਂ ਹੱਸ ਲੁਟਾ ਮੀਆਂ!!

## 323. ਪੁੱਠੀ -ਬਹਿਬਤ

'ਜਨ-ਸ਼ਕਤੀ' ਬਣਾਈ ਤੇ ਆਪ ਛੱਡੀ ਉਮਾ ਭਾਰਤੀ ਦੇ ਲੱਥੇ ਚਾਅ ਸਾਈਂ।
ਨਿਕਲਿਆ ਗੁੱਭ-ਗੁੱਭਾਟ ਤੇ ਗਿਲੇ ਭੁੱਲੇ, ਆਨੇ ਵਾਲ਼ੀ ਥਾਂ ਗਈ ਸੂ ਆ ਸਾਈਂ।
ਰੰਭਦੀ ਭਾਜਪਾ ਵੱਲ ਨੂੰ ਆਏ ਭੱਜੀ 'ਜਨ-ਸ਼ਕਤੀ' ਦਾ ਕਿੱਲਾ ਪਟਾ ਸਾਈਂ।
ਯਾਦ ਆਏ ਅਡਵਾਨੀ ਭਰਾ ਮੋਦੀ ਢਾਵਣ ਮਸਜਿਦਾਂ ਦੰਗੇ ਕਰਵਾ ਸਾਈਂ
ਪੁੱਠੀਆਂ ਬਹਿਬਤਾਂ ਜਿਹਨਾਂ ਨੂੰ ਪੈਣ ਫ਼ੱਕਰ ਸਾਥ ਆਪਣੇ ਜਿਹੇ ਉਹ ਟੋਲਦੇ ਹਨ!
ਸਿੱਧੇ ਕੰਮਾਂ ਵਿੱਚ ਉਹਨਾਂ ਨੂੰ ਚੈਨ ਆਵੇ ਕਾਨਾ ਲੱਸੀ ਵਿੱਚ ਐਵੇਂ ਘਚੋਲਦੇ ਹਨ!!

## 324. ਦੁਖਦੀ-ਰ.ਗ

ਸੱਜਣ ਟਾਇਟਲਰ ਵਿੰਗਾ ਨਾ ਵਾਲ਼ ਹੋਇਆ ਸਿੱਖ ਸਾਲਾਂ ਤੋਂ ਸਰ੍ਹੇ -ਬਾਜ਼ਾਰ ਕੂਕਣ।
ਲਾਰਾ-ਲੱਪਾ ਤੇ ਲਗਦਾ ਰਿਹਾ ਅੱਡੀ-ਟੱਪਾ ਏਹੀ ਵੇਖਕੇ ਤੇ ਧਾਹਾਂ ਮਾਰ ਕੂਕਣ।
ਮਿੱਟੀ ਗੋਂਗਲੂਆਂ ਉੱਤੋਂ ਲੀਡਰ ਝਾੜਦੇ ਨੇ ਸਿੱਖ ਸਮਝਦੇ ਸਮਝਦੇ-ਸਾਰ ਕੂਕਣ।
ਹਸਪਤਾਲ ਦਾ ਵਾਰਡ ਹੀ ਬਣੀ ਦਿੱਲੀ ਸਿੱਖ ਜੀਹਦੇ ਵਿਚ ਲੱਖ ਬੀਮਾਰ ਕੂਕਣ।
ਦੁਖਦੀ ਰ.ਗ 'ਤੇ ਰਖਦਾ ਹੈਂ ਹੱਥ ਮੁੜ ਮੁੜ ਗੱਲ ਛੇੜ ਨਾ ਦਿੱਲੀ ਦੇ ਦੰਗਿਆਂ ਦੀ।!
ਬਾਤ ਪੁੱਛੀ ਨਾ ਫ਼ੱਕਰਾ ਲੀਡਰਾਂ ਨੇ ਵੇਖ ਸਿੱਖਾਂ ਦੀ ਸੂਲੀ 'ਤੇ ਟੰਗਿਆਂ ਦੀ!!

(4 ਅਪ੍ਰੈਲ, 10)

## 325. ਵਿਰੋਧੀ-ਧਿਰ

ਸਿੱਖ ਧਿਰ-ਵਿਰੋਧੀ ਸਦ ਰਹਿਣ ਰਾਜ਼ੀ ਆਪੋਜ਼ੀਸ਼ਨ ਵਿੱਚ ਇਹਨਾਂ ਚੜ੍ਹਾਈ ਹੋਵੇ।
ਚਿੱਤ ਯੁੱਧ ਵਿਚਾਰ ਕੇ ਖੁਸ਼ੀ ਹੋਵਣ ਚੜ੍ਹਦੇ ਚਾਓ ਜੇ ਕਦੇ ਲੜਾਈ ਹੋਵੇ।
ਤੇਗਾਂ ਵਾਹਿ ਮੈਦਾਨ ਨਿਹਾਲ ਹੋਸਣ ਲੱਗੇ ਮੋਰਚਾ ਫੜੋ-ਫੜਾਈ ਹੋਵੇ।
ਚੱਲੇ ਮਨੂੰ ਦੀ ਦਾਤਰੀ ਹੋਣ ਦੂਣੇ ਵਧਣ ਛੋਲੇ ਬਣ ਜਦੋਂ ਕਰੜਾਈ ਹੋਵੇ।
ਟਕਰਨ ਲਈ ਜੇ ਦੂਜੀ ਨਾ ਧਿਰ ਲੱਭੇ ਆਪਸ ਵਿਚ ਹੀ ਪੰਗੜੇ ਪਾ ਲੈਂਦੇ!
ਬਾਣ ਲੱਗਦਿਆਂ ਇਹਨਾਂ ਦਾ ਰੋਸ ਜਾਗੇ ਕੁਰਸੀ ਮਿਲਦਿਆਂ ਅੱਖ ਨੇ ਲਾ ਲੈਂਦੇ!!

## 326. ਬਿਜਲੀ

ਅੱਜ ਰੋਂਦੇ ਪੰਜਾਬ ਦੇ ਲੋਕ ਸਾਰੇ-ਹਾਏ! ਜਾਹ ਨਾ, ਕਦੇ ਤਾਂ ਆ ਬਿਜਲੀ!!
'ਬਿਜਲੀ' ਲੋਕ ਤੈਨੂੰ ਤਾਹੀਂਏ ਆਖਦੇ ਨੇ ਜਦੋਂ ਆਏਂ ਘਰ ਦੇਏਂ ਰੁਸ਼ਨਾਅ ਬਿਜਲੀ।
ਲਗਦੈ ਰਲ਼ ਗਈ ਤੂੰ ਵੀ ਨਾਲ ਲੀਡਰਾਂ ਦੇ ਰਹੀਂ ਅੱਖ-ਮਟੱਕਾ ਜੁ ਲਾ ਬਿਜਲੀ।
ਨਿਗਮੀ ਗਈ ਤੇ ਕਾਮੇ ਨੇ ਬੈਠ ਰੋਂਦੇ ਲਗਦੈ ਵੱਡੜਾ ਹੋਸੀ ਘਟਾਅ ਬਿਜਲੀ।
ਬਿਜਲੀ ਆਈ ਤੇ ਫ਼ੱਕਰ ਕੋਲ ਰੋਣ ਲੱਗੀ-ਮੈਨੂੰ ਕਿਵੇਂ ਨਾ ਕਿਵੇਂ ਬਚਾਅ ਬਾਬਾ!
ਫਸ ਗਈ ਲੀਡਰਾਂ ਅਤੇ ਮੁਲਾਜ਼ਮਾਂ ਵਿੱਚ ਮੈਨੂੰ ਲੋਕਾਂ ਦੇ ਘਰੇ ਪੁਚਾਅ ਬਾਬਾ!!

## 327. ਖੱਟਿਆ

ਫ਼ੱਕਰਾ ਵੇਖਲਾ ਲੀਡਰਾਂ ਸੰਗ ਲਾਹੀ ਮੌਕਾ ਹੱਥੋਂ ਇਹ ਕੋਈ ਨਹੀਂ ਜਾਣ ਦਿੰਦੇ।
ਫ਼ਤਿਹਗੜ੍ਹ, ਆਨੰਦ, ਚਮਕੌਰ ਹੋਵੇ ਦੇਖ ਕਿਵੇਂ ਸ਼ਹੀਦਾਂ ਨੂੰ ਮਾਣ ਦਿੰਦੇ।
ਖੱਟਿਆ ਜਿਹਨਾਂ ਦੀ ਖਾਣ, ਨਾ ਯਾਦ ਕਰਦੇ ਗੱਲ ਉਹਨਾਂ ਦੀ ਨਹੀਂ ਦੁਹਰਾਣ ਦਿੰਦੇ।
ਇੱਕ ਦੂਸਰੇ ਉੱਤੇ ਆ ਝੱਗ ਸਿੱਟਣ ਤੰਬੂ ਕਿਵੇਂ ਸਿਆਸਤਾਂ ਤਾਣ ਦਿੰਦੇ।
ਸਾਹਿਬਜ਼ਾਦੇ ਤੇ ਗੁਰੂ ਜੀ ਕਰੇ ਪਿੱਛੇ ਡੱਠੀ ਗੱਲ ਆ ਮੂਹਰੇ ਹੈ ਕੁਰਸੀਆਂ ਦੀ!
ਸਿੱਖ ਹੋਏ ਸੁਆਰਥੀ ਬਣੇ ਭੇਡਾਂ ਹਾਵੀ ਗੱਲ ਹੈ ਤੰਗੀਆਂ-ਤੁਰਸ਼ੀਆਂ ਦੀ!!

## 328. ਲਾਸ਼ਾਂ

ਤੁਰੀਆਂ ਜਦੋਂ ਪੰਜਾਬ 'ਚੋਂ ਰੋਜ਼ ਲਾਸ਼ਾਂ ਗੰਗਾਨਗਰ ਵਿੱਚ ਪੁਲਸੀਆਂ ਬੋਚ ਲਈਆਂ
ਵੇਚੋ ਮੈਡੀਕਲ ਕਾਲਜਾਂ ਦਾਮ ਵੱਟੋ ਲੋਕ-ਰਾਖਿਆਂ ਪੁੱਠੀਆਂ ਸੋਚ ਲਈਆਂ।
ਡੂੰਘੇ ਦਰਦ ਦਾ ਕਿਸੇ ਨਾ ਪਤਾ ਲੱਗਾ ਗਾਈਆਂ ਮਾਰਕੇ ਬੁੱਚੜਾਂ ਨੋਚ ਲਈਆਂ।
ਸੁੱਤੀ ਰਹੀ ਸਰਕਾਰ, ਜ਼ਮੀਰ ਸੁੱਤੀ ਵੇਖੋ ਫੱਟੀਆਂ ਕਿਸਤਰ੍ਹਾਂ ਪੋਚ ਲਈਆਂ।
ਪਾਣੀ ਅੱਗੇ ਪੰਜਾਬ ਦੇ ਸਨ ਜਾਂਦੇ ਤਰਕੇ ਵਿਕਣ ਪੰਜਾਬ ਦੀ ਲਾਸ਼ ਲੱਗੀ!
ਵੱਡੜਾ ਰੋਸ ਹੈ ਫ਼ੱਕਰਾ ਲੀਡਰਾਂ ਤੇ ਹੁੰਦੀ ਇਹਨਾਂ ਦੇ ਦਿਲਾਂ ਸੱਟ ਕਾਸ਼ ਲੱਗੀ!!

(10 ਅਪ੍ਰੈਲ,10)

## 329. ਲਾਟਰੀ

ਨਿਕਲੀ ਲਾਟਰੀ ਕੈਵਿਨ ਦੀ ਦੋ ਮਿਲੀਅਨ ਕੱਛਾਂ ਚੋਬਰ ਨੇ ਪੁੱਜਕੇ ਮਾਰੀਆਂ ਨੇ।
ਇਕ ਦਿਨ ਪਹਿਲੋਂ ਹੀ ਹੈਸੀ ਤਲਾਕ ਹੋਇਆ ਫ਼ੌਜਾਂ ਖੁਸ਼ੀ ਨੇ ਖ਼ੂਬ ਉਤਾਰੀਆਂ ਨੇ।
ਹੱਸੇ ਕੈਵਿਨ ਤੇ ਹੱਸ ਕੇ ਕਹੀ ਜਾਵੇ-ਬੂਹੇ ਬੰਦ ਤੇ ਬੰਦ ਹੁਣ ਬਾਰੀਆਂ ਨੇ।
ਲੋਕ ਪੁੱਛਣ ਤਾਂ ਹੱਸ ਕੇ ਇਓਂ ਆਖਣ-ਪਾਗ਼ਲ ਹੋਏ ਨੇ ਯਭਲੀਆਂ ਮਾਰੀਆਂ ਨੇ।
ਫ਼ੱਕਰ ਪੁੱਛਿਆ, ਕੈਵਿਨ ਜਬਾਬ ਦਿੱਤਾ-ਜੇਕਰ ਰਹਿੰਦੀ ਤਾਂ ਦੱਸ ਕੀ ਛੱਡ ਦਿੰਦੀ?
ਚਰਖਾ ਵਿਆਹ ਦਾ ਟੁੱਟਾ ਤੇ ਭਲਾ ਹੋਇਆ ਨਹੀਂ ਤਾਂ ਸਮਝਲਾ ਅੱਧ 'ਚੋਂ ਵੱਢ ਦਿੰਦੀ।

## 330. ਧਮਕੀ

ਖ਼ੂਬ ਕਿਹਾ ਕਰਜ਼ਈ ਵਿਦੇਸ਼ੀਆਂ ਨੂੰ ਕਰੋ ਨਾਹੀਂ ਸੁਧਾਰ ਸੁਧਾਰ ਮੀਆਂ।
ਮਦਦ ਕਰੋ ਤੇ ਥਾਪੜਾ ਦੇਈ ਚੱਲੋ ਕਰੋ ਹੋਰ ਨਾ ਅੱਤਿਆਚਾਰ ਮੀਆਂ।
ਅੱਗੇ ਪਿਆ ਲਿਫ਼ਿਆ ਵਿਚੋਂ ਟੁੱਟ ਜੂੰਗਾ ਪਾਓ ਮੇਰੇ 'ਤੇ ਐਨਾ ਨਾ ਭਾਰ ਮੀਆਂ।
ਪੌੜੀ ਚੋਣ ਦੀ ਚਾੜ੍ਹ ਕੇ ਚੁੱਕਦੇ ਰਹੇ ਸਾਰੀ ਧਾਂਦਲੀ ਦੇ ਹੋਂ ਜ਼ਿਮੇਵਾਰ ਮੀਆਂ।
ਜੇਕਰ ਅਜੇ ਵੀ ਤੁਸਾਂ ਨਾ ਬੱਸ ਕੀਤੀ ਤਾਲਿਬਾਨ ਦੇ ਨਾਲ ਜਾ ਰਲਾਂਗਾ ਮੈਂ!
ਹਾਲ ਮੇਰੇ 'ਤੇ ਹੱਸਦਿਆਂ ਢਿੱਡ ਦੁਖਦੈ ਇਹਨੂੰ ਘਿਓ ਲਾ ਕੇ ਚੰਗੂੰ ਮਲਾਂਗਾ ਮੈਂ!!

## 331. ਸਰੂਰ

ਕਮਲ ਨਾਥ ਅਮਰੀਕਾ ਵਿਚ ਕੀ ਆਇਆ ਆਫ਼ਤ ਚੱਲਕੇ ਓਸ ਦੇ ਨਾਲ ਆਈ।
ਕੀਤੀ-ਕੱਤਰੀ ਵਰ੍ਹਿਆਂ ਦੀ ਹੋਇ ਬੀਤੀ ਮੂਹਰੇ ਮੰਤਰੀ ਦੇ ਬਣ ਕੇ ਕਾਲ਼ ਆਈ।
ਫ਼ਾਨਾ 'ਸਿੱਖਸ ਫਾਰ ਜਸਟਿਸ' ਨੇ ਠੋਕਿਆ ਜਾਂ ਹੱਥ ਕੋਈ ਵੀ ਪੱਚਰ ਨਾ ਫ਼ਾਲ ਆਈ।
ਭਾਰਤ, ਸਿੱਖਾਂ ਦੇ ਕਤਲ ਦਾ ਦੋਸ਼ ਲੁਕਿਆ ਕੰਮ ਐਪਰ ਅਮਰੀਕਾ ਨਾ ਚਾਲ ਆਈ।
ਸੰਮਨ ਆਏ ਤਾਂ ਹਰਫ਼ਲੇ ਪੁੱਛਿਆ ਇਓਂ-ਦੱਸੋ ਸਹੀ ਤਾਂ ਮੇਰਾ ਕਸੂਰ ਕੀ ਹੈ?
ਆਵੇ ਘੇਰਨੀ ਲੱਗੇ ਨਾ ਚਿੱਤ ਮੇਰਾ ਏਸ ਟੂਰ ਦਾ ਭਲਾ ਸਰੂਰ ਕੀ ਹੈ??

## 332. ਮੂਰਛਾ

ਰੱਖੀ ਵਧੀ ਮਹਿੰਗਾਈ ਲਈ ਜਦੋਂ ਰੈਲੀ ਭਾਜਪਾਈਆਂ ਨੇ ਸੜਕਾਂ ਸਭ ਮੱਲੀਆਂ ਜੀ।
ਲੱਗੇ ਨਾਅਰੇ ਤੇ ਨਾਅਰਾ ਤੇ ਠਾਹ ਨਾਅਰਾ ਮਘੀ ਗੱਲ ਤੇ ਪਈਆਂ ਤਰਥੱਲੀਆਂ ਜੀ।
ਕਿਵੇਂ ਕਾਂਗਰਸ ਵੱਲ ਤ੍ਰਿਸ਼ੂਲ ਨਿਕਲੇ ਸੈਨਾ- ਟੁਕੜੀਆਂ ਜੋਸ਼ ਵਿੱਚ ਝੱਲੀਆਂ ਜੀ।
ਲੱਗੇ ਇਓਂ ਕਿ ਦਿੱਲੀ ਨੂੰ ਜਿੱਤਣੇ ਲਈ ਫ਼ੌਜਾਂ ਆਪ ਭਗਵਾਨ ਨੇ ਘੱਲੀਆਂ ਜੀ।
ਤਿੱਖੀ ਗਰਮੀ ਗਰੀਬ ਜੋ ਰੋਜ਼ ਝੱਲਣ ਭੋਰਾ ਵਰ੍ਹੀ ਤਾਂ ਰੈਲੀ ਦਾ ਚਾਅ ਡਿੱਗਾ!
ਪੇਸ਼ ਗਈ ਨਾ ਫ਼ੱਕਰਾ ਗਡਕਰੀ ਦੀ ਸੈਨਾਪਤੀ ਹੀ ਮੂਰਛਾ ਖਾਅ ਡਿੱਗਾ!!

(18 ਅਪ੍ਰੈਲ,10)

# 333. ਰੰਗ

ਹੁਣ ਵੀ ਜਾਂਵਦੇ ਦਰਸ਼ਨ ਸਿੰਘ ਹਨ ਜਿੱਥੇ ਸੰਗਤਾਂ ਘੱਤ ਵਹੀਰਾਂ ਨੂੰ ਆਉਣ ਓਥੇ।
ਕੁਝ ਤਾਂ ਆਉਣ ਕਿ ਕੀਰਤਨ ਜਾਇ ਸੁਣੀਏ ਕੁਝ ਕੁ ਆਉਣ ਕਿ ਚੁੱਪ ਕਰਵਾਉਣ ਓਥੇ।
ਅੰਮ੍ਰਿਤ ਨਾਮ ਦੀ ਬਰਖਾ ਲਈ ਕੁਝ ਤਰਸਣ ਕੁਝ ਇਕ ਆਣਕੇ ਖੰਡਾ ਖੜਕਾਉਣ ਓਥੇ।
ਕੁਝ ਤਾਂ ਮਿੱਠਤ ਤੇ ਮਿੱਠੇ ਦੀ ਕਰਨ ਲੋਚਾ ਕੁਝ ਆ ਖੱਟਾ ਹੀ ਖੱਟਾ ਵਰਤਾਉਣ ਓਥੇ।
ਪੁੱਛਿਆ ਫ਼ੱਕਰ ਨੇ ਰਾਗੀ ਜੀ ਗੱਲ ਦੱਸੋ-ਕਾਹਤੋਂ ਸਿਖਾਂ ਦੇ ਇਹ ਦੋ ਰੰਗ ਹੁੰਦੇ?
'ਮੈਂ ਵੀ ਸਿੱਖ ਹਾਂ ਮੇਰੇ 'ਤੇ ਝੜੇ ਤੋੜਾ'-ਦੱਸਾਂ ਕਿਓਂ ਸਿੱਖ ਰੰਗ-ਬਦਰੰਗ ਹੁੰਦੇ??

# 334. ਲੀਕ

ਓਇਲ-ਲੀਕ ਦਾ ਯੱਭ ਹੈ ਪਿਆ ਕਿੱਡਾ ਵੱਡੜਾ ਹੋਇਆ ਹੈ ਸਾਰਿਆਂ ਨੂੰ।
ਲੂਜ਼ੀਆਨਾ ਤੇ ਹੋਰ ਦੋ ਤਿੰਨ ਸੂਬੀਂ ਮਿਲੇ ਰਾਹਤ ਨਾ ਲੋਕਾਂ ਵਿਚਾਰਿਆਂ ਨੂੰ।
ਵਾਤਾਵਰਣ ਜੇ ਆਣ ਖਰਾਬ ਹੋਇਆ ਮਾਂਜਾ ਫੇਰਦੂ ਸਾਰੇ ਸੁਖਿਆਰਿਆਂ ਨੂੰ।
ਖ਼ਤਰਾ ਬਹੁਤ ਮਨੁੱਖ ਜਨੌਰ ਤਾਈਂ ਭਾਵੀ ਘੇਰ ਲੂ ਪੰਛੀ ਵਿਚਾਰਿਆਂ ਨੂੰ।
ਫ਼ੱਕਰਾ ਅੱਗੇ ਕਟਰੀਨਾ ਨੇ ਬੁਸ਼ ਲੀਤਾ ਕਾਲ਼ ਰੂਪ ਵਟਾਇ ਮੰਡਰਾਉਣ ਲੱਗੈ!
ਰੱਬ ਕਰੇ ਇਹ ਗੱਲ ਨਾ ਪਵੇ ਪੁੱਠੀ ਲਗਦੈ ਤੇਲ ਓਬਾਮੇ ਨੂੰ ਆਉਣ ਲੱਗੈ !!

# 335. ਜਾਸੂਸੀ

ਗੁਪਤਾ ਮਾਧੁਰੀ ਫੜੀ ਹੈ ਗਈ ਉੱਤੋਂ ਦਿੰਦੀ ਭੇਦ ਸੀ ਵੇਖੋ ਜਾਸੂਸ ਨਿਕਲੀ।
ਉੱਚੇ ਅਹੁਦੇ 'ਤੇ ਪਾਕ ਦੇ ਵਿੱਚ ਭੇਜੀ ਕੀਤਾ ਬੁਰਾ ਹੋ ਕਿੰਨੀ ਮਨਹੂਸ ਨਿਕਲੀ।
ਨੁੱਚੜ ਗਈ ਬਿਗਾਨਿਆਂ ਕੋਲ ਜਾ ਕੇ ਭਾਰਤ ਦੇਸ਼ ਖਾਤਰ ਸ਼ਾਹੀ-ਚੂਸ ਨਿਕਲੀ।
ਸੋਚ ਸਮਝਕੇ ਪੁੱਟਦੈ ਪੈਰ ਬੰਦਾ ਗਾਂਓਂ ਭੂਸਰੀ ਖਾਣ ਘਾਹ-ਫੂਸ ਨਿਕਲੀ।
ਫ਼ੱਕਰਾ ਕਹਿੰਦੀ ਸੀ ਦਿੰਦੇ ਤਨਖਾਹ ਥੋੜ੍ਹੀ ਚੂੜੇ ਚਾੜ੍ਹ ਕੇ ਇਹਨਾਂ ਵਿਖਾ ਦਿਆਂਗੀ!
ਰੱਖਣ ਪਿੱਛੇ, ਪ੍ਰੋਮੋਸ਼ਨ ਇਹ ਕਰਨ ਨਾਹੀਂ ਓਧਰ ਸੱਚੋ ਹੀ ਸੱਚ ਬਤਾ ਦਿਆਂਗੀ!!

# 336. ਫ਼ੈਸਲਾ

ਦਿੱਤਾ ਫ਼ੈਸਲਾ ਕੇਹਾ ਸੁਪਰੀਮ ਕੋਰਟ ਦਿੱਤਾ ਪਾਣੀਓਂ ਦੁੱਧ ਨਿਤਾਰ ਮੀਆਂ।
ਇਕ ਪਾਸੇ ਤਾਂ ਰਾਜੇ ਨੇ ਮੁੱਛ ਚਾੜ੍ਹੀ ਇੱਕੇ ਪਿਓ-ਪੁੱਤ ਹੋਏ ਬਿਮਾਰ ਮੀਆਂ।
ਕਾਂਗਰਸੀ ਵੀ ਵੰਡਣ ਤੇ ਖਾਣ ਲੱਡੂ ਬੰਦ ਹੋਣਗੇ ਅੱਤਿਆਚਾਰ ਮੀਆਂ।
ਰਾਜਾ ਬਾਹਾਂ ਅੜੁੰਗੇ ਤੇ ਇਓਂ ਆਖੇ-ਹੁਣ ਮੈਂ ਲਊਂਗਾ ਇਹਨਾਂ ਦੀ ਸਾਰ ਮੀਆਂ।
ਫ਼ੱਕਰ ਆਖਿਆ -ਰਾਜਾ ਜੀ ਬੈਠ ਸੋਚੋ ਕਿਵੇਂ ਖਿਲਰੀਆਂ ਭੇਡਾਂ ਨੂੰ ਜੋੜਨਾ ਹੈ!
ਓਧਰ ਕਾਕਾ ਜੀ ਪੁੱਛੇ ਕਿ ਦੱਸ ਬਾਪੂ ਕਿਵੇਂ ਪਈਵੀ ਭਾਜੀ ਨੂੰ ਮੋੜਨਾ ਹੈ?
(24 ਅਪ੍ਰੈਲ,10)



# 337. ਵਿਆਗਰਾ

ਰੱਖੇ ਰੱਬ ਤੇ ਮਾਰ ਦੂ ਕੌਣ ਉਹਨੂੰ? ਸੱਚ ਸਿਆਨਿਆਂ ਐਨ੍ਹ ਬਿਆਨ ਦਿੱਤਾ।
'ਬੋਰਿਸ' ਢੱਟੇ ਦੀ ਕਿਸਤਰ੍ਹਾਂ ਜਾਨ ਰੱਖੀ ਕਿਵੇਂ ਓਸ ਨੂੰ ਜੀਵਨ ਦਾ ਦਾਨ ਦਿੱਤਾ।
ਮਾਲਕ ਸੋਚੇ ਕਸਾਈਆਂ ਦੇ ਦਿਆਂ ਇਹਨੂੰ ਮੈਨੂੰ ਪੁੱਜਕੇ ਏਹਨੇ ਨੁਕਸਾਨ ਦਿੱਤਾ।
ਗਾਂਓਂ ਇਕ, ਇਹ ਖੱਸੀ, ਨਾ ਕਰੇ ਗੱਭਣ ਸੋਹਣਾ ਏਸਨੇ ਮੈਨੂੰ ਸਨਮਾਨ ਦਿੱਤਾ।
ਮਾਲਕ ਡੇਵਿਸ ਨੂੰ ਫ਼ੁਰਨਾ ਫਿਰ ਰੱਬ ਦਿੱਤਾ ਹਰਬਲ-ਵਿਆਗਰਾ ਢੱਟੇ ਖਵਾਹਿ ਦਿੱਤੀ!
ਗਊ-ਸ਼ਾਲਾ ਵਿੱਚ ਗਊਆਂ ਨੂੰ ਪਈ ਭਾਜੜ 'ਬੋਰਿਸ' ਬਹਿਜਾ ਹੀ ਬਹਿਜਾ ਕਰਵਾਇ ਦਿੱਤੀ!!

# 338. ਚਾਂਗਾਂ

ਨਿਊਯਾਰਕ ਦੇ ਟਾਈਮਜ਼-ਸੁਕੇਅਰ ਅੰਦਰ ਕਾਰਾ ਵੇਖੋ ਕੀ ਫ਼ੈਜ਼ਲ ਸਹਿਜ਼ਾਦ ਕੀਤਾ।
ਐਸਾ ਦਹਿਸ਼ਤ ਦਾ ਬਣਿਆ ਮਾਹੌਲ ਓਥੇ ਲੋਕਾਂ ਨਾਈਨ/ਅਲੈਵਨ ਫਿਰ ਯਾਦ ਕੀਤਾ।
ਕਾਰ ਰੱਖ ਸਾਮਾਨ ਸਭ ਮੌਤ ਵਾਲਾ ਚਾਹੇ ਸ਼ਹਿਰ ਆਬਾਦ ਬਰਬਾਦ ਕੀਤਾ।
ਉੱਡਣ ਲੱਗਾ ਦੁਬੱਈ ਨੂੰ ਬੋਚਿਆ ਜਾਂ ਆਖੇ ਕਿਰਕਰਾ ਹਾਏ ਸੁਆਦ ਕੀਤਾ।
ਫ਼ੱਕਰ ਆਖੇ  ਅਮਰੀਕਾ ਦੇ ਆਕਿਆਂ ਨੂੰ ਖੁੱਲ੍ਹੇ ਹੱਥਾਂ ਨਾਲ ਡਾਲਰ ਵਰਤਾਈ ਚੱਲੋ!
ਪਾਕਿਸਤਾਨ ਤੋਂ ਚੰਗਾ ਨਹੀਂ ਯਾਰ ਮਿਲਣਾ ਚਾਂਗਾਂ ਮਾਰੀ ਤੇ ਥੁੱਕ ਲਵਾਈ ਚੱਲੋ!!

# 339. ਫਾਂਸੀ

ਦਹਿਲ ਉੱਠੀ ਮੁੰਬਈ ਜਦ ਕਹਿਰ ਹੋਇਆ ਕੀਹਤੋਂ ਭੁੱਲੀ ਹੈ ਭਲਾ ਕਸਾਬ ਦੀ ਗੱਲ?
ਕਿੰਨੇ ਮਰੇ ਨਿਰਦੋਸ਼ੇ ਮਜ਼ਲੂਮ ਓਥੇ ਕਿਵੇਂ ਵਪਾਰੀ ਹੈਸੀ ਆਜ਼ਾਬ ਦੀ ਗੱਲ।
ਬੱਚੇ ਬੱਚੇ ਦੇ ਰਹੀ ਜ਼ਬਾਨ ਉੱਤੇ ਦਸਵੇਂ ਗਏ ਨਾ ਫੁੰਡੇ ਜਨਾਬ ਦੀ ਗੱਲ।
ਸਜ਼ਾ ਫਾਂਸੀ ਦੀ ਮਿਲੀ ਇਨਸਾਫ਼ ਹੋਇਆ ਲੋਕੀ ਕਹਿਣ ਕਿ ਹੋਈ ਹਿਸਾਬ ਦੀ ਗੱਲ।
ਸਾਲਾਂ ਬੱਧੀ ਤਾਂ ਚੱਲਿਆ ਕੇਸ ਫ਼ੱਕਰ ਲੱਗਣੀ ਫਾਂਸੀ ਨੂੰ ਅਜੇ ਵੀ ਦੇਰ ਮੀਆਂ!
ਵਾਰੀ ਆਈ ਤੋਂ ਟੰਗਾਂਗੇ ਕਹਿਣ ਫਾਂਸੀ ਪਿਆ ਭਾਰਤ ਵਿੱਚ ਕਿੱਡਾ ਹਨ੍ਹੇਰ ਮੀਆਂ!!

# 340. ਪੰਜਾਬੀ

ਲੋਕ-ਸਭਾ ਪ੍ਰਤਾਪ ਸਿੰਘ ਬਾਜਵੇ ਨੇ ਕੀਤਾ ਸੁਆਲ ਅੰਗਰੇਜ਼ੀ ਦੇ ਵਿੱਚ ਭਾਈ।
ਅੱਗੋਂ ਉੱਤਰ ਪੰਜਾਬੀ ਦੇ ਵਿੱਚ ਦੇ ਕੇ ਕੀਤਾ ਐਨ੍ਹ ਫ਼ਾਰੂਕ ਨੇ ਜ਼ਿੱਚ ਭਾਈ।
ਮਾਰੀ ਬਾੱਲੀ ਕੀ ਨਹਿਲੇ 'ਤੇ ਜਿਵੇਂ ਦਹਿਲਾ ਲਈ ਜਾਨ ਹੀ ਜਿਸਤਰ੍ਹਾਂ ਖਿੱਚ ਭਾਈ।
ਸੋਚੇ ਬਾਜਵਾ ਪੈਰਾਂ ਨਾਲ ਖੁਰਚ ਮਿੱਟੀ ਇਹਨੇ ਜਾਣਿਆ ਮੈਨੂੰ ਤਾਂ ਟਿੱਚ ਭਾਈ।
ਆਖੇ ਫ਼ੱਕਰ ਪੰਜਾਬ ਦੇ ਐਮ.ਪੀਆਂ ਨੂੰ ਲੋਕ ਸਭਾ ਵਿੱਚ ਹਿੰਦੀ ਨਾ ਆਂਵਦੀ ਹੈ!
ਦੂਜੇ, ਵਿੱਚ ਪੰਜਾਬੀ ਹਨ ਗੱਲ ਕਰਦੇ ਥੋਨੂੰ ਕਿਤੇ ਨਾ ਕਿਸੇ ਭਾਅ ਭਾਂਵਦੀ ਹੈ!!
(2 ਮਈ, 10)

## 341. ਟਾਂਕੇ

ਫ਼ਰੀਦਾਬਾਦ ਵਿੱਚ ਵਾਪਰੀ ਵੇਖ ਫ਼ੱਕਰ ਓਥੇ ਹੋਇਆ ਕੀ ਅੱਤਿਆਚਾਰ ਹੋਇਆ।
ਬੰਦਾ ਹਸਪਤਾਲ ਵਿਚ ਤਦੇ ਜਾਂਦੈ ਇੰਡੀਆ ਹੋਏ ਜੇ ਬਹੁਤਾ ਬਿਮਾਰ ਹੋਇਆ।
ਕਰਮਾਂ-ਮਾਰੀ ਇਓਂ ਗਈ ਇਕ ਹੌਸਪੀਟਲ ਦੁੱਖ ਪਾਰ ਨਾ ਉਹਦਾ ਉਰਾਰ ਹੋਇਆ।
ਡਾਕਟਰ ਕੀਤਾ ਓਪਰੇਸ਼ਨ ਕੀ ਹੱਦ ਲਾਹੀ ਸੁਣਕੇ ਦੁਖੜਾ ਨਾ ਜਾਏ ਸਹਾਰ ਹੋਇਆ।
ਢਿੱਡ ਪਾੜਿਆ, ਤੌਲੀਆ ਛੱਡ ਵਿੱਚੇ ਟਾਂਕੇ ਪਿਓ ਦੇ ਪੁੱਤ ਨੇ ਲਾ ਦਿੱਤੇ!
ਚੀਰ-ਫਾੜ ਦਾ ਐਸਾ ਕਮਾਲ ਕੀਤਾ ਭਾਰਤ-ਮਾਂ ਦੇ ਡੰਕੇ ਵਜਾ ਦਿੱਤੇ!!

## 342. ਕੱਦੂ -ਤੋਰੀ

'ਕੱਕਾ' ਕੱਦੂ ਤੇ 'ਕੱਕਾ' ਹੀ ਹੋਏ ਕੁਰਸੀ ਜੋੜ ਕੇਹਾ ਕਰਤਾਰ ਬਣਾਇਆ ਈ।
ਕੱਦੂ-ਤੋਰੀ ਨਾਲ ਬਾਦਲ ਦੀ ਸਿਹਤ ਚੰਗੀ ਕਿਸੇ ਖਾਸ ਨੇ ਆਣ ਬਤਲਾਇਆ ਈ।
ਐਪਰ ਕੱਦੂ ਇਹ ਪੰਥ ਨੂੰ ਪਿਆ ਮਹਿੰਗਾ ਪੰਥ ਮੰਜੇ 'ਤੇ ਕੱਦੂ ਨੇ ਪਾਇਆ ਈ।
ਪਿੱਛੇ ਖਾਂਦੇ ਸੀ ਤਦੇ ਹੀ ਸਿੰਘ ਛੋਲੇ ਪੰਥਕ-ਸਿਹਤ ਨੂੰ ਇਹਨਾਂ ਬਚਾਇਆ ਈ।
ਲੈ ਲਾ ਮੱਤ ਤੇ ਅਕਲ ਦੀ ਗੱਲ ਕਰਲੈ ਫ਼ੱਕਰਾ ਬੀਜ ਨਾ ਲੰਮੀਆਂ ਤੋਰੀਆਂ ਜੀ!
ਫ਼ਾਇਦਾ ਘੱਟ ਤੇ ਇਹਦਾ ਨੁਕਸਾਨ ਬਹੁਤਾ ਨਾਲੇ ਦੇਖਕੇ ਹੱਸਦੀਆਂ ਗੋਰੀਆਂ ਜੀ!!

## 343. ਫ਼ਾਲ-ਪੱਚਰ

ਕੀਤੀ ਰਾਜੇ ਨੇ ਗੱਲ ਪੰਜਾਬੀਆਂ ਦੀ ਕੀਤੀ ਸਦਾ ਵਾਂਗ ਵੇਖੋ ਬਹਾਲ ਹੁੰਦੇ।
ਕੈਪਟਨ ਸਿੱਖਾਂ ਦੇ ਵੱਲ ਦੀ ਗੱਲ ਕਰਦੈ ਪੜ੍ਹਕੇ ਸੁਣਕੇ ਸਿੱਖ ਸਦਾ ਨਿਹਾਲ ਹੁੰਦੇ।
ਸਿੱਖ ਬੈਅ ਨਹੀਂ ਕਿਸੇ ਦੀ ਹੋਈ ਲੀਤੀ ਸਿੱਖੀ ਉਹਨਾਂ ਜੋ ਸਿੱਖਾਂ ਦੇ ਨਾਲ ਹੰਦੇ।
ਕਿਹੜਾ ਕੌਮ ਲਈ ਕਿਸਤਰ੍ਹਾਂ ਸੋਚਦਾ ਹੈ? ਸਭਨਾਂ ਆਪਣੇ ਆਪਣੇ ਖਿਆਲ ਹੁੰਦੇ।
ਕਿਹਾ-ਫਸੇ ਸਤਾਰਾਂ ਦੁਬੱਈ ਸਾਡੇ ਜਾਨ ਹੂਲ ਕੇ ਉਹਨਾਂ ਛਡਾਊਂਗਾ ਮੈਂ!
ਹੋਰ ਕਿਤੇ ਜੇ ਮੇਰਾ ਨਾ ਹੱਥ ਅੜਿਆ ਫ਼ਾਲ-ਪੱਚਰ ਅਰੂਸਾ ਦੀ ਲਾਊਂਗਾ ਮੈਂ!!

## 344. ਨੀਂਹ-ਪੱਥਰ

ਨੀਂਹ-ਪੱਥਰਾਂ ਲੀਡਰਾਂ ਨਿਹੁੰ ਹੁੰਦੇ ਲੀਡਰ ਚਾਅ ਨਾਲ ਧਰਦੇ ਹਨ ਨੀਂਹ-ਪੱਥਰ।
ਨੀਂਹ ਪੱਥਰ ਹੀ ਲੀਡਰਾਂ ਸ਼ਾਨ ਹੁੰਦੇ ਗੱਲ ਲੀਡਰਾਂ ਕਰਦੇ ਹਨ ਨੀਂਹ-ਪੱਥਰ।
ਲੀਡਰ ਬਣਨ-ਜਨਮਣ ਲੀਡਰ ਮਰਨ ਬਿਨਸਣ ਗੱਡੇ ਕਦੇ ਨਾ ਮਰਦੇ ਹਨ ਨੀਂਹ-ਪੱਥਰ।
ਲੀਡਰ ਧਰੀ ਜਾਵਣ ਵਾਅਦੇ ਕਰੀ ਜਾਵਣ ਆਹ ਵਫ਼ਾ ਦੀ ਭਰਦੇ ਹਨ ਨੀਂਹ-ਪੱਥਰ ।
ਫ਼ੱਕਰਾ ਟਾਂਡੇ ਭੁਲੱਥ ਵਿੱਚ ਕੀ ਗੁਜ਼ਰੀ ਲੀਡਰ ਗੱਡੇ ਨੀਂਹ-ਪੱਥਰਾਂ ਪੁੱਟਦੇ ਹਨ!
ਮੂਹਰੇ ਲੀਡਰੀ, ਧਰਮ-ਈਮਾਨ ਪਿੱਛੇ ਇਕ-ਦੂਜੇ ਦੀਆਂ ਤੰਬੀਆਂ ਕੁੱਟਦੇ ਹਨ!!

(9 ਮਈ,10)

## 345. ਈ-ਮੇਲ

ਇੱਕ ਗੱਲੋਂ ਤੂੰ ਫ਼ੱਕਰਾ ਸੁਰਖਰੂ ਹੈਂ ਈ-ਮੇਲ ਦੇ ਉੱਤੇ ਨਹੀਂ ਅੱਖ ਧਰਦਾ।
ਹੱਥੀਂ ਲਿਖਦਾ ਹੈ ਅਜੇ ਵੀ ਚਿੱਠੀਆਂ ਤੂੰ ਰਤਾ ਨਹੀਂ ਯਕੀਨ ਮਸ਼ੀਨ ਕਰਦਾ।
ਕੋਈ ਕੜਾ ਕੰਪਿਊਟਰ ਨਹੀਂ ਵਰ੍ਹ ਸਕਦਾ ਜਿਵੇਂ ਜ਼ਬਾਨ ਹੈ ਤੂੰ ਵਰ੍ਹਦਾ।
ਜਦੋਂ ਤੱਕ ਦਿਮਾਗ਼ ਤੇ ਹੱਥ ਚੱਲਣ ਰਹੂ ਓਦੋਂ ਤੱਕ ਏਵੇਂ ਹੀ ਐਨ੍ਹ ਸਰਦਾ।
ਜਦੋਂ ਕੁੱਤੇ ਈ ਫ਼ੱਕਰਾ ਫੇਲ੍ਹ ਹੋਗੇ ਬਣ ਜੀਂ ਫੇਰ ਅੰਗਰੇਜ਼ ਵਲੈਤ ਵਾਲਾ!
ਈ-ਮੇਲ ਨੂੰ ਤੀਵੀਂ ਤੋਂ ਨੇੜ ਰੱਖੀਂ ਭੇਤ ਮੇਟ ਕੇ ਦੂਈ-ਦਰੈਤ ਵਾਲਾ!!

## 346. ਘੁਰਕੀ

ਉੱਘੜੇ ਰੰਗ ਜਾਂ ਪਾਕਿ ਦੇ ਐਨ੍ਹ ਮੂਹਰੇ ਵੱਟੀਆਂ ਕਿਵੇਂ ਹਿਲੇਰੀ ਨੇ ਘੂਰੀਆਂ ਜੀ।
ਅਸੀਂ ਮਤਲਬ ਲਈ ਇਹਨੂੰ ਸੀ ਹੱਥ ਦਿੱਤਾ ਕਿਉਂਕਿ ਸਾਡੀਆਂ ਸਨ ਮਜ਼ਬੂਰੀਆਂ ਜੀ।
ਇਹਨੇ ਅਸਾਂ ਦੇ ਨਾਲ ਨਹੀਂ ਵਫ਼ਾ ਕੀਤੀ ਚਾਲਾਂ ਖੇਡੀਆਂ ਏਸਨੇ ਦੂਹਰੀਆਂ ਜੀ।
ਆਂਡੇ ਕਿਤੇ ਤੇ ਕਿਤੇ ਇਸ ਕਰੀ ਕੁੜ-ਕੁੜ ਰੱਜ ਕੇ ਖਾਧੀਆਂ ਅਸਾਂ ਤੋਂ ਚੂਰੀਆਂ ਜੀ।
ਹੱਥ ਕੰਨਾਂ ਨੂੰ ਲਾਏ ਤੇ ਕਰੇ ਤੌਬਾ ਹੁਣ ਤੱਕ ਪੜ੍ਹਿਆ ਨਹੀਂ ਏਸ ਵਿਚਾਰਿਆ ਏ!
ਖਾਧੇ ਤੁੱਕੇ ਨਾ ਬੋਕ ਨੇ ਦੁੱਧ ਦਿੱਤਾ ਬੱਕਰੀ ਜਾਣ ਅਮਰੀਕਾ ਨੂੰ ਚਾਰਿਆ ਏ!!

## 347. ਖ਼ੁਦਕੁਸ਼ੀ

ਫ਼ੱਕਰਾ ਰੋਜ਼ ਪੰਜਾਬ ਦੀ ਧਰਤ ਰੋਂਦੀ ਖੁਦਕਸ਼ੀ ਜਦ ਕੋਈ ਕਿਸਾਨ ਕਰਦਾ।
ਫ਼ਿਕਰ ਕਰਜ਼ੇ ਦਾ ਰਾਤੀਂ ਨਾ ਨੀਂਦ ਆਵੇ ਭੁੱਖਾ ਸੌਂਵੇਂ ਜੋ ਦੇਸ਼ ਦਾ ਢਿੱਡ ਭਰਦਾ।
ਪਿਆਰੀ ਜਾਨ ਤੋਂ ਵਿਰਸੇ ਵਿੱਚ ਮਿਲੀ ਜਿਹੜੀ ਦਿਲ 'ਤੇ ਪੱਥਰ ਧਰ ਗਹਿਣੇ ਤੇ ਬੈਅ ਕਰਦਾ।
ਸੋਕਾ ਫ਼ਸਲ ਨੂੰ, ਬਿਜਲੀ ਨਾ ਮਿਲੇ ਪਾਣੀ ਬਾਦਲ ਕਹਿਰ ਬਣ ਕਦੇ ਹੈ ਆ ਵਰ੍ਹਦਾ।
ਸੁੱਚੀ ਕਿਰਤ ਵੀ ਕਰੇ ਤੇ ਰਹੇ ਭੁੱਖਾ ਰੋਜ਼ ਲਵੇ ਜੇ ਲਵੇ ਕਿਸਾਨ ਫਾਹਾ!
ਕਰਦੇ ਰੋਜ਼ ਕੁਰੱਪਸ਼ਨਾਂ ਕਿਵੇਂ ਲੀਡਰ ਖੁਦਕੁਸ਼ੀ ਦਾ ਲਵੇ ਨਾ ਇਕ ਲਾਹਾ!!

## 348. ਧਾਵਾ

ਪਾਕਿਸਤਾਨ ਵਿੱਚ ਖੁਰਦਰੂ ਪਿਆ ਐਨਾ ਖ਼ਬਰਾਂ ਪੜ੍ਹਦਿਆਂ ਕੋਈ ਅਰਮਾਨ ਨਿਕਲੇ।
ਕਤਲੋ-ਗਾਰਤ ਨੂੰ ਕਰਨ ਦੇ ਲਈ ਫ਼ੱਕਰ ਇਨਸਾਨ ਤੇ ਨਾਲੇ ਹੈਵਾਨ ਨਿਕਲੇ।
ਸੂਰ ਤਿੰਨ ਸੌ ਵੱਟ ਕੇ ਛੂਟ ਨਿਕਲੇ ਤੀਰ ਜਿਸਤਰ੍ਹਾਂ ਵਿੱਚੋਂ ਕਮਾਨ ਨਿਕਲੇ।
ਸੁਪਰੀਮ ਕੋਰਟ ਵਿੱਚ ਵੜੇ ਤੇ ਢਾਹੇ ਬੰਦੇ ਸੱਤ ਜ਼ਖਮੀਆਂ ਦੀ ਸਮਝੋ ਜਾਨ ਨਿਕਲੇ।
ਇਕ ਪਾਸੇ ਲਾਦੇਨ ਤੇ ਖਾੜਕੂ ਹਨ ਦੂਜੇ ਪਾਸਿਓਂ ਨਿਕਲ ਪੇ ਸੂਰ ਮੀਆਂ!
ਰਗੜੀ ਸਾਨ੍ਹਾਂ ਦੇ ਭੇੜ ਵਿੱਚ ਜਾਊ ਕੱਟੀ ਹੋਣੇ ਲੋਕ ਹੀ ਨੇ ਚਕਨਾਚੂਰ ਮੀਆਂ!!

(16 ਮਈ,10)

## 349. ਲੱਛੀ

ਸਤਨਾ, ਮੱਧ ਪ੍ਰਦੇਸ਼ ਦਾ ਕਹੇ ਸ਼ੰਕਰ ਮੇਰੀ ਜਿੰਦ ਤੇ ਮੇਰੀ ਇਹ ਜਾਨ ਵੱਛੀ।
ਵੱਧ ਕੇ ਕੁੜੀ ਤੋਂ ਇਹਦਾ ਪਿਆਰ ਮੈਨੂੰ ਨਾਂਓਂ ਏਸਦਾ ਰੱਖਿਆ ਤਾਂ 'ਲੱਛੀ'।
ਚਾਹ ਪੀਤੇ ਬਿਨ ਚਾਰੇ ਨਾ ਮੂੰਹ ਲਾਵੇ ਇਹਦੀ ਆਦਤ ਹੈ ਮਾੜੀ ਜਾਂ ਹੋਏ ਅੱਛੀ।
ਗਰਮਾ-ਗਰਮ ਚਾਹ ਬਿਨਾਂ ਨਾ ਚੈਨ ਆਵੇ ਜੇਕਰ ਨਾ ਦਿਓ ਹੁੰਦੀ ਹੈ ਤਰਲ-ਮੱਛੀ।
ਫ਼ੱਕਰ ਆਖਿਆ-ਸ਼ੰਕਰਾ ਅਮਲ ਲਾ ਕੇ ਘਰ ਆਪਣਾ ਕਮਲਿਆ ਪੱਟਿਆ ਈ!
ਜਾਂਦਾ ਨਸ਼ੇ ਵਿੱਚ ਵੇਖ ਪੰਜਾਬ ਰੁੜ੍ਹਦਾ ਏਸ ਵਣਜ 'ਚੋਂ ਕਿਸੇ ਕੀ ਖੱਟਿਆ ਈ?

## 350. ਆਮਦ

ਆਵੋ! ਆਵੋ!! ਮੁਸ਼ੱਰਫ਼ ਜੀ, ਜੀ-ਆਇਆਂ, ਥੋੜਾ ਸੱਜਰਾ ਇਕ ਬਿਆਨ ਆਇਆ।
ਤੁਸੀਂ ਫੇਰ ਸਿਆਸਤ ਵਿੱਚ ਆਉਣ ਲੱਗੇ ਵਤਨ-ਪਿਆਰ ਦਾ ਦਿਲੇ ਤੂਫ਼ਾਨ ਆਇਆ।
ਜਿੰਦ ਬਚੀ, ਆਰਾਮ ਵੀ ਬਹੁਤ ਕੀਤਾ ਲਗਦਾ ਨਹੀਂ ਕਿ ਤੁਸਾਂ ਗਿਆਨ ਆਇਆ।
ਲਹੂ ਮੂੰਹ ਲੱਗਾ, ਕਿਵੇਂ ਜਾਏ ਜਰਿਆ? ਫ਼ੱਕਰ ਆਪਣੀ ਥਾਂਏਂ ਹੁਕਮਰਾਨ ਆਇਆ!
ਤੁਸੀਂ ਜਦੋਂ ਦੇ ਮੀਆਂ ਰੂ-ਪੋਸ਼ ਹੋ ਗਏ ਰਹੀਆਂ ਪਾਕਿ ਦੀਆਂ ਸੁਆਹ ਸਿਆਸਤਾਂ ਜੀ?
ਤੁਸੀਂ ਰੱਜੇ ਤੇ ਮੁਲਕ ਵੀ ਰੱਜਿਆ ਸੀ ਹੁਣ ਤਾਂ ਭੁੱਖੀਆਂ ਮਰਨ ਰਿਆਸਤਾਂ ਜੀ!!

## 351. ਭਾਗ

ਲਗਦੇ ਨਹੀਂ ਅਡਵਾਨੀ ਦੇ ਭਾਗ ਚੰਗੇ ਨਹੀਂ ਤਾਂ ਗਡਕਰੀ ਭਾਜਪਾ ਲਿਆਏ ਕਾਹਤੋਂ?
ਪੁੱਠੇ-ਸਿੱਧੇ ਉਹ ਐਵੇਂ ਬਿਆਨ ਦੇ ਕੇ ਹੇਠੀ ਮਾਂਓਂ ਦੀ ਭਲਾ ਕਰਵਾਏ ਕਾਹਤੋਂ?
ਕਰ ਕੇ ਯਾਦਵਾਂ ਦੋਹਾਂ ਨਾਲ ਛੇੜਖ਼ਾਨੀ ਖੱਖਰ ਛੇੜੇ ਤੇ ਭੂੰਡ ਬੁਲਾਏ ਕਾਹਤੋਂ?
ਸੈਨਾਪਤੀ ਜੇ ਜੰਗਜੂ ਹੋਏ ਸੱਚੀਂ ਲੱਗੇ ਲਾਮ ਤਾਂ ਮੂਰਛਾ ਖਾਏ ਕਾਹਤੋਂ?
ਏਧਰ ਦੇਖਲਾ ਪੰਥ ਦੇ ਹਾਲ ਫ਼ੱਕਰ ਫ਼ਤਹ-ਦਿਵਸ 'ਤੇ ਇਹਨੂੰ ਬੁਲਾਂਵਦੇ ਨੇ!
ਦਿਨ 'ਬੰਦੇ' ਦਾ, ਪਾਣੀਆਂ ਪਾਏ ਪੰਗੇ ਟੱਟੂ ਸੱਦ ਕੇ ਹੇਠੀ ਕਰਵਾਂਵਦੇ ਨੇ!!

## 352. ਸਿੱਖ

ਸਿੱਖ ਕੂਕਦੇ ਚਾਂਗਦੇ ਕਰਨ ਭਾਸ਼ਣ-ਬਾਦਲ ਖਾ ਗਿਐ ਪੰਥ ਬਘਿਆੜ ਵਾਂਗੂ।
ਕੁਰਸੀ ਖਾਤਰਾਂ ਏਸਨੂੰ ਪਾ ਗਹਿਣੇ ਟੱਕਰਿਆ ਖੇਤ ਨੂੰ ਚੰਦਰੀ ਵਾੜ ਵਾਂਗੂੰ।
'ਕੱਠਾ ਕੋੜਮਾ ਅਤੇ ਕੁਟੰਬ ਕਰਕੇ ਪੰਥ ਨੱਪਿਆ ਫ਼ੈਲਰੇ ਝਾੜ ਵਾਂਗੂੰ।
ਉੱਡਣ ਪਰਖ਼ਚੇ ਪੰਥ ਪੰਜਾਬ ਵਾਲੇ ਲੁੱਟੇ ਖ਼ੂਬ ਇਹ ਡਾਕੂਆਂ-ਧਾੜ ਵਾਂਗੂੰ।
ਵੇਖ ਫ਼ਿਕਰਮੰਦ ਸਿੱਖਾਂ ਨੂੰ ਕਹੇ ਫੱਕਰ-ਚਾੜ੍ਹੋਂ ਦਮੜੇ ਤੇ ਮਾਂਜਾ ਲਵਾਈ ਚੱਲੋ!
ਭਲਾ ਪੰਥ ਦਾ ਚਾਹੁੰਦੇ ਪ੍ਰਦੇਸੀਓ ਵੀ ਦੇ ਦੇ ਚੋਣ-ਫੰਡ ਹਾਰ ਹੀ ਪਾਈ ਚੱਲੋ!!

(23 ਮਈ, 10)

## 353. ਚੋਣ

ਸਾਰੇ ਦਲਾਂ ਨੇ ਮੁੱਠੀਏਂ ਥੁੱਕ ਲਾਇਆ ਨੇੜੇ ਆਈ ਕਮੇਟੀ ਦੀ ਚੋਣ ਮੀਆਂ।
ਦਲ ਸਾਰੇ ਹੀ ਥਾਪੀਆਂ ਮਾਰਦੇ ਹਨ-ਦਲ ਅਸਾਂ ਦਾ ਧੋਊਗਾ ਧੋਣ ਮੀਆਂ।
ਨਿੱਤਰੂ ਕੌਣ ਵੜੇਵਿਆਂ ਖਾਣ ਵਾਲੀ? ਲੱਗੇ ਟਾਕਰੇ ਸਮਝਲਾ ਹੋਣ ਮੀਆਂ।
ਬੰਨ੍ਹੇ ਮੂੰਹ ਤੇ ਹੱਥਾਂ ਵਿੱਚ ਫੜੇ ਠੂਠੇ ਚੋਣ ਲਈ ਮਖਿਆਲ ਨੂੰ ਰੋਣ ਮੀਆਂ।
ਲੱਗਿਆ ਬਰਫ ਵਿਚ ਲੌਂਗੋ ਦਲ ਕਹਿਣ ਲੱਗਾ-ਸਾਡੀ ਸਾਂਝ ਨਹੀਂ ਗਰਮ-ਖਿਆਲੀਆਂ ਨਾਲ!
ਫ਼ੱਕਰਾ ਖਿੰਡਰਿਆਂ ਦਲਾਂ ਦੇ ਤੌਰ ਦੱਸਣ-ਬਾਦਲ ਸੱਦਾਂਗੇ! ਸੱਦਾਂਗੇ!! ਤਾਲੀਆਂ ਨਾਲ!!

## 354. ਰੌਲ਼ਾ

ਦਲ ਖਾਲਸੇ ਅਤੇ ਸਹਿਯੋਗੀਆਂ ਨੇ ਯਾਰੋ ਰੱਖ ਵਿਖਾਈ ਹੈ ਖਾਲਸੇ ਦੀ।
ਉਹਨਾਂ 'ਬੰਦੇ' ਨੂੰ ਇਸਤਰ੍ਹਾਂ ਯਾਦ ਕੀਤਾ ਚੰਗੀ ਯਾਦ ਦਿਵਾਈ ਹੈ 'ਖਾਲਸੇ' ਦੀ।
ਕਿਹਾ -ਤੋੜ ਕੇ ਬੰਧਨ ਗੁਲਾਮੀਆਂ ਦੇ ਬੰਦੇ ਸ਼ਾਨ ਚਮਕਾਈ ਹੈ ਖਾਲਸੇ ਦੀ।
ਫ਼ਤਿਹਗੜ੍ਹ ਵਿੱਚ ਪੰਥ ਨੇ ਵੇਖ ਲੀਤਾ ਕੀਹਨੇ ਢੂਈ ਲੁਆਈ ਹੈ ਖਾਲਸੇ ਦੀ।
ਸੱਦਿਆ ਗਡਕਰੀ ਗੋਡਿਆਂ ਹੱਥ ਲਾ ਕੇ ਮੂੰਹ ਤੇ ਕਹਿ ਗਿਆ ਗੱਲ ਬੈਰਾਗੀਆਂ ਦੀ!
ਰਾਮ ਰੌਲ਼ੇ ਵਿੱਚ ਸਿੱਖ-ਇਤਿਹਾਸ ਰੁਲ਼ਿਆ ਮੋਇਆ ਸੁਣਦਾ ਹੈ ਢਾਡੀਆਂ-ਰਾਗੀਆਂ ਦੀ!!

## 355. ਚਾਸ

ਮੁੱਖ-ਮੰਤਰੀ ਬਣਨ ਵਿੱਚ ਫੁੱਟ ਬਾਕੀ ਪੈਂਡਾ ਮੁੱਕਦਾ ਪਰ ਨਜ਼ਰ ਨਾ ਆਂਵਦਾ ਈ।
ਰਾਜ ਨਾਥ ਨੇ ਪਹਿਲੋਂ ਨਾ ਲੱਤ ਲਾਈ ਹੁਣ ਇਹ ਗਡਕਰੀ ਫ਼ਾਨਾ ਅੜਾਂਵਦਾ ਈ।
ਡੈਡੀ ਵੇਚਿਆ ਸਸਤੇ ਭਾਅ ਪੰਥ ਸਾਰਾ ਸੰਘ ਫੇਰ ਤ੍ਰਿਸ਼ੂਲ ਦਿਖਾਂਵਦਾ ਈ।
ਤਾਜਪੋਸ਼ੀ ਲਈ ਪਾ ਪਾ ਨਵੇਂ ਲੀੜੇ ਕਾਕਾ ਖੜ੍ਹਾ ਹੋ ਰੋਜ਼ ਹੀ ਲਾਂਹਵਦਾ ਈ।
ਡੈਡੀ ਮੰਮੀ ਨੂੰ ਡਾਹਢੜਾ ਫ਼ਿਕਰ ਖਾਵੇ ਜਿਹਨਾਂ ਸੰਦੜੀ ਪੁੱਗੇ ਨਾ ਆਸ ਬੇਲੀ!
ਆਟੇ ਖੰਡ ਦੇ ਨਾਲ ਮਸੱਦ ਜੂਝੇ ਵਿੱਚ ਪਾਉਣ ਨੂੰ ਮਿਲੇ ਨਾ ਚਾਸ ਬੇਲੀ!!

## 356. ਲਗਾਮ

ਖੁਸ਼ੀ ਸਿੱਖਾਂ ਨੇ ਕੀਤੀ ਬਹਾਲ ਹੁੰਦੇ ਰਾਜੇ ਪਤਾ ਨਹੀਂ ਗੱਲ ਇਹ ਕਿਉਂ ਆਖੀ?
ਅਖੇ ਕਮਲ ਤੇ ਟਾਇਟਲਰ ਪਰ੍ਹੇ ਛੱਡਣ ਏਸ ਮਸਲੇ ਸਿੱਖ ਸੰਜਮ ਦੀ ਕਰਨ ਰਾਖੀ।
ਕਿਸੇ ਆਸ਼ੇ ਨਾਲ ਹੋਊ ਜ਼ਰੂਰ ਆਖੀ ਲੱਗੀ ਚੰਗੀ ਨਾ ਸਿੱਖਾਂ ਨੂੰ ਇਹ ਭਾਖੀ।
ਪਿਆ ਰਾਜੇ 'ਚੋਂ ਬਾਦਲ ਦਾ ਇਕ ਝਉਲਾ ਸਿੱਖ ਸੋਚਣ ਕਿ ਰੱਬ ਹੀ ਬਣੇ ਸਾਖੀ।
ਫ਼ੱਕਰ ਆਖਿਆ ਰੱਬ ਜੇ ਦਏ ਘੋੜਾ ਉਹਦੇ ਮੂੰਹ ਨੂੰ ਦੇਈਏ ਲਗਾਮ ਰਾਜਾ!
ਲੋਕੀਂ ਅੱਗੇ ਹੀ ਪਏ ਇਹ ਮੁੱਲ ਵੱਟਣ ਕਾਹਨੂੰ ਮੁਫ਼ਤ ਵਿੱਚ ਹੋਵੇਂ ਬਦਨਾਮ ਰਾਜਾ?

(28 ਮਈ,10)

## 357. ਤਰਾਂ

ਕੀ ਹਨ ਕੁਰਸੀਆਂ ਰੁਤਬੇ ਤੇ ਕੀ ਅਹੁਦੇ ? ਬੰਦੇ ਬਾਂਦਰ ਬਣ ਇਹਨਾਂ ਲਈ ਨੱਚਦੇ ਹਨ।
ਤਾਸ਼ ਖੋਹਲ ਕੇ ਫ਼ੱਕਰਾ ਸੱਚ ਆਖੀਂ ਪੱਤੇ ਕਿੰਨੇ ਕੁ ਇਹਨਾਂ ਵਿੱਚ ਸੱਚ ਦੇ ਹਨ ?
ਪੱਟਿਆ ਪੰਥ ਦੀ ਖਾਇ ਨਿੱਤ ਝੂਠ ਬੋਲਣ ਖੁਸਰੇ ਖ਼ੂਬ ਸਟੇਜਾਂ ’ਤੇ ਜੱਚਦੇ ਹਨ।
ਜੇ ਕੋਈ ਸਿੱਖਾਂ ਦੇ ਹਿੱਤਾਂ ਦੀ ਗੱਲ ਕਰਦੈ ਬਣ ਕੇ ਭਾਂਬੜ ਵਿਰੋਧ ਦਾ ਮੱਚਦੇ ਹਨ।
ਸਿਰ ’ਤੇ ਕੌਮ ਦੇ ਓਏ ਨਾ ਕੋਈ ਕੁੰਡਾ ਜੱਥੇਦਾਰ ਅੱਜ ਤਰਾਂ ਦੇ ਭਾਅ ਵਿਕਦੇ !
ਕੁਸਕੇ ਕੋਈ, ਵਡਾਲੇ ਦੀ ਜੂਨ ਪੈਂਦਾ ਤਾਂਹੀਏਂ ਕਰਨ ਟੀ.ਸੀ. ਚਾਓ-ਚਾਅ ਵਿਕਦੇ !!

## 358. ਹੇਡਲੀ

ਹੱਥ ਜੋਗੀਆਂ ਹਿੰਦੀਆਂ ਖਰੇ ਤਿੱਖੇ ਕਿਹਾ-ਸੱਚੋ ਹੀ ਸੱਚ ਉਚਾਰ ਬੀਬਾ।
ਸਾਨੂੰ ਸ਼ੱਕ, ਲੜ-ਸਿਰਾ ਨਾ ਹੱਥ ਆਵੇ ਅਸੀਂ ਸੋਚਦੇ ਹੋਏ ਬੀਮਾਰ ਬੀਬਾ।
ਇੱਕੇ ਲੂੰਬੜੀ ਦੂਜੇ ਬਘਿਆੜ ਤੇਰੇ ਹੁਣ ਤੂੰ ਆ ਗਿਐਂ ਵਿੱਚ-ਵਿਚਕਾਰ ਬੀਬਾ।
ਅਸੀਂ ਸੱਚ ਉਗਰਾਹੁਣ ਵਿੱਚ ਮਾਹਰ ਪੂਰੇ ਦੁੱਧੋਂ ਪਾਣੀ ਨੂੰ ਲਈਏ ਨਿਤਾਰ ਬੀਬਾ।
ਹੋ ਕੇ ਗੋਡਣੀ ਹੇਡਲੀ ਇਉਂ ਆਖੇ-ਹੱਥ ਗੱਲ ਵਿੱਚ ਪਾਕਿਸਤਾਨ ਦਾ ਏ !
ਵੱਡਿਆਂ ਵੱਡਿਆਂ ਦੇ ਕੰਨ ਜੋ ਕੁਤਰ ਜਾਵੇ ਪਤਾ ਸਭਸ ਨੂੰ ਉਹਦੇ ਇਮਾਨ ਦਾ ਏ !!

## 359. ਕਬੂਤਰ

ਛੱਡਿਆ ਪਾਕਿ ਤੋਂ ਕਿਸੇ ਨੇ ਇਕ ਚੀਨਾ ਕਿਹਾ-ਢੋਲ ਨੂੰ ਚਿੱਠੀ ਪਹੁੰਚਾਈਂ ਚੀਨੇ।
ਧਰਤੀ ਇਸ ’ਤੇ ਮਨਮੋਹਨ ਸਿੰਘ ਜੰਮਿਆ ਸੀ ਪਿਆਰ ਓਸਨੂੰ ਸਾਡਾ ਅਪੜਾਈਂ ਚੀਨੇ।
ਰੰਗਾਂ ਖੰਭ ਤੇ ਪ੍ਰੇਮ ਦੀ ਮੁਹਰ ਲਾਵਾਂ ਖ਼ਬਰ ਖੁਸ਼ੀ ਦੀ ਕੋਈ ਲਿਆਈਂ ਚੀਨੇ।
ਫੜਿਆ ਜਾਵੇ ਤਾਂ ਕਰੀਂ ਤੂੰ ਅਸਾਂ ਵਾਂਗੂੰ ਚੂਰੀ ਖਾਇ ਨਾ ਸ਼ੁਕਰ ਮਨਾਈਂ ਚੀਨੇ।
ਫ਼ੱਕਰ ਹੱਸ ਕਬੂਤਰ ਨੂੰ ਆਖਿਓ ਨੇ-ਹੋਰਾਂ ਲਈ ਨਾ ਇੰਜ ਉਡਾਨ ਭਰੀਏ !
ਹੋਵੇ ਵਾਂਗ ਇੱਲੀਗਲ ਜੇ ਕਦੇ ਐਸੀ ਫਸ ਜਾਈਏ ਤਾਂ ਫੇਰ ਨਾ ਉਜਰ ਕਰੀਏ !!

## 360. ਪਲਟਾ

ਮਮਤਾ ਬੈਨਰਜੀ ਤਿੱਖੜੇ ਤਿਉਰ ਲੈ ਕੇ ‘ਲਾਲ ਕਿਲ੍ਹੇ’ ਨੂੰ ਕਿਸਤਰ੍ਹਾਂ ਪੈ ਨਿਕਲੀ।
ਮੂਧੇ ਮਾਰਕਸੀ ਪਾਏ ਸੂ ਢੂਈ ਪਰਨੇ ਨੰਬਰ ਪੂਰੇ ਹੀ ਸਮਝਲੋ ਲੈ ਨਿਕਲੀ।
ਕੜੀ ਕਾਂਗਰਸ ਵਾਲੀ ਨਾ ਬਾਤ ਪੁੱਛੀ ਲੈ ਕੇ ਆਪਣੀ ਹੀ ’ਕੱਲੀ ਰੈ ਨਿਕਲੀ।
ਮੂੰਹ ਵਿੱਚ ਉਂਗਲਾਂ ਪੈ ਗੀਆਂ ਸਾਰਿਆਂ ਦੇ ਸਾਥੋਂ ਮੂਹਰਦੀ ਇਹ ਲੈ ਜੈ ਨਿਕਲੀ।
ਫ਼ੱਕਰ ਪੁੱਛਿਆ-ਮਮਤਾ ਜੀ ਗੱਲ ਦੱਸੀਂ ਧੋਬੀ-ਪਟੜਾ ਇਹ ਕਿਝ ਤੈਂ ਮਾਰਿਆ ਈ ?
ਇਹ ਤਾਂ ਸਾਰਦੇ ਆਪਣਾ ਕੰਮ ਸਾਰੇ ਕਹਿੰਦੀ ਲੋਕਾਂ ਦਾ ਕੰਮ ਮੈਂ ਸਾਰਿਆਂ ਈ !!

(6 ਜੂਨ,10)



## 361. ਸੁਪਨੇ

ਜੂਨ ਜੱਟ ਦੀ ਕਹਿੰਦੇ ਸੀ ਬੁਰੀ ਪਿੱਛੇ ਜੂਨ ਬੁਰੀ ਹੈ ਬਾਹਰ ਪ੍ਰਵਾਸੀਆਂ ਦੀ।
ਜਿਹਨਾਂ ਵੇਖੋ ਪਤਾਸਿਆਂ ਲੱਤ ਮਾਰੀ ਖਾਰੀ ਪਰ੍ਹੇ ਵਗਾਹੀ ਸੂ ਹਾਸੀਆਂ ਦੀ।
ਝੋਰੇ ਅਤੇ ਚਿੰਤਾਵਾਂ ਨੇ ਵਣਜ ਲੀਤੇ ਫ਼ਾਹੀ ਆਪ ਗਲ਼ ਪਾਈ ਸੂ ਫਾਸੀਆਂ ਦੀ।
ਰਿਸ਼ਤੇਦਾਰ ਤੇ ਮਿੱਤਰ ਮਸ਼ੀਨ ਬਣਗੇ ਗੱਲ ਭੁੱਲ ਗਈ ਫੁੱਫੜਾਂ ਮਾਸੀਆਂ ਦੀ।
ਲਏ ਚੰਗਿਆਂ ਲਈ ਤੂੰ ਆਪ ਪੰਗੇ ਫ਼ੱਕਰਾ ਵੇਖ ਲਾ ਸਭੇ ਵਿਸਾਰ ਤੁਰ ਗਏ !
ਤੈਨੂੰ ਕਿਹੜਾ ਪੰਚਾਇਤਾਂ ਸੀ ਲੈਣ ਗਈਆਂ ਤੇਰੇ ਸੁਪਨੇ ਹੀ ਤੈਨੂੰ ਹਨ ਮਾਰ ਤੁਰ ਗਏ !!

## 362. ਮਾਫ਼ੀ

ਬਹੁਤੇ ਜਾਣਦੇ, ਰਹਿੰਦੇ ਵੀ ਜਾਣ ਜਾਸਣ ਜਿੰਨਾ ਦੇਸ਼ ਦਾ ਗਾਂਧੀ ਸਵਾਰਿਆ ਏ।
ਹੱਸ ਕੇ ਫਾਂਸੀ ਸੀ ਭਗਤ ਸਿੰਘ ਚੜ੍ਹਨ ਦਿੱਤਾ ਨਾਅਰਾ ਇਕ ਨਾ ਆਹ ਦਾ ਮਾਰਿਆ ਏ।
ਲਾਜਪਤ ਨੇ ਕਿੰਨੀ ਕੁ ਡਾਂਗ ਖਾਧੀ ਆਪਾ ਕਿੰਨਾ ਕੁ ਦੇਸ਼ ਤੋਂ ਵਾਰਿਆ ਏ ?
ਬਦਲਾ ਕਾਸਦਾ ਊਧਮ ਨੇ ਸੀ ਲੀਤਾ ਕਰਜ਼ ਸਿਰੇ ਤੋਂ ਕਿਹੜਾ ਉਤਾਰਿਆ ਏ।
ਫ਼ੱਕਰ ਹੱਸ ਕੇ ਆਖਿਆ ਸੁਣੀਂ ਬੱਬੂ ਸੱਚ ਆਖ ਕੇ ਮਾਫ਼ੀ ਨਾ ਮੰਗੀਏ ਜੀ !
ਮਿਰਚਾਂ ਲੜਨ ਦੇਈਏ ਜੀਹਦੇ ਲੜਦੀਆਂ ਹਨ ਝੱਗਾ ਬੋਚ ਕੇ ਮੂਹਰਿਓਂ ਟੰਗੀਏ ਜੀ !!

## 363. ਭਰਵੱਟੇ

ਆਈ ਚੋਣ ਕਮੇਟੀ ਦੀ ਪਿਆ ਪੰਗਾ ਵੇਖੋ ਆਨ ਕੇ ਪਿਆ ਭਰਵੱਟਿਆਂ ਦਾ।
ਬੀਬੀ ਕੋਈ ਉਹ ਵੋਟ ਨਹੀਂ ਪਾ ਸਕਦੀ ਰੋਗ ਜੀਹਨੂੰ ਹੈ ਇਹਨਾਂ ਦੇ ਪੱਟਿਆਂ ਦਾ।
ਜੱਥੇਦਾਰ ਤੇ ਲੀਡਰ ਹੁਣ ਬੈਠ ਸੋਚਣ ਨਿਕਲੂ ਹੱਲ ਕੀ ਐਹੋ ਜੇਹ ਰੱਟਿਆਂ ਦਾ ?
ਵੋਟਾਂ ਬਣਨ ਨਾ, ਕਲ੍ਹ ਨੂੰ ਪਏ ਕਹਿਣਾ ਖਾਣਾ ਕੀ ਅੰਗੂਰਾਂ ਹੈ ਖੱਟਿਆਂ ਦਾ ?
ਲਲ਼ਕ ਫ਼ੱਕਰਾ ਬੁਰੀ ਹੈ ਲੀਡਰੀ ਦੀ ਲੀਡਰੀ ਘਰੀਂ ਭਰਵੱਟੇ ਰਖਾਉਣ ਲੱਗ ਪਏ !
ਘਰ ਦੀ ਵੋਟ ਵੀ ਹੱਥੋਂ ਨਾ ਨਿਕਲ ਜਾਵੇ ਕਰ ਕੇ ਚੁਸਤੀਆਂ ਵੋਟ ਬਚਾਉਣ ਲੱਗ ਪਏ !!

## 364. ਯੂ-ਟਰਨ

ਕਿਹਾ ਬੀਰ ਦਵਿੰਦਰ-ਹੈ ਬੁਰੀ ਕੀਤੀ ਦਿੱਤਾ ਮਾਣ ਨਹੀਂ ਮੈਨੂੰ ਅਕਾਲੀਆਂ ਨੇ।
ਮੈਨੂੰ ਸੱਦ ਕੇ ਦਿੱਤਾ ਨਾ ਇਕ ਪੱਤਾ ਉੱਜੜੇ ਬਾਗ਼ ਦੇ ਗਾਹਲੜਾਂ ਮਾਲੀਆਂ ਨੇ।
ਜਿਹੜੇ ਭਾਜਪਾ ਸੰਦੇ ਪਿਛਲੱਗ ਆਪੂੰ ਦੇਣਾ ਕੀ ਸੀ ਇਹਨਾਂ ਸਵਾਲੀਆਂ ਨੇ ?
ਮੁੜਿਆ ਓਧਰ ਤੇ ਰਿਹਾ ਨਾ ਜਾਏ ਏਧਰ ਪਈਆਂ ਭੁੱਲ ਇਹ ਮੈਥੋਂ ਭਿਆਲੀਆਂ ਨੇ।
ਕਿਹਾ ਫ਼ੱਕਰ ਨੇ-ਕਾਹਤੋਂ ਉਦਾਸ ਹੋਣਾ ? ਯੂ-ਟਰਨ ਹੁਣ ਪੈਰ ਤੇ ਮਾਰੀਏ ਜੀ !
ਚਰਦੇ ਨਹੀਂ ਅਕਾਲੀ ਤਾਂ ਕੀ ਹੋਇਆ ? ਪਹਿਲਾਂ ਵਾਲੀ ਹੀ ਬੱਕਰੀ ਨੂੰ ਚਾਰੀਏ ਜੀ !!

(13 ਜੂਨ, 10)

## 365 ਛੁੱਟੀਆਂ
ਆਈ ਝੋਨੇ ਦੀ ਰੁੱਤ ਪੰਜਾਬ ਅੰਦਰ ਆਇਐ ਜਿਵੇਂ ਅਮਰੀਕਾ ਨੂੰ ਤੇਲ ਮੀਆਂ।
ਜਾਣ ਅਹੁਲ ਕੇ ਟੇਸ਼ਣ ਵੱਲ ਜੱਟ ਭੱਜੇ ਜਦੋਂ ਆਉਂਦੀ ਹੈ ਟੇਸ਼ਣ ਤੇ ਰੇਲ ਮੀਆਂ।
ਉੱਤਰੇ ਭਈਆਂ ਤਾਂ ਭੱਜ ਕੇ ਕਰਨ ਆਦਰ ਪੈਂਦੀ ਲੁੱਡੀ ਜੇ ਹੋਂਵਦੇ ਮੇਲ ਮੀਆਂ।
ਸੋਨੇ ਭਾਓ ਨਾ ਮੰਗਿਆ ਮਿਲੇ ਭਈਆ ਜੱਟ ਲੱਗਾ ਪੰਜਾਬ ਦਾ ਸੇਲ ਮੀਆਂ।
ਫ਼ੱਕਰ ਆਖਿਆ-ਬੈਠ ਪੰਜਾਬ ਸਿੰਘਾ ਰੋਈਏ ਬੈਠ ਕੇ ਕਿਸਮਤਾਂ ਫੁੱਟੀਆਂ ਨੂੰ!
ਕੰਮ ਨਸ਼ੇ ਦਾ ਜੱਟਾਂ ਸਿਰ ਪਿਆ ਭਾਰਾ ਜੱਟ ਭਾਲ਼ਦੇ ਲੰਮੀਆਂ ਛੁੱਟੀਆਂ ਨੂੰ!!

## 366. ਕਾਨਾ
ਜੱਥੇਦਾਰ ਗੁਰਬਚਨ ਸਿੰਘ ਇਓਂ ਬੋਲੇ-ਮਸਲਾ ਵੱਡੜਾ ਅੱਜ ਕਿਰਪਾਨ ਦਾ ਹੈ।
ਬਾਹਰ ਸਿੱਖਾਂ ਨੂੰ ਔਕੜਾਂ ਆਉਂਦੀਆਂ ਹਨ ਪ੍ਰਸ਼ਨ ਸਭਨਾਂ ਦੇ ਭਾਈ ਧਿਆਨ ਦਾ ਹੈ।
ਨੌਂ ਇੰਚ ਤੋਂ ਇੰਚ ਜੇ ਛੇ ਹੋਵੇ ਕਿਹੜਾ ਸੌਦਾ ਇਹ ਭਲਾ ਨੁਕਸਾਨ ਦਾ ਹੈ?
ਸਾਡਾ ਸਿੰਬਲ ਹੈ ਭਾਵ ਹਥਿਆਰ ਨਾਹੀਂ ਨੁਕਤਾ ਪਿੱਛੇ ਤਾਂ ਕੌਮੀ-ਪਹਿਚਾਨ ਦਾ ਹੈ।
ਫ਼ੱਕਰ ਹੱਸ ਕੇ ਆਖਿਆ-ਸਿੰਘ ਸਾਹਿਬ ਪਹਿਲਾਂ ਮਾਨ ਦੇ ਨਾਲ ਵਿਚਾਰੀਏ ਜੀ!
ਨਿੱਕੀ ਵੱਡੀ ਦਾ ਟਿੰਡ ਵਿੱਚ ਪਏ ਕਾਨਾ ਹਵਾ ਵਿੱਚ ਤਲਵਾਰਾਂ ਨਾ ਮਾਰੀਏ ਜੀ!!

## 367. ਮਿੱਟੀ
ਮਨਪ੍ਰੀਤ ਨੇ ਵੇਖੋ ਸਲਾਹ ਦਿਤੀ-ਚਾਹੀਏ ਚੰਗਾ ਖਜ਼ਾਨੇ ਨੂੰ ਭਰਨ ਲੋਕੋ।
ਰੋਟੀ ਇਕ ਡੰਗ ਖਾਇਕੇ ਰਹੋ ਰਾਜ਼ੀ ਤੁਸੀਂ ਏਸ ਨਾਲ ਲੱਗੇ ਨਹੀਂ ਮਰਨ ਲੋਕੋ।
ਰਾਇ ਦੇਵਾਂ ਮੈਂ ਮੰਨਦੈ ਕੌਣ ਏਥੇ ਜਿਵੇਂ ਤਾਇਆ ਜੀ ਕਰਦੇ ਹਨ ਕਰਨ ਲੋਕੋ।
ਤੁਸੀਂ ਆਪਣੇ ਫ਼ਰਜ਼ ਨਿਭਾਈ ਚੱਲੋ ਅਫ਼ਸਰ ਭਰਦੇ ਹਨ ਜੇਬਾਂ ਤਾਂ ਭਰਨ ਲੋਕੋ।
ਫ਼ੱਕਰ ਕਿਹਾ-ਮਨਪ੍ਰੀਤ ਕੀ ਖੇਹ ਉੱਡੇ ਭਰਦੇ ਬੋਰੀਏਂ ਕਣਕ ਦੀ ਥਾਂ ਮਿੱਟੀ!
ਦੋ ਡੰਗ ਖਾਣਗੇ ਲੋਕੀ ਜੇ ਤਾਂ ਮਿੱਟੀ ਇਕ ਡੰਗ ਖਾਣਗੇ ਲੋਕੀ ਜੇ ਤਾਂ ਮਿੱਟੀ!!

## 368. ਸੂਚੀ
ਕਾਲੀ-ਸੂਚੀ ਦਾ ਪਿਆ ਹੈ ਰਾਮ-ਰੌਲ਼ਾ ਗਈ ਲੀਡਰਾਂ ਹੱਥ ਕੀ ਆ ਸੂਚੀ।
ਸੂਬਿਓਂ ਕੇਂਦਰ ਤੇ ਕੇਂਦਰੋਂ ਵੱਲ ਸੂਬੇ ਫੁੱਟਬਾਲ ਹੀ ਲਈ ਬਣਾ ਸੂਚੀ।
ਰੁਲ਼ਦੇ ਵਿੱਚ ਪ੍ਰਦੇਸਾਂ ਦੇ ਹਨ ਲਾੜੇ ਬੇਈਮਾਨਾਂ ਦੇ ਲਈ ਹਥਿਆ ਸੂਚੀ।
ਕਦੇ ਸੂਬਾ ਤੇ ਵਰਤਦਾ ਕਦੇ ਕੇਂਦਰ ਜਣੇ-ਖਣੇ ਨੇ ਲਈ ਪਸਮਾ ਸੂਚੀ।
ਕਾਲੀ-ਸੂਚੀ ਤੇ ਫੇਰ ਲਕੀਰ ਫ਼ੱਕਰ ਰਹਿੰਦੇ ਦਿਨਾਂ ਨੂੰ ਹੱਸ ਗੁਜ਼ਾਰਿਆ ਕਰ!
ਕੁਰਸੀ ਛੁੱਟਣੀ ਨਹੀਂ ਪੁੱਤਰ ਦੇਵਣੀ ਨਹੀਂ ਯੱਕੜ ਮਹਿਫ਼ਲੀਂ ਬੈਠ ਕੇ ਮਾਰਿਆ ਕਰ!!
(20 ਜੂਨ, 10)



## 369. ਪਰਚੀ-ਜੱਥੇਦਾਰ
ਆਇਆ ਦਿਵਸ-ਸਥਾਪਨਾ ਤਖ਼ਤ ਸੰਦਾ ਫ਼ੱਕਰ ਸਿੱਖਾਂ ਨੂੰ ਕਿਹਾ-ਵਧਾਈ ਹੋਵੇ।
ਖਰਾ ਇਕ ਸਿਧਾਂਤ ਹੈ ਤਖ਼ਤ ਪਿੱਛੇ ਗੱਲ ਸੀਨੇ ਵਿੱਚ ਸਿੱਖਾਂ ਵਸਾਈ ਹੋਵੇ।
ਜੱਥੇਦਾਰ ਪਰ ਤਖ਼ਤ ਦਾ ਉਹ ਹੋਵੇ ਜੀਹਦੇ ਵਿੱਚ ਨਾ ਕੋਈ ਕਚਿਆਈ ਹੋਵੇ।
ਪਰਚੀ ਨਾਲ ਨਹੀਂ ਫੂਲਾ ਸਿੰਘ ਚੁਣਨ ਖਾਤਰ ਵਿਸ਼ਵ-ਸਿੱਖਾਂ ਦੀ ਭਾਈ ਸੁਣਵਾਈ ਹੋਵੇ।
ਮਸਲੇ ਧਰਮ-ਕਮੇਟੀ ਜੇ ਹੱਲ ਕਰਨੇ ਡੱਡੂ ਖੁਆਜ਼ੇ ਦੇ ਫੇਰ ਗਵਾਹ ਹੋਣੇ!
ਦੌਰੇ ਕਰਨ ਵਿਦੇਸ਼ਾਂ ਦੇ ਮੁਫ਼ਤ-ਟਿਕਟੇ ਸਿੰਘ ਸਾਹਿਬ ਵੱਧ ਲਾ-ਪ੍ਰਵਾਹ ਹੋਣੇ!!

## 370. ਵੱਡਾ-ਠਾਣੇਦਾਰ
ਅਕਲਦਾਨ ਮਨਮੋਹਨ ਸਿੰਘ ਬਹੁਤ ਵੱਡਾ ਸਿਫ਼ਤਾਂ ਸਿੰਘ ਵਿਚ ਸਮਝਲੋ ਸਾਰੀਆਂ ਨੇ।
ਸੂਰਜ ਵਾਂਗ ਸੰਸਾਰ ਤੇ ਹੋਇ ਰੌਸ਼ਨ ਕਰੀਆਂ ਸੋਹਣੀਆਂ ਕਾਰ-ਗੁਜ਼ਾਰੀਆਂ ਨੇ।
ਪਿਆ ਜੀ-ਟਵੰਟੀ ਪਰ ਬਹੁਤ ਮਹਿੰਗਾ ਇਕ ਦੋ ਯੱਭਲੀਆਂ ਚੁੱਕ ਜੋ ਮਾਰੀਆਂ ਨੇ।
ਕਰ ਲਏ ਸਿੱਖ ਨਾਰਾਜ਼ ਇੱਕ ਸਿੱਖ ਹੋ ਕੇ ਗੱਲਾਂ ਮਾਲਕਾਂ ਕੀਤੀਆਂ ਪਿਆਰੀਆਂ ਨੇ।
ਫ਼ੱਕਰਾ ਬੰਦੇ ਇਕ ਆਖਿਆ ਮਾਓਂ ਤਾਈਂ -ਸਦਾ ਪੈਰ ਮੈਂ ਤੈਂਡੜੇ ਘੁੱਟਾਂਗਾ ਮਾਂ!
ਠਾਣੇਦਾਰ ਜੇ ਲੱਗਾ ਤਾਂ ਸਹੁੰ ਤੇਰੀ ਪਹਿਲਾਂ ਚਿੱਤੜ ਮੈਂ ਤੇਰੇ ਹੀ ਕੁੱਟਾਂਗਾ ਮਾਂ!!

## 371. ਮਚਲਾ-ਨੇਤਾ
ਫ਼ੱਕਰਾ ਵੇਖ ਫ਼ਿਰੋਜ਼ਪੁਰ ਕੀ ਬੀਤੀ ਹੋਈਆਂ ਦਿਨੇ-ਦੁਪਹਿਰੇ ਹੀ ਚੋਰੀਆਂ ਨੇ।
ਕਣਕ ਕੱਢ ਲਈ ਹਾਕਮਾਂ ਢਿੱਡ ਵਿੱਚੋਂ ਮਿੱਟੀ ਭਰੀ ਤਾਂ ਰੋਈਆਂ ਬਹੁੰ ਬੋਰੀਆਂ ਨੇ।
ਕਣਕ ਕੰਜਕ ਪੰਜਾਬ 'ਚੋਂ ਹੋਈ ਗ਼ਾਇਬ ਹਾਕਮ ਦਿੰਦੜੇ ਨਸ਼ੇ ਦੀਆਂ ਲੋਰੀਆਂ ਨੇ।
ਘਰ ਘਰ ਗੱਡੀ ਕਿਸਾਨ ਦੇ ਲਈ ਸੂਲੀ ਵੱਢਕੇ ਧਰਤ-ਗੁਰ ਕੀਤੀਆਂ ਪੋਰੀਆਂ ਨੇ।
ਸਭ ਕੁਝ ਜਾਣਦੇ ਮਚਲਾ ਇਕ ਕਹੇ ਨੇਤਾ-ਏਸ ਗੱਲ ਤੇ ਮਿੱਟੀ ਹੀ ਪਾਓ ਭਾਈ!
ਮੇਰੇ ਟੱਟੂ ਨੂੰ ਧੂੜ ਵਿੱਚ ਦਿਓ ਦੌੜਨ ਰੋਂਦੇ ਹੱਸੋ ਤੇ ਤਾੜੀਆਂ ਲਾਓ ਭਾਈ!!

## 372. ਸਤਿੰਦਰ-ਸਰਤਾਜ
ਗਾਇਕ ਹੋਰ ਪੰਜਾਬੀ ਵੀ ਬਹੁਤ ਅੱਛੇ ਗੱਲ ਵੱਖਰੀ ਐਪਰ ਸਰਤਾਜ ਦੀ ਹੈ।
ਲੋਕੀ ਘੱਤ ਵਹੀਰਾਂ ਨੇ ਸੁਣਨ ਆਉਂਦੇ ਕਰਾਮਾਤ ਇਹ ਉਹਦੇ ਅੰਦਾਜ਼ ਦੀ ਹੈ।
ਸ਼ਾਇਰ ਸੂਫ਼ੀ ਜੇ ਪੂਰਾ ਨਾ ਹੋਏ, ਤਾਂ ਕੀ? ਅਸਲ ਗੱਲ ਤਾਂ ਉਹਦੀ ਪ੍ਰਵਾਜ਼ ਦੀ ਹੈ।
ਹੋਰਾਂ ਗਾਇਕਾਂ ਦੇ ਵਾਂਗ ਜੇ ਵੇਸ ਕਰਦੈ ਕਿਹੜੈ ਵੱਡੜੇ ਭਲਾ ਗੱਲ ਰਾਜ਼ ਦੀ ਹੈ?
ਫ਼ੱਕਰ ਗਾਇਕੀ ਦੀ ਜੂਹ ਜੇ ਆਣ ਵੜਿਐ ਟੰਬੇ ਕਾਹਨੂੰ ਵਿਚਾਰੇ ਨੂੰ ਮਾਰਦੇ ਓ?
ਦਿਲ ਗਊ-ਗਰੀਬ ਦਾ ਦੁਖੀ ਕਰਕੇ ਕਾਹਤੋਂ ਆਪਣੇ ਕਾਲ਼ਜੇ ਠਾਰਦੇ ਓ?
(4 ਜੁਲਾਈ, 10)

## 373. ਗੋਦ

ਗੋਦ ਲਿਆ ਜਸਵੰਤ ਨੂੰ ਜਦੋਂ ਫ਼ੱਕਰ ਪੁੱਜ ਕੇ ਭਾਜਪਾ ਤਦੋਂ ਨਿਹਾਲ ਹੋਈ।
ਚਿੱਤੋਂ ਝੂਰਦੀ ਦਿਲੋ-ਦਿਲ ਰਹੀ ਕਹਿੰਦੀ-ਐਵੇਂ ਸੋਹਣਿਆਂ ਤੇਰੇ ’ਤੇ ਲਾਲ ਹੋਈ।
ਲਾਇਆ ਨਹਿਰੂ ਪਟੇਲ ਨੂੰ ਤੂੰ ਰਗੜਾ ਰੌਲ਼ਾ ਪਿਆ ਤਾਂ ਜਾਹੋ-ਜਲਾਲ ਹੋਈ।
ਮੈਂ ਸੀ ਤਾਂਘਦੀ ਮਸਾਂ ਵੇ ਤੂੰ ਮੁੜਿਐ ਪੁੱਤਾ ਵੇਖ ਲੈ ਗੱਲ ਕਮਾਲ ਹੋਈ।
ਭੱਜੀਆਂ ਬਾਂਹਾਂ ਹੀ ਗਲੇ ਨੂੰ ਆਉਂਦੀਆਂ ਨੇ ਭੱਜਿਆ ਤੂੰ ਭਜਾਇਆ ਵੇ ਬਾਂਹ ਬਣ ਜਾ!
ਲਗਦੈ ਤੈਨੂੰ ਜੇ ਚੰਗਾ ਜਿਨਾਹ ਏਨਾ ਤੂੰ ਅਡਵਾਨੀ ਤੋਂ ਭੋਰਾ ਵੇ ’ਤਾਂਹ ਬਣ ਜਾ!!

## 374. ਰੁੱਖ

ਸਾਧ ਨਿੱਤਿਆਨੰਦ ਸੱਚੀਂ ‘ਪਹੁੰਚਿਆ’ ਹੈ ਦਿੱਤੀ ਹੱਥ ’ਤੇ ਸਰ੍ਹੋਂ ਜਮਾ ਮੀਆਂ।
ਦਿਨ ਕੱਟੇ ਤਰਵੰਜਾ ਜੇ ਜੇਹਲ ਅੰਦਰ ਮੂੰਹ ਫੇਰ ਨਹੀਂ ਲਿਆ ਲੁਕਾ ਮੀਆਂ।
ਯੂ-ਟਿਊਬ ’ਤੇ ਵੇਖਦੇ ਵੱਧ ਮੈਨੂੰ ਸਗੋਂ ਆਖਿਆ ਹਿੱਕ ਫੁਲਾ ਮੀਆਂ।
ਹੋਇਆ ਨਸ਼ਰ ਰਣਜੀਤਾ ਦੇ ਨਾਲ ਤਾਂ ਕੀ ਕੋਈ ਲੋਹੜਾ ਤਾਂ ਗਿਆ ਨਹੀਂ ਆ ਮੀਆਂ?
ਫ਼ੱਕਰਾ ਆਖਿਆ ਕਿਸੇ ਬੇਸ਼ਰਮ ਤਾਂਈਂ ਤੇਰੀ ਪਿੱਠ ’ਤੇ ਉੱਗ ਪਿਐ ਰੁੱਖ ਭਾਈ!
ਅੱਗਿਓਂ ਹੱਸ ਬੇਸ਼ਰਮ ਨੇ ਆਖਿਓ ਨੇ- ਛਾਂਵੇਂ ਬਹਾਂਗੇ ਟੁੱਟ ਗਏ ਦੁੱਖ ਭਾਈ!!

## 375. ਸੌਂਕਣ

ਫ਼ੱਕਰਾ ਬਸਪਾ ਦੇ ਗੋਡੇ ਫੜ ਰੋਏ ਕਾਕਾ-ਮੈਨੂੰ ਘੁੱਟਕੇ ਗਲ਼ੇ ਲਗਾ ਬੀਬੀ।
ਬਾਪੂ ਫਸ ਗਿਆ ਭਾਜਪਾ ਨਾਲ ਮੇਰਾ ਉਹਦੇ ਨਾਲ ਤੂੰ ਅੱਖ ਮਿਲਾ ਬੀਬੀ।
ਦਿੰਦੀ ਭਾਜਪਾ ਲੱਗਣ ਨਹੀਂ ਪੈਰ ਮੇਰੇ ਉਹਨੂੰ ਬਾਪੂ ਤੋਂ ਦੂਰ ਭਜਾ ਬੀਬੀ।
ਲੀੜਾ-ਲੱਤਾ ਹੈ ਸਾਰਾ ਤਿਆਰ ਮੇਰਾ ਤਾਜਪੋਸ਼ੀ ਤੂੰ ਛੇਤੀ ਕਰਵਾ ਬੀਬੀ।
ਬਸਪੀ ਆਖਿਆ ਅੱਲ੍ਹੜਾ ਮੁੰਡਿਆ ਵੇ ਮੈਂ ਵੀ ਸੂਬੇ ਵਿੱਚ ਵੱਸਣਾ ਲੋੜਦੀ ਹਾਂ!
ਰੰਗ-ਰਲ਼ੀਆ ਮਨਾਉਂਦੀ ਜੇ ਭਾਜਪਾ ਹੈ ਭਤੀਜ ਮੈਂ ਵੀ ਵੇ ਹੱਸਣਾ ਲੋੜਦੀ ਹਾਂ!!

## 376. ਭਿਖਾਰੀ

ਫ਼ੱਕਰਾ ਉਰ੍ਹੇ ਹੋ, ਤੈਨੂੰ ਇਕ ਗੱਲ ਦੱਸਾਂ, ਗੱਲ ਦੱਸਾਂ ਮੈਂ ਬਰਕਤਾਂ ਭਾਰੀਆਂ ਦੀ।
ਹੋ ਪ੍ਰਵਾਸੀ ਤੂੰ ਬਲਦ ਦੇ ਵਾਂਗ ਵਗਦੈਂ ਅੱਜ ਕਲ੍ਹ ਚਾਂਦੀ ਹੈ ਵੇਖ ਭਿਖਾਰੀਆਂ ਦੀ।
ਭਾਰਤ ਵਿੱਚ ਭਿਖਾਰੀ ਹਨ ਬਹੁਤ ਚੰਗੇ ਸੁਵਿਧਾ ਜਿਹਨਾਂ ਸਹੂਲਤਾਂ ਸਾਰੀਆਂ ਦੀ।
ਕਈਆਂ ਬੈਂਕਾਂ ਵਿੱਚ ਖੋਹਲਦੇ ਹਨ ਖਾਤੇ ਕੁੱਖ ਨਿਕਲੇ ਜਦੋਂ ਅਲਮਾਰੀਆਂ ਦੀ।
ਇੱਕ ਹੱਥ ਮੋਬਾਈਲ ਤੇ ਦੂਏ ਠੂਠਾ ‘ਗੰਗਾ-ਘਾਟ’ ਤੇ ਕਿਸਮਤਾਂ ਖੁੱਲ੍ਹੀਆਂ ਨੇ!
ਕੋਹਲੂ-ਗੇੜ ਵਿੱਚ ਪਿਆ ਹੈਂ ਤੂੰ ਏਧਰ ਸਾਲ ਮਾਹ ਤਰੀਕਾਂ ਤੱਕ ਭੁੱਲੀਆਂ ਨੇ!!

(9 ਜੁਲਾਈ,10)



## 377. ਸੱਟ

ਦਿੰਦਾ ਗਡਕਰੀ ਸਦਾ ਬਿਆਨ ਜੀਕਰ ਦਿੱਤਾ ਸੱਜਰਾ ਓਸ ਬਿਆਨ ਦੇਖੋ।
ਲਹਿੰਦੇ-ਲਹਿੰਦੇ ਤੇ ਗਰਮ ਬਿਆਨ ਦੇ ਕੇ ਚਾਹੁੰਦਾ ਖਿੱਚਣਾ ਸਦਾ ਧਿਆਨ ਦੇਖੋ।
ਰਹਿੰਦੇ ਚੁੱਪ-ਗੜੁੱਪ ਉਹ ਕੁੱਪ ਵਾਂਗੂੰ ਜਦੋਂ ਖੋਲ੍ਹੇ ਪਰ ਖੋਹਲੇ ਜ਼ੁਬਾਨ ਦੇਖੋ।
ਕਰਦਾ ਗੱਲਾਂ ਦੇ ਨਾਲ ਕੜਾਹ ਕੀਕਰ ਖਾ ਕੇ ਭਾਜਪਾ ਸੰਦੜਾ ਧਾਨ ਦੇਖੋ।
ਕਿਹਾ-ਅਫ਼ਜ਼ਲ ਜਵਾਈ ਜਾਂ ਕਾਂਗਰਸ ਦਾ ਫ਼ੱਕਰ ਕਿਹਾ-ਇਸ ਬੋਲਣ ਦੀ ਧੁੱਤ ਤਾਂ ਨਹੀਂ।
ਜੀਹਦਾ ਮੂੰਹ ਕੁਹਾੜੇ ਨਾਲ ਪਾਟਿਆ ਹੈ ਕਿਤੇ ਗਡਕਾਰੀ ਜੱਟ ਦਾ ਪੁੱਤ ਤਾਂ ਨਹੀਂ?

## 378. ਰਾਇਲਟੀ

ਮੰਗੇ ਰਾਇਲਟੀ ਬਾਦਲ ਜੋ ਲੱਗੇ ਸੋਹਣੀ ਪਹਿਲੋਂ ਸਾਰ ਨਾ ਲਈ ਜੀ ਪਾਣੀਆਂ ਦੀ।
ਹੁਣ ਪੈਰ’ਤੇ ਲਏ ਹਨ ਲਾਹ ਮੌਜੇ ਗੱਲ ਤੋਰ ਲਈ ਇਹਨਾਂ ਕਹਾਣੀਆਂ ਦੀ।
ਮਸਲੇ ਹੋਰ ਪੰਜਾਬ ਦੇ ਨਹੀਂ ਦਿੱਸਣ ਘੁਣਤਰ ਲੱਭ ਲਈ ਗੱਲਾਂ ਵਿਹਾਣੀਆਂ ਦੀ।
ਸਿਰ ’ਤੇ ਚੋਣ ਕਮੇਟੀ ਦਾ ਮਾਮਲਾ ਹੈ ਆਣ ਛੇੜੀ ਹੈ ਖੱਖਰ ਪੁਰਾਣੀਆਂ ਦੀ।
ਪਾਈਏ ਰੇੜਕਾ ਫ਼ੱਕਰ ਰਿਐਲਿਟੀ ਦਾ ਆਓ ਵੋਟਰਾਂ ਤਾਈਂ ਗੁਮਰਾਹ ਕਰੀਏ!
ਖੁੱਤੀ ਤਾਂ ਪੈਂਦੀ ਕਰਸੀ ਘਰੇ ਰਹਿੰਦੀ ਰਿਸ਼ਤੇਦਾਰੋ ਆ ਬੈਠ ਸਲਾਹ ਕਰੀਏ!!

## 379. ਧੂਤੂ

ਪਏ ਕੇਸ ਜਾਂ ਕਾਹਲੋਂ ਲੰਗਾਹ ਉੱਤੇ ਚੰਦੂਮਾਜਰੇ ਦਿੱਤਾ ਬਿਆਨ ਭਾਈ।
ਦੋਵੇਂ ਜਮ੍ਹਾਂ ਹੀ ਮੇਰੇ ਇਹ ਨਾਲ ਦੇ ਹਨ ਜਾਣੀ ਬਹੁਤ ਹੀ ਚੰਗੇ ਇਨਸਾਨ ਭਾਈ।
ਕਰਿਆ ਘਪਲਾ-ਘੁਟਾਲਾ ਨਹੀਂ ਕੋਈ ਇਹਨਾਂ ਝੂਠ ਕਹਾਂ ਤਾਂ ਸੜੇ ਜ਼ੁਬਾਨ ਭਾਈ।
ਤੁਲਦੈ ਸੱਚ ਹੀ ਉੱਚੀ ਦੁਕਾਨ ਉੱਤੇ ਸਾਡਾ ਬਾਦਲ ਨਹੀਂ ਫਿੱਕਾ ਪਕਵਾਨ ਭਾਈ।
ਫ਼ੱਕਰ ਆਖਿਓ ਨੇ ਚੰਦੂਮਾਜਰੇ ਨੂੰ ਸਿਆਣੇ ਬੋਲਣੋਂ ਪਹਿਲਾਂ ਵਿਚਾਰਦੇ ਹਨ!
ਉੱਤਰ ਮਿਲਿਆ ਕਿ ਅਸੀਂ ਤਾਂ ਹਾਂ ਧੂਤੂ ਫੂਕ ਮਾਲਕ ਹੀ ਅਸਾਂ ’ਚੋਂ ਮਾਰਦੇ ਹਨ!!

## 380. ਬਾਂਦਰ

ਤਾਲਿਬਾਨਾਂ ਦੇ ਨੁਸਖ਼ਾ ਇਕ ਹੱਥ ਆਇਆ ਖ਼ਬਰੇ ਭਾਰਤ ਤੋਂ ਲਿਆ ਚੁਰਾ ਮੀਆਂ।
ਰਾਮ ਰਾਵਣ ਦਾ ਪੜ੍ਹ ਲਿਆ ਯੁੱਧ ਹੋਣੈਂ ਪੁਲ਼ ਸੀ ਬਾਂਦਰਾਂ ਦਿੱਤਾ ਬਣਾ ਮੀਆਂ।
ਲੱਗੇ ਬਾਂਦਰਾਂ ਤਾਈਂ ਸਿਖਲਾਈ ਦੇਵਣ ਨਾਟੋ ਫ਼ੌਜਾਂ ਨਾਲ ਦੇਣੇ ਲੜਾ ਮੀਆਂ।
ਪਹਿਲੋਂ ਖ਼ੂਬ ਹਥਿਆਰਾਂ ਦੇ ਨਾਲ ਟੱਕਰਨ ਫੇਰ ਕਰਨਗੇ ਚਿੰਬੜ-ਚੰਬੜਾਅ ਮੀਆਂ।
ਫ਼ੱਕਰ ਪੁੱਛਿਆ ਦੱਸੋ ਵਈ ਤਾਲਿਬਾਨੋਂ ਕਾਹਤੋਂ ਵੱਡਾ-ਵਡੇਰਾ ਮਰਵਾਉਣ ਲੱਗੇ?
ਅੱਗ ਲਾਉਣ ਲਈ ਡੱਬੀ ਪਕੜਾ ਇਹਨੂੰ ਚੰਗਾ ਨਾਟੋ ਨੂੰ ਨਿਉਂਦਰਾ ਪਾਉਣ ਲੱਗੇ!

(16 ਜੁਲਾਈ, 10)

## 381. ਕਮੇਟੀ-ਚੋਣ

ਆਈ ਚੋਣ ਕਮੇਟੀ ਦੀ ਜਾਣ ਨੇੜੇ ਖੇਡੀ ਮਚਲਿਆਂ ਵੇਖਲੋ ਖੇਡ ਕੀਕਰ।
ਦੂਜੇ ਢਾਹਣ ਤੇ ਗੱਦੀ ਬਚਾਉਣ ਖਾਤਰ ਕੀਤਾ ਘਾਤ ਲਾ ਇਹਨਾਂ ਹੈ ਰੇਡ ਕੀਕਰ।
ਸੰਗਤ ਦਰਸ਼ਣਾਂ ਵਾਲਾ ਸਟੰਟ ਕਰਕੇ ਵੋਟਾਂ ਪਹਿਲੋਂ ਹੀ ਵਲੀ ਹੈ ਭੇਡ ਕੀਕਰ।
ਸੂਚੀ ਕੱਢੀ ਨਿਸ਼ਾਨੇ ਕਈ ਫੁੰਡਣੇ ਲਈ ਲਾਹਾ ਆਪ, ਜੁਝਾਰੂਆਂ ਝੇਡ ਕੀਕਰ।
ਧੰਨ-ਭਾਗ ਜੇ ਹੁਣੇ ਹੀ ਹੁਕਮ ਆਇਐ- 'ਨਸਲਕੁਸ਼ੀ' ਹੀ ਆਖੀਏ 'ਦੰਗਿਆਂ' ਨੂੰ!
ਕਿਹੜੀ ਤਾਰ ਨਾਲ ਹਿਲਦੇ ਨੇ ਤਖ਼ਤ ਫ਼ੱਕਰ ? ਤੂੰ ਕੀ ਜਾਣਦੈਂ ਨੀਤੀ ਦੇ ਪੰਗਿਆਂ ਨੂੰ ?

## 382. ਫਾਰਨੀ-ਛੁਹਾਰੇ

ਫੱਕਰਾ ਸਮੇਂ ਦੇ ਕੈਸੇ ਰੁਝਾਨ ਹੋ ਗਏ ? ਰੁੱਤ ਲੱਦ ਲਈ ਵੇਖ ਛੁਹਾਰਿਆਂ ਦੀ।
ਕੁੜੀਆਂ-ਮੁੰਡੇ ਖਿਡੌਣਿਆਂ ਵਾਂਗ ਵਿਕਦੇ ਕਿੰਨੀ ਚਾਹ ਹੈ ਬਾਹਰਲੇ ਲਾਰਿਆਂ ਦੀ।
ਗੱਲ ਪ੍ਰੋਹਤਾਂ-ਵਿਚੋਲਿਆਂ ਰਹੀ ਪਿੱਛੇ ਵੱਗੀ ਵਾਅ ਕੰਪਿਊਟਰ ਦੇ ਕਾਰਿਆਂ ਦੀ।
ਸਾਰਾ ਆਰ-ਪ੍ਰਵਾਰ ਹੀ ਬਾਹਰ ਪਹੁੰਚੇ ਇੱਛਾ ਲਗਭਗ ਪੰਜਾਬੀਆਂ ਸਾਰਿਆਂ ਦੀ।
ਬਾਹਰ ਜਾਣ ਦੀ ਝੁੱਲੀ ਹੈ ਹਵਾ ਐਸੀ ਕੁੜੀਆਂ ਬਾਹਰ ਲਈ ਹੱਸ ਕੁਰਬਾਨ ਹੋਈਆਂ!
ਮਾਮੇ ਭਾਣਜੀਆਂ ਹੋਣ ਵਿਆਹ ਲੱਗੇ ਨੱਢੀਆਂ ਬਾਬਿਆਂ ਤਾਂਈਂ ਪ੍ਰਵਾਨ ਹੋਈਆਂ!!

## 383. ਸਤਰੰਗੀ-ਸੂਚੀ

ਪਹਿਨ-ਪੱਚਰ ਕੇ ਸੂਚੀ ਜਾਂ ਆਈ ਬਾਹਰ ਫ਼ੱਕਰ ਵੇਖ ਕੇ ਬੜਾ ਹੈਰਾਨ ਹੋਇਆ।
ਕਾਲੀ ਕਹਿੰਦੇ ਸੀ ਨਿਕਲੀ ਬਹੁ-ਰੰਗੀ ਜਣੇ-ਖਣੇ ਦਾ ਇਹਦੇ ਵੱਲ ਧਿਆਨ ਹੋਇਆ।
ਬਾਹਰ ਕੱਢੇ ਕੁਝ ਹੱਸਣ ਤੇ ਕੁਝ ਰੋਵਣ ਆਏ ਵਿੱਚ ਜੋ ਕਹਿਣ ਸਨਮਾਨ ਹੋਇਆ।
ਧੁੰਦ ਪਾਈ ਕਿ ਕਿਸੇ ਨਾ ਸਮਝ ਲੱਗੇ ਗਧਾ ਧੁੰਦ ਵਿੱਚ ਭਾਈ ਕੁਰਬਾਨ ਹੋਇਆ।
ਸੋਹਣ ਸਿੰਘ ਸਤੰਨਵੇਂ-ਸਾਲੀਆ ਹੋ ਮੌਜਾਂ ਅਜੇ ਤਕ ਬੈਠ ਕੇ ਮਾਣਦਾ ਨਹੀਂ ?
ਪਿੱਛਾ ਬਾਂਦਰ ਜਿਓਂ ਅੱਗ ਨਾਲ ਲਾਲ ਕਰਕੇ ਕਹੇ-ਟਾਹਣਾਂ ਨੂੰ ਭੋਰਾ ਮੈਂ ਜਾਣਦਾ ਨਹੀਂ!

## 384. ਟੀ-ਸ਼ਰਟ

ਟੀ-ਸ਼ਰਟ ਇਕ ਚੋਬਰ ਬਣਾਈ ਐਸੀ ਵੋਲਟ ਦੋ ਸੌ ਵੀਹ ਕਰੰਟ ਆਵੇ।
ਸੋਹਣੀ ਕੁੜੀ ਜਦ ਕਾਲਜ ਨੂੰ ਜਾਣ ਲੱਗੇ ਨਿਕਲੇ ਪਹਿਨਕੇ ਘਰੋਂ ਹੋ ਚੰਟ ਆਵੇ।
ਮਜਨੂੰ ਹੱਥ ਲਾਵੇ ਥਾਂਏਂ ਹੋਏ ਢੇਰੀ ਛੇੜਖਾਨੀ ਜਾਂ ਕਰਨ ਕੋਈ ਹੰਟ ਆਵੇ।
ਕੋਈ ਬਾਬਾ ਮੁਸ਼ਟੰਡਾ ਨਹੀਂ ਬਚ ਸਕਦਾ ਬੁਰਾ ਸੋਚਕੇ ਜਿਹੜਾ ਸਟੰਟ ਆਵੇ।
ਕਿਸੇ ਫ਼ੈਸ਼ਨ 'ਤੇ ਫ਼ੱਕਰ ਨਾ ਡੁੱਲ੍ਹ ਜਾਈਂ ਫੈਸ਼ਨ ਅੱਜ ਕਲ੍ਹ ਸ਼ਾਟ ਉਏ ਮਾਰਦੇ ਹਨ!
ਰੀਝੀਂ ਐਵੇਂ ਨਾ ਢੋਲਕੀ-ਛੈਣਿਆਂ 'ਤੇ ਡੋਬਣ ਸਾਧ ਤੇ ਘੱਟ ਉਏ ਤਾਰਦੇ ਹਨ!!

(25 ਜੁਲਾਈ 10)



## 385. ਲੀਕ

ਵਿੱਕੀ-ਲੀਕ ਕਿਧਰੇ ਓਇਲ-ਲੀਕ ਕਿਧਰੇ ਪਈ ਪੇਸ਼ ਅਮਰੀਕਾ ਦੇ ਲੀਕ ਸਾਈਂ।
ਹੇਠੋਂ ਉੱਤੋਂ ਜੇ ਐਨੀਆਂ ਪੈਣ ਲੀਕਾਂ ਹੁੰਦਾ ਕੌਣ ਨਹੀਂ ਭਲਾ ਹੈ ਵੀਕ ਸਾਈਂ।
ਅਸਲੀ ਲੀਕ ਤਾਂ ਪਾਕ-ਅਫ਼ਗਾਨ ਦੀ ਹੈ ਸਮਝਿਆ ਨਹੀਂ ਅਮਰੀਕਾ ਅੱਜ ਤੀਕ ਸਾਈਂ।
ਇਹਨਾਂ ਲੀਕਾਂ ਨੂੰ ਲੋੜੀਏ ਮੁੰਦਣਾ ਜੀ ਮਤੇ ਰਹੇ ਨਾ ਫੇਰ ਤੌਫ਼ੀਕ ਸਾਈਂ।
ਫ਼ੱਕਰ ਕਿਹਾ ਓਬਾਮਿਆ ਫ਼ਿਕਰ ਕੀਜੇ ਥਾਂਓਂ ਥਾਂਈਂ ਹੀ ਹੋਈਆਂ ਹਨ ਮੋਰੀਆਂ ਜੀ!
ਰੈਂਗਲ ਜਿਹੇ ਬੁਜ਼ਰਗ ਵੀ ਗਏ ਘੇਰੇ ਕੌਣ ਰੋਕ ਲੂ ਲੀਡਰਾਂ ਚੋਰੀਆਂ ਜੀ!!

## 386. ਡਾਂਗ

ਭਾਰਤ-ਪਾਕਿ ਦੀ ਜਦੋਂ ਗੱਲਬਾਤ ਹੋਈ ਲੱਗੀ ਭਾਰਤ ਦੇ ਪੱਖ ਨੂੰ ਢਾਅ ਕੀਕਰ।
ਕ੍ਰਿਸ਼ਨੇ ਕੁਰੈਸ਼ੀ ਨੂੰ ਨਹੀਂ ਜਵਾਬ ਦਿੱਤਾ ਬੋਤੀ ਪਾਣੀ ਵਿੱਚ ਦਿੱਤੀ ਬਿਠਾਅ ਕੀਕਰ।
ਜਦੋਂ ਕਹੀ ਕੁਰੈਸ਼ੀ ਨੇ ਗੱਲ ਕੌੜੀ ਦਿੱਤਾ ਉੱਤਰ ਨਾ ਕਾਹਤੋਂ ਉਲਟਾਅ ਕੀਕਰ।
ਪਾ ਕੇ ਐਸੀਆਂ ਪੂਰੀਆਂ ਜਦੋਂ ਮੁੜਿਆ ਕੀਤਾ ਕਿਉਂ ਨਾ ਪੁੱਛ-ਪੁਛਾਅ ਕੀਕਰ ?
ਫ਼ੱਕਰਾ ਹੁੰਦਾ ਅਮਰਿੰਦਰ ਜੇ ਥਾਂ ਉਹਦੀ 'ਬਹਿਜਾ ਬਹਿਜਾ' ਨਾ ਫੇਰ ਕਰਵਾ ਦਿੰਦਾ ?
ਲੈਂਦਾ ਨਾਲ ਅਰੂਸਾ ਤੇ ਖ਼ੂਬ ਲੜਦਾ ਪਾਉਂਦਾ ਪੱਥਾ ਨਾ ਡਾਂਗ ਖੜਕਾ ਦਿੰਦਾ ?

## 387. ਭੇੜ

ਬਾਦਲ- ਸਰਨੇ ਦਾ ਪਿਆ ਹੈ ਭੇੜ ਫ਼ੱਕਰ ਹੈ ਦੋਵੇਂ ਚੌਧਰੀ ਸਕੇ ਭਰਾ ਭਾਈ।
ਇਕ ਭਾਜਪਾ ਦਾ ਦੂਜਾ ਕਾਂਗਰਸ ਦਾ ਆਉਂਦੀ ਚੋਣ ਲਈ ਦੋਹਾਂ ਟਕਰਾ ਭਾਈ।
ਛੱਬੀਆਂ ਸਾਲਾਂ ਤੋਂ ਫੂਲਕਾ ਕੇਸ ਲੜਦਾ ਬੱਕਰਾ ਬਲੀ ਦਾ ਲਿਆ ਬਣਾ ਭਾਈ।
ਬਿੰਗ ਦੋਹਾਂ ਕਸਾਈਆਂ ਦੇ ਡਾਢੜੇ ਹਨ ਸਿੱਖ ਗਰਜ਼ ਲਈ ਦਿੱਤਾ ਦੁਖਾ ਭਾਈ।
'ਫੁਲਕਾ' ਫੂਲਕਾ ਖਾਣ ਨੂੰ ਫਿਰਨ ਦੋਵੇਂ ਸਿੱਖ ਪੰਥ ਮੈਂ ਜਾਵਾਂ ਬਲਿਹਾਰ ਤੇਰੇ!
ਤੇਰੀ ਦੁਸ਼ਮਣੀ ਵੀ ਪੈਂਦੀ ਬਹੁਤ ਮਹਿੰਗੀ ਰਾਸ ਕਿਸੇ ਵੀ ਆਉਂਦੇ ਨਹੀਂ ਪਿਆਰ ਤੇਰੇ!!

## 388. ਸਾਧ

ਅੱਜ ਕਲ੍ਹ ਸਾਧਾਂ ਦੀ ਸਿੱਖਾਂ ਵਿੱਚ ਬਹੁਤ ਮਹਿਮਾ ਇੱਕਸਿੱਟ ਵਾਂਗ ਪਏ ਪੰਥ 'ਤੇ ਸਾਧ ਲੋਕੋ।
ਕਿਹੜੀ ਗੱਲ ਕਸੂਤੀ ਨਹੀਂ ਸਾਧ ਕਰਦੇ ਕਿਹੜਾ ਕਰਦੇ ਨਹੀਂ ਸਾਧ ਅਪਰਾਧ ਲੋਕੋ ?
ਪੈਰੀਂ ਹੱਥ ਤੇ ਲੱਤਾਂ ਘੁਟਵਾਣ ਖੁੱਲ੍ਹੇ ਸਭਨਾਂ ਤਰ੍ਹਾਂ ਦੀ ਕਰਨ ਘੱਟ-ਵਾਧ ਲੋਕੋ!
ਸ਼ਰੇਆਮ ਜ਼ਰ ਜੋਰੂ ਜ਼ਮੀਨ ਨੱਪਣ ਸਾਧ ਸਿੱਖੀ ਲਈ ਰੋਗ ਅਸਾਧ ਲੋਕੋ।
ਟਿੱਡੀ-ਦਲ ਜੋ ਸਾਧਾਂ ਦਾ ਉੱਤਰਿਆ ਹੈ ਖਾਈ ਜਾਂਦਾ ਹੈ ਪੰਥ ਦਾ ਖੇਤ ਸਿੱਖੋ!
ਟੇਕੋ ਮੱਥੇ ਨਾ, ਪੂਛ ਨੂੰ ਵਟਾ ਦੇਵੋ ਕੱਢੋ ਵਿਹੜਿਓਂ ਹੋਵੋ ਸੁਚੇਤ ਸਿੱਖੋ!!

(1 ਅਗਸਤ,10)

## 389. ਚਿੱਟੇ-ਦੰਦ

ਬੀਬੇ ਬੰਦੇ ਓਬਾਮੇ ਨੂੰ ਕਿਹਾ ਫ਼ੱਕਰ-ਬੈਠ ਬਾਰਕਾ ਵੇਖ ਵਿਚਾਰੀਏ ਜੀ।
ਕਿੱਡਾ ਵੱਡਾ ਮਹਾਨ ਇਹ ਦੇਸ਼ ਸਾਡਾ ਨਿੱਕੜੇ ਨਹੀਂ ਵਿਹਾਰ ਵਿਹਾਰੀਏ ਜੀ!
ਪਹਿਲੇ ਝੱਲ ਖਿਲਾਰਦੇ ਰਹੇ ਜੇਕਰ ਝੱਲ ਆਪਾਂ ਉਹ ਕਾਹਨੂੰ ਖਿਲਾਰੀਏ ਜੀ!
ਖੁਸ਼ੀ ਨਾਲ ਸੰਸਾਰ ਸਭ ਦੇਸ਼ ਵੱਸਣ ਆਪਣੇ ਨਾ ਮਰਵਾਈਏ ਨਾ ਮਾਰੀਏ ਜੀ।
ਅੱਗਿਓਂ ਸੱਚ ਓਬਾਮੇ ਨੇ ਆਖਿਓ ਨੇ-ਚਿੱਟੇ ਦੰਦ ਹਨ ਲੋਕੀ ਨਹੀਂ ਹੱਸਣ ਦਿੰਦੇ!
ਘੁੱਗ ਵਸੇ ਸੰਸਾਰ ਇਹ ਮੈਂ ਚਾਹਾਂ ਐਪਰ ਯਾਰਾ ਮੁਸ਼ਟੰਡੇ ਨਹੀਂ ਵੱਸਣ ਦਿੰਦੇ!!

## 390. ਬੇ-ਵਫ਼ਾਈ

ਡੋਲੀ ਚੜ੍ਹਦਿਆਂ ਚੈਲਸੀ ਖ਼ੂਬ ਹੱਸੀ ਮੇਰੀ ਦਿੱਤੜੀ ਆਸ ਪੁਗਾ ਮਾਏ।
ਮੇਰਾ ਵਾਂਗ ਸ਼ਹਿਜ਼ਾਦੀ ਦੇ ਵਿਆਹ ਕਰਕੇ ਦਿੱਤੀ ਹੱਥ 'ਤੇ ਸਰ੍ਹੋਂ ਜਮਾ ਮਾਏ।
ਜੱਗ ਨੇ ਵੇਖਿਆ ਉਂਗਲਾਂ ਮੂੰਹ ਪਾਈਆਂ ਮੇਰੀ ਦਿੱਤੜੀ ਟੌਅਰ ਬਣਾ ਮਾਏ।
ਮੈਂ ਵੀ ਮਾਰਕ ਨਾਲ ਗੱਲ ਨਿਬੇੜ ਲੀਤੀ ਨਿਕਲੇ ਕਦੇ ਨਾ ਬੇ-ਵਫ਼ਾ ਮਾਏ।
ਵੇਖ ਡੈਡੀ ਨੂੰ ਮਰਦਾਂ ਤੋਂ ਹੋਈ ਵਾਕਫ਼ ਹੋਇਆ ਬੇਵਫ਼ਾ ਤਾਰੇ ਦਿਖਾ ਦਿਆਂਗੀ!
ਮਾਏ ਭੋਲੀਏ! ਸਿੱਧਾ ਮੈਂ ਤੀਰ ਕਰਦੂੰ ਥੁੱਕ ਕਰੋੜ ਸਤਵੰਜਾ ਨੂੰ ਲਾ ਦਿਆਂਗੀ!!

## 391. ਤੋਲਵੀਂ-ਗੱਲ

ਸੀ.ਬੀ.ਆਈ. ਨੂੰ ਆਖਿਆ ਟਾਇਟਲਰ ਨੇ ਮਾਏ ਛਤਰੀ ਦੀ ਠੰਢੜੀ ਛਾਂ ਕਰ ਦੇਹ।
ਸਿੱਖ ਮਾਰੇ ਮੈਂ ਰੱਜ ਕੇ ਵਿੱਚ ਦਿੱਲੀ ਭਾਵੇਂ ਅੰਦਰ ਗੁਨਾਹ ਇਹ ਨਾਂ ਕਰ ਦੇਹ।
ਪੰਥ ਭੂੰਡਾਂ ਦੀ ਖੱਖਰ ਬਣ ਪਿਆ ਪਿੱਛੇ ਓਹਲਾ ਏਸ ਤੋਂ ਮੇਰੀਏ ਮਾਂ ਕਰ ਦੇਹ।
ਸ਼ਹਿ 'ਤੇ ਸ਼ੇਰ ਬਣ ਸਿੱਖ ਸ਼ਿਕਾਰ ਕੀਤੇ ਚੱਡੀਂ ਪੂਛ ਸੱਚੀਂ ਦੀ ਗਾਂ ਕਰ ਦੇਹ।
ਪੜ੍ਹੀਏ ਹਿਸਟਰੀ ਟਾਇਟਲਰ-ਕਿਹਾ ਫ਼ੱਕਰ ਇਹਨੂੰ ਬੈਠ ਕੇ ਚੰਗੂੰ ਵਿਚਾਰੀਏ ਜੀ!
ਨਾਲ ਸਿੰਘਾਂ ਪੰਗਾ ਨਾ ਹੋਏ ਚੰਗਾ ਗੱਲ ਤੋਲਵੀਂ ਨਹੀਂ ਵਿਸਾਰੀਏ ਜੀ!!

## 392. ਸੱਪ-ਛਿਪਕਲੀ

ਰੀਸ ਨਹੀਂ ਪੰਜਾਬ ਦੇ ਗੱਭਰੂਆਂ ਦੀ ਗੱਡੀਆਂ ਜੱਗ-ਜਹਾਨ ਤੇ ਝੰਡੀਆਂ ਜੀ।
ਜਿੱਧਰ ਤੁਰਨ ਇਹ ਤੁਰਦੇ ਹਨ ਲਹਿਰ ਬਣਕੇ ਹੋਣ ਆਪਸੀ ਭਾਵੇਂ ਸੌ ਵੰਡੀਆਂ ਜੀ।
ਤੁਰੇ ਨਸ਼ੇ ਵੱਲ ਨਿਸ਼ਾ ਕਰਵਾਇ ਛੱਡੀ ਖਾ ਗਏ ਵੇਚ ਕੇ ਮਾਂਓਂ ਦੀਆਂ ਡੰਡੀਆਂ ਜੀ।
ਨਵਿਓਂ-ਨਵੇਂ ਢੰਗ ਕੱਢੇ ਨਸ਼ੇੜੀਆਂ ਨੇ ਕਰੀਆਂ ਨਸ਼ੇ ਲਈ ਕਿਰਲੀਆਂ ਲੰਡੀਆਂ ਜੀ।
ਫ਼ੱਕਰਾ ਪੂਛ ਦੇ ਨਸ਼ੇ ਨੂੰ ਛੱਡ ਪਾਸੇ ਐਨੇ ਸਿਰਾਂ ਤੇ ਨਸ਼ੇ ਅਸਵਾਰ ਹੋ ਗੇ!
ਹੋ ਗੇ ਸੱਪ ਪੰਜਾਬ ਵਿਚ ਬਹੁਤ ਮਹਿੰਗੇ ਦਾਰੂ ਸੁਸਤ ਤੇ ਜ਼ਹਿਰ ਹੁਸ਼ਿਆਰ ਹੋ ਗੇ!!

(8 ਅਗਸਤ,10)



## 393. ਖੇਡਾਂ

ਕਾਮਨਵੈਲਥ ਹਨ ਲੱਗੀਆਂ ਹੋਣ ਖੇਡਾਂ ਵਗ ਪਈ ਹਵਾ ਹੈ ਫੇਰ ਘੁਟਾਲਿਆਂ ਦੀ।
ਕੱਛਾਂ ਵੱਜੀਆਂ ਖੇਡਾਂ ਦੇ ਨਾਂ ਉੱਤੇ ਰੁੱਤ ਆਈ ਜੀ ਘਾਲਿਆਂ-ਮਾਲਿਆਂ ਦੀ।
ਆਉਂਦੀ ਖਬਰ ਨਿੱਤ ਨਵੀਂ ਸਕੈਂਡਲਾਂ ਦੀ ਠੇਕੇ ਟੈਂਡਰਾਂ ਅਤੇ ਹਵਾਲਿਆਂ ਦੀ।
ਲੱਡੂ ਭੋਰਦੇ ਬੁੱਕਲ ਵਿੱਚ ਭੁਰਨ ਜਿੰਨੇ ਹੋਈ ਚਾਂਦੀ ਹੈ ਕੁਰਸੀਆਂ ਵਾਲਿਆਂ ਦੀ।
'ਖੇਡਾਂ ਕਰਾਂ-ਕਰਾ ਵਾਵਾਂਗੇ ਜੱਗ ਵੇਖੂ' ਮੋਹਰੀ ਫ਼ੱਕਰਾ ਸ਼ੇਖੀਆਂ ਮਾਰਦੇ ਹਨ!
ਭਾਰਤ ਬਣਿਆ ਸਿਆਸਤ ਦੀ ਖੇਡ-ਭੂਮੀ ਜਿੱਤੇ ਜਿੱਥੇ 'ਵਿੱਦਿਆ' 'ਪ੍ਰਗਟ' ਹਾਰਦੇ ਹਨ।

## 394. ਥੁੱਕ

ਕੀਤੀ ਨਾਂਹ ਅਮਰੀਕਾ ਸਕਿਉਰਿਟੀ ਤੋਂ ਨੇਤਾ ਸੋਚੇ- ਕੀ ਢੰਗ ਬਣਾਇਆ ਜਾਵੇ?
ਆਪਣੇ ਕੰਨ 'ਚੋਂ ਮੈਲ ਨਾ ਕਿਵੇਂ ਜਾਵੇ ਕਿਉਂ ਨਾ ਥੁੱਕ ਖ਼ਜ਼ਾਨੇ ਨੂੰ ਲਾਇਆ ਜਾਵੇ?
ਕੰਮ ਨਿੱਜੀ ਹੈ ਹੱਥ ਤਾਂ ਹੈ ਪੈਂਦਾ ਪੈਂਦੈ ਜਿਥੋਂ ਤੱਕ ਕਿਉਂ ਨਾ ਪਾਇਆ ਜਾਵੇ।
ਜਿਹੜੇ ਕਰਨ ਮੁਜ਼ਾਹਰੇ ਉਹ ਖਾਣ ਡਾਂਗਾਂ ਕਿਉਂ ਨਾ ਇਹਨਾਂ ਨੂੰ ਸਬਕ ਸਿਖਾਇਆ ਜਾਵੇ?
ਫ਼ੱਕਰ ਆਖਦਾ ਪਈ ਹਨੇਰ-ਗਰਦੀ ਨੇਤਾ ਕਹਿਣ-ਜੋ ਮਿਲੇ ਸੋ ਭੱਖੀਏ ਜੀ!
ਜੇਕਰ ਰੱਬ ਨੇ ਦਿੱਤੀਆਂ ਗਾਜਰਾਂ ਹਨ ਰੰਬਾ ਗਾਜਰਾਂ ਵਿੱਚ ਹੀ ਰੱਖੀਏ ਜੀ!!

## 395. ਮਹਿੰਗਾਈ

ਜੀਣਾਂ ਦੱਸੋ ਗਰੀਬ ਦਾ ਕੀ ਜੀਣਾ? ਵਧੀ ਭਾਰਤ ਵਿੱਚ ਜਾਵੇ ਮਹਿੰਗਾਈ ਜੀਕਰ।
ਬੁਰਕੀ ਕੇਲੇ ਦੀ ਵੱਢੀ ਹੈ ਇਉਂ ਮਹਿੰਗੀ ਜਿਵੇਂ ਵੱਢੀ ਨਹੀਂ ਹੋਵੇ ਵਢਾਈ ਜੀਕਰ।
ਹੁੰਦੇ ਵਿਆਹ ਤਲਾਕ ਦੀ ਗੱਲ ਫੁਰਦੀ ਧੁਨਾਂ ਮਾਤਮੀ ਵੱਜੇ ਸ਼ਹਿਨਾਈ ਜੀਕਰ।
ਲਈਏ ਰਿਸ਼ਵਤਾਂ ਜ਼ੋਰ ਲਾ ਸਾਲ ਸਾਰਾ ਜਨਮ-ਦਿਨ ਨਾ ਹੋਵੇ ਮੰਨਵਾਈ ਜੀਕਰ।
ਜਾਣਾ ਵਤਨ ਅਟੈਚੀ ਨੂੰ ਗਲੇ ਪਾਵੀਂ ਆਖੀਂ ਫੇਰ ਨਾ ਬਾਬਾ ਕਿ ਚੋਰ ਲੈ ਗਏ!
ਪਤਾ ਲੱਗਣਾ ਨਹੀਂ ਬੁਝੜਾ ਫ਼ੱਕਰਾ ਓਏ ਰਿਸ਼ਤੇਦਾਰ ਜਾਂ ਪੁਲਸੀਏ ਹੋਰ ਲੈ ਗਏ!!

## 396. ਹਾਦਸੇ

ਅੱਗੇ ਸੁਣਦੇ ਸਾਂ ਫੱਕਰਾ ਭਲੇ ਵੇਲ਼ੀਂ-ਨੈਣ ਸੋਹਣਿਆਂ ਤੀਰ ਕਟਾਰ ਹੁੰਦੇ।
ਮਾਰੇ ਜਾਂਦੇ ਹਨ ਆਸ਼ਕ ਤਾਂ ਨਜ਼ਰ ਪਹਿਲੀ ਵਾਰ ਉਹਨਾਂ ਤੋਂ ਨਹੀਂ ਸਹਾਰ ਹੁੰਦੇ।
ਹੋਇਆ ਇਕ ਸਰਵੇਖਣ ਇੰਗਲੈਂਡ ਅੰਦਰ ਭੌਰ-ਮਜਨੂੰ ਜਦ ਕਾਰ-ਸਵਾਰ ਹੁੰਦੇ।
'ਸੋਹਣੇ' ਵੇਖਦੇ ਕਾਰ ਜਾ ਠਾਹ ਠੁੱਕਦੀ ਈਕਰ ਹਾਦਸੇ ਕਈ ਹਜ਼ਾਰ ਹੁੰਦੇ।
ਰੁਤ ਗਰਮੀਆਂ ਦੀ ਕਹਿੰਦੇ ਬਹੁਤ ਮਾੜੀ 'ਸੋਹਣੇ' ਕਪੜੇ ਘੱਟ ਜੁ ਪਾਂਵਦੇ ਨੇ!
ਏਨੇ ਪੀਤੀ ਤੋਂ ਹਾਦਸੇ ਨਹੀਂ ਹੁੰਦੇ ਜਿੰਨੇ ਨਖ਼ਰਿਆਂ ਵਾਲੇ ਕਰਵਾਂਵਦੇ ਨੇ!!

(15 ਅਗਸਤ, 10)

## 397. ਧੂੜ

ਮੁਸਲਮਾਨ ਓਬਾਮਾ ਜਾਂ ਕ੍ਰਿਸ਼ਚਿਅਨ ਹੈ? ਚੋਣ ਆਈ ਚਾਕੂਆਂ ਗੱਲ ਚੱਕੀ।
ਬਹਿਸਾਂ ਟੀ.ਵੀ. 'ਤੇ ਇੰਟਰਨੈੱਟ ਪਏ ਚਰਚੇ ਕੁੱਟਣ ਵਾਲੇ ਹਨ ਕੁੱਟਦੇ ਖ਼ੂਬ ਮੱਕੀ।
ਲੜ-ਸਿਰਾ ਨਾ ਲੋਕਾਂ ਦੇ ਹੱਥ ਆਵੇ ਉੱਡੇ ਧੂੜ ਨਾ ਜਾਂਵਦੀ ਦਿਸੇ ਬੱਕੀ।
ਵਿਗੜੇ ਕੰਮ ਸੰਵਾਰਨ ਲਈ ਵਾਹ ਲਾਈ ਕਰਦੇ ਫੇਰ ਵਿਚਾਰੇ ਨੂੰ ਕਿਵੇਂ ਸ਼ੱਕੀ।
ਫ਼ੱਕਰ ਕਹੇ- ਓਬਾਮਿਆ ਰਹਿ ਰਾਜ਼ੀ ਰਹਿੰਦੀ ਰਹੇ ਜਾਂ ਜਾਂਦੀ ਸਰਕਾਰ ਜਾਵੇ!
ਤੂੰ ਪ੍ਰਧਾਨ ਹੈਂ ਕੋਈ ਮੁੱਖ-ਮੰਤਰੀ ਨਹੀਂ ਰਹਿ ਰਹਿ ਕੁਰਸੀ ਦਾ ਜੀਹਨੂੰ ਕਿ ਪਿਆਰ ਆਵੇ!!

## 398. ਸ਼ਾਂਤੀ

ਵੇਖੀ ਸੁਣੀ ਲੁਧਿਆਣੇ ਦੀ ਖ਼ਬਰ ਜਿਹਨਾਂ ਗਿਆ ਦਿਲੋਂ ਨਾ ਮੂਲ ਸਹਾਰਿਆ ਏ।
ਦੋਸ਼ੀ ਅਜੇ ਚੁਰਾਸੀ ਦੇ ਫਿਰਨ ਖੁੱਲ੍ਹੇ ਲੋਹੜਾ ਡਾਹਢੜਾ ਜਿਹਨਾਂ ਨੇ ਮਾਰਿਆ ਏ।
ਆਏ ਖ਼ਬਰ ਸਰਕਾਰ ਨੂੰ ਕਰਨ ਖਾਤਰ ਮਸਲਾ ਵੱਡੜਾ ਕਾਹਤੋਂ ਵਿਸਾਰਿਆ ਏ।
ਉਲਝੇ ਆਪਸ ਵਿੱਚ ਹੋਏ ਨੇ ਪੱਗੋ-ਹੱਥੀ ਝੱਲ ਪੁੱਜ ਕੇ ਸਿੱਖਾਂ ਖਿਲਾਰਿਆ ਏ।
ਪਹਿਲੋਂ ਵੈਰੀ ਨੂੰ ਭਾਲਦੇ ਲੜਨ ਖਾਤਰ ਜੇ ਨਾ ਮਿਲੇ ਕਿਓਂ ਆਪਣਾ ਖੰਘ ਜਾਵੇ?
ਹੁੰਦੀ ਸ਼ਾਂਤੀ ਫ਼ੱਕਰਾ ਕੌਣ ਕੁੱਤੀ? ਜਿਹੜੀ ਸਿੰਘਾਂ ਦੇ ਕੋਲ ਦੀ ਲੰਘ ਜਾਵੇ!!

## 399. ਬਰਸੀ

ਲੌਂਗੋਵਾਲ ਦੀ ਪੰਝੀਂਵੀਂ ਆਈ ਬਰਸੀ ਕਿਵੇਂ ਪਲਟਣਾਂ ਉਮੱਡੀਆਂ ਸਾਰੀਆਂ ਨੇ।
ਰਾਜਨਾਥ ਕਿਧਰੇ ਪਾਸਵਾਨ ਕਿਧਰੇ ਤੋਪਾਂ ਦਲਾਂ ਨੇ ਆਣ ਉਤਾਰੀਆਂ ਨੇ।
ਲੌਂਗੋਵਾਲ ਦੇ ਪਿੰਡੇ ਦੀ ਲੋਹ ਉੱਤੇ ਸਭਨਾਂ ਵੇਲ ਕੇ ਰੋਟੀਆਂ ਮਾਰੀਆਂ ਨੇ।
ਛੱਡ ਸੰਤ ਦੀ ਪਾਕ ਦੀ ਗੱਲ ਕੀਤੀ ਰਾਜਨਾਥ ਬਦਨੀਤੀਆਂ ਧਾਰੀਆਂ ਨੇ।
'ਲੌਂਗੋਵਾਲ ਜਰਨੈਲ ਸੀ' -ਕਹੇ ਬਾਦਲ ਹੋਰ ਹੋਇਆ ਨਹੀਂ ਕੋਈ ਜਰਨੈਲ ਲੋਕੋ!
ਕਿਸੇ ਹੋਰ ਤਾਂਹੀਂ ਜਰਨੈਲ ਕਹਿੰਦੇ ਹੁੰਦਾ ਸਾਨੂੰ ਨਾ ਕੁਰਸੀ ਦਾ ਵੈਲ ਲੋਕੋ!!

## 400. ਪਿਸਤੌਲ

ਆਈ ਖ਼ਬਰ ਇਕ ਬੜੀ ਹੈਰਾਨਗੀ ਦੀ ਹੋਵੇ ਯੱਗ 'ਚੋਂ ਜਿਵੇਂ ਕੋਈ ਚੌਲ ਚੋਰੀ।
ਜਿਵੇਂ ਗਾਲੜੀ ਸੱਥ ਵਿਚ ਕਰਨ ਗੱਲਾਂ ਕਰ ਲਏ ਕਿਸੇ ਦਾ ਕੋਈ ਮਖੌਲ ਚੋਰੀ।
ਭਰ ਕੇ ਜਾਵੇ ਸ਼ਰਧਾਲੂ ਜਿਓਂ ਕੋਈ ਤੀਰਥ ਹੋਵੇ ਭੇਟਣ ਤੋਂ ਪਹਿਲੋਂ ਹੀ ਕੌਲ ਚੋਰੀ।
ਊਧਮ ਸਿੰਘ ਸ਼ਹੀਦ ਦੇ ਬੁੱਤ ਹੱਥੋਂ ਕਰਕੇ ਲੈ ਗਿਆ ਕੋਈ ਪਿਸਤੌਲ ਚੋਰੀ।
ਫ਼ੱਕਰ ਆਖਿਆ ਚੋਰ ਨੂੰ ਫੜਨ ਖਾਤਰ ਆਵੇ ਅੱਗੇ ਕੋਈ ਗੁੱਥੀ ਸੁਲਝਾ ਦੇਵੇ!
ਪਿਆਰੀ ਪੁਲਸ ਸਰਕਾਰ ਦੀ ਕੇਸ ਕਿਧਰੇ ਕਿਸੇ ਸਿੱਖ ਤੇ ਚੁੱਕ ਨਾ ਪਾ ਦੇਵੇ!!

(20 ਅਗਸਤ,10)



## 401. ਸਮਝੌਤਾ

ਜਾਂਦੀ ਚੌਧਰ ਨਾ ਹੱਥਾਂ 'ਚੋਂ ਨਿਕਲ ਜਾਵੇ ਦਿੱਤਾ ਕਿਵੇਂ ਗਰੀਸ ਹੈ ਗੋਡਿਆਂ ਨੂੰ।
ਡੱਟ ਕੇ ਖੜ੍ਹਦਿਆਂ ਹੁੰਦੇ ਹਨ ਲੱਖ ਖਤਰੇ ਖਤਰਾ ਕੋਈ ਨਾ ਹੁੰਦਾ ਹੈ ਕੋਡਿਆਂ ਨੂੰ।
ਵਿਛ ਕੇ ਕਰਨ ਸਮਝੌਤਾ ਤੇ ਡੋਲ ਜਾਵਣ ਮਿਹਣਾ ਏਸ ਤੋਂ ਵੱਡਾ ਕੀ ਰੋਡਿਆਂ ਨੂੰ?
ਫੈਡਰੇਸ਼ਨ ਤੋਂ ਪੁੱਛਣਗੇ ਲੋਕ ਸਿੰਘ ਜੀ-ਵਗੀ ਮਾਰ ਕੀ ਭਲਾ ਇਹ ਥੋਡਿਆਂ ਨੂੰ?
ਫ਼ੱਕਰ ਆਖਿਆ-ਪੰਥ ਜੀ ਵਾਹ ਤੇਰੇ ਹੀਰੇ ਹੱਥੀਂ ਤੂੰ ਆਪ ਗਵਾ ਦਿੱਤੇ!
ਕੱਲ੍ਹ ਸਾਈਕਲੀਂ ਸਨ ਜੋ ਚੜ੍ਹੇ ਫਿਰਦੇ ਕਾਰਾਂ-ਕੋਠੀਆਂ ਵਾਲੇ ਬਣਾ ਦਿੱਤੇ!!

## 402. ਸੁਆਗਤ

ਬੀਬੀ ਖਾਲੜਾ ਖ਼ੂਬ ਹੈ ਖਰੀ ਆਖੀ ਗੱਲ ਵਿੱਚ ਟਰਾਂਟੋ ਦੇ ਆ ਮੀਆਂ।
ਸਿੱਖ ਪੱਚੀ ਹਜ਼ਾਰ ਹਨ ਪੁਲਸ ਵੱਲੋਂ ਲਾਸ਼ਾਂ ਲਾਪਤਾ ਦਿੱਤੇ ਬਣਾ ਮੀਆਂ।
ਇਹ ਤਾਂ ਗਿਣਤੀ ਇਕੱਲੇ ਹੈ ਅੰਬਰਸਰ ਦੀ ਦਿੱਤੇ ਹੋਰ ਵੀ ਕਿੰਨੇ ਖਪਾ ਮੀਆਂ।
ਸੂਰਜ ਖਾਲੜਾ ਚਾਨਣ ਜਾਂ ਕਰਨ ਤੁਰਿਆ ਬੱਦਲਾਂ ਕਾਲਿਆਂ ਲਿਆ ਛੁਪਾ ਮੀਆਂ।
ਬੀਬੀ ਆਖਿਆ -ਫ਼ੱਕਰਾ ਨਾ ਸਮਝ ਆਵੇ ਘਾਹ ਚਰਨ ਗਈ ਅਕਲ ਪ੍ਰਵਾਸੀਆਂ ਦੀ?
ਦੇਸੋਂ ਆਉਂਦਿਆਂ ਲੀਡਰਾਂ ਹਾਰ ਪਾਉਂਦੇ ਭੇਟਾ ਚਾੜ੍ਹਦੇ ਮਾਇਆ-ਗਲਾਸੀਆਂ ਦੀ!

## 403. ਸਰਜਰੀ

ਇਹ ਵੀ ਇਕ ਨਮੂਨਾ ਹੀ ਆਣ ਸਮਝੋ ਜ਼ਿਕਰ ਵੱਡੜੇ ਇਕ ਕਿਰਦਾਰ ਦਾ ਹੈ।
ਐਰੇ-ਗੈਰੇ ਜਾਂ ਨੱਥੂ ਇਹ ਖੈਰੇ ਦਾ ਨਹੀਂ ਕਿੱਸਾ ਇਹ ਤਾਂ ਜੀ ਸ਼ਰਦ ਪਵਾਰ ਦਾ ਹੈ।
ਖੇਤੀ-ਮੰਤਰੀ ਖੇਤੀ ਦਾ ਕੀ ਜਾਣੇ? ਜਿਹੜਾ ਪੜ੍ਹਿਆ ਹੀ ਨਹੀਂ ਵਿਚਾਰਦਾ ਹੈ।
ਕੋਰਟ ਹੁਕਮ ਕੀਤਾ -'ਵੰਡੋ ਅੰਨ ਸੜਦਾ' ਪਰ ਇਹ ਕੋਰਟ ਦਾ ਹੁਕਮ ਵੰਗਾਰਦਾ ਹੈ।
ਫ਼ੱਕਰ ਆਖਿਆ-ਸਰਜਰੀ ਹੋਰ ਚਾਹੀਏ ਵਿੰਗੇ ਮੂੰਹ 'ਚੋਂ ਸਿੱਧੀ ਤਾਂ ਗੱਲ ਨਿਕਲੇ!
ਕਿਤੇ ਹੋਵੇ ਨਾ ਲਾਇਕ ਦੇ ਕਾਰਿਆਂ ਤੋਂ ਚਲਦੀ ਚਲਦੀ ਸਰਕਾਰ ਹੀ ਚੱਲ ਨਿਕਲੇ!!

## 404. ਸਰਵੇਖਣ

ਕਿਹਾ ਇਕ ਸਰਵੇਖਣ ਦੇ ਵਿੱਚ ਮੇਮਾਂ-ਕੁੱਤੇ ਬਹੁਤ ਹੀ ਹਨ ਸਮਝਦਾਰ ਹੁੰਦੇ।
ਰਾਜ਼ ਦਿਲਾਂ ਦੇ ਬੁੱਝਦੇ ਇਹ ਸਾਡੇ ਪੂਰੇ ਉੱਤਰਦੇ ਤੇ ਵਫ਼ਾਦਾਰ ਹੁੰਦੇ।
ਪਤੀ ਕਰਨ ਨਿਕਦਰੀ ਇਹ ਕਦਰ ਕਰਦੇ ਇਹਨਾਂ ਪਤੀਆਂ ਤੋਂ ਵੱਧ ਪਿਆਰ ਹੁੰਦੇ।
ਬੁੱਲ੍ਹੇ ਸ਼ਾਹ ਨੇ ਕਿਹਾ - 'ਨਾ ਦਰ ਛੱਡਣ' ਐਪਰ ਪਤੀ ਤਾਂ ਆਮ ਬਦਕਾਰ ਹੁੰਦੇ।
'ਬਚ ਜਾ, ਮੋੜ ਤੋਂ!' ਕਿਸੇ ਨੂੰ ਕਿਹਾ ਫ਼ੱਕਰ ਕਿਤੇ ਕੁੱਤਾ ਨਾ ਲਈਂ ਉਇ ਰੱਖ ਬਾਬਾ!
ਮਤੇ ਪੈਰੀਂ ਕੁਹਾੜਾ ਤੂੰ ਮਾਰ ਆਪੂੰ ਲਵੇਂ ਮਜ਼ਾ ਤਲਾਕ ਦਾ ਚੱਖ ਬਾਬਾ!!

(29 ਅਗਸਤ,10)

## 405. ਪਾਜ

ਲਿਖਿਆ ਕੇਹਾ ਹੈ ਹਿੰਦੁਸਤਾਨ–ਟਾਈਮਜ਼ ਲਿਖਕੇ ਕੇਹਾ ਇਹ ਪਾਜ ਉਘਾੜਿਆ ਹੈ।
ਚਾਨਣ ਹੋ ਗਿਆ ਸਿੱਖਾਂ ਨੂੰ ਲੀਡਰਾਂ ਦਾ ਚੰਨ ਕਿਹੜੇ ਨੇ ਕਿਹੋ ਜਿਹਾ ਚਾਹੜਿਆ ਹੈ?
ਹੋਇਆ ਦਲ ਅਕਾਲੀ ਦੁਫਾੜ ਕੀਕਰ ਲੌਂਗੋਵਾਲ ਵਿਚਾਲਿਓਂ ਪਾੜਿਆ ਹੈ।
ਕੇਹੀ ਪੰਥ ਨੇ ਕੀਤੀ ਹੈ ਵਾਹੀ–ਖੇਤੀ ਵਗਦਾ ਸਾਧ ਵਿੱਚ ਗਿਆ ਮੁਤਾੜਿਆ ਹੈ।
ਕਿਹਾ ਬਾਦਲ – ਸਮਝਾਇਆ ਮੈਂ ਬਹੁਤ ਫ਼ੱਕਰ ਕਹੇ ਲੱਗਾ ਨਾ ਦਿੱਲੀ ਨੇ ਢਾਹ ਲਿਆ ਸੂ!
ਏਨਾ ਦੱਸੇ ਨਾ ਫਸਿਆ ਨਹੀਂ ਜਾਲ ਮੇਰੇ ਉੱਡਦਾ ਪੰਛੀ ਬਰਨਾਲੇ ਨੇ ਫਾਹ ਲਿਆ ਸੂ!!

## 406. ਝੰਡੀ

ਤੁਰੇ ਗਿਆਰਾਂ ਟਰੱਕ ਹਨ ਲੇਹ ਵੱਲੀਂ ਕੁੱਮਕ ਦਿੱਤੜੀ ਵੇਖ ਪਹੁੰਚਾ ਸਾਈਂ।
ਮੁੱਖ–ਮੰਤਰੀ ਨਿੱਕੇ ਨੇ ਹੋ ਉੱਚੇ ਹਰੀ–ਝੰਡੜੀ ਦਿੱਤੀ ਵਿਖਾ ਸਾਈਂ।
ਕੰਬਲ ਅਤੇ ਸਵੈਟਰ ਕੀ ਘਰੋਂ ਜਾਣੇ? ਹੌਜ਼ਰੀ ਵਾਲਿਆਂ ਦੇਣੇ ਚੜ੍ਹਾ ਸਾਈਂ।
ਬਾਂਹਾਂ ਟੂੰਗ ਕੇ 'ਮੈਂ ਮੈਂ' ਕਰਦਿਆਂ ਨੇ ਲੈਣਾ ਮੌਕਾ ਹੈ ਆਪਾਂ ਹੱਥਿਆ ਸਾਈਂ।
ਲੋਕ ਸੂਬੇ ਦੇ ਰੁੜ੍ਹਦੇ ਹਨ ਪਏ ਰੁੜਸਨ ਕਿੱਥੋਂ ਘੱਲੀਏ ਇਹਨਾਂ ਨੂੰ ਬੇੜੀਆ ਜੀ?
ਰਿਸ਼ਤੇਦਾਰਾਂ ਦੇ ਹਲਕਿਆਂ ਦੇਓ ਗੇੜਾ ਵੰਡੋ ਘਰਦਿਆਂ ਚੂਰਮੇ–ਰੇੜੀਆਂ ਜੀ!!

## 407. ਰਾਹਤ

ਭਾਰੀ ਪਈ ਸੀ ਫ਼ੱਕਰਾ ਆਸ਼ਕਾਂ 'ਤੇ ਲੋਕੀ ਜਾਨਣ ਨਾ ਕੀ ਇਹ ਪਿਆਰ ਹੁੰਦਾ।
ਕਿੰਨੇ ਰਾਂਝਿਆਂ–ਹੀਰਾਂ ਨੇ ਜਾਨ ਖੋਈ ਰਿਹਾ ਸਿਲਸਿਲਾ ਇਹ ਬਾਰੋ–ਬਾਰ ਹੁੰਦਾ।
ਦੱਸਣ ਵੇਖੋ ਪੰਚਾਇਤਾਂ ਇਹ ਪੇਂਡੂਆਂ ਨੂੰ–ਮਸਲਾ ਥੋਡਾ ਨਹੀਂ ਸਾਥੋਂ ਸਹਾਰ ਹੁੰਦਾ।
'ਪਿਆਰ ਕਾਹੇ ਕਾ, ਕਾਹੇ ਵਿਵਾਹ ਕਰਤੇ?' ਕਿਓਂ ਨਹੀਂ ਧੀ–ਪੁੱਤ ਤੁਸਾਂ ਤੋਂ ਮਾਰ ਹੁੰਦਾ?
ਕੋਰਟ ਖ਼ੂਬ ਕੀਤਾ, ਚੰਡੀਗੜ੍ਹ ਮਿਲਣੇ , ਪਨਾਹ–ਘਰ ਹਨ ਆਸ਼ਕਾਂ ਪਿਆਰਿਆਂ ਨੂੰ!
ਫ਼ੱਕਰਾ ਮਸਤੀਆਂ ਮਾਰਨ ਦੀ ਖੁੱਲ੍ਹ ਹੋਈ ਰਾਹਤ ਮਿਲੀ ਹੈ ਕਿਵੇਂ ਵਿਚਾਰਿਆਂ ਨੂੰ!!

## 408. ਚੁੰਬਕ

'ਔਰਤ ਚੁੰਬਕ ਹੈ' ਆਖਿਆ ਦਾਨਿਆਂ ਨੇ ਸ਼ਕਤੀ ਹੋਰ ਕੋਈ ਇਹਦੇ ਨਾ ਨਾਲ ਦੀ ਹੈ।
ਕਸ਼ਿਸ਼ ਏਸਦੀ ਮਰਦ ਨੂੰ ਖਿੱਚ ਲੈਂਦੀ ਬਖਸ਼ਿਸ਼ ਏਸ ਨੂੰ ਧੁਰੋਂ ਅਕਾਲ ਦੀ ਹੈ।
ਅੱਗੇ ਹੈਸੀ ਰਵਾਇਤ ਹੁਣ ਸੱਚੀਂ–ਮੁੱਚੀਂ ਚੁੰਬਕੀ–ਔਰਤ ਇਕ ਲੱਭੀ ਕਮਾਲ ਦੀ ਹੈ।
ਉਹਨੂੰ ਉੱਡ ਕੇ ਚੁੰਬੜਦੇ ਛੁਰੀ–ਕਾਂਟੇ ਮਸਾਂ ਆਪਣਾ ਆਪ ਸੰਭਾਲਦੀ ਹੈ।
ਫ਼ੱਕਰਾ ਇਹ ਬਰੈਂਡਾ ਹੈ ਵਿੱਚ ਲੰਡਨ ਲੋਹਾ ਆਂਵਦੈ ਜੀਹਦੇ ਵੱਲ ਧਾਅ ਬੇਲੀ!
ਕੜੇ ਵਾਲਿਆ! ਵੇਖੀਂ ਨਾ ਨੇੜ ਜਾਵੀਂ ਕਿਤੇ ਹੋ ਜੇ ਨਾ ਚਿੰਬੜ–ਚੰਬੜਾਅ ਬੇਲੀ!!

(5 ਸੰਤਬਰ, 10)



## 409. ਭੇੜ

ਇਕ ਪਾਸੇ ਰਾਜਾ ਦੂਏ ਦੋ ਬਾਦਲ ਹੋਣ ਲੱਗਾ ਹੈ ਢੁੱਕ–ਢੁਕਾਅ ਮੀਆਂ
ਰੱਸਾ–ਕਸ਼ੀ ਹੁਣ ਚੋਣ ਵਿੱਚ ਬਹੁਤ ਹੋਣੀ ਹੋਣਾ ਬਹੁਤ ਹੀ ਖਿੱਚ–ਖਿਚਾਅ ਮੀਆਂ।
ਜਿਹੜੇ ਚੂਹੇ ਪਜਾਮੇ ਵਿੱਚ ਛੱਡਦੇ ਸੀ ਖੱਲ ਲੈਣਗੇ ਭਲਾ ਬਚਾਅ ਮੀਆਂ।
ਹੱਥ ਕੁਰਸੀ ਨੂੰ ਪੈਂਦਾ ਨਾ ਰਹਿ ਜਾਵੇ ਰਹਿ ਚਿੱਤ ਵਿੱਚ ਜਾਵੇ ਨਾ ਚਾਅ ਮੀਆਂ।
ਫ਼ੱਕਰਾ ਜਿਹੜੀ ਵੀ ਰਾਜੇ ਨੇ ਗੱਲ ਕੀਤੀ ਵਾਹ ਲਗਦੀ ਉਹ ਸਿਰੇ ਤਾਂ ਲਾਇ ਦਿੱਤੀ।
ਜਿਵੇਂ ਪਾਰਟੀ ਵਾਲੇ ਹਨ ਲਾਏ ਖੂੰਜੇ ਸਮਝ ਕੰਧ 'ਤੇ ਕੁੱਤੀ ਚੜ੍ਹਾਇ ਦਿੱਤੀ!!

## 410. ਫ਼ੋਟੋ

ਕੱਕਾ ਹੋਏ ਕੁਰੱਪਸ਼ਨ ਤੇ ਕੱਕਾ ਕਾਹਲੋਂ ਕਾਹੇ ਕੱਕੇ ਦੋ 'ਕੱਠੇ ਪੁਕਾਰੀਏ ਜੀ?
ਹੋਰ ਬੜੇ ਵੀ ਹਨ ਇਹ ਕਾਜ ਕਰਦੇ ਕਿਹੜੇ ਕਿਹੜੇ ਵੱਲ ਨਜ਼ਰ ਉਲਾਰੀਏ ਜੀ?
ਕੱਕਾ ਕਾਂਗਰਸ ਲਾਏ ਹਨ ਘੱਟ ਬੂਟੇ ਬੂਟ ਇਹਨਾਂ ਵੱਲ ਘੱਟ ਉਘਾਰੀਏ ਜੀ?
ਚਿੱਤ ਮਾਇਆ ਦੇ ਬੁੱਤਾਂ ਨਾਲ ਲੱਗੇ ਜੀਹਦਾ ਮਾਇਆਵਤੀ ਨਾ ਮੂਲ ਉਚਾਰੀਏ ਜੀ?
ਧਮਕੀ ਦਿੱਤੀ ਸਪੀਕਰ ਨੇ ਵਿੱਚ ਗੁੱਸੇ–ਥੱਪੜ ਮਾਰੂੰਗਾ ਖਿੱਚੀ ਜੇ ਤੂੰ ਫ਼ੋਟੋ!
ਜਿੰਨੀ ਅਸੀਂ ਕੁਰੱਪਸ਼ਨ ਹਾਂ ਰੋਜ਼ ਕਰਦੇ ਲੱਗੂ ਲੋਕਾਂ ਨੂੰ ਤੇਰੀ ਇਹ ਜੂੰ ਫ਼ੋਟੋ!!

## 411. ਫ਼ਿਕਰ

ਐਵੇਂ ਰਹਿੰਦਾ ਹੈ ਤੈਨੂੰ ਇਹ ਫ਼ਿਕਰ ਖਾਂਦਾ–ਥੱਲੇ ਥੱਲੇ ਪੰਜਾਬ ਦੇ ਜਾਣ ਪਾਣੀ।
ਖ਼ਬਰ ਹੜ੍ਹ ਦੀਆਂ ਦਸਦੀਆਂ ਰੋਜ਼ ਨਾਲੇ ਲੱਗੇ ਵਖਤ ਪੰਜਾਬ ਨੂੰ ਪਾਣ ਪਾਣੀ।
ਰਹੇ ਝੂਰਦਾ ਐਵੇਂ ਪੰਜਾਬੀਆਂ 'ਤੇ ਭੁੱਲਦੇ ਜਾਂਵਦੇ ਲੋਕੀ ਹਨ ਗੁਰਾਂ–ਬਾਣੀ।
ਸਭਿਆਚਾਰ ਦਾ ਬੇੜਾ ਹੈ ਗ਼ਰਕ ਹੁੰਦਾ ਮਹਿਰੂ–ਗਾਇਕ–ਅਨਾੜੀਆਂ ਖੁਰਾਂ ਥਾਣੀਂ।
ਲੋਕੀ ਚਾਅ ਦੇ ਨਾਲ ਨਹੀਂ ਨਸ਼ਾ ਪੀਂਦੇ ਕਤਰਾ ਫ਼ੱਕਰ ਨਾ ਮਿਲੇ ਸ਼ੁਧ ਪਾਣੀਆਂ ਦਾ!
ਲੱਚਰ–ਗੀਤ ਹਨ ਗਾਇਕਾਂ ਦੀ ਬਣੇ ਰੋਟੀ ਸਾਧ ਵੱਟਦੇ ਭਾਅ ਹਨ ਬਾਣੀਆਂ ਦਾ!!

## 412. ਡਿਗਰੀ

ਡਾਕਟਰੇਟ ਜਾਂ ਮਿਲੀ ਗੁਰਦਾਸ ਤਾਈਂ ਫ਼ੱਕਰ ਪੜ੍ਹਿਆ ਤੇ ਖ਼ੂਬ ਨਿਹਾਲ ਹੋਇਆ।
ਸਭਿਆਚਾਰ ਪੰਜਾਬੀ ਦੀ ਕਰੀ ਸੇਵਾ ਮੁੰਡਾ ਮੇਵੇ ਨਾਲ ਮਾਲੜੋ–ਮਾਲ ਹੋਇਆ।
ਸੋਹਣਾ ਨੱਚਦੈ ਉਮਰ ਤੋਂ ਅਜੇ ਵਾਧੂ ਸ਼ੋਅ–'ਖਾੜਾ ਹਰ ਇਹਦਾ ਕਮਾਲ ਹੋਇਆ।
ਏਥੇ ਕਈਆਂ ਦੇ ਮਾਮਲੇ ਹੋਏ ਗੜਬੜ ਨਹੀਂਓਂ ਵਿੰਗੜਾ ਨੱਢੇ ਦਾ ਵਾਲ ਹੋਇਆ।
ਫ਼ੱਕਰ ਆਖਿਆ–ਜਿਉਂਦਾ ਤੂੰ ਰਹਿ ਮਾਨਾ ਆਵੇ ਤੈਨੂੰ ਨਾ ਕਲਾ ਦੀ ਤੋੜ ਬੀਬਾ!
ਵੇਖੀਂ 'ਹੰਸ' ਦੇ ਵਾਂਗ ਨਾ ਤਿਲ੍ਹਕ ਜਾਵੀਂ ਜੁੜਨੀ ਫੇਰ ਨਹੀਂ ਟੁੱਟੀ ਕੰਗਰੋੜ ਬੀਬਾ!!

(13 ਸਤੰਬਰ,10)

## 413. ਮੂਰਤ

ਆਓ! ਆਓ!! ਓਬਾਮਾ ਦਰਬਾਰ ਸਾਹਿਬ ਦਿਲ ਵਿੱਚ ਸਿੱਖਾਂ ਦੇ ਡਾਢਾ ਸਤਿਕਾਰ ਹੋਇਐ।
ਤੁਸੀਂ ਆਉਣਾ ਹੈ ਗੁਰਾਂ ਦੇ ਦਰਸ ਪਰਸਣ ਪੰਥ ਵੇਖਣ ਲਈ ਪੱਬਾਂ ਦੇ ਭਾਰ ਹੋਇਐ।
ਕੂਹਣੋਂ-ਕੂਹਣੀ ਕੁਝ ਹੋਣਗੇ ਵੇਖ ਕੇ ਇਹ ਐਨਾ ਸਿੱਖਾਂ ਨਾਲ ਕਾਸਤੋਂ ਪਿਆਰ ਹੋਇਐ।
ਅੰਦਰੋਂ-ਅੰਦਰ ਇਹ ਭਾਜਪਾ ਸੂਲ ਹੋਸੀ ਸਾਡੇ ਨਾਲ ਕਿਓਂ ਅੱਖਾਂ ਨਹੀਂ ਚਾਰ ਹੋਇਐ?
ਟਾਸਕ-ਫੋਰਸ ਕਮੇਟੀ ਦੀ ਖੁਸ਼ੀ ਹੋਸੀ ਮੂਰਤ ਨਾਲ ਓਬਾਮੇ ਦੇ ਲਹੂ ਸਾਡੀ!
ਫੱਕਰਾ ਸਿੱਖਾਂ ਨਾਲ ਕਰਦੇ ਰਹੇ ਧੌਲ-ਧੱਫਾ ਵਿਸ਼ਵ-ਪ੍ਰੈਸ ਵਿੱਚ ਗੱਲ ਹੁਣ ਰਹੂ ਸਾਡੀ।

## 414. ਕਰਜ਼

ਜੱਥੇਦਾਰ ਨੂੰ ਕਿਹਾ ਅਸ਼ੋਕ ਸਿੰਘਲ-ਅਸੀਂ ਆਏ ਹਾਂ ਗ਼ੌਰ ਫਰਮਾਈਓ ਜੀ।
ਰਾਮ-ਮੰਦਰ ਦਾ ਅਸਾਂ ਨਿਰਮਾਣ ਕਰਨਾ ਮੱਦਦ ਅਸਾਂ ਦੀ ਤੁਸੀਂ ਕਰਵਾਈਓ ਜੀ।
ਸਿੱਖ-ਮਿੱਝ ਦੀ ਚਾਹੀਦੀ ਹੈ ਘੀਣ ਲੱਤ ਬਾਦਲ ਜੀ ਘਾਣੀ ਨੂੰ ਲਾਈਓ ਜੀ।
ਸੰਤੋ-ਮੱਕੜੋ ਇੱਟਾਂ ਚਲਾਓ ਆ ਕੇ ਤੁਸੀਂ ਏਨਾ ਹੱਥ ਪਵਾਈਓ ਜੀ।
ਨੌਂਵੇਂ ਗੁਰਾਂ ਸੀ ਮੰਨੀ ਕਸ਼ਮੀਰੀਆਂ ਦੀ ਅਸੀਂ ਗੁਰਾਂ ਦਾ ਕਰਜ਼ ਉਤਾਰਨਾ ਹੈ!
ਸਿੱਖ-ਮੁਸਲਿਮ ਕਸ਼ਮੀਰ ਦੇ ਸੁਖੀ ਵੱਸਦੇ ਫੱਕਰਾ ਇਨ੍ਹਾਂ ਨੂੰ ਪਾੜਨਾ-ਮਾਰਨਾ ਹੈ!!

## 415. ਭੱਤੇ

ਲੋਕੀਂ ਖਾਣ ਡਾਂਗਾਂ ਮਾਰਨ ਪਏ ਚਾਂਗਾਂ ਅਸਾਂ ਲਈ ਤਾਂ ਖੁਸ਼ੀ ਦੀ ਖਬਰ ਆਈ।
ਢਾਈ ਗੁਣਾਂ ਤਨਖਾਹ ਤੇ ਵਧੇ ਭੱਤੇ ਬਾਅਦ ਪੱਤਝੜ ਹੈ ਸਿਰੀਂ ਬਹਾਰ ਛਾਈ।
ਕਰਜ਼ੇ ਪੈਨਸ਼ਨਾਂ ਸੰਦੀ ਵੀ ਲੁੱਟ ਮੱਚੀ ਰਾਜ਼ੀ ਮੰਤਰੀ ਅਤੇ ਵਿਧਾਇਕ ਭਾਈ।
ਟੀਚਰ ਕਰੇ ਪੱਕੇ ਨਾਲ ਰੱਖੇ ਫੈਹੇ ਕੱਲ੍ਹ ਜਿਨ੍ਹਾਂ ’ਤੇ ਰੱਜ ਕੇ ਡਾਂਗ ਵਾਹ੍ਹੀ।
ਸਹੁੰ ਚੁੱਕਣ ਤਾਂ ਫੱਕਰਾ ਇਹ ਕਹਿੰਦੇ ਤਨਖਾਹ ਇੱਕ ਰੁਪਇਆ ਹੀ ਲਵਾਂਗੇ ਜੀ!
ਮੇਜ਼ ਥੱਲੇ ਦੀ ਫੜਨ ਨੂੰ ਜੋ ਮਿਲਿਆ ਅਸੀਂ ਟੁੱਟ ਕੇ ਓਸ ਨੂੰ ਪਵਾਂਗੇ ਜੀ!!

## 416. ਜਰਬ

ਵਾਲ ਵਾਲ ਜਸਵੀਰ ਸਿੰਘ ਬਚੇ ਰੋਡੇ ਸੱਚੋ ਕਿਸ ਤਰ੍ਹਾਂ ਆਣ ਬਚਾਇਓ ਨੇ।
ਲੋਟ-ਪੋਟਣੀ ਲੱਗੀ ਨਾ ਜਰਬ ਆਈ ਹੱਥ ਦੇ ਕੇ ਆਪ ਰਖਾਇਓ ਨੇ।
ਅੱਗੇ ਪਿੱਛੇ ਨਾ ਐਸੀ ਕੋਈ ਗੱਲ ਹੋਈ ਕੌਤਕ ਕੇਹਾ ਕਰਤਾਰ ਵਿਖਾਇਓ ਨੇ।
ਕੋਈ ਢਾਹੁਣ ਸਵਾਰਨ ਦਾ ਕੰਮ ਲੈਣਾ ਗੁੱਝੀ ਰਹਿਣ ਹਿੱਤ ਭਾਣਾ ਵਰਤਾਇਓ ਨੇ!
ਫ਼ੱਕਰ ਕਿਹਾ ਇਸ ਮੜਕ ਦਾ ਬਹੁਤ ਸੱਦਾ ਏਥੇ ਚੱਲਦੀਆਂ ਨਹੀਂ ਹੁਸ਼ਿਆਰੀਆਂ ਜੀ!
ਲੀਹੋਂ ਲਹੇ ਤੇ ਪੰਥ ਨੂੰ ਦਏ ਧੋਖਾ ਮੁੜ ਕੇ ਮਿਲਦੀਆਂ ਵੀ ਨਾ ਜਥੇਦਾਰੀਆਂ ਜੀ!!

(19 ਸੰਤਬਰ,10)



## 417. ਲਹੂ

ਉੱਠਿਆ ਢਿੱਡ ਮੁਸ਼ੱਰਫ ਦੇ ਹੌਲ ਵੱਡਾ ਨਵੀਂ ਪਾਰਟੀ ਫੇਰ ਬਣਾਈ ਵੇਖੋ।
ਉੱਤੇ ਹੇਠਲੀ ਪਾਕ ਵਿੱਚ ਆਉਣ ਵਾਲੀ ਗੱਲ ਲੋਕਾਂ ਨੂੰ ਖ਼ੂਬ ਸਮਝਾਈ ਵੇਖੋ।
ਜਿਹੜੇ ਕੰਮ ਲਈ ਕਿਆਨੀ ਨੂੰ ਥਾਪਿਆ ਸੂ ਘੜੀ ਆਖਿਆ ਆਈ ਕਿ ਆਈ ਵੇਖੋ।
ਸੰਖ ਪੂਰੋ ਜ਼ਰਦਾਰੀ ਦਾ ਕਰੋ ਜਲਦੀ ਇਹਦੇ ਵਿੱਚ ਨਾ ਕਰੋ ਢਿਲਿਆਈ ਵੇਖੋ।
ਹੱਡਾ-ਰੋੜੀ ਸਿਆਸਤ ਦੀ ਖੇਡ ਸਾਰੀ ਮੂੰਹ ਨੂੰ ਲੱਗਿਆ ਲਹੂ ਨਾ ਛੁੱਟਦਾ ਈ!
ਫੇਰ ਨਵੀਂ ਮੁਸ਼ੱਰਫ਼ ਕੀ ਗੱਲ ਕੀਤੀ? ਜਿਹੜਾ ਢੋਲ ਪੁਰਾਣੇ ਨੂੰ ਕੁੱਟਦਾ ਈ!!

## 418. ਲੱਡੂ

ਜਿਹੜਾ ਬਣੇ ਉਹ ਦੂਜੇ ਨੂੰ ਕਰੇ ਅੰਦਰ ਗਵਾਹ ਖੜ੍ਹੇ ਕਰ ਕੇਸ ਬਣਾਂਵਦਾ ਈ।
ਲੋਕ ਤਾੜੀਆਂ ਮਾਰ ਕੇ ਖੁਸ਼ੀ ਕਰਦੇ ਅੰਦਰ ਦੂਜੇ ਨੂੰ ਵੇਖੋ ਕਰਵਾਂਵਦਾ ਈ।
ਦੂਜਾ ਆਵੇ ਗਵਾਹਾਂ ਨੂੰ ਕਰੇ ਕਾਬੂ ਕਰਕੇ ਇਕ ਇਕ ਫੇਰ ਮੁਕਰਾਂਵਦਾ ਈ।
ਇਕ ਦੂਜੇ ਨਾਲ ਅੰਦਰੋਂ ਸੁਲਾਹ ਕਰਦੇ ਭੋਰਾ ਭਾਰ ਨਾ ਕਿਸੇ ’ਤੇ ਆਂਵਦਾ ਈ।
ਭ੍ਰਿਸ਼ਟਾਚਾਰ ਦੇ ਫ਼ੱਕਰਾ ਵਰ੍ਹੇ ਬੱਦਲ ਭਿੱਜੇ ਕੱਪੜੇ ਲੋਕ ਪਏ ਛੰਡਦੇ ਹਨ!
‘ਏਵੇਂ ਕਰੀ ਚੱਲੋ ਜੇਬਾਂ ਭਰੀ ਚੱਲੋ’ ਮੂੰਹੋਂ ਆਖਕੇ ਲੱਡੂ ਪਏ ਵੰਡਦੇ ਹਨ!!

## 419. ਮਸਲਾ

ਮਸਲਾ ਵੇਖੋ ਅਯੁੱਧਿਆ ਹੋਇਆ ਠੰਢਾ ਕੋਰਟ ਕੀਤਾ ਜੋ ਆਮ ਨੇ ਲੋੜਿਆ ਜੀ।
ਉਮਾ ਅਤੇ ਅਡਵਾਨੀ ਦੀ ਪਈ ਜੱਫ਼ੀ ਜੋੜ ਜਿਹਨਾਂ ਸੀ ਗਿਆ ਵਿਛੋੜਿਆ ਜੀ।
ਮਹਾਂ-ਸਭਾ ਤੇ ਸੰਘ ਨੇ ਪਾਈ ਲੁੱਡੀ ਫੁੱਲ ਅਸਾਂ ਗੁਲਾਬ ਦਾ ਤੋੜਿਆ ਜੀ।
ਜੀਹਦੇ ਤੀਸਰਾ ਹਿੱਸਾ ਹੀ ਹੱਥ ਆਇਆ ਜਾਣੇ ਨਿੰਬੂ ਦੇ ਵਾਂਗ ਨਿਚੋੜਿਆ ਜੀ।
ਓਧਰ ਕਹੀ ਮੁਲਾਇਮ ਨੇ ਕਿਵੇਂ ਮਲਸੀ-ਮੁਸਲਮਾਨ ਮਹਿਸੂਸੇ ਕਿ ਠੱਗਿਆ ਹਾਂ!
ਫ਼ੱਕਰਾ ਪੈਣ ਵੋਟਾਂ ਫੇਰ ਮਿਲੇ ਕੁਰਸੀ ਤਾਹੀਂਏਂ ਰਾਹ ਦਿਖਾਉਣ ਮੈਂ ਲੱਗਿਆ ਹਾਂ!!

## 420. ਝੱਸ

ਟੁੱਟ-ਪੈਣਿਆਂ ਕੈਮਰੇ ਫਿੱਟ ਕਰਕੇ-ਫ਼ਿਜ਼ਾ ਕਿਹਾ-ਗਵਾਂਢੀਆਂ ਤੰਗ ਕੀਤਾ।
ਜੋ ਵੀ ਕਰਨ ਚਾਹਾਂ ਮੇਰੀ ਲੈਣ ਫੋਟੋ ਰੰਗ ਜੀਵਨ ਦਾ ਇਹਨਾਂ ਬਦਰੰਗ ਕੀਤਾ।
ਘਟਾਂ ਵਾਂਗ ਮੁਸੀਬਤਾਂ ਚੜ੍ਹੀ ਆਂਵਣ ਮੈਂ ਹੈ ਜਦੋਂ ਤੋਂ ਚਾਂਦ ਦਾ ਸੰਗ ਕੀਤਾ।
ਛੱਡਿਆ ਹੱਥ ਮੁਕੱਦਮੇ ਪੇਸ਼ ਪਾਏ ਮੈਨੂੰ ਓਸ ਮਰ-ਜਾਣੇ ਇਕ ਤੰਗ ਕੀਤਾ।
ਫ਼ੱਕਰਾ ਕਹਿਣ ਗਵਾਂਢੀ ਹੈ ਫ਼ਿਜ਼ਾ ਝੂਠੀ ਰੋੜੇ ਸਾਡੇ ਘਰ ਰੋਜ਼ ਚਲਾਂਵਦੀ ਹੈ!
ਪਿਆ ਸੁਰਖੀਏਂ ਰਹਿਣ ਦਾ ਝੱਸ ਇਹਨੂੰ ਸ਼ੋਸ਼ਾ ਨਵਾਂ ਨਿੱਤ ਛੱਡ ਵਿਖਾਂਵਦੀ ਹੈ!

(3 ਅਕਤੂਬਰ,10)

## 421. ਭਾਸ਼ਾ

ਮਿਰਕਣ ਆਣ ਪ੍ਰਧਾਨ ਈਰਾਨ ਵਾਲੇ ਜਲਵਾ ਅਜਬ ਕੀ ਵੇਖੋ ਵਰਤਾਇਆ ਈ।
ਗੋਲ-ਮੋਲ ਤੇ ਤਿਲ੍ਹਕਵੀਂ ਗੱਲ ਕੀਤੀ ਪੱਲੇ ਭੱਬੂ ਨਾ ਕਿਸੇ ਦੇ ਪਾਇਆ ਈ।
ਕਿਵੇਂ ਇੱਲ੍ਹ ਦਾ ਕੁੱਕੜ ਜਬਾਬ ਦਿੱਤਾ ਲੜ ਕਿਸੇ ਨਾ ਉੱਕਾ ਪਕੜਾਇਆ ਈ।
ਕੌਂਸਲ ਮੀਡੀਏ ਲੋਕਾਂ ਦੇ ਮੂੰਹ ਉਂਗਲ ਚਤਰੂ-ਗੂੰਗੇ ਨੇ ਕੀ ਫਰਮਾਇਆ ਈ।
ਫ਼ੱਕਰ ਆਖਿਆ ਬੁੱਝਣੀ ਬਹੁਤ ਔਖੀ ਹੁੰਦੀ ਬਾਤ ਇਰਾਨੀ ਇਸਰੈਲੀਆਂ ਦੀ।
ਕਾਹਨੂੰ ਮੂਤ 'ਚੋਂ ਮੱਛੀਆਂ ਭਾਲਦੇ ਓਂ? ਭਾਸ਼ਾ ਆਹਾ ਹੀ ਹੁੰਦੀ ਹੈ ਵੈਲੀਆਂ ਦੀ!!

## 422. ਯੋਗ

ਰਾਮਦੇਵ ਪੰਜਾਬ ਆ ਸਿਰੀ ਕੱਢੀ ਕੇਹਾ ਤੀਰ ਆ ਕੱਦੂ ਵਿੱਚ ਮਾਰਿਆ ਏ।
ਗੁਰੂ ਜਿਹੜੀ ਚੁਕਾਈ ਸੀ ਟਿੰਡ-ਫਹੁੜੀ ਓਸੇ ਯੋਗ ਦਾ ਤੰਬੂ ਪਸਾਰਿਆ ਏ।
ਬੰਨ੍ਹ ਕੇ ਪੱਗ ਪੰਜਾਬੀਆਂ ਮੋਹਣ ਖਾਤਰ ਕੇਹਾ ਪਿਆਰ ਦਾ ਦਾਣਾ ਖਿਲਾਰਿਆ ਏ।
ਇਹ ਸਰਕਾਰ ਨਹੀਂ ਚੰਗੀ ਬਿਦੇਸ਼ੀਆਂ ਤੋਂ ਨਾਅਰਾ ਲੋਕਾਂ ਨੂੰ ਭਾਂਵਦਾ ਮਾਰਿਆ ਏ।
ਫ਼ੱਕਰ ਆਖਿਆ ਸੁਣੋ ਭਾਈ ਰਾਮਦੇਵਾ ਚੰਗੇ ਯੋਗ ਕੇ ਦਾਓ ਦਿਖਾਂਵਦੇ ਹੋ!
ਉੱਤੋਂ ਨਾਂਹ ਤੇ ਵਿੱਚੋਂ ਹਾਂ ਹਾਂ ਕਰਦੇ ਚਿੱਪੀ ਅਸਲ ਵਿੱਚ ਰਾਜ ਦੀ ਚਾਂਹਵਦੇ ਹੋ!!

## 423. ਪੇਸ਼

ਮਨਪ੍ਰੀਤ ਸਿੰਘ ਊਂ ਤਾਂ ਸ਼ੁੱਧ ਸੋਨਾ ਦਿਲ ਦਾ ਸਾਫ਼ ਤੇ ਨਿਰਾ ਦਰਵੇਸ਼ ਮੀਆਂ।
ਕੋਹਾਂ ਪਰ੍ਹੇ ਕੁਰੱਪਸ਼ਨ ਤੋਂ ਪਾਕ-ਦਾਮਨ ਗੱਲ ਸੱਚ ਦੀ ਕਰੇ ਹਮੇਸ਼ ਮੀਆਂ।
ਤਾਇਆ ਹੁੱਜਤੀ ਫੇਰ ਪਲੋਸ ਲੈਂਦਾ, ਦੇਵੇ ਜਾਣ ਨਾ ਮੁੰਡੇ ਦੀ ਪੇਸ਼ ਮੀਆਂ।
'ਢਕੀ ਰਿੱਝਣ ਦੇਹ ਸਾਊ ਤੂੰ ਮੰਨ ਮੇਰੀ' ਕਹੇ-ਚੰਗਾ ਨਹੀਂ ਹੁੰਦਾ ਕਲੇਸ਼ ਮੀਆਂ।
ਫ਼ੱਕਰਾ ਫੇਰ ਮਨਪ੍ਰੀਤ ਨੇ ਤੜ੍ਹ ਮਾਰੀ-ਦਾਦੇ ਬਣੇ ਕਈ ਪਾਰਟੀ ਵਿੱਚ ਲੋਕੋ!
ਤਾਇਆ ਕਹੇ-ਉਲੰਘਣਾ ਨਹੀਂ ਕੀਤੀ ਕੀਤੇ ਘਰ ਦੇ ਹੀ ਏਸਨੇ ਜਿੱਚ ਲੋਕੋ!!

## 424. ਸੇਲ

ਘਰ ਵੇਚਣ ਲਈ ਚੀਨ ਇਕ ਕਾਢ ਨਿਕਲੀ ਫ਼ਰਮ ਦਿੱਤਾ ਅਖ਼ਬਾਰ ਇਸ਼ਤਿਹਾਰ ਭਾਈ।
ਘਰ ਜਿਹੜਾ ਵੀ ਲਊਗਾ ਅਸਾਂ ਰਾਹੀਂ ਨਾਲ ਤੁਸਾਂ ਇਕ ਦਿਆਂਗੇ ਨਾਰ ਭਾਈ।
ਵਾਧਾ ਉੱਤੋਂ ਦੀ ਸਮਝਲੋ ਜਾਂ ਬੋਨਸ ਨਾਲ ਨਾਰ ਦੇ ਦਿਆਂਗੇ ਕਾਰ ਭਾਈ।
ਲਓ ਘਰ ਤੇ ਨਾਲ ਇਹ ਦੋ ਚੀਜ਼ਾਂ ਸੱਚਾ ਸਾਡਾ ਹੈ ਵਣਜ-ਵਪਾਰ ਭਾਈ।
ਕੇਸ ਠੋਕਿਆ ਕਿਸੇ ਨੇ ਘਰ ਲੈ ਕੇ ਤੁਸੀਂ ਖਚਰਿਓ ਲੋਕਾਂ ਨੂੰ ਚਾਰਦੇ ਓਂ!
ਬੁੱਢੀ ਰੰਨ ਜੰਗਾਲੀ ਹੋਈ ਕਾਰ ਦੇ ਕੇ ਮਰੇ ਫ਼ੱਕਰ ਤੇ ਸੋਟੀਆਂ ਮਾਰਦੇ ਓਂ?
(10 ਅਕਤੂਬਰ, 10)



## 425. ਰਾਮ-ਲੀਲ੍ਹਾ

ਬਣੀ ਜੜ੍ਹ ਪੁਆੜੇ ਦੀ ਕਿਵੇਂ ਕੁਰਸੀ ਕਰਾਮਾਤ ਇਸ ਕੇਹੀ ਵਰਤਾਈ ਵੇਖੋ।
ਪੁੱਤਰ-ਮੋਹ ਨੇ ਪਾਇਆ ਸੂ ਆਣ ਪੰਗਾ ਉੱਤੇ ਹੇਠਲੀ ਕਿਸਤਰ੍ਹਾਂ ਆਈ ਵੇਖੋ।
ਗੋਲ ਕੀਤਾ ਭਤੀਜੇ ਦਾ ਬਿਸਤਰਾ ਹੀ ਵੱਡੇ ਤਾਏ ਦੀ ਵੱਡੀ ਵਡਿਆਈ ਵੇਖੋ।
ਨਸ਼ਾ ਤਾਕਤ ਦਾ ਕਿਵੇਂ ਪ੍ਰਵਾਰ ਮਾਣੇ ਘੋਟੀ ਪੰਥ ਦੀ ਕਿਵੇਂ ਸ਼ਰਦਾਈ ਵੇਖੋ।
ਰਾਮ-ਲੀਲ੍ਹਾ ਪੰਜਾਬ ਵਿੱਚ ਹੋਣ ਲੱਗੀ ਸਤ ਕੇ ਰਾਮ ਨੇ ਚੱਕੇ ਹਥਿਆਰ ਫ਼ੱਕਰ!
ਰਾਵਣ ਕਹੇ ਭਤੀਜ ਨਾ ਕਰੇ ਕੂੰਡਾ ਮੈਂ ਤਾਂ ਬਹੁਤਾ ਈ ਕਰਦਾ ਸੀ ਪਿਆਰ ਫ਼ੱਕਰ!!

## 426. ਸੰਤ

ਸ਼ਾਵਾ! ਸ਼ਾਵਾ!! ਅਜੀਤ ਸਿੰਘ ਸੰਤ ਸ਼ਾਵਾ!!! ਕੁਝ ਤਾਂ ਸੰਤ ਦਾ ਨਾਂਓਂ ਨਿਖਾਰਿਆ ਹੈ।
ਨਾਲ ਸੱਚ ਦੇ ਡਟ ਕੇ ਤੂੰ ਖੜ੍ਹਿਓਂ 'ਸੰਤ' ਲਕਬ ਦਾ ਅਕਸ ਉਭਾਰਿਆ ਹੈ।
ਬਣਿਆ ਤੂੰ ਬਚਿੱਤਰ ਸਿੰਘ ਸਮੇਂ ਦਾ ਹੈਂ ਨੇਜ਼ਾ ਹਾਥੀ ਦੇ ਮੱਥੇ ਵਿੱਚ ਮਾਰਿਆ ਹੈ।
ਲਾਜ ਰੱਖੀ ਅਨੰਦਪੁਰਾ ਵਾਲੜੀ ਤੂੰ ਸਾਂਝੇ ਲਸ਼ਕਰ ਨੂੰ ਆਣ ਲਲਕਾਰਿਆ ਹੈ।
ਊਂ ਤਾਂ ਸਾਧਾਂ ਦੇ ਫ਼ੱਕਰਾ ਵੱਗ ਫਿਰਦੇ ਕੁਣਕਾ ਖਾਂਵਦੇ ਬਾਘੀਆਂ ਪਾਂਵਦੇ ਹਨ!
ਟਾਵਾਂ ਪੰਥ ਤੋਂ ਸੰਤ ਕੁਰਬਾਨ ਹੁੰਦਾ ਸਾਰੇ ਤਾਲ ਨਾਲ ਤਾਲ ਮਿਲਾਂਵਦੇ ਹਨ!!

## 427. ਟਕਸਾਲੀ

ਪੰਥਕ-ਸਫ਼ਾਂ ਵਿੱਚ ਕਿਸਤਰ੍ਹਾਂ ਖੇਹ ਉੱਡੇ ਆਵੇ ਸੰਗ ਨਾ ਵੇਖੋ ਅਕਾਲੀਆਂ ਨੂੰ।
ਕੁਝ ਤਾਂ ਮਰੇ ਤੇ ਮਰੇ ਹਨ ਕੁਝ ਜਿਉਂਦੇ ਸੱਪ ਸੁੰਘ ਗਿਆ ਕਿਵੇਂ ਟਕਸਾਲੀਆਂ ਨੂੰ।
ਚੇਅਰਮੈਨੀਆਂ ਕੁਰਸੀਆਂ ਵੱਸ ਕੀਤੇ ਹਿੱਕੀਂ ਰੋਕਦੇ ਜੋ ਰਹੇ ਦੁਨਾਲੀਆਂ ਨੂੰ।
ਗਹਿਣੇ ਕਿਸਤਰ੍ਹਾਂ ਪੰਥ ਦਾ ਬਾਗ਼ ਪਾਇਆ ਤਰਸ ਨਾ ਚੰਦਰੇ ਮਾਲੀਆਂ ਨੂੰ।
ਫ਼ੱਕਰਾ ਭੁੱਲ ਜਾਹ ਗੱਲ ਟਕਸਾਲੀਆਂ ਦੀ ਨਾਲੇ ਭੁੱਲ ਜਾਹ ਭਾਈ ਟਕਸਾਲ ਦੀ ਗੱਲ!
ਕੁੱਤਕਾ ਵਾਹੂ ਜੋ ਪੰਥ ਦੇ ਦੁਸ਼ਮਣਾਂ 'ਤੇ ਚੇਤੇ ਰਹੂਗੀ 'ਦਾਸ ਕਿਰਪਾਲ' ਦੀ ਗੱਲ!!

## 428. ਤੋਤਾ

ਆਈ ਖ਼ਬਰ ਇਕ ਨਵੀਂ ਕੋਲੰਬੀਆ ਤੋਂ ਤੋਤਾ ਰਲਿਆ ਸਮੱਗਲਰਾਂ ਨਾਲ ਭਾਈ।
ਛਾਪਾ ਮਾਲ 'ਤੇ ਲੱਗੀ ਜਾਂ ਪੁਲਸ ਮਾਰਨ ਆਉਣ ਲੱਗੀ ਜਾਂ ਸਮਝਲੋ ਜਾਲ ਭਾਈ!
ਤੋਤਾ ਕੂਕਿਆ-'ਭੱਜ ਜੋ ਆਈ ਬਿੱਲੀ!' ਸਿਰ ਤੇ ਕੂਕਦੈ ਤੁਸਾਂ ਦੇ ਕਾਲ ਭਾਈ।
ਸੁਣਕੇ ਭੱਜੇ ਸਮੱਗਲਰ ਨਾ ਹੱਥ ਆਏ ਬਚ ਗਏ ਇਸਤਰ੍ਹਾਂ ਨੇ ਵਾਲੋ-ਵਾਲ ਭਾਈ।
ਫ਼ੱਕਰ ਆਖਿਆ-ਵਿਗੜ ਗਿਆ ਬਹੁਤ ਬੰਦਾ ਰੰਗ ਚਾੜ੍ਹਤਾ ਆਪਣਾ ਸਾਰਿਆਂ ਨੂੰ!
ਲੀਡਰ ਵਰਤਦੇ ਜਿਵੇਂ ਹਨ ਵੋਟਰਾਂ ਨੂੰ ਛੱਡਿਆ ਇਹਨੇ ਨਹੀਂ ਪੰਛੀ ਵਿਚਾਰਿਆਂ ਨੂੰ!!
(17 ਅਕਤੂਬਰ,10)

## 429. ਊਤ

ਕਿਹਾ ਖ਼ੂਬ ਸੀ ਸੰਤ ਅਜੀਤ ਸਿੰਘ ਨੇ-ਨਾਲ ਸੱਚ ਦੇ ਐਨ੍ਹ ਡਟ ਖੜਾਂਗਾ ਮੈਂ।
ਬਾਹਾਂ ਉੱਚੀਆਂ ਕੀਤੀਆਂ ਜੋਸ਼ ਅੰਦਰ ਸੱਚ ਲਈ ਆਖਰੀ ਦਮਾਂ ਤੱਕ ਲੜਾਂਗਾ ਮੈਂ।
ਰੁਤਬਾ ਅਹੁਦਾ ਜਾਂ ਕੁਝ ਵੀ ਮਿਲੇ ਮੈਨੂੰ ਨਹੀਂ ਨਾਲੋਂ ਮਨਪ੍ਰੀਤ ਦੇ ਝੜਾਂਗਾ ਮੈਂ।
ਫ਼ੱਕਰ ਸਿਫ਼ਤ ਕੀਤੀ ਸਾਧ ਦੱਸਿਓ ਨਾ-ਮੁੜ ਕੇ ਓਸੇ ਹੀ ਖੁੱਡ ਵਿੱਚ ਵੜਾਂਗਾ ਮੈਂ।
ਮਰਿਆ ਸੱਪ ਦੇ ਸਾਧ ਹੋ ਜਾਣ ਮੂਧੇ, ਮੂਧੇ ਹੋਣ ਤਾਂ ਕੁਝ ਨਾ ਮਾਰੀਏ ਜੀ!
ਜਿਹੜੇ ਸਾਧ ਸਰਕਾਰੀਏ-ਸਾਨ੍ਹ ਬਣਸਣ ਐਸੇ ਸਾਧਾਂ ਨੂੰ ਕੂੜੇ ਵਿੱਚ ਡਾਰੀਏ ਜੀ!!

## 430. ਮੈਚ

ਹੁੰਦਾ ਹੈਸੀ ਕਬੱਡੀ ਦਾ ਮੈਚ ਕਿਧਰੇ ਬੈਠਾ ਕੋਈ ਸੀ 'ਖਾੜੇ ਦੇ ਵਿੱਚ ਮੀਆਂ।
ਮੁੰਡਾ ਪੁਆਇੰਟ ਇਕ ਲਿਆਵੇ ਤੇ ਉਹ ਆਖੇ-ਕੰਮ ਭਾਣਜੇ ਦਿੱਤਾ ਹੈ ਖਿੱਚ ਮੀਆਂ।
ਦੂਜੇ ਪਾਸੇ ਦੀ ਟੀਮ ਨੇ ਸੋਚਿਆ ਇਹ ਕੀਤਾ ਏਸ ਪਲ੍ਹੇਅਰ ਹੈ ਜਿੱਚ ਮੀਆਂ।
ਹਾਫ਼-ਟਾਈਮ ਤੋਂ ਮਗਰੋਂ ਜਦ ਆਏ ਕੌਡੀ ਕਰਨ ਓਸ ਨੂੰ ਸੱਭੇ ਘੜਿੱਚ ਮੀਆਂ।
ਜਿਹੜਾ ਕਹਿੰਦਾ ਸੀ ਮੇਰਾ ਇਹ ਭਾਣਜਾ ਹੈ ਕਹੇ-ਟੀਮ ਵਿੱਚ ਪਾ ਲਿਐ ਗੰਦ ਲੋਕੋ!
ਆਲੂ-ਸਾਧ ਸਭ ਸਬਜ਼ੀਆਂ ਮੇਚ ਆਵਣ ਏਵੇਂ ਸਾਧ ਨੇ ਚਾੜ੍ਹਤੈ ਚੰਦ ਲੋਕੋ!!

## 431. ਝੂਠ

ਵੱਡੇ ਬਾਦਲ ਨੇ ਵੱਡਾ ਬਿਆਨ ਦਿੱਤਾ ਪੁੱਤਰ-ਮੋਹ ਨੂੰ ਮੂਲੋਂ ਨਕਾਰਿਆ ਹੈ।
ਨਹੀਂਓਂ ਪੁੱਤ ਭਤੀਜੇ ਵਿੱਚ ਫ਼ਕਰ ਰਾਈ ਉੱਚਾ ਪਾਰਟੀ ਤਾਈਂ ਪ੍ਰਚਾਰਿਆ ਹੈ।
ਸੁਣ ਕੇ ਵੱਖੀਆਂ ਵਿੱਚੋਂ ਦੀ ਲੋਕ ਹੱਸਣ ਚੰਗਾ ਦੁੱਧ ਤੋਂ ਪਾਣੀ ਨਿਤਾਰਿਆ ਹੈ।
ਬੜੀ ਸ਼ਿੱਦਤ ਨਾਲ ਕਰਨਗੇ ਸਿੱਖ ਗੱਲਾਂ ਜਿਵੇਂ ਸਾਊ ਭਤੀਜੇ ਨੂੰ ਮਾਰਿਆ ਹੈ!
ਕਿਸੇ ਪੁੱਛਿਆ ਤਾਂ ਫ਼ੱਕਰ ਆਖਿਓ ਨੇ ਲੋਕ-ਬੱਕਰੀਆਂ ਨੂੰ ਲੀਡਰ ਚਾਰਦੇ ਹਨ!
ਨਾਲ਼ੇ ਆਖਿਆ ਭੋਲਿਆ ਸੱਚ ਏਹਾ ਸੱਚ ਝੂਠ ਵੱਡੜੇ ਵੱਡੇ ਹੀ ਮਾਰਦੇ ਹਨ!!

## 432. ਸੱਚ

ਸੋਹਣਾ ਸੱਚ ਗੁਰਦਾਸ ਸਿੰਘ ਬੋਲਿਓ ਨੇ-ਰਿਹਾ ਕੁਝ ਨਾ ਬੁੱਢੜਿਆਂ ਪਾਸ ਭਾਈ।
ਮੁੰਡੇ ਹੋਣ ਕਾਬਜ਼ ਜਾਵੇ ਪੇਸ਼ ਨਾਹੀਂ ਕੰਮ ਰਹਿੰਦੜੇ ਫੇਰ ਨਾ ਰਾਸ ਭਾਈ।
ਘੂਰੀ ਘੂਰੀ ਤੇ ਬਾਦਲ ਬਿਆਨ ਬਦਲੇ ਕਹਿਣ ਸਾਰੇ ਮੂੰਹ ਥੁੰਨਤਾ ਘਾਸ ਭਾਈ।
ਓਧਰ ਸਾਧ ਇੱਕ ਚੱਡਿਆਂ ਪੂਛ ਪਾਈ ਜੀਹਦੀ ਕਿਸੇ ਵੀ ਨਹੀਂ ਸੀ ਆਸ ਭਾਈ।
ਫ਼ੱਕਰਾ ਵਿਰਲਾ ਕੋਈ ਸੰਤ ਜਰਨੈਲ ਹੁੰਦੈ ਪੂਜਾ-ਧਾਨੀਏਂ ਹੁੰਦੇ ਇਹ ਊਤ ਮੀਆਂ!
ਪਹਿਲੇ ਹੱਲਿਆਂ ਰਹੇ ਇਹ ਸਾਧ ਭੱਜਦੇ ਮੌਕਾ ਬਣੇ ਤਾਂ ਜਾਂਵਦੇ ਮੂਤ ਮੀਆਂ!!
(24 ਅਕਤੂਬਰ,10)



## 433. ਵਡਿਆਈ

ਰੱਬ ਦਾ ਦਰ ਹਰਿਮੰਦਰ ਹੈ ਜੱਗ ਉੱਤੇ ਜੋ ਸਦ ਪ੍ਰੇਮ ਹੀ ਪ੍ਰੇਮ ਵਰਤਾਂਵਦਾ ਹੈ।
ਰਾਜਾ ਰੰਕ ਆਵੇ ਸ਼ਰਧਾ ਧਾਰ ਕੇ ਜੋ ਮੂੰਹੋਂ ਮੰਗਿਆ ਆਣ ਕੇ ਪਾਂਵਦਾ ਹੈ।
ਇਹਦੀ ਵੱਡੀ ਵਡਿਆਈ ਤਿਲ ਘਟੇ ਨਾਹੀਂ ਫ਼ਰਕ ਰਤਾ ਨਾ ਓਸ ਵਿਚ ਆਂਵਦਾ ਹੈ।
ਸਕੇ ਆ ਓਬਾਮਾ ਜਾਂ ਨਾ ਆਵੇ ਫ਼ਿਕਰ ਕੁਝਨਾਂ ਨੂੰ ਫਿਰ ਕਿਉਂ ਖਾਂਵਦਾ ਹੈ?
ਫ਼ੱਕਰਾ ਅਸਲ ਵਿੱਚ ਕੁਝ ਜੋ ਚੌਧਰੀ ਹਨ ਮੌਕਾ ਚੌਧਰ ਦਾ ਸਦਾ ਹੀ ਬੋਚਦੇ ਹਨ!
ਲੈ ਕੇ ਲਾਲਟਣ ਇਸ਼ੂ ਇਹ ਲੱਭ ਲੈਂਦੇ ਰਹਿਣਾ ਮੀਡੀਏ ਵਿੱਚ ਬਸ ਲੋਚਦੇ ਹਨ!!

## 434. ਮਾਂਜਾ

ਜਦੋਂ ਬਣਿਆ ਪ੍ਰਧਾਨ ਕਪਤਾਨ ਵੇਖੋ 'ਵਾਵਾਂ ਉਲਟੜੀ ਦਿਸ਼ਾ ਵਿੱਚ ਚੱਲੀਆਂ ਜੀ।
ਦੋਹਾਂ ਬਾਦਲਾਂ ਹੋਸ਼-ਹਵਾਸ ਉੱਡੇ ਖੌਫ਼ ਸੰਦੀਆਂ ਖੜਕੀਆਂ ਟੱਲੀਆਂ ਜੀ।
ਅਗਲੀ ਮਿਲੇ ਨਾ ਪਹਿਲੀ ਵੀ ਦਿਸੇ ਜਾਂਦੀ ਵੇਖੋ ਕੁਰਸੀਆਂ ਕਿਸਤਰ੍ਹਾਂ ਹੱਲੀਆਂ ਜੀ।
ਚੰਡੀਗੜ੍ਹ ਦੇ ਲੰਚ ਹੁਣ ਲੱਗਣ ਜਾਂਦੇ ਸੋਚਣ ਘਰੇ ਨਾ ਚੱਬੀਏ ਛੱਲੀਆਂ ਜੀ।
ਓਧਰ ਰਾਜੇ ਨੇ ਗੜ੍ਹਕ ਕੇ ਬੜ੍ਹਕ ਮਾਰੀ-ਮਾਂਜਾ ਰਗੜ ਕੇ ਇਹਨਾਂ ਨੂੰ ਫੇਰਾਂਗਾ ਮੈਂ!
ਯਾਦ ਰੱਖਣਗੇ ਟੱਕਰਿਆ ਕੋਈ ਸਾਨੂੰ ਚੋਂਦੇ ਭੱਜਦਿਆਂ ਨੂੰ ਏਦਾਂ ਘੇਰਾਂਗਾ ਮੈਂ!!

## 435. ਮਾਹਵਾਰੀ

ਦਿੱਲੀ ਦਲ ਅਕਾਲੀ ਇਹ ਖ਼ੂਬ ਆਖੀ-ਸਿੱਖ ਪਤਿਤ ਨਾ ਕੋਈ ਪ੍ਰਧਾਨ ਹੋਵੇ।
ਹੋਵੇ ਮੁਖੀ ਕਮੇਟੀ ਜੋ ਸ਼੍ਰੋਮਣੀ ਦਾ ਉਹਦੀ ਸਿੱਖਾਂ ਦੇ ਵਾਲੜੀ ਸ਼ਾਨ ਹੋਵੇ।
ਹੋਵੇ ਬੀਬੀ ਤਾਂ ਸਾਬਤ ਉਹ ਹੋਏ ਸੂਰਤ ਸ੍ਹੇਲੀ-ਪੱਟ ਨਾ ਕੋਈ ਰਕਾਨ ਹੋਵੇ।
ਹੋਵੇ ਤਾਬਿਆਦਾਰੀ ਹੀ ਯੋਗਤਾ ਨਾ ਸਿੱਖ ਧਰਮ ਦਾ ਉਹਨੂੰ ਗਿਆਨ ਹੋਵੇ।
ਫ਼ੱਕਰ ਖ਼ਬਰ ਸੁਣ ਹੱਸ ਕੇ ਕਹਿਣ ਲੱਗਾ-ਕਾਹਨੂੰ ਰੋਕਦੇਂ ਭਾਈ ਉਮੀਦਵਾਰੀ?
ਅਜੇ ਸ਼ੁਕਰ ਕਿ ਤੁਸੀਂ ਨਹੀਂ ਆਖਿਆ ਇਹ -ਕੈਂਡੀਡੇਟ ਨੂੰ ਆਵੇ ਨਾ ਮਾਹਵਾਰੀ!

## 436. ਤੋਹਫ਼ਾ

ਸਾਧ ਮੰਗਿਆ ਬਾਦਲ ਤੋਂ ਇਕ ਤੋਹਫ਼ਾ ਅਖੇ ਚੀਮਾ ਨਾ ਐਧਰ ਨੂੰ ਆਏ ਮੀਆਂ।
ਖਰਚਾ ਕਿਤੋਂ ਦਾ ਥੋਨੂੰ ਜੋ ਚਾਰਦਾ ਹੈ ਏਧਰ ਮੂੰਹ ਵੀ ਨਹੀਂ ਦਿਲਾਏ ਮੀਆਂ।
ਥੋੜਾ ਕੜਛਾ ਹੈ ਚੰਡੀਗੜ੍ਹ ਪਏ ਵਰਤੋ ਏਸ ਹਲਕੇ ਨਾ ਕੁਝ ਵਰਤਾਏ ਮੀਆਂ।
ਬਾਜੇ ਸਾਧਾਂ ਨੂੰ ਮੰਗਣਾ ਵੀ ਨਹੀਂ ਆਵੇ ਦਿੱਤੀ ਸਾਧ ਨੇ ਜ਼ਾਤ ਦਿਖਾਏ ਮੀਆਂ।
ਬਾਦਲ ਚੀਮੇ ਦਾ ਛੱਡਣਗੇ ਸਾਥ ਕਾਹਤੋਂ? ਜਿਹੜਾ ਰੱਖਿਆ ਮੁੱਛ ਦਾ ਵਾਲ ਭਾਈ!
ਫ਼ੱਕਰਾ ਸਾਧ ਵੀ ਵੇਖ ਉਜਾੜ ਭਾਲਣ ਜਿਵੇਂ ਭਜਨ ਦਾ ਬਹੁਤਾ ਹੀ ਖ਼ਿਆਲ ਭਾਈ!!
(31 ਅਕਤੂਬਰ,10)

## 437. ਬੱਕਰੇ

ਜਿਹੜੀ ਦਿੱਤੀ ਤਰੀਕ ਭਤੀਜ ਚੋਂਦਾਂ ਆਵੇ ਨੇੜ ਤਾਂ ਉੱਡਣ ਭੰਬੀਰੀਆਂ ਜੀ।
ਕੀਤਾ ਇਕ ਸ਼ਰੀਫ ਨਾਲ ਦਗ਼ਾ ਡਾਢਾ ਹਿੱਲੀਆਂ ਜੜ੍ਹਾਂ ਤੋਂ ਕਿਵੇਂ ਵਜ਼ੀਰੀਆਂ ਜੀ।
ਆਵੇ ਘੇਰਨੀ ਚਿੱਤ ਨਾ ਮੂਲ ਲੱਗੇ ਗਧੀ-ਗੇੜ ਹਨ ਪਈਆਂ ਸੁਖਬੀਰੀਆਂ ਜੀ।
ਚੂਲਾਂ ਹਿੱਲੀਆਂ ਲੱਤਾਂ ਨਾ ਭਾਰ ਝੱਲਣ ਵੜਕੇ ਅੰਦਰੀਂ ਖਾਣ ਪੰਜੀਰੀਆਂ ਜੀ।
ਪੁੱਤ ਬਣਦੇ ਡੰਗੋਰੀ ਹਨ ਮਾਪਿਆਂ ਦੀ ਪੁੱਤ ਕੀਤੇ ਡੰਗੋਰੀ ਦੇ ਡੱਕਰੇ ਜੀ!
ਇਕ ਪਾਸੇ ਮਨਪ੍ਰੀਤ ਤੇ ਦੂਏ ਰਾਜਾ ਬੋਲਣ ਚਾਰ-ਚੁਫ਼ੇਰੇ ਹੀ ਬੱਕਰੇ ਜੀ!!

## 438. ਕੁਰਸੀ

ਕਿਹਾ ਬਾਦਲ ਨੇ-ਪਾਰਟੀ ਜਦੋਂ ਆਖੂ ਹੁਕਮ ਪਾਰਟੀ ਸੰਦਾ ਵਜਾ ਦਿਆਂਗਾ।
ਮੈਂ ਹੀ ਪਾਰਟੀ ਹਾਂ, ਸੁਖਬੀਰ ਤਾਈਂ ਮੁੱਖ-ਮੰਤਰੀ ਝੱਟ ਬਣਾ ਦਿਆਂਗਾ।
ਪੈਣ ਪੰਥ-ਪੰਜਾਬ ਇਹ ਖੂਹ-ਖਾਤੇ ਸਭ ਓਸ ਲਈ ਬੈਅ ਕਰਵਾ ਦਿਆਂਗਾ।
ਮੇਰੀ ਧੌਣ 'ਤੇ ਗੋਡਾ ਹੈ ਘਰਦਿਆਂ ਦਾ ਮੈਂ ਪ੍ਰਵਾਰ ਦੀ ਆਸ ਪੁਗਾ ਦਿਆਂਗਾ।
ਮੀਂਹ ਜੱਟ ਤਾਈਂ, ਪੈਸਾ ਬਾਣੀਏ ਨੂੰ ਤਾਂਘ ਰੱਬ ਦੀ ਭਗਤਾਂ ਜਿਓਂ ਮੌਜੀਆਂ ਨੂੰ!
ਕੁਰਸੀ ਲਡੀਰਾਂ ਹੁੰਦੀ ਪਸੰਦ ਫ਼ੱਕਰ ਰੰਨ ਰੰਮ ਜਿਓਂ ਟੱਕਰਦੀ ਫ਼ੌਜੀਆਂ ਨੂੰ!!

## 439. ਲੇਟ

ਵੇਖੋ ਬੀਰ ਦਵਿੰਦਰ ਦੀ ਇਹ ਹੋਣੀ ਕੇਹਾ ਪੰਥ ਦੇ ਲਈ ਉਭਾਰ ਹੈ ਸੀ।
ਲੜ ਪੰਥ ਦੇ ਲੱਗਿਆ ਦਿਲੋਂ ਕਿੰਨਾ ਦਿੱਤਾ ਟੌਹੜੇ ਪਰ ਕਿਸਤਰ੍ਹਾਂ ਮਾਰ ਹੈ ਸੀ।
ਹੋ ਕੇ ਕਾਂਗਰਸ ਤਾਈਂ ਜਾ ਪਾਈ ਜੱਫੀ ਓਥੇ ਓਸਦਾ ਕਿਹੜਾ ਗ਼ਮਖਾਰ ਹੈ ਸੀ?
ਮੱਛੀ ਪੰਥ ਦੇ ਪਾਣੀ ਫਿਰ ਆ ਡਿੱਗੀ ਦਿੱਤੀ ਪੰਥ ਨੇ ਕਿਵੇਂ ਵਿਸਾਰ ਹੈ ਸੀ।
ਫ਼ੱਕਰ ਬੀਰ ਦਵਿੰਦਰ ਨੂੰ ਕਿਹਾ ਈਕਰ-ਹੋ ਜਾ ਬਾਹਾਂ ਟੁੰਗ ਫੇਰ ਤਿਆਰ ਬੀਬਾ!
ਲੇਟ ਕੱਢ ਦੇਹ ਤੀਸਰੀ ਥਾਂ ਖੜ੍ਹਕੇ ਦੋਹਾਂ ਧਿਰਾਂ 'ਤੇ ਧਾਰ ਨਾ ਮਾਰ ਬੀਬਾ!!

## 440. ਬਾਜਰਾ

ਕੌਮ ਕਿਵੇਂ ਨਾ ਦੱਸੋ ਕਮਜ਼ੋਰ ਹੋਵੇ? ਬੰਦੇ ਜੀਹਦੇ ਵਿੱਚ ਹਨ ਕਮਜ਼ੋਰ ਹੁੰਦੇ।
ਮੌਕਾ-ਪ੍ਰਸਤ ਕੁਰੱਪਟ ਤੇ ਕਾਂ ਕਾਲੇ ਦੇਖਣ-ਪਾਖਣ ਨੂੰ ਜਮ੍ਹਾਂ ਹੀ ਮੋਰ ਹੁੰਦੇ।
ਖਾਤਰ ਕੁਰਸੀ ਦੀ ਪਾਂਵਦੇ ਪਾੜ ਵੱਡੇ ਪਾੜਾ ਪਵੇ ਨਾ ਜਾਣ ਕੇ ਬੋਰ ਹੁੰਦੇ।
ਕਹਿਣ-ਬੰਦਾ ਬਹਾਦਰ ਹੈ 'ਨਿੱਕਾ-ਆਕਾ' ਝੂਠ ਬੀਜਣ ਲਈ ਬਣੇ ਹੋਏ ਪੋਰ ਹੁੰਦੇ।
ਫ਼ੱਕਰ ਕਹੇ ਜੋ ਐਸਾ ਇਨਸਾਨ ਹੋਵੇ ਮੱਕੀ ਕਣਕ ਨਾ ਨਿਰਾ ਉਹ ਬਾਜਰਾ ਹੈ!
ਦਲ ਕੁਰਸੀ ਲਈ ਤੋੜੇ ਤੇ ਦਲ ਬਦਲੇ ਬਸ ਏਹੀ ਤਾਂ ਚੰਦੂ ਦਾ ਮਾਜਰਾ ਹੈ!!

(7 ਨਵੰਬਰ,10)



## 441. ਵਪਾਰੀ

ਰਿਹਾ ਸਫ਼ਲ ਓਬਾਮਾ ਦਾ ਖ਼ੂਬ ਦੌਰਾ ਪਈਆਂ ਪੁੱਜ ਕੇ ਗੂੜ੍ਹੀਆਂ ਯਾਰੀਆਂ ਨੇ।
ਦੋਹਾਂ ਧਿਰਾਂ ਨੇ ਤੋਲਿਆ ਗਿਣ-ਮਿਣਿਆ ਨਫ਼ਾ ਸੋਚਿਆ ਦੋਹਾਂ ਵਪਾਰੀਆਂ ਨੇ।
ਕੋਈ ਧਿਰ ਨਹੀਂ ਦੂਜੀ ਨੂੰ ਕਹਿ ਸਕਦੀ ਏਹਨੇ ਹੁਣ ਤੱਕ ਬੱਕਰੀਆਂ ਚਾਰੀਆਂ ਨੇ।
ਸਾਰੇ ਦੇਸ਼ ਤੇ ਬੰਦੇ ਹਨ ਮਤਲਬਾਂ ਦੇ ਮਤਲਬ ਸੰਦੀਆਂ ਹੀ ਰਿਸ਼ਤੇਦਾਰੀਆਂ ਨੇ।
ਖ਼ੂਬ ਛੱਬੀ/ਗਿਆਰਾਂ ਦੀ ਗੱਲ ਚੱਲੀ ਮਿਲਿਆ ਸਿੱਖ-ਮਨਮੋਹਣ ਨੂੰ ਮਾਣ ਮੀਆਂ!
ਉਹਨਾਂ ਸਿੱਖਾਂ ਦੀ ਕਿਸੇ ਨਾ ਗੱਲ ਗੌਲ਼ੀ ਹੋਇਆ ਜਿਹਨਾਂ ਚੁਰਾਸੀ ਵਿੱਚ ਘਾਣ ਮੀਆਂ!!

## 442. ਘੁਟਾਲੇ

ਚੱਲੇ ਭਾਰਤ ਦੀ ਗੱਲ ਸਿਆਸਤ ਦੀ ਜੇ ਇਹ ਹੈ ਹੁੰਦੀ ਬਸ ਘੁਟਾਲਿਆਂ ਦੀ।
ਵਹੁਟੀ ਓਥੇ ਅਮੀਰ ਦੀ ਭੈਣ ਸਭ ਦੀ ਓਥੇ ਪੁੱਜਕੇ ਚਲਦੀ ਹੈ ਸਾਲਿਆਂ ਦੀ।
ਖੁੱਲ੍ਹਦੇ ਲਾਕਰ ਤਾਂ ਅਸਲ ਗੱਲ ਆਏ ਸਾਹਵੇਂ ਲੁਕ ਵੇਂ ਖੁੱਲ੍ਹਦਿਆਂ ਜਿਸਤਰ੍ਹਾਂ ਨਾਲਿਆਂ ਦੀ।
ਅਸਲੀ ਸਾਧ ਤੇ ਸਾਨ ਨਾ ਮਿਲਣ ਓਥੇ ਝੂਠੇ ਦੁੱਧ ਗੱਲ ਝੂਠੇ ਗੱਵਾਲਿਆਂ ਦੀ।
ਜਿਹਨਾਂ ਅੱਜ ਤੱਕ ਕਦੇ ਨਾ ਖੇਡ ਖੇਡ੍ਹੀ ਕੁਰਸੀ ਬੈਠ ਕੇ ਮਾਰਦੇ ਪਾਡੀਆਂ ਨੇ!
ਅੱਜ ਕਲ੍ਹ ਖੇਡਦੇ ਸਿੱਖ ਹਨ ਜੋ ਖੇਡਾਂ ਕਲ੍ਹ ਨੂੰ ਠੋਕ ਕੇ ਕਹਿਣਾ ਹੈ ਢਾਡੀਆਂ ਨੇ!!

## 443. ਝੋਨਾ

ਖੰਨੇ ਮੰਡੀ ਵਿੱਚ ਪਹੁੰਚਿਆ ਆਣ ਲੱਭੂ ਡਾਲੇ ਖੋਹਲੇ ਨੇ ਆਣ ਟਰਾਲਿਆਂ ਦੇ।
ਝੋਨੇ ਪੁੱਤਾਂ ਦੇ ਵਾਂਗ ਹੀ ਚਾਓ ਪਾਲਣ ਚਿੱਤ ਚਾਓ ਨੇ ਪੁੱਤਾਂ-ਵਤ ਪਾਲਿਆਂ ਦੇ।
ਇਹ ਨਾ ਪਤਾ ਕਿ ਏਥੇ ਨਾ ਕੋ ਦਰਦੀ ਏਥੇ ਗੇੜ ਹਨ ਘਾਲ਼ਿਆਂ-ਮਾਲ਼ਿਆਂ ਦੇ।
ਬੈਠਾ ਮੰਡੀ ਵਿੱਚ ਸੋਚਦਾ ਪਿਆ ਲੱਭੂ ਸੂਬੇ ਜੋੜ ਹਨ ਪ੍ਰਾਹੁਣਿਆਂ-ਸਾਲਿਆਂ ਦੇ।
ਫ਼ੱਕਰਾ ਹੋਏ ਪੰਜਾਬ ਜੋ ਅੱਜ ਕਾਬਜ਼ ਮਾਸ ਗਊ-ਗਰੀਬ ਦਾ ਖਾਂਵਦੇ ਹਨ!
ਸ਼ਰ੍ਹੇਆਮ ਇਹ ਲਾਲੋ ਦੁਰਕਾਰਦੇ ਹਨ ਭਾਬੀ ਭਾਗੋ ਨਾਲ ਜੱਫੀਆਂ ਪਾਂਵਦੇ ਹਨ!!

## 444. ਹਥਿਆਰ

ਮੁੱਖ-ਮੰਤਰੀ ਨਿੱਕੇ ਪਿੰਡ ਬਡਰੁੱਖਾਂ ਜ਼ਰਾ ਸੁਣੋ ਕੀ ਮੂੰਹੋਂ ਉਚਾਰਿਆ ਹੈ।
ਮਨਪ੍ਰੀਤ ਨੇ ਛੁਰਾ ਪਿੱਠ ਖੋਭਿਆ ਹੈ ਓਹਨੇ ਲੋਕਾਂ ਨੂੰ ਮਨੋਂ ਵਿਸਾਰਿਆ ਹੈ।
ਬੰਦਾ ਪੁੱਛੇ ਕਿ ਦੱਸ ਇਹ ਭਾਈ ਕਿਹੜਾ ਤੀਰ ਤੂੰ ਕੱਦੂ ਵਿੱਚ ਮਾਰਿਆ ਹੈ?
ਲੈ ਕੇ ਬਾਪੂ ਤੋਂ ਚੈਨਲ ਤਕ ਕਰੇ ਕਾਬੂ ਤੂੰ ਤਾਂ ਕੂੜ ਹੀ ਕੂੜ ਪ੍ਰਚਾਰਿਆ ਹੈ।
ਫ਼ੱਕਰ ਆਖਿਆ-ਸੰਭਲ ਹਥਿਆਰ ਵਾਹੀਏ ਦੇਈਏ ਸੋਚ ਕੇ ਜ਼ਰਾ ਬਿਆਨ ਕਾਕਾ!
ਪੁੱਠਾ ਆਇ ਕੇ ਪਿੱਛੇ ਹਥਿਆਰ ਖੁੱਭੇ ਰਹਿਜੇ ਹੱਥ ਵਿੱਚ 'ਕੱਲਾ ਮਿਆਨ ਕਾਕਾ!!

(14 ਨਵੰਬਰ, 10)

## 445. ਸਰਪੰਚ

ਵੇਖੋ ਗਿਆ ਓਬਾਮਾ ਸਰਪੰਚ ਭਾਰਤ ਨਾਲ ਗਈ ਬਸੰਤੀ ਮਿਸ਼ਾਲ ਮੀਆਂ।
ਕਿਹੜਾ ਸੂਰਮਾ 'ਕੱਲੀ ਤਲਵਾਰ ਚੁੱਕੇ ਨਾਲ ਚੁੱਕੇ ਨਾ ਆਪਣੀ ਢਾਲ ਮੀਆਂ।
'ਕੱਲੇ ਬੱਚਿਆਂ ਨਾਲ ਹੈ ਨੱਚਣਾ ਕੀ ਨੱਚਣ ਦੋਵੇਂ ਤਾਂ ਪੈਂਦੀ ਧਮਾਲ ਮੀਆਂ।
ਗੱਲ ਕਿਸੇ ਸਰਪੰਚ ਨਾ ਤੋੜ ਚੜ੍ਹਦੀ ਦੇਵੇ ਨਾ ਬਸੰਤੀ ਜੇ ਤਾਲ ਮੀਆਂ।
ਦੇਖੋ ਦਿੱਤੀ ਬਸੰਤੜੀ ਬਾਂਹ ਕੈਸੀ ਨਹੀਂ ਡੋਲਿਆ ਸਾਡਾ ਸਰਪੰਚ ਭਾਈ!
ਲੈਣ-ਦੇਣ ਦਾ ਜੱਗ-ਵਿਹਾਰ ਬਣਿਆ ਸਿਰੇ ਚੜ੍ਹ ਗਿਆ ਸੋਹਣਾ ਪਰਪੰਚ ਭਾਈ!!

## 446. ਜਾਗੋ

ਮਨਪ੍ਰੀਤ ਨੇ ਕਿਹਾ ਪੰਜਾਬੀਆਂ ਨੂੰ - ਜਾਗੋ! ਜਾਗਣ ਦਾ ਆ ਗਿਆ ਸਮਾਂ ਭਾਈ।
ਫ਼ੈਲੀ ਬੇ-ਰੁਜ਼ਗਾਰੀ ਹੈ ਬਹੁਤ ਏਥੇ ਭ੍ਰਿਸ਼ਟਾਚਾਰੀ ਨਾ ਛੱਡਦੇ ਤਮ੍ਹਾਂ ਭਾਈ।
ਇਹ ਜੋ ਵੱਡੇ ਹਨ ਕੁਚਲਦੇ ਨਿੱਕਿਆਂ ਨੂੰ ਫ਼ਿਕਰ ਇਹਨਾਂ ਕਿਸਾਨਾਂ ਨਾ ਜਮ੍ਹਾਂ ਭਾਈ।
ਰਹੋ ਇਹਨਾਂ ਨਾਲ ਜਿਹਨਾਂ ਨੇ ਹੈ ਬਚਣਾ, ਜਿਹਨਾਂ ਆਵਣਾ ਮੱਚੀ ਹੈ ਸ਼ਮ੍ਹਾਂ ਭਾਈ।
ਫ਼ੱਕਰ ਕਿਹਾ ਮਨਪ੍ਰੀਤ ਸਿੰਘ ਦੇਹ ਹੋਕਾ ਨਿੱਤਰ ਆਉਣਗੇ ਸੱਚ-ਈਮਾਨ ਵਾਲੇ।
ਝੜਨੇ ਡਰਨ ਵਾਲੇ, ਕੁਰਸੀ ਵਰਨ ਵਾਲੇ ਸਾਧ ਭੱਜੇ ਜਿਓਂ ਪੂਜਾ ਦੇ ਧਾਨ ਵਾਲੇ!!

## 447. ਫ਼ਾਨਾ

ਹੁੰਦਾ ਫ਼ੈਸਲਾ ਭਾਜਪਾ ਰੋਕਿਓ ਨੇ ਦਿੱਤਾ ਭਾਬੀ ਨੇ ਫ਼ਾਨਾ ਅੜਾ ਭਾਈ।
ਆਵੇਂ ਮੇਚ ਨਿਕੱਦਿਆ ਨਾ ਦਿਓਰਾ ਮੇਰੇ ਪੂਰੇ ਕੀ ਕਰੇਂਗਾ ਚਾਅ ਭਾਈ।
ਪਾ ਕੇ ਝੱਗੀ-ਜੀਹ ਫੜ੍ਹਾਂ ਤੂੰ ਮਾਰਦਾ ਹੈਂ ਕਿਹੜੀ ਦੇਵੇਂਗਾ ਗੱਲ ਨਿਭਾਅ ਭਾਈ।
ਮਨਪ੍ਰੀਤ ਸੁਨੱਖਾ ਹੈ ਲੱਖ ਤੈਥੋਂ ਉਹਦਾ ਠੰਢੜਾ ਬਹੁਤ ਸੁਭਾਅ ਭਾਈ।
ਵੱਡਾ ਬਾਦਲ ਜੀ ਤੇਰੇ ਤੋਂ ਬਹੁਤ ਚੰਗਾ ਵਧਕੇ ਤੈਥੋਂ ਮੈਨੂੰ ਜੋ ਬਹੁਤ ਪਿਆਰਦਾ ਹੈ!
ਕੀ ਜੇ ਪੰਥ ਨੂੰ ਦਿੰਦਾ ਹੈ ਉਹ ਧੋਖਾ? ਅੱਖ ਐਨਕ ਦੇ ਵਿੱਚੋਂ ਤਾਂ ਮਾਰਦਾ ਹੈ!!

## 448. ਲਾਜਪਤ

ਹੋਈ ਲਾਲਾ ਲਾਲਾ ਵਿੱਚ ਪੰਜਾਬ ਵੇਖੋ ਸੁਰ ਗਾਂਧੀ ਦੇ ਨਾਲ ਮਿਲਾਇਆ ਜੀ।
ਦੇਸ਼-ਭਗਤਾਂ ਦੀ ਕੀਤੀ ਵਿਰੋਧਤਾ ਪੁੱਜ ਗਿੱਲਾ ਪੀਹਣ ਉਸ ਐਸੜਾ ਪਾਇਆ ਜੀ।
ਪਿੰਡ ਢੁੱਡੀਕੇ ਪਿੰਡ ਸੀ ਅਣਖੀਆਂ ਦਾ ਕੁਝਨਾਂ ਦਾਗ਼ ਪਰ ਅਣਖ ਨੂੰ ਲਾਇਆ ਜੀ।
ਕਾਲਜ-ਲਾਇਬ੍ਰੇਰੀ ਤਾਂ ਖੋਹਲ ਲੀਤੀ ਦਗ਼ਾ ਨਾਲ ਇਤਿਹਾਸ ਕਮਾਇਆ ਜੀ।
ਫ਼ੱਕਰਾ ਕੁਝ ਜਿਉਂਦੇ, ਕੁਝ ਮਰਨ-ਪਹਿਰੇ ਐਪਰ ਫੇਰ ਵੀ ਯੱਭਲੀਆਂ ਮਾਰਦੇ ਹਨ!
ਹਾੜ੍ਹੇ ਫੇਰ ਵਜ਼ੀਰਾਂ ਦੇ ਪਏ ਕੱਢਣ ਮਰਨ ਪਹਿਲੋਂ ਇਹ ਸੁਆਹ ਖਿਲਾਰਦੇ ਹਨ!!

(21 ਨਵੰਬਰ, 10)



## 449. ਜ਼ਮੀਰ

ਫ਼ੱਕਰਾ ਪੰਥ ਪੰਜਾਬ ਦਾ ਵਿਗੜਿਆ ਕੀ? ਜੱਾਗੇ ਅਜੇ ਜ਼ਮੀਰ ਪੰਜਾਬੀਆਂ ਦੀ।
ਕੁਝ ਇਕ ਬੰਨ੍ਹੀ ਹਨ ਨਾਲੇ ਦੇ ਨਾਲ ਫਿਰਦੇ ਰਹੀ ਫ਼ਿਕਰ ਨਾ ਇਹਨਾਂ ਨੂੰ ਚਾਬੀਆਂ ਦੀ।
ਬੋਲੀ-ਮਾਂ ਤੇ ਸਾਰੇ ਸ਼ਹੀਦ ਭੁੱਲੇ ਗੱਲ ਮੂਹਰੇ ਰੱਖ ਕੁਰਸੀਆਂ ਭਾਬੀਆਂ ਦੀ।
ਰਹਿਕੇ ਪੰਥ ਵਿੱਚ ਖੰਭ ਨਾ ਦੇਣ ਭਿੱਜਣ ਜੂਨ ਪਏ ਹੰਢਾਉਣ ਮੁਰਗ਼ਾਬੀਆਂ ਦੀ।
ਜਿਹੜੇ ਜਾਗਦੇ ਹਨ ਜ਼ਮੀਰ ਵਾਲੇ ਖੜ੍ਹਨ ਅੱਜ ਪੰਜਾਬ ਦੇ ਨਾਲ ਭਾਈ!
ਨਹੀਂ ਤਾਂ ਧੂੜ ਵਿੱਚ ਭੱਜਦਾ ਰਹੂ ਟੱਟੂ ਉੱਤੇ ਬੈਠੜੇ ਹੋਣ ਨਿਹਾਲ ਭਾਈ!!

## 450. ਬਹਿਸ

ਬੱਲੀ ਮਾਰੀ ਸੁਖਬੀਰ ਨੇ ਬਹਿਸ ਵਾਲੀ ਦਿੱਤੀ ਖਹਿਰੇ ਨੇ ਰੋਕ ਵਿਖਾ ਬਾਈ।
ਆ ਜਾ ਬਹਿਸਲਾ ਹੈ ਜੇ ਦਿਲ ਜਿਗਰਾ ਭੱਾਜੀ ਮੋੜਾਂਗੇ ਦਿੱਤੀ ਜੁ ਪਾ ਬਾਈ।
'ਲੰਬੀ ਵਾਲੇ ਸਰਪੰਚ ਨਾ' ਬਹਿਸ ਕਰਲਾ' ਕਿਹਾ ਕਾਕੇ ਨੇ ਫੇਰ ਬੁਖਲਾ ਬਾਈ।
ਖਹਿਰੇ ਕਿਹਾ -ਜਮਾਂਦਰੂ ਲੀਡਰਾ ਆ! ਤਿੰਨ ਨੂੰ ਚੰਡੀਗੜ੍ਹ ਜ਼ੋਰ ਅਜ਼ਮਾ ਬਾਈ।
ਅਸੀਂ ਕਾਂਗਰਸ ਵਾਲੇ ਕਪਤਾਨੀਏ ਹਾਂ ਤੇਰੀ ਚੱਕਰੀ ਅਸੀਂ ਭੰਵਾ ਦਿਆਂਗੇ!
ਊੜਾ-ਆੜਾ ਸਿਆਸਤ ਦਾ ਨਹੀਂ ਜਾਣੇਂ ਪੂਰੀ ਪੈਂਤੀ ਹੀ ਤੈਨੂੰ ਪੜ੍ਹਾ ਦਿਆਂਗੇ!!

## 451. ਪ੍ਰਧਾਨਗੀ

ਛੇਵੀਂ ਵੇਰ ਪ੍ਰਧਾਨ ਜਾਂ ਬਣੇ ਮੱਕੜ ਕਿਵੇਂ ਵੱਜੀਆਂ ਨੇ ਵੇਖੋ ਤਾਲੀਆਂ ਜੀ।
ਮੂੰਹ ਮੱਕੜ ਦੇ ਚੀਮੇ ਨੇ ਪਾਏ ਲੱਡੂ ਅਕਸਰ ਪਾਉਣ ਪੰਜਾਬ ਜਿਓਂ ਸਾਲੀਆਂ ਜੀ।
ਮੁਖੀ ਧਰਮ ਦਾ ਹੋਵੇ ਅਧੀਨ ਜਿਹੜਾ ਸਮਝੋ ਕੌਮ ਦੇ ਪੱਲੇ ਕੰਗਾਲੀਆਂ ਜੀ।
ਜਿਹੜੇ ਬੇੜੇ ਦੇ ਕਦੇ ਮਲਾਹ ਹੁੰਦੇ ਘੁੰਡ ਕੱਢ ਲਏ ਕਿਵੇਂ ਟਕਸਾਲੀਆਂ ਜੀ!
ਫ਼ੱਕਰ ਆਖਿਆ ਪਿਆ ਹਨੇਰ ਕਿੰਨਾ ਲੋਕੀ ਵਰਤਦੇ ਨਾਨਕੀ-ਤੱਕੜੀਆਂ ਨੂੰ!
ਪੰਥ ਨਹੀਂ ਆਜ਼ਾਦ ਅੱਜ ਆਪ ਤੋਂ ਹੀ ਮੌਕੇ ਆਪ ਹੀ ਬਖਸ਼ੇ ਹਨ ਮੱਕੜੀਆਂ ਨੂੰ!!

## 452. ਕੁਰਸੀ

ਵੱਡੀ ਹਾਏ ਕੁਰਸੀ! ਵੱਡੀ ਮਾਂ ਕੁਰਸੀ!! ਹੁੰਦੀ ਜਾਂਵਦੀ ਦੂਰ ਤੋਂ ਦੂਰ ਰੱਬਾ।
ਮੇਰੀ ਮੰਮੀ ਦੇ ਦਿਲੇ 'ਚੋਂ ਚਾਹ ਉੱਠੇ ਦਿਲ ਪਾਪਾ ਦਾ ਵੀ ਚਕਨਾਚੂਰ ਰੱਬਾ।
ਭਾਬੋ-ਭਾਜਪਾ ਅੱਖਾਂ ਵਿਖਾਂਵਦੀ ਹੈ ਦਿੰਦੀ ਪੈਣ ਨਾ ਆਸਾਂ 'ਤੇ ਬੂਰ ਰੱਬਾ।
ਮਾਰਾਂ 'ਤਾਹਾਂ ਨੂੰ ਲੂੰਬੜੀ ਬਣ ਛਾਲਾਂ ਦਿਸਦੇ ਆਉਣ ਨਾ ਹੱਥ ਅੰਗੂਰ ਰੱਬਾ।
ਵੇਖੋ ਕਾਲੀਏ ਕੇਹਾ ਬਿਆਨ ਦਿੱਤਾ ਗਿਆ ਕੋਰ-ਕਮੇਟੀ ਨੂੰ ਛਿੱਲ ਮੀਆਂ!
ਕੰਮ ਆਉਣ ਨਾ ਦਿੱਤੇ ਹਾਏ ਨਵੇਂ ਲੀੜੇ ਕੀਤਾ ਕਾਕੇ ਨੂੰ ਕੱਚੜਾ-ਲਿੱਲ ਮੀਆਂ!!

(29 ਨਵੰਬਰ,10)

## 453. ਭੰਗੜੀ

ਰਵੀ ਸ਼ੰਕਰ ਨੇ ਕੇਹੀ ਅਦਾ ਕੱਢੀ ਲੁਧਿਆਣੇ ਆ 'ਭੰਗੜੀ' ਪਾਇਓ ਨੇ।
ਜਿਵੇਂ ਚੰਦ ਚੜ੍ਹਾਂਵਦਾ ਸਦਾ ਸਿੱਧੂ ਓਹਨੇ ਆਣ ਵੀ ਚੰਦ ਚੜ੍ਹਾਇਓ ਨੇ।
ਗੁਰੂ-ਨਗਰੀ 'ਚੋਂ ਚੁਣੇ ਗਏ ਐਮ.ਪੀ. ਹੋ 'ਗੁਰੂ' ਰਵੀ ਨੂੰ ਆਣ ਬਤਲਾਇਓ ਨੇ।
ਰਹਿੰਦੀ ਖ਼ਬਰ ਅਖ਼ਬਾਰ ਇਹ ਦੱਸ ਦਿੱਤੀ ਫੇਰ ਬਿਕਰਮ ਵੀ ਹੱਥ ਵਟਾਇਓ ਨੇ।
ਖੱਟਿਆ ਖਾਣ ਲਈ ਗੁਰੂ ਦੇ ਨਾਂ ਸੰਦੀ ਝੁਕਦੇ ਫ਼ੱਕਰਾ ਲੋਕ ਕਿੰਜ ਓਕ ਵਾਂਗੂੰ!
ਵੋਟ-ਸ਼ੁਹਰਤ ਲਈ ਤੁੱਕਿਆਂ ਵੱਲ ਵਿੰਹਦੇ ਵੇਖ ਕਿਸਤਰ੍ਹਾਂ ਭੁੱਖੜੇ ਬੋਕ ਵਾਂਗੂੰ!!

## 454. ਕਾਟੋ

ਕਾਂਗਰਸ ਦੀ ਵੇਖਲਾ ਫ਼ੱਕਰਾ ਕਿਸਤਰ੍ਹਾਂ ਚਲਦੀਆਂ ਗੋਲੀਆਂ ਜੀ।
ਅੰਮ੍ਰਿਤਸਰ ਬਟਾਲੇ ਦੇ ਵਿੱਚ ਕੀਕਰ ਲੜਨ ਬਿਫ਼ਰੀਆਂ ਆਪਸ ਵਿੱਚ ਟੋਲੀਆਂ ਜੀ।
ਕੈਪਟਨ ਬਾਜਵਾ ਸਾਹਮਣੇ ਫੇਰ ਹੋਏ ਵਰਕਰ ਖੇਡ੍ਹਦੇ ਖ਼ੂਨੀ ਹਨ ਹੋਲੀਆਂ ਜੀ।
ਮਾਰਨ ਬੋਲੀਆਂ ਇਕ ਤੋਂ ਇਕ ਵਧਕੇ ਇਕ ਦੂਜੇ ਦੀਆਂ ਚੱਕਦੇ ਚੋਲੀਆਂ ਜੀ।
ਓਧਰ ਤਾਏ ਦਾ ਭਾਜਪਾ ਨਾਲ ਟਾਂਚਾ ਸੋਹਣਾ ਨਿਭਦਾ ਸੀ ਨਿੱਘੜਾ ਪਿਆਰ ਵੇਖੋ!
ਚਾੜ੍ਹਨ ਲਈ ਸੁਖਬੀਰ ਦੀ 'ਤਾਂਹ ਕਾਟੋ ਕੀਤਾ ਖੱਖੜੀਆਂ ਕਿਵੇਂ ਪ੍ਰਵਾਰ ਵੇਖੋ!!

## 455. ਘੁੰਡ

ਬਹਿਸ ਕਰਨ ਦੀ ਸਾਡੇ ਵਿਚ ਅਕਲ ਨਾਹੀਂ ਬੜ੍ਹਕ ਅਸੀਂ ਹਰਿਆਣਵੀ ਡਾਰਦੇ ਹਾਂ।
ਅਸੀਂ ਢੱਟੇ ਸਰਕਾਰੀ ਹਾਂ ਝੁੱਲ ਵਾਲੇ ਸਮਾਂ ਢੁੱਕੇ ਤਾਂ ਮੋਕ ਹੀ ਮਾਰਦੇ ਹਾਂ।
ਕਰਜ਼ ਸ਼ੈਆਂ ਹਜ਼ਾਰਾਂ ਦਾ ਪਤਾ ਨਾਹੀਂ ਅਸੀਂ ਕੂੜ ਹੀ ਕੂੜ ਪ੍ਰਚਾਰਦੇ ਹਾਂ।
ਹੋਣ ਚਮਚੇ ਤੇ ਮੀਡੀਆ ਚਹੁੰ ਪਾਸੀਂ ਵਾਂਗੂੰ ਕਮਲਿਆਂ ਝੱਲ ਖਿਲਾਰਦੇ ਹਾਂ।
ਜੇ ਕੋਈ ਮੂਹਰਿਓਂ ਸਾਨੂੰ ਵੰਗਾਰ ਦੇਵੇ ਪੂਛ ਪਾ ਲੀਏ ਚੱਡਿਆਂ ਵਿੱਚ ਭਾਈ!
ਅਸੀਂ ਘੁੰਡ ਵਿਕਾਸ ਦਾ ਕੱਢ ਲਈਏ ਹੋਣਾ ਕਾਸਤੋਂ ਭਲਾ ਹੈ ਜਿੱਚ ਭਾਈ?

## 456. ਲਲਕਾਰੇ

ਫ਼ੱਕਰਾ ਛੱਡ ਪ੍ਰਦੇਸ ਦਾ ਝਗੜ-ਝੇੜਾ ਗੱਲ ਛੱਡ ਤੂੰ ਗੋਰਿਆਂ-ਚਿੱਟਿਆਂ ਦੀ।
ਚੱਲ ਚੱਲੀਏ ਓਸ ਪੰਜਾਬ ਵੱਲੇ ਜਿੱਥੇ ਚੱਲੇ ਗੱਲ ਬਿੱਟੂਆਂ-ਬਿੱਟਿਆਂ ਦੀ।
ਜਿੱਥੇ ਗੱਲ ਦਸਤਾਰ ਦੀ ਦੂਰ ਹੋਈ ਗੱਲ ਸਾਹਮਣੇ ਭਿੜਦੇ ਹੋਏ ਗਿੱਟਿਆਂ ਦੀ।
ਜਿਹੜੀ ਪੈਣ ਜ਼ਮੀਨ ਵਿਚ ਬੀਜ ਐਸੇ ਰਖਦੈਂ ਝਾਕ ਕੀ ਕਮਲ਼ਿਆ ਸਿੱਟਿਆਂ ਦੀ।
ਨਸ਼ਾ ਪੀ ਕੇ ਹਨ ਨੇਤਾ ਤਕਰੀਰ ਕਰਦੇ ਉੱਤਰ ਬਹੁੜਦੇ ਨਾਲ ਲਲਕਾਰਿਆਂ ਦੇ!
ਪਾਣੀ-ਬਾਣੀ ਜਿਸ ਧਰਤ 'ਚੋਂ ਹੋਏ ਗ਼ਾਇਬ ਝਓਂ ਗਏ ਜਿੱਥੇ ਹਨ ਬੋਲ ਜੈਕਾਰਿਆਂ ਦੇ!!

(5 ਦਸੰਬਰ, 10)



## 457. ਨਿੱਕੀ-ਚੀਜ਼

ਕੀਤਾ ਜੂਲੀਅਨ ਅਸਾਂਜ ਨੇ ਕਾਰਨਾਮਾ ਵਿਕੀਲੀਕਸ ਦਾ ਬੰਬ ਚਲਾਇ ਕੇ ਜੀ।
ਪ੍ਰੇਸ਼ਾਨ ਤੇ ਕਿੰਝ ਪਸ਼ੇਮਾਨ ਕੀਤਾ ਗਧੀ-ਗੇੜ ਸਭ ਵੱਡੜੇ ਪਾਇ ਕੇ ਜੀ।
ਕੀਤੇ ਜਗਤ-ਹਮਾਮ ਵਿਚ ਸਭ ਨੰਗੇ ਵਸਤਰ ਰੱਖਤੇ ਕਿਸਤਰ੍ਹਾਂ ਲ੍ਹਾਇ ਕੇ ਜੀ।
ਨਸ਼ਰ ਕੀਤੇ ਕਿਸ ਕਦਰ ਹਨ ਭੇਤ ਵੱਡੇ ਰੱਖਤੀ ਧਰਤ ਹੀ ਸਾਰੀ ਹਿਲਾਇ ਕੇ ਜੀ!
ਕਿੱਡੇ ਵੱਡੜੇ ਫ਼ੱਕਰ ਸੀ ਕੰਮ ਕੀਤੇ ਕਿਵੇਂ ਨਿੱਕੀ ਜੀਹ ਚੀਜ਼ ਨੇ ਮਾਰਿਆ ਹੈ!
'ਕਦੇ ਕੀੜੀ ਵੀ ਹਾਥੀ ਨੂੰ ਢਾਅ ਲੈਂਦੀ' ਤਾਹੀਏਂ ਸਿਆਣਿਆਂ ਸੱਚ ਉਚਾਰਿਆ ਹੈ!!

## 458. ਵੇਲ-ਬੂਟੀ

ਜਦੋਂ ਮਿਲਿਆ ਸਰਕੋਜ਼ੀ ਮਨਮੋਹਨ ਨੂੰ ਆ ਗੱਲਾਂ ਬੈਠਕੇ ਸੱਭੇ ਵਿਚਾਰੀਆਂ ਜੀ।
ਬਿਜਲੀ ਅਤੇ ਰੀਐਕਟਰਾਂ ਗੱਲ ਹੋਈ ਪਈਆਂ ਜੱਫੀਆਂ ਘੁੱਟਵੀਆਂ-ਭਾਰੀਆਂ ਜੀ।
ਮਸਲਾ ਪੱਗ ਦਾ ਦੱਬ ਗਿਆ ਐਨ ਹੇਠਾਂ ਪੈਣ ਉੱਤੋਂ ਦੀ ਕਿਵੇਂ ਕਿਲਕਾਰੀਆਂ ਜੀ।
ਸਿਮਰਤ ਸਿੱਧੂ ਤੇ ਹੋਰ ਵੀ ਖ਼ਰੇ ਪੁੱਜੇ ਫੜ੍ਹਾਂ ਹਿੰਦੀ ਮੈਂ ਸੋਹਣੀਆਂ ਮਾਰੀਆਂ ਜੀ।
ਪੰਥ ਵੇਚਿਆ ਕੌਡੀਆਂ ਭਾਅ ਜਿਹਨਾਂ ਨਿੱਕਲੇ ਪੰਥ ਦੀ ਪੱਗ ਬਚਾਉਣ ਖਾਤਰ!
ਸਿੱਖ-ਵੋਟਾਂ ਮੜ੍ਹੁੱਛਣ ਦੇ ਲਈ ਫ਼ੱਕਰ ਵੇਲ-ਬੂਟੀ ਨੂੰ ਥੁੱਕ ਲਗਾਉਣ ਖਾਤਰ!!

## 459. ਤੋਕੜ

ਆਏ ਦੁੱਖ-ਨਿਵਾਰਨ ਜਾਂ ਉੱਪ-ਕਾਕਾ ਵੇਖੋ ਭਾਜਪਾ ਠੋਕੀਆਂ ਝੰਡੀਆਂ ਨੇ।
ਕੀਕਰ ਪਾਵਨ-ਗੁਰਧਾਮ ਦੇ ਸੀਸ ਉੱਤੇ ਫੇਰ ਚਮਕੀਆਂ ਆਣ ਕੇ ਚੰਡੀਆਂ ਨੇ।
ਕੀਤੀ ਜਿਵੇਂ ਕਛਹਿਰੇ ਨੂੰ ਆਣ ਟਿੱਚਰ ਕੀਤੀ ਉਹ ਵੀ ਨੀੱਕਰਾਂ ਲੰਡੀਆਂ ਨੇ।
ਆਵੇ ਸੰਗ ਨਾ ਵੱਡਿਆਂ 'ਪੰਥਕਾਂ' ਨੂੰ ਸਾਂਹਵੇ ਰਗੜ ਕੇ ਵੱਢੀਆਂ ਘੰਡੀਆਂ ਨੇ।
ਸਤ ਕੇ ਬੀਰ ਦਵਿੰਦਰ ਨੇ ਲਿਖੀ ਚਿੱਠੀ-ਜੱਥੇਦਾਰ ਜੀ! ਆਹ ਕੀ ਹੋਈ ਜਾਂਦੈ?
ਜੱਥੇਦਾਰ ਜੀ ਫ਼ੱਕਰਾ ਕਹਿਣ ਲੱਗੇ-ਸਾਨੂੰ ਤੋਕੜਾਂ ਨੂੰ ਕਾਕਾ ਚੋਈ ਜਾਂਦੈ!!

## 460. ਯੂਥ-ਦਲ

ਯੂਥ-ਦਲਾਂ ਦੇ ਬੁੱਢੜੇ ਬਣਨ ਮੋਹਰੀ ਹੋਣ ਲੱਗੀਆਂ ਗੱਲਾਂ ਅਵੱਲੀਆਂ ਜੀ।
ਝੱਡਾ ਚੁੱਕ ਕੇ ਦਲਾਂ ਦੇ ਤੁਰਨ ਮੂਹਰੇ ਢਲਦੀ ਉਮਰ ਵਿਚ ਪੈਂਦੀਆਂ ਖ਼ੱਲੀਆਂ ਜੀ।
ਲਹੂ-ਲੀਡਰੀ ਮੂੰਹਾਂ ਨੂੰ ਆਣ ਲੱਗੇ ਚਾਹੁਣ ਸਦਾ ਹੀ ਕੁਰਸੀਆਂ ਮੱਲੀਆਂ ਜੀ।
ਮੂਰਤ ਖ਼ਬਰ ਅਖ਼ਬਾਰ ਵਿੱਚ ਰੋਜ਼ ਆਵੇ ਮਿਲਣ ਸ਼ੁਹਰਤਾਂ ਸਦਾ ਸਵੱਲੀਆਂ ਜੀ।
ਯੂਥ-ਦਲ ਦਾ ਫ਼ੱਕਰ ਪ੍ਰਧਾਨ ਚੁਣਨੈਂ ਭਾਵੇਂ ਸ਼ਰਤ-ਜੁਆਨੀ ਨਾ ਪਾਸ ਹੋਵੇ!
ਰੱਖਣੀ ਕੁਰਸੀ ਪ੍ਰਵਾਰ ਦੇ ਵਿਚ ਆਪਾਂ ਰਿਸ਼ਤੇਦਾਰ ਉਹ ਆਪਣਾ ਖਾਸ ਹੋਵੇ!!

(12 ਦਸੰਬਰ, 10)

## 461. ਭੂਰੀ

ਵਿਕੀਲੀਕਸ ਦੀ ਚਰਖੜੀ ਕੀ ਘੁੰਮੀ ਵੇਖੋ ਰਾਹੁਲ ਵੀ ਗਿਆ ਅਟੇਰਿਆ ਏ।
ਜਿਵੇਂ ਸਾਧ ਦੀ ਭੂਰੀ ਤੇ 'ਕੱਠ ਹੋਵੇ ਕਿਵੇਂ ਭਾਜਪਾ ਆਣ ਕੇ ਘੇਰਿਆ ਏ।
ਅੱਗੇ ਮੋਹਣ ਨੂੰ ਰਾਤੀਂ ਨਾ ਨੀਂਦ ਆਵੇ ਮਗ਼ਜ਼ ਕਿਵੇਂ ਘੁਟਾਲਿਆਂ ਫੇਰਿਆ ਏ।
ਕਾਂਵਾਂ-ਰੌਲੀ ਨੇ ਹਾਊਸ ਨੂੰ ਪੱਟ ਧਰਿਆ ਹੁੰਦੀ ਰੋਜ਼ ਹੀ ਤੇਰਿਆ-ਮੇਰਿਆ ਏ।
ਵਿਹਲੀ ਭਾਜਪਾ ਤਾਂ ਬੰਦਾ ਭਾਲਦੀ ਹੈ ਹੋਵੇ ਰਾਹੁਲ ਜਾਂ ਕੋਈ ਮਨਮੋਹਨ ਹੋਵੇ!
ਕੁਝ ਤਾਂ ਚਾਹੀਦੈ ਫ਼ੱਕਰਾ ਕਰਨ ਖਾਤਰ ਜਦੋਂ ਹੋਰ ਕੋਈ ਖੋਹ ਨਾ ਖੋਹਣ ਹੋਵੇ!!

## 462. ਚੁੱਭੀ

ਵੱਡੀ ਚੁੱਭੀ ਹੀ ਮਾਰ ਗਏ ਬੜੇ ਬਾਦਲ ਸਿਰ ਤੋਂ ਸੈਹੇ ਦੇ ਜਿਸਤਰ੍ਹਾਂ ਸਿੰਗ ਮੀਆਂ।
ਵੱਡੀ ਕੁਰਸੀ ਨਾ ਪਿੱਠ ਦੇ ਹੇਠ ਆਵੇ ਹੋਣ ਕਾਕਾ ਜੀ ਵਿੰਗ-ਤੜਿੰਗ ਮੀਆਂ।
ਗੱਲ ਲੱਗੇ ਅਧੂਰੜੀ ਜਿਹੀ ਸਾਰੀ ਜਿਉਂਕਰ ਲਿੰਗ ਤੇ ਨਹੀਂ ਪੁਲਿੰਗ ਮੀਆਂ।
ਪੂਰੇ ਅਹੁਦੇ ਤੋਂ ਬਿਨਾਂ ਮਨੁੱਖ ਏਵੇਂ ਬਿਨਾ ਘੋੜੇ ਤੋਂ ਜਿਵੇਂ ਨਹਿੰਗ ਮੀਆਂ।
ਲੋਕੀ ਪੁੱਛਣ ਕਿ ਦਿਓ ਜੀ ਕੋਈ ਉੱਤਰ-ਭਲਾ ਏਨੀ ਰੂਪੋਸ਼ੀ ਵੀ ਕੀ ਹੋਈ?
ਗੱਲ ਵਿਗੜੀ ਜੇ ਘੁੰਡ ਤਾਂ ਨਾ ਕੱਢੋ ਭਲਾ ਏਨੀ ਨਮੋਸ਼ੀ ਵੀ ਕੀ ਹੋਈ?

## 463. ਖੀਰ

ਆਉਂਦੀ ਚੋਣ ਮੈਦਾਨ ਹੈ ਗਰਮ ਹੋਇਆ ਸਭਨਾ ਧਿਰਾਂ ਤਿਆਰੀਆਂ ਕੱਸੀਆਂ ਨੇ।
ਮੇਲਾ ਦਿਨ ਜਾਂ ਪਿੰਡ ਕਿੰਝ ਸ਼ਹਿਰ ਲੁੱਟਣੈ ਗੱਲਾਂ ਆਣ ਕੇ ਪਾਛੂਆਂ ਦੱਸੀਆਂ ਨੇ।
ਪਿੜੀਆਂ ਪਾਉਣ ਲਈ ਸਾਰਿਆਂ ਮਾਹਰ ਸੱਦੇ ਜਾਲ ਬੁਣਨ ਲਈ ਵੱਟਦੇ ਰੱਸੀਆਂ ਨੇ।
ਦੇਣ ਹੁ੍ਲੀਆਂ ਟਿਕਟਾਂ ਦੇ ਲਈ ਇੱਛਕ ਤਲੀਆਂ ਲੀਡਰਾਂ ਉਹਨਾਂ ਜਾ ਝੱਸੀਆਂ ਨੇ।
ਫ਼ੱਕਰ ਆਖਿਆ-ਵੋਟਰਾ ਖੀਰ ਖਾਣੀ? ਭਾਈ ਦੁੱਧ ਵਿਚ ਖੁਰਚਣਾ ਫੇਰਨਾ ਪਊ!
ਦੁੱਧ ਦਾ ਦੁੱਧ ਤੇ ਪਾਣੀ ਨਿਤਾਰਨਾ ਪਊ ਪਾਣੀ ਵਾਲਿਆਂ ਨੂੰ ਭਾਈ ਘੇਰਨਾ ਪਊ!!

## 464. ਡਾਂਗ

ਗ਼ਰਦ ਕਈ ਗੁਰਧਾਮਾਂ ਵਿੱਚ ਕਿਵੇਂ ਉੱਡੇ ਕਿਵੇਂ ਪੇਸ਼ੀਆਂ ਪੈਂਦੀਆਂ ਰਹਿੰਦੀਆਂ ਹਨ।
ਜਦੋਂ ਚੱਲਣ ਕਿਰਪਾਨਾਂ ਤਾਂ ਡਰਨ ਬੱਚੇ 'ਘਰੇ ਰਹੋ ਜੀ'! ਪਤਨੀਆਂ ਕਹਿੰਦੀਆਂ ਹਨ।
ਵੇਖੋ ਦਰ ਨਿਰਭਉ ਦੇ ਜਾਇਕੇ ਵੀ ਸੰਗਤਾਂ ਬੱਕਰੀਆਂ ਵਾਂਗਰਾਂ ਤ੍ਰਹਿੰਦੀਆਂ ਹਨ।
ਚੋਰ ਤਾਂਘਦੇ ਸਦਾ ਪ੍ਰਧਾਨਗੀ ਨੂੰ ਨਹੀਂ ਤਾਂ ਰੋਇ ਰੋਇ ਅੱਖੀਆਂ ਵਹਿੰਦੀਆਂ ਹਨ।
ਸਭ ਕੁਝ ਗੁਰਾਂ ਦੇ ਨਾਮ 'ਤੇ ਹੋਈ ਜਾਂਦੇ ਰੋਜ਼ ਲਗਦੀਆਂ ਮਾਇਆ ਦੀਆਂ ਢੇਰੀਆਂ ਜੀ!
ਡਾਂਗ ਗੋਲਕ 'ਤੇ ਖੜਕਦੀ ਕਿਵੇਂ ਫੱਕਰ ਸਾਧ ਰੱਜਕੇ ਚੁੰਘਣ ਲਵੇਰੀਆਂ ਜੀ!!

(19 ਦਸੰਬਰ,10)



## 465. ਦਰਸ਼ਨ

ਇਕ ਦਿਨ ਖ਼ਬਰਾਂ ਵਿਚ ਟੀ.ਵੀ. 'ਤੇ ਕੀ ਡਿੱਠਾ ਸੰਗਤ-ਦਰਸ਼ਨ ਵਿੱਚ ਦਿਸਣ ਉਦਾਸ ਬਾਦਲ।
ਪੰਜੇ ਘਿਉ ਵਿਚ ਅਤੇ ਸਨ ਪੌਂ-ਬਾਰਾਂ ਗਲੇ ਮਿਲਦੇ ਸਨ ਭਰਾ ਗੁਰਦਾਸ ਬਾਦਲ।
ਕਾਹਤੋਂ ਲਾਇਕ ਭਤੀਜੇ ਨੂੰ ਤੋੜ ਲੀਤਾ? ਦਿੱਸਣ ਸਾਹਮਣੇ ਐਨ੍ਹ ਨਿਰਾਸ ਬਾਦਲ।
ਝਉਲਾ ਝਉਲਾ ਜਿਹਾ ਨਜ਼ਰ ਹੁਣ ਆਉਣ ਲੱਗਾ ਕਦੇ ਕਿੰਨੇ ਸਨ ਹੁੰਦੇ ਪਰਗਾਸ ਬਾਦਲ।
ਫ਼ੱਕਰ ਆਖਿਆ-ਰੱਜ ਕੇ ਕਰੋ ਦਰਸ਼ਨ ਮੌਕਾ ਆਖਰੀ ਸੰਗਤ-ਦੀਦਾਰ ਦਾ ਜੀ!
ਚੰਦ ਦਿਨਾਂ ਦੀ ਜਿਉਂ ਹੁਣ ਖੇਡ ਸਾਰੀ ਸਿੱਟਾ ਨਿੱਕਲਣਾ ਪੁੱਤਰ-ਪਿਆਰ ਦਾ ਜੀ!!

## 466. ਉਦਘਾਟਨ

ਸਾਨੂੰ ਪੁੱਜ ਕੇ ਤ੍ਰੇਹ ਉਦਘਾਟਨਾਂ ਦੀ ਲੱਗੀ ਤਾਲੂਏ ਨਾਲ ਜ਼ੁਬਾਨ ਸਾਡੀ।
ਸਾਲ ਚੋਣਾਂ ਵਿੱਚ ਰਹਿ ਗਿਐ ਇਕ ਸਾਰਾ ਤਾਹੀਏਂ ਮੁੱਠੀ ਵਿੱਚ ਆਈ ਹੈ ਜਾਨ ਸਾਡੀ।
ਕਦੇ ਪਾਏ ਸਨ ਨੋਟ ਬਰੀਫ਼-ਕੇਸੀ ਜਾਪੇ ਖਿਲਰਦੀ ਵੋਟਾਂ ਦੀ ਭਾਨ ਸਾਡੀ।
ਪੱਚੀ ਸਾਲ ਹੈ ਅਖੇ ਮੈਂ ਰਾਜ ਕਰਨਾ ਖੋਹ ਕੇ ਲੈ ਗਿਆ ਕਾਕਾ ਕਮਾਨ ਸਾਡੀ।
ਫ਼ੱਕਰ ਆਖਿਆ-ਬਾਦਲ ਜੀ ਧਰੋ ਪੱਥਰ ਲਵੋ ਚੌਂਕ 'ਤੇ ਚੌਂਕ ਹੁਣ ਵੰਡ ਮੀਆਂ।
ਢਾਏ ਵੱਡੇ ਅਕਾਲੀ ਸੀ ਜੀ ਭਰ ਕੇ ਹੁਣ ਕਾਕਾ ਲਵਾਊਗਾ ਕੰਡ ਮੀਆਂ!!

## 467. ਮੌਜਾਂ

ਭਾਵੇ ਹੇਠਾਂ ਪਰ ਭਾਜਪਾ ਖੂਬ ਹੱਸੇ ਹੱਸੇ ਦਲ ਦੀਆਂ ਵੇਖ ਮਜ਼ਬੂਰੀਆਂ ਨੂੰ।
ਅਸੀਂ ਕਾਲੀਆ ਭਾਈ ਦੀ ਖੁਸ਼ੀ ਖਾਤਰ ਘੁੱਟ ਵੱਟ ਕੇ ਰੱਖੀਏ ਘੂਰੀਆਂ ਨੂੰ।
ਬਾਪੂ ਲੱਭੇ ਨਾ ਕਿੱਥੇ ਹੈ ਜਾ ਵੜਿਆ ਲੱਭਾ ਟੋਲ ਰਜਾਈਆਂ ਤੇ ਭੂਰੀਆਂ ਨੂੰ।
ਆਪਣੇ ਅਤੇ ਪਰਾਏ ਨਾ ਸੁੱਝਣ ਸਾਨੂੰ ਜਿਵੇਂ ਬੱਚੇ ਜੀ ਸੁਝਣ ਨਾ ਸੂਰੀਆਂ ਨੂੰ।
ਹੋਵੇ ਥੱਲੇ ਜਾਂ ਭਾਜਪਾ ਹੋਏ ਉੱਤੇ ਪਏ ਜਿਵੇਂ ਵੀ ਮੌਜਾਂ ਇਹ ਮਾਣਦੀ ਹੈ!
ਦਲ ਹੋਇਆ ਨਿਕੰਮਾ ਤੇ ਗਰਜ਼ ਇਹਨੂੰ ਚਤਰੋ-ਖਚਰੋ ਇਹ ਚੰਗਰੂੰ ਜਾਣਦੀ ਹੈ!!

## 468. ਢੌਂਗ

ਦੁਨੀਆਂ ਕਿਸਤਰ੍ਹਾਂ ਹੋਈ ਇਹ ਢੌਂਗੀਆਂ ਦੀ ਮੋੜ ਮੋੜ 'ਤੇ ਚਲਦੇ ਹਨ ਢੌਂਗ ਏਥੇ।
ਏਥੇ ਲੀਚੀਆਂ ਮਗਰ ਹਨ ਪਏ ਲੋਕੀ ਕਿਸੇ ਭਾਅ ਜਾਨਣ ਨਾ ਵਿਕਦੇ ਹਨ ਲੌਂਗ ਏਥੇ।
ਮੋਇਆ ਮਿਰਜ਼ੇ ਦੀ ਹੇਕ ਤੇ ਹੀਰ ਜਾਣੇ? ਭਾਉਂਦੇ ਲੋਕਾਂ ਅੱਜ ਪੌਪ ਤੇ ਸੌਂਗ ਏਥੇ।
ਝੱਟ ਮੰਗਣੀ ਤੇ ਫੱਟ ਵਿਆਹ ਹੁੰਦੇ ਲੋਕੀ ਪਿਆਰ ਨਾ ਕਰਨ ਪ੍ਰੋਲੌਂਗ ਏਥੇ।
ਹੁਣ ਤਾਂ ਪਾਠ ਵੀ ਹੋਏ ਵਿਕਾਊ ਏਥੇ ਲਿਸਟਾਂ ਲੰਬੀਆਂ ਲੰਬੀਆਂ ਬਣਦੀਆਂ ਹਨ!
ਬੜੇ ਉਲਟ ਜ਼ਮਾਨੇ ਹਨ ਆਏ ਫ਼ੱਕਰ ਬੱਚੇ ਸਾਈ 'ਤੇ ਤੀਵੀਂਆਂ ਜਣਦੀਆਂ ਹਨ!!

(26 ਦਸੰਬਰ, 10)

## 469. ਧੱਜੀਆਂ

ਆਇਆ ਦਿਨ -ਸ਼ਹੀਦੀ ਸ਼ਹਿਬਜ਼ਾਦਿਆਂ ਦਾ ਲੋਕ ਉਮਡ ਕੇ ਫਤਿਹਗੜ੍ਹ ਆਉਣ ਲੱਗੇ।
'ਲੰਗਰ ਠੀਕ, ਨਾ ਗੱਲ ਸਿਆਸੀ ਹੋਵੇ' ਠੀਕ ਸਿੰਘ ਸਹਿਬਾਨ ਫਰਮਾਉਣ ਲੱਗੇ।
ਮਾਲਕ-ਲੀਡਰਾਂ ਲਈ ਇਹ 'ਹੁਕਮ' ਕਾਹਦੇ? ਇਹ ਨਾ ਉਹਨਾਂ 'ਤੇ ਫੁੱਲ ਚੜ੍ਹਾਉਣ ਲੱਗੇ।
ਤਾਹੀਏਂ ਧਰਮ ਦੀ ਖੱਟਿਆ ਖਾਣ ਵਾਲੇ ਧੱਜੀਆਂ-ਧਰਮ ਨੇ ਬਾਦਲ ਉਡਾਉਣ ਲੱਗੇ।
ਖਿੱਚੜੀ ਪੱਕੇ ਅੱਜ ਧਰਮ ਸਿਆਸਤਾਂ ਦੀ ਰੋਲ ਦਿੱਤੀਆਂ ਫ਼ੱਕਰ ਸ਼ਹਾਦਤਾਂ ਨੇ!
ਲਾਲੋ-ਲੰਗਰ ਵਿੱਚ ਵੜਦਾ ਹੈ ਕੋਈ ਵਿਰਲਾ ਭਾਗੋ-ਸਾਧਾਂ ਵਿਗਾੜੀਆਂ ਆਦਤਾਂ ਨੇ!!

## 470. ਮਸਲਾ

ਗ਼ਲੀ ਟਾਇਰ ਪਾ ਕਿਸਤਰ੍ਹਾਂ ਸਿੱਖ ਮਾਰੇ ਦਿੱਤੇ ਸਿੱਖਾਂ ਹੀ ਕਿਵੇਂ ਭੁਲਾ ਮੀਆਂ।
ਕੀ ਸਰਕਾਰਾਂ ਤੇ ਕੀ ਉਹ ਆਪਣੇ ਹੀ ਜਿਹੜੇ ਗਏ ਯਤੀਮਾਂ ਨੂੰ ਖਾ ਮੀਆਂ।
ਕਾਂਗਰਸ ਅਕਾਲੀ ਤੇ ਭਾਜਪਾ ਕੀ ਕੀਤਾ ਉਹਨਾਂ ਨਾਲ ਸਾਰਿਆਂ ਦਗ਼ਾ ਮੀਆਂ।
ਏਸ ਮਸਲੇ 'ਤੇ ਉਹਨਾਂ ਨਾਲ ਕੌਣ ਖੜ੍ਹਿਆ ਇਹ ਸਭ ਲੁੱਚੜੇ ਭੈਣ-ਭਰਾ ਮੀਆਂ।
ਦੰਗਾ-ਪੀੜਤ ਹਨ ਜਿਹਨਾਂ ਨੇ ਮਾਰ ਘੱਤੇ ਕਰਕੇ ਕੁਰਸੀਆਂ-ਪੀਹੜੀਆਂ ਪਿਆਰੀਆਂ ਜੀ!
ਕਾਂਗਰਸੀ ਅਕਾਲੀਆਂ ਪਵੇ ਟੋਕਾ ਜਿਹਨਾਂ ਕੀਤੀਆਂ ਕਹਿਰ-ਗੁਜ਼ਾਰੀਆਂ ਜੀ!!

## 471. ਨਸਲ

ਮਸਲਾ ਵੱਡਾ ਦਸਤਾਰ ਸੰਸਾਰ ਅੰਦਰ ਸਿੰਘ-ਸਾਹਿਬ ਤੱਕ ਸਾਰੇ ਹੀ ਜਾਣਦੇ ਹਨ।
ਹੋਵੇ ਫਰਾਂਸ ਅਮਰੀਕਾ ਜਾਂ ਹੋਰ ਕਿਧਰੇ ਸਭੇ ਸਿੱਖਾਂ ਨੂੰ ਆਟੇ ਵਤ ਛਾਣਦੇ ਹਨ।
ਜਿੱਥੇ ਵਿਤਕਰਾ ਨਾਲ ਦਸਤਾਰ ਹੋਵੇ ਸਿੰਘ ਓਥੇ ਹੀ ਛਾਤੀਆਂ ਤਾਣਦੇ ਹਨ।
ਸਿੱਖ ਲੀਡਰਾਂ ਦੀ ਐਪਰ ਨਸਲ ਕੈਸੀ ਐਸੇ ਮਸਲਿਆਂ ਨੂੰ ਵੀ ਜਿਹੜੇ ਮਾਣਦੇ ਹਨ।
ਇਕ ਪਾਸੇ ਤਾਂ ਕਹਿਣ ਦਸਤਾਰ ਖ਼ਾਤਰ ਇਹਨਾਂ ਮੁਲਕਾਂ ਹੈ ਕਾਸਤੋਂ ਅੱਤ ਚਾਈ?
ਦੂਜੇ ਬਾਦਲ ਅਮਰੀਕਾ 'ਚੋਂ ਜਾ ਆਖਣ-ਉਂਗਲ ਫ਼ੱਕਰਾ ਕਿਸੇ ਨਾ ਪੱਗ ਲਾਈ!

## 472. ਪੰਜਾਬ

ਬਚਦਾ ਤਦੇ ਪੰਜਾਬ ਹੈ ਗੁਰਾਂ ਸੰਦਾ ਮੋਹਰੀ ਸਿੱਖ ਤੇ ਕੋਈ ਨਾ ਹੋਰ ਹੋਵਣ।
ਨਾਲ ਸਾਰੇ ਪੰਜਾਬੀ ਹੀ ਉਹ ਹੋਵਣ ਵਫ਼ਾਦਾਰ ਨਾ ਦਿਲੇ ਦੇ ਚੋਰ ਹੋਵਣ।
ਚਾਹੇ ਕੰਮ ਪੰਜਾਬ, ਨਾ ਚੰਮ ਚਾਹੇ ਨੀਲੇ ਕਾਲੇ ਜਾਂ ਭਾਵੇਂ ਨਾ ਮੋਰ ਹੋਵਣ।
ਬੁੱਢੀਆਂ ਸੁੱਸਰੀਆਂ ਪੰਥ ਪੰਜਾਬ ਖਾਧੈ ਸਮਾਂ ਆ ਗਿਐ ਨਵੇਂ-ਨਿਕੋਰ ਹੋਵਣ।
ਉੱਜੜ ਗਿਐ ਪੰਜਾਬ ਦਾ ਬਾਗ਼ ਸਾਰਾ ਇਹ ਉਜਾੜਿਐ ਇਹਦੇ ਹੀ ਮਾਲੀਆਂ ਨੇ!
ਕਾਂਗੋ ਭਾਜਪਾ ਨੂੰਹਾਂ ਤਾਂ ਮਾਰਨਾ ਸੀ ਬੁੜ੍ਹਾ ਮਾਰਤਾ ਪੁੱਤਰ ਅਕਾਲੀਆਂ ਨੇ!!

( 1ਜਨਵਰੀ, 11)



## 473. ਡੁਗਡੁਗੀ

ਫ਼ੱਕਰਾ ਭਾਜਪਾ ਵੇਖ ਸੀ ਜਦੋਂ ਉੱਤੇ ਯਾਦ ਆਈ ਨਾ ਦਿੱਲੀ ਦੇ ਦੰਗਿਆਂ ਦੀ।
ਅੱਜ ਤਾਈਂ ਨਾ ਬੁਰੀ ਕੋਈ ਗੱਲ ਲੱਗੀ ਹੱਥ ਸਿੱਖਾਂ ਦੇ ਖ਼ੂਨ ਨਾਲ ਰੰਗਿਆਂ ਦੀ।
ਹੁਣ ਜਦ ਕੁਰਸੀ ਦੀ ਪਿੱਠ ਨੂੰ ਲੂਹਣ ਲੱਗੀ ਦਿਲੇ ਜਾਗਪੀ ਗੱਲ ਹੈ ਪੰਗਿਆਂ ਦੀ।
ਪੰਥ ਕਿੰਨੇ ਦਾ ਵੇਚਣਾ-ਵੱਟਣਾ ਹੈ ਸੁਰਤ ਤੁਸਾਂ ਭਾਅ ਮੰਦਿਆਂ-ਚੰਗਿਆਂ ਦੀ।
ਕਾਂਗਰਸ ਤਾਂ ਸਿੱਖਾਂ ਦੀ ਚੱਲੋ ਦੁਸ਼ਮਣ ਤੁਸੀਂ 'ਪੰਥਕੋ' ਦੱਸੋ ਕੀ ਖੋਹਣ ਖੋਹਿਆ?
ਤੁਸੀਂ ਡੁਗਡੁਗੀ ਉੱਤੇ ਹੋ ਸਦਾ ਨੱਚੇ ਜਦੋਂ ਸਾਹਮਣੇ ਦਿੱਲੀ ਪੰਜਾਬ ਰੋਇਆ!

## 474. ਰੇਤਾ

ਕਿਵੇਂ ਅਹੁਦੇ ਹੰਢਾਉਦਿਆਂ ਉਮਰ ਲੰਘੀ ਛੁੱਟੀ ਹੋਣ ਦੀਆਂ ਆਈਆਂ ਹਨ ਵਾਰੀਆਂ ਜੀ।
'ਗਗਨ ਮਾੜਾ ਹੈ ਚੰਗਾ ਜੀ ਬਾਂਹ ਫੜਲੋ' ਪਤਨੀ ਗੁੱਝੀਆਂ-ਗੁੰਝਲਵੀਆਂ ਮਾਰੀਆਂ ਜੀ।
ਅੱਗੋਂ ਕਿਹਾ ਬਰਨਾਲੇ ਨੇ ਸੁਣ ਸੀਤੋ-ਤੂੰ ਸਭ ਜਾਣਦੀ ਹਮਰ-ਹੁਸ਼ਿਆਰੀਆਂ ਜੀ।
ਮੈਂ-ਬਲਵੰਤ ਨੇ ਮਾਰਿਆ ਪੰਥ ਜਿੱਦਾਂ ਚੰਡੀਗੜ੍ਹ 'ਤੇ ਪਾਈਆਂ ਫੁਲਕਾਰੀਆਂ ਜੀ।
ਹੱਸ ਕਿਹਾ ਸੁਰਜੀਤ ਕਿ ਸੱਚ ਆਪਾਂ ਲੌਂਗੋਵਾਲ ਦੀਆਂ ਵੇਚੀਆਂ ਹੱਡੀਆਂ ਵੇ!
ਆ ਜਾ ਗੁਰਾਂ ਦਾ ਮਹਿੰਗਾ ਪੰਜਾਬ ਵਿਕਦੈ ਬਣਕੇ ਰੇਤਾ ਟਰੱਕਾਂ ਵਿੱਚ ਗੱਡੀਆਂ ਵੇ!!

## 475. ਵਟਾ

ਖਹਿਰਾ ਪੈ ਗਿਆ ਵੇਖੋ ਸੁਖਬੀਰ ਤਾਈਂ ਪੈਂਦੀ ਜਿਵੇਂ ਸ਼ਰਾਬ ਨੂੰ ਅੱਗ ਮੀਆਂ।
ਪੂਰੇ ਤੌਰ -ਤਰੀਕੇ ਉਹ ਪਿਓ ਵਾਲੇ ਰਹੇ ਦਿਲੋ-ਦਿਮਾਗ਼ ਵਿੱਚ ਵੱਗ ਮੀਆਂ।
ਗੱਲ ਇਉਂ ਕਰਦੈ ਝਰੇ ਝਾਰਨੀ 'ਚੋਂ ਮੂੰਹੋਂ ਛੱਡੇ ਸੁਖਬੀਰੀ ਨਾ ਝੱਗ ਮੀਆਂ।
ਗੁੱਝੀ ਗੱਲ ਸਿਆਣਪ ਦੇ ਨਾਲ ਦੱਸੇ ਠੱਗ ਰਹੇ ਪੰਜਾਬ ਨੂੰ ਠੱਗ ਮੀਆਂ।
ਫ਼ੱਕਰ ਦਿੱਤਾ ਸੁਨੇਹਾ ਸੁਖਪਾਲ ਨੂੰ ਇਹ-ਰਾਜਾ ਭੂੰਡਾਂ ਦੀ ਖੱਖਰ ਨਾ ਛੇੜੀਏ ਜੀ!
ਦਿੱਲੀ-ਦੰਗਿਆਂ ਦੀ ਜਦੋਂ ਗੱਲ ਆਵੇ ਵਟਾ ਮੁੱਛਾਂ ਦਾ ਥੋੜ੍ਹਾ ਉਧੇੜੀਏ ਜੀ!!

## 476. ਪਿਆਜ਼

ਪਾਕਿਸਤਾਨ ਪਾਬੰਧੀ ਹੈ ਲਾਈ ਕੈਸੀ ਦੱਸ ਲੋਕਾਂ ਨੂੰ ਫੱਕਰਾ ਰਾਜ਼ ਦੀ ਗੱਲ।
ਅੱਖਾਂ ਨਾਲ ਕੌੜਿਤਣ ਦੇ ਲਾਲ ਹੋਸਨ ਹੋਣੀ ਮਹਿੰਗੇ ਜਦ ਏਸ ਪਿਆਜ਼ ਦੀ ਗੱਲ।
ਗਾਣੇ ਹੱਦ ਦੀ ਫੇਰ ਪਰੇਡ ਬਣਨੇ ਧੀਮੀਂ ਪਏਗੀ ਮਿੱਠੀ ਆਵਾਜ਼ ਦੀ ਗੱਲ।
ਸ਼ਿਅਰੋ-ਸ਼ਾਇਰੀ ਸੰਗੀਤ ਨੂੰ ਲੋਕ ਤਰਸਣ ਛਹਿ ਕੇ ਬੈਠਜੂ ਫੇਰ ਰਿਆਜ਼ ਦੀ ਗੱਲ।
ਗੰਢੇ ਕੀਤੇ ਪਾਬੰਦੀ ਨੇ ਇਓਂ ਮਹਿੰਗੇ ਕਲ੍ਹ ਨੂੰ ਸੋਨੇ ਨੂੰ ਕਿਸੇ ਨੇ ਪੁੱਛਣਾ ਨਹੀਂ!
ਸਾਧ ਲੀਡਰ ਜਿਓਂ ਲਵੀਆਂ ਨੂੰ ਚਰਨ ਪੈ ਗਏ ਹੋਰ ਇੰਜ ਰਗੜਨਾ ਮੁੱਛਣਾ ਨਹੀਂ!!

(9 ਜਨਵਰੀ,11)

## 477. ਸੱਟ

ਕਿਹਾ ਕਾਰਲਾ ਮਾਡਲ ਅੰਗੜਾਈ ਭਰਕੇ ਮੇਰੇ ਸੀਨੇ ਵਿੱਚ ਹਾਏ ਇਹ ਚਾਹ ਉੱਠੀ।
ਫਰਾਂਸੀਸੀ ਪ੍ਰਧਾਨ ਨੂੰ ਪਿਆਰ ਕੀਤਾ ਲੀੜਾ-ਲੱਤਾ ਮੈਂ ਸਾਰਾ ਹੀ ਲਾਹ ਉੱਠੀ।
ਮੈਨੂੰ ਬੱਚਾ ਸਰਕੋਜ਼ੀ ਦਾ ਚਾਹੀਦਾ ਹੈ ਸ਼ਰ੍ਹੇ-ਆਮ ਕਹਿ ਬੇਪ੍ਰਵਾਹ ਉੱਠੀ।
ਭਾਰਤ ਗਈ ਤੇ ਮੱਥੇ ਵੀ ਰਗੜ ਆਈ ਕਰ ਕਰ ਧਰਮ ਤੇ ਸਾਰਾ ਵਿਸਾਹ ਉੱਠੀ।
ਮੈਂ ਹਾਂ ਮਾਡਲ ਤੇ ਕੀਹਦੇ ਤੋਂ ਘੱਟ ਹਾਂ ਮੈਂ? ਨਹੀਂ ਸਰਕੋਜ਼ੀ ਵੀ ਘੋੜੇ ਤੋਂ ਘੱਟ ਮੀਆਂ!
ਓਹਦੇ ਰੰਗ ਤਾਂ ਓਹੀ ਹੀ ਜਾਣਦਾ ਹੈ ਕਦੋਂ ਲਾਂਵਦਾ ਕੰਮ ਦੀ ਸੱਟ ਮੀਆਂ!!

## 478. ਸਨਮਾਨ

ਗੱਲ ਮਾਨ ਦੀ ਵੱਲ ਸਿੱਖ ਕੰਨ ਕਰਦੇ ਕਦੇ ਕਦੇ ਜਦ ਕਰੇ ਕਮਾਲ ਦੀ ਗੱਲ।
ਰੰਗ ਵੈਂਗਣੀ ਉੱਘੜਦੈ ਸਿੰਘ ਵਾਲਾ ਜਦੋਂ ਕਰੇ ਨਾ ਹੋਰਾਂ ਦੇ ਨਾਲ ਦੀ ਗੱਲ।
ਨਾਲ ਦੂਜਿਆਂ ਕਰੇ ਪਰੇਡ ਨਾਹੀਂ ਤਾਹੀਂ ਨਿਖਰਦੀ ਵੱਖਰੀ ਚਾਲ ਦੀ ਗੱਲ।
ਖਿਚੜੀ ਢਾਈ ਪਾ ਸਿੱਖਾਂ ਨੂੰ ਹੈ ਚੰਗੀ ਕਰੜ-ਬਰੜੀ ਨਾ ਕਰੇ ਜੇ ਦਾਲ ਦੀ ਗੱਲ।
ਗੱਲ ਕਹੀ ਜਾਂ ਡਿਉਢੀ-ਦਰਵਾਜ਼ਿਆਂ ਦੀ ਮੂੰਹੋਂ ਫ਼ੱਕਰ ਦੇ ਨਿਕਲਿਆ-ਮਾਨ ਸ਼ੇਰਾ!
ਲੜਦਾ ਰਿਹਾ ਜੇ ਦਿਲੋਂ ਤੂੰ ਪੰਥ ਖਾਤਰ ਮਰਨ ਬਾਅਦ ਹੀ ਹੋਊ ਸਨਮਾਨ ਤੇਰਾ!!

## 479. ਲਾਜ

ਵੱਡੇ ਬਾਦਲ ਨੂੰ ਵਾਧ ਨਾ ਘਾਟ ਭੋਰਾ ਜਿਵੇਂ ਕੰਜਰੀ ਚੜ੍ਹੇ ਨਾ ਕਾਮ ਮੀਆਂ।
'ਕੱਠ ਹਨ ਵਿੱਚ ਪੰਡਾਲਾਂ ਵੱਧ ਘੱਟ ਹੁੰਦੇ ਇਹ ਤਾਂ ਸਰਸਰੀ ਅਤੇ ਗੱਲ ਆਮ ਮੀਆਂ।
ਦਿਨੇ ਚਮਚੇ ਹੀ ਬਹੁਤ ਵਰਚਾਈ ਰਖਦੇ ਰਾਤੀਂ ਮੱਥੇ 'ਤੇ ਲਾਈਵੀ ਬਾਮ ਮੀਆਂ।
ਅਸੀਂ ਵਾਹਿਗੁਰੂ ਤਾਈਂ ਤਾਂ ਵਰਤਦੇ ਸਾਂ ਹੁਣ ਤਾਂ ਨਾਲ ਰਲਾ ਲਿਐ ਰਾਮ ਮੀਆਂ।
ਅਜੇ ਕਹਿੰਦੈ ਇਲੈਕਸ਼ਨ ਵਿੱਚ ਸਮਾਂ ਚੰਗਾ ਲਗਦੈ ਹੱਥ ਤੇ ਸਰ੍ਹੋਂ ਜਮਾ ਦਿਆਂਗੇ!
ਅਸੀਂ ਕਾਕੇ ਦੇ ਮੋੜ ਤੋਂ ਜੇ ਬਚਗੇ ਲੀਕ ਰਹਿੰਦੀ ਵੀ ਪੰਥ ਨੂੰ ਲਾ ਦਿਆਂਗੇ!!

## 480. ਵੋਟ

ਸਾਰੇ ਪਾਈ ਹੈ ਜਦੋਂ ਘੜਮੱਸ-ਚੌਦੇਂ ਵੋਟਰ ਜਾਏ ਤਾਂ ਦੱਸੋ ਜੀ ਜਾਏ ਕਿੱਥੇ?
ਵੇਖੋ ਵੋਟਰ ਦੇ ਕੁੜਤੇ ਨੂੰ ਪਏ ਸਾਰੇ ਵੋਟਰ ਕੁੜਤਾ ਪੜਵਾਏ ਪੜਵਾਏ ਕਿੱਥੇ?
ਲੱਤਾਂ ਦੋ ਤੇ ਖਾਣ ਨੂੰ ਵੀਹ ਫਿਰਦੇ ਲੱਤਾਂ ਦੱਸੋ ਲੁਕਵਾਏ-ਲੁਕਾਏ ਕਿੱਥੇ?
ਚੋਣਾਂ ਵੀਹ ਪੰਜਾਬ ਵਿੱਚ ਆਉਣੀਆਂ ਹਨ ਵੋਟ ਪਾਏ ਤਾਂ ਪਾਏ ਜੀ ਪਾਏ ਕਿੱਥੇ?
ਫ਼ੱਕਰ ਆਖਿਆ ਵੋਟਰਾਂ ਫ਼ਿਕਰ ਕਾਹਦਾ? ਬੇਰਾਂ ਵੱਟੇ ਵੀ ਕੁਝ ਨਾ ਮਾਰੀਏ ਜੀ!
ਚੰਗੀ ਲੱਗੇ ਸੰਦੂਕੜੀ ਜੋ ਤੈਨੂੰ ਵੋਟ ਓਸੇ ਸੰਦੂਕੜੀ ਡਾਰੀਏ ਜੀ!!

(16 ਜਨਵਰੀ, 11)

## 481. ਆਸ

ਕ੍ਰਿਸ਼ਨਨ ਗਿਆ ਆਸਟ੍ਰੇਲੀਆ ਪਹਿਨ-ਪੱਚਰ ਕਿਹਾ- ਝੋਲੀ ਯੂਰੇਨੀਅਮ ਪਾ ਦਿਓ ਜੀ।
ਠੂਠਾ ਫੜਕੇ ਆਇਆ ਹਾਂ ਦਰ ਥੋਡੇ ਮੇਰੀ ਇੱਕੋ ਇਹ ਆਸ ਪੁਗਾ ਦਿਓ ਜੀ।
ਇਕ-ਦੋਂਹ ਮੁਲਕਾਂ ਨੇ ਠੁੱਠ ਵਿਖਾਇਐ ਅੱਗੇ ਕੰਮ ਕਰੋ ਤੇ ਟੌਹਰ ਬਣਾ ਦਿਓ ਜੀ।
ਸਮਝਣ ਐਵੇਂ ਨਾ ਲੋਕੀ ਨਾਲਾਇਕ ਮੈਨੂੰ ਕਾਲਖ ਮੱਥੇ ਦੀ ਥੋੜ੍ਹੀ ਮਿਟਾ ਦਿਓ ਜੀ।
ਅੱਗੋਂ ਮਿਲਿਆ ਜਵਾਬ-ਦੁੱਧ ਪਾਓਂ ਪਾਣੀ ਫ਼ੱਕਰ ਕਹਿਣਾ ਕੀ ਤੁਸਾਂ ਗਵਾਲਿਆਂ ਦਾ!
ਕਾਮਨ-ਖੇਡਾਂ ਦਾ ਪਹਿਲਾਂ ਬਕਾਇਆ ਮੋੜੋ ਪਤਾ ਲੱਗ ਗਿਐ ਥੋਡੇ ਘੁਟਾਲਿਆਂ ਦਾ!!

## 482. ਡੋਰ

ਬਾਬਾ ਜੀਵਨ ਸਿੰਘ ਸੰਦੇ ਸਮਾਗਮਾਂ ਵਿੱਚ ਕਾਕੇ ਵੱਖਰੀ ਕੀਤੀ ਤਕਰੀਰ ਵੇਖੋ।
ਕਰਨੀ ਗੱਲ ਸ਼ਹੀਦੀ ਦੀ ਸੀ ਬਣਦੀ ਅਤੇ ਮਾਰਿਆ ਕਿੱਧਰ ਨੂੰ ਤੀਰ ਵੇਖੋ।
ਕੁਰਸੀ ਲਈ ਸ਼ਹਾਦਤਾਂ ਵੇਚੀਆਂ ਸੂ ਲੋਕੀ ਕਰਦੇ ਅੱਖਾਂ 'ਚੋਂ ਨੀਰ ਵੇਖੋ।
ਘੋੜੇ ਧਰਮ ਸਿਆਸਤ ਦੀ ਪਾ ਕਾਠੀ ਕਿੱਧਰ ਤੋਰਨੀ ਚਾਹੀ ਵਹੀਰ ਵੇਖੋ।
ਕਿਹਾ ਕਾਕੇ-ਮਹਿੰਗਾਈ ਜੇ ਨਹੀਂ ਰੁਕਦੀ ਸਾਂਭੋ ਬਾਪੂ ਨੂੰ ਦੇਸ਼ ਦੀ ਡੋਰ ਮੀਆਂ!
ਫ਼ੱਕਰ ਡੋਬਿਆ ਪੰਥ- ਪੰਜਾਬ ਜੀਕਰ ਥੋਨੂੰ ਲੱਭਣਾ ਐਸਾ ਨਾ ਹੋਰ ਮੀਆਂ!!

## 483. ਸੰਨ੍ਹ

ਲੰਬੀ ਹਲਕੇ ਦਾ ਕੀਤਾ ਮਨਪ੍ਰੀਤ ਦੌਰਾ ਲਾਈ ਤਾਏ ਦੇ ਹਲਕੇ ਵਿੱਚ ਸੰਨ੍ਹ ਕੀਕੂੰ।
ਤਾਇਆ ਤੱਕ ਸੁਣ ਜ਼ਰਦ-ਵਸਾਰ ਹੋਇਆ ਭਾਵੇਂ ਮੂਲ ਨਾ ਪਾਣੀ ਤੇ ਅੰਨ ਕੀਕੂੰ।
ਐਨਾ 'ਕੱਠ ਭਤੀਜੇ ਦੇ ਮਗਰ ਲੱਗੈ ਸੁਣਕੇ ਟੱਲੀਏਂ ਖੜਕਦੇ ਕੰਨ ਕੀਕੂੰ।
ਕਿਤੇ ਸਾਰਾ ਜੁਗਾੜ ਨਾ ਪੱਟ ਦੇਵੇ ਸਾਨੂੰ ਦੁਨੀਆਂ ਸੀ ਆਖਦੀ ਧੰਨ ਕੀਕੂੰ।
ਅਸੀਂ ਦੁੱਧ-ਪਿਆਰ ਨਾਲ ਪਾਲਿਆ ਸੀ ਫ਼ੱਕਰ ਨਿਕਲਿਆ ਬੁੱਕਲ ਦਾ ਸੱਪ ਲੋਕੋ!
'ਘਰ ਦੇ ਭੇਤੀ ਹੀ ਲੰਕਾ ਨੂੰ ਭਸਮ ਕਰਦੇ' ਸਮਝੀ ਅਸੀਂ ਸਿਆਣਿਆਂ ਗੱਪ ਲੋਕੋ!!

## 484. ਦਾਨ

ਵੇਖੋ ਸ਼ਿਰਡੀ ਦੇ ਬਾਬਾ ਜੀ ਸਾਈਂ ਤਾਈਂ ਇਕ ਭਗਤ ਨੇ ਦਿੱਤੜਾ ਦਾਨ ਭਾਈ।
ਅੱਗੇ ਸੰਤ ਸੀ ਲੋਕਾਂ ਵਿੱਚ ਆਮ ਫਿਰਦੇ ਹੁਣ ਹੈ ਆਈ ਕੁੜਿੱਕੀਏਂ ਜਾਨ ਭਾਈ।
ਭਗਤ ਬੁਲਿਟ-ਪਰੂਫ ਦੋ ਜੈਕਿਟਾਂ ਕਿੰਝ ਰੱਖੀਆਂ ਸਾਹਮਣੇ ਨਾਲ ਆ ਸ਼ਾਨ ਭਾਈ।
ਨਵੇਂ ਸਾਲ ਦਾ ਕਿਹਾ ਇਹ ਹੈ ਤੋਹਫ਼ਾ ਕਰੋ ਦਾਸ ਦੇ ਵੱਲੋਂ ਪ੍ਰਵਾਨ ਭਾਈ।
ਸਾਡੀ ਇੱਕੋ ਹੀ ਬੇਨਤੀ ਫ਼ੱਕਰਾਂ ਦੀ ਤੁਸਾਂ ਬਾਬਾ ਜ਼ਰੂਰੀ ਇਹ ਪਾਉਣੀਆਂ ਹਨ!
ਢੁੰਡੇ ਤੁਸੀਂ ਜੇ ਗਏ ਅੱਤਵਾਦੀਆਂ ਤੋਂ ਭਗਤਾਂ ਵੱਲ ਵੀ ਵਾਛੜਾਂ ਆਉਣੀਆਂ ਹਨ!!

(23 ਜਨਵਰੀ, 11)

## 485. ਫੰਡਰ

ਵੇਖੋ ਕਿਵੇਂ ਗਲੋਬ 'ਤੇ ਖੜਕਿਆ ਹੈ ਮਿਸਰ ਆਣ ਕੇ ਅੱਜ ਘੜਿਆਲ ਵਾਂਗੂੰ।
ਭੱਜਦੇ ਹੋਏ ਮੁਬਾਰਕ ਨਾ ਰਾਹ ਲੱਭੇ ਪੈ ਗਏ ਟੁੱਟ ਕੇ ਲੋਕ ਮਖਿਆਲ ਵਾਂਗੂੰ।
ਕੀਤਾ ਆਪਣਾ ਜਾਨ ਦਾ ਖੌ ਬਣਿਆ ਸਿਰ 'ਤੇ ਡਿੱਗਿਆ ਗੁੰਦਵੇਂ ਜਾਲ ਵਾਂਗੂੰ।
ਵਾਂਗ ਲਾਲਟਣ ਰਾਤੀਂ ਭੜੱਕ ਉੱਠੇ ਪਲ ਪਲ ਬੀਤਦਾ ਕਿਸਤਰ੍ਹਾਂ ਕਾਲ ਵਾਂਗੂੰ।
ਫ਼ੱਕਰ ਕਿਹਾ ਅਮਰੀਕਾ ਹੁਣ ਇਹ ਸੋਚੇਂ-ਇਹਨੂੰ ਰੱਖੀਏ ਕਿ ਇਹਨੂੰ ਛੱਡੀਏ ਜੀ?
ਧਾਰਾਂ ਚਾਰ ਜੇ ਦੇਵੇ ਤਾਂ ਰੱਖ ਲਈਏ ਹੋਵੇ ਫੰਡਰ ਤਾਂ ਰੱਸਾ ਲਾਹ ਕੱਢੀਏ ਜੀ!!

## 486. ਢੋਲਕੀ

ਵੇਖੋ ਅਜਬ ਕਰਮਾਪਾ ਦਾ ਕਾਰਨਾਮਾ ਚਾਦਰ ਧਰਮ ਦੀ ਕੀਤਆਂ ਮੋਰੀਆਂ ਜੀ।
ਚੀਨੀ-ਭਾਰਤੀ ਨੋਟਾਂ ਦੇ ਢੇਰ ਲੱਭੇ ਫੜੀਆਂ ਗਈਆਂ ਹਨ ਬੂਥੀਆਂ ਬੋਰੀਆਂ ਜੀ।
ਮੂੰਹ ਵਿੱਚ ਉਂਗਲੀਆਂ ਪਾਇ ਕੇ ਲੋਕ ਸੋਚਣ ਵੱਡਾ ਸਾਧ ਵਾਹ ਵੱਡੀਆਂ ਚੋਰੀਆਂ ਜੀ।
ਭਾਰਤ-ਪੀਂਘ ਹਿਮਾਚਲੀ ਆਉਣ ਝੂਟੇ ਦੇਵੇ ਚੀਨ ਪਰ ਗੁੱਝੀਆਂ ਲੋਰੀਆਂ ਜੀ।
ਇਹ ਕੋਈ ਨਵੀਂ ਨਾ ਫ਼ੱਕਰਾ ਗੱਲ ਹੋਈ ਸਾਧ ਆਦਿ ਤੋਂ ਖੁਰਦਰੂ ਪੁੱਟਦੇ ਹਨ!
ਸ਼ਰ੍ਹੇਆਮ ਲੋਕਾਈ ਨੂੰ ਲੁੱਟਦੇ ਤੇ ਅੰਦਰ ਵਾੜ ਕੇ ਢੋਲਕੀ ਕੁੱਟਦੇ ਹਨ!!

## 487. ਲਿਫ਼ਾਫ਼ੇ

ਵਿੱਤ-ਮੰਤਰੀ ਨਵੀਂ ਨੂੰ ਚਾਅ ਚੜ੍ਹਿਆ-ਹਾਏ! ਮੇਰਾ ਵੀ ਚਮਕਦਾ ਨਾਂ ਹੋਵੇ।
ਮੈਨੂੰ ਮਿਲੀ ਮਨਪ੍ਰੀਤ ਦੀ ਜੇ ਕੁਰਸੀ ਮੇਰੀ ਓਵੇਂ ਹੀ ਉੱਚੀ ਜਿਹੀ ਥਾਂ ਹੋਵੇ।
ਖ਼ਬਰ-ਮੂਰਤ ਅਖ਼ਬਾਰਾਂ ਵਿੱਚ ਰੋਜ਼ ਆਵੇ ਇੱਛਾ ਮੇਰੀ ਪਰ ਪੂਰੀ ਇਹ ਤਾਂ ਹੋਵੇ।
ਪੱਤਰਕਾਰਾਂ ਨਾਲ ਪਏ ਜੇ ਪਿਆਰ-ਪੇਚਾ ਸਿਰ 'ਤੇ ਉਹਨਾਂ ਦੇ ਹੱਥਾਂ ਦੀ ਛਾਂ ਹੋਵੇ।
ਸੋਚ, ਭਰੇ ਲਿਫ਼ਾਫ਼ੇ ਤੇ ਕਿਹਾ ਬੀਬੀ-ਪੱਤਰਕਾਰੋ ਇਕ ਆਸ ਪੁਗਾ ਦਿਓ ਵੇ!
ਮੇਰੀ ਡੋਰ ਹੈ ਫ਼ੱਕਰ ਅੱਜ ਹੱਥ ਥੋਡੇ ਮੈਂ ਹਾਂ ਗੁੱਡੀ! ਤੇ ਮੈਨੂੰ ਚੜ੍ਹਾ ਦਿਓ ਵੇ!!

## 488. ਤਿਰੰਗਾ

ਤਖ਼ਤ ਕੇਸਗੜ੍ਹ ਜਾਇਕੇ ਭਾਜਪਾਈਆਂ ਆਹ ਹੁਣ ਨਵਾਂ ਹੀ ਚਾੜ੍ਹਤੈ ਚੰਦ ਭਾਈ।
ਐਸੀ ਕਰੀ ਸ਼ਰਾਰਤ ਕਿ ਦੰਗ ਸਾਰੇ ਸੁਣ ਕੇ ਸਿੱਖਾਂ ਦੇ ਜੁੜੇ ਹਨ ਦੰਦ ਭਾਈ।
ਤਿਰੰਗਾ ਨਾਲ ਨਿਸ਼ਾਨ ਲਹਿਰਾਇ ਵੇਖੋ ਦਿਲ ਪੰਥ ਦਾ ਦਿੱਤਾ ਸੂ ਰੰਦ ਭਾਈ।
ਠੇਕੇਦਾਰ ਹਨ ਪੰਥ ਦੇ ਘੂਕ ਸੁੱਤੇ ਦੀਦੇ ਮੂੰਹ ਜਿਨ ਕੀਤੇ ਹਨ ਬੰਦ ਭਾਈ।
ਫ਼ੱਕਰ ਆਖਿਆ -ਧ੍ਰਿਗ ਹੈ ਕੁਰਸੀਆਂ ਦੇ ਹੱਥੀਂ ਬੇੜੀ ਵਿਚ ਪਾ ਲਿਐ ਵੱਟਿਆਂ ਨੂੰ!
ਸਿੱਖ ਫੇਰ ਵੀ ਲਵੇ ਬਰਸੀਮ ਸੁੱਟਣ ਪੰਥ-ਮਾਰਨੇ-ਮਿੱਧਣੇ ਢੱਟਿਆਂ ਨੂੰ!!

(30 ਜਨਵਰੀ, 11)



## 489. ਜਾਗੋ

ਮਿਡਲ -ਈਸਟ ਵਿੱਚ ਵੇਖਲੋ ਕੀ ਹੁੰਦੈ ਵੱਜਣ ਊਠਾਂ ਦੇ ਉੱਤੇ ਪਲਾਕੀਆਂ ਜੀ।
ਦੋਹਾਂ ਪੁੜਾਂ ਵਿੱਚ ਆਇ ਕੇ ਮਿਸ਼ਰ ਪਿੱਸੇ ਖ਼ੂਬ ਮਿਰਕਣ ਵੀ ਕਰੇ ਚਲਾਕੀਆਂ ਜੀ।
ਹਿੱਕਾਂ ਤਾਣਕੇ ਮਿਸਰੀਏ ਇਉਂ ਨਿੱਕਲੇ ਸਾਰੇ ਜੱਗ ਵਿੱਚ ਨਿਕਲੀਆਂ ਝਾਕੀਆਂ ਜੀ।
ਲਗਦਾ ਝੰਡਾ ਹੈ ਇਹਨਾਂ ਨੇ ਗੱਡ ਦੇਣਾ ਨਕਲ ਕਰਨੀ ਹੈ ਕੱਲ੍ਹ ਨੂੰ ਬਾਕੀਆਂ ਜੀ।
ਫ਼ੱਕਰ ਕਿਹਾ ਜੇ ਮਿਸਰੀ ਹਨ ਜਾਗ ਸਕਦੇ ਫੇਰ ਸਿੱਖਾਂ ਨੂੰ ਨੀਂਦ ਹੈ ਆਈ ਕਾਹਤੋਂ?
ਮਨਪ੍ਰੀਤ ਨੇ 'ਜਾਗੋ' ਕੱਢ ਕਿਹਾ ਤਾਹੀਂ-ਤਾਏ ਕਾਕੇ ਨੇ ਲੁੱਟ ਮਚਾਈ ਕਾਹਤੋਂ?

## 490. ਅਰਘ

ਕਿਸੇ ਨਰ ਨੇ ਨਾਰਵਿਓਂ ਗੱਲ ਕੀਤੀ 'ਵਿੱਕੀਲੀਕਸ' ਦਾ ਆਓ ਸਤਿਕਾਰ ਕਰੀਏ।
'ਫਰੀਡਮ ਆਫ਼ ਸਪੀਚ' ਦੀ ਭਰੀ ਹਾਮੀ ਕਿਉਂ ਨਾ ਓਸਨੂੰ ਭਾਈ ਜੀ ਪਿਆਰ ਕਰੀਏ?
ਇਕ ਦੋ ਛੇੜ ਵੀ ਲਈਆਂ ਤਾਂ ਕੀ ਹੋਇਆ? ਐਵੇਂ ਓਸਦਾ ਨਹੀਂ ਤ੍ਰਿਸਕਾਰ ਕਰੀਏ।
ਜਿਹੜਾ ਕੀਤਾ ਉਸ ਚੰਗਾ ਹੈ 'ਧੰਨ' ਕਹੀਏ ਉਹ ਤਾਂ ਚੰਗੇ ਦੇ ਵਿਚ ਸ਼ੁਮਾਰ ਕਰੀਏ।
ਦੇਈਏ ਨੋਬਲ-ਪ੍ਰਾਈਜ਼ ਆਸਾਜ ਤਾਈਂ ਦਿਲ ਤੋਂ ਓਸਨੂੰ ਫ਼ੱਕਰ ਸਲਾਹੀਏ ਜੀ!
ਪਰੀ-ਪੂਰਣ ਹੈ ਕਿਹੜਾ ਸੰਸਾਰ ਅੰਦਰ ਕਿਹੜੇ ਭੜੂਏ ਨੂੰ ਅਰਘ ਚੜ੍ਹਾਈਏ ਜੀ?

## 491. ਚਲੂਣੇ

ਰਾਮਦੇਵ ਨੂੰ ਮੌਕੇ ਦੀ ਫੁਰੀ ਕੈਸੀ ਕਾਲੇ ਧਨ ਦੀ ਕਰੀ ਹੈ ਗੱਲ ਸੋਹਣੀ।
ਚੰਗਾ ਲਾਇਆ ਸਰਕਾਰ ਨੂੰ ਹੈ ਰਗੜਾ ਬਣੀ ਵਿੱਚ ਅਖ਼ਬਾਰਾਂ ਦੇ ਭੱਲ ਸੋਹਣੀ।
ਬਾਬੇ ਮਾਰੀ ਧਿਆਨ ਦੇ ਨਾਲ ਕੰਕਰ ਹੋਈ ਭਾਰਤ ਦੇ ਵਿੱਚ ਹੱਲ-ਚੱਲ ਸੋਹਣੀ।
ਦਾਹੜੀ, ਗੁੱਤ ਤੇ ਯੋਗ ਕੁੱਝ ਧਰਮ ਪੱਲੇ ਵੋਟਾਂ ਮੁੱਛਣ ਲਈ ਸਾਂਹਵੇ ਹੈ ਕੱਲ੍ਹ ਸੋਹਣੀ।
ਕਿਹਾ-ਮਿਸਰ ਵਿੱਚ ਹੁੰਦੈ ਜੋ ਕੁਝ ਕਿੰਨਾ ਏਥੇ ਦਿਆਂਗੇ ਉਹਨਾਂ ਹਲੂਣਿਆਂ ਨੂੰ!
ਫ਼ੱਕਰ ਆਖਿਆ ਕੁਰਸੀ ਦੀ ਲੂਹਣ ਲੱਗੀ ਅਸੀਂ ਭੁੱਲੇ ਹਾਂ ਥੋਡੇ ਚਲੂਣਿਆਂ ਨੂੰ?

## 492. ਵਿਆਹ

ਹੁਣ ਤਾਂ ਫੱਕਰਾ ਤੇਰਾ ਵੀ ਜੀਅ ਕਰਦੈ ਹੈਲੀਕਾਪਟਰ ਰਾਹੀਂ ਵਿਆਹ ਹੋਵੇ।
ਏਸ ਜਨਮ ਤਾਂ ਝੋਕਿਆ ਭੱਠ ਆਪਾਂ ਅਗਲੇ ਜਨਮ ਸੰਸਾਰ ਵਾਹ -ਵਾਹ ਹੋਵੇ।
ਝੂਟੇ ਪ੍ਰੇਮ ਦੇ ਗਗਨ ਦੇ ਵਿੱਚ ਲਈਏ ਕਾਈ ਜੱਗ ਦੀ ਨਹੀਂ ਪ੍ਰਵਾਹ ਹੋਵੇ।
ਲੁੱਟੀਏ ਵਿਆਹ ਤੋਂ ਮਗਰੋਂ ਵੀ ਮੌਜ ਭੋਰਾ ਜੇਕਰ ਪਤਨੀ ਨੂੰ ਰਤਾ ਵਿਸਾਹ ਹੋਵੇ।
ਮੌਜਾਂ ਸਾਰੀਆਂ ਹਨ ਅਕਾਸ਼ ਅੰਦਰ ਉੱਤੇ ਧਰਤ ਦੇ ਇਕ ਨਾ ਮੱਖਣਾ ਵਈ!
ਆਉਣੇ ਨਾਨਕੇ ਯਾਦ ਤੇ ਰੱਖ ਚੇਤੇ ਵਹੁੱਟੀ ਗੋਡਾ ਜਦ ਹਿੱਕ ਤੇ ਰੱਖਣਾ ਵਈ!!

(6 ਫਰਵਰੀ, 11)

## 493. ਮੁਬਾਰਕਾਂ

ਮਿਸਰੀਆਂ ਹੋਣ ਮੁਬਾਰਕਾਂ ਬਹੁਤ-ਬਹੁਤੀਂ ਹੋਇਆ ਹੋਸਨੀ-ਬਿਸਤਰਾ ਗੋਲ ਮੀਆਂ।
ਮਾਰੇ ਦਮਗਜੇ-ਗੱਦੀ ਮੈਂ ਛੱਡਣੀ ਨਹੀਂ ਰਿਹਾ ਕੁਝ ਵੀ ਅੰਤ ਨਾ ਕੋਲ ਮੀਆਂ।
ਤੀਹ ਸਾਲਾਂ ਵਿੱਚ ਭਰੀ ਜੋ ਮੂੰਹ ਤਾਈਂ ਹੋਗੀ ਸੱਖਣੀ ਸੱਖਣੀ ਝੋਲ ਮੀਆਂ।
ਚਲਦੇ ਪੁਰਜ਼ਿਆਂ ਨੂੰ ਲੋਕ ਕਰਨ ਚਲਦਾ ਖੋਹਲ ਦੇਂਵਦੇ ਢੋਲਾਂ ਦੇ ਪੋਲ ਮੀਆਂ।
ਪੜ੍ਹ ਤੇ ਵੇਖ ਕੇ ਫੱਕਰ ਨੇ ਆਖਿਓ ਨੇ-ਇਹ ਤਾਂ ਫੇਰ ਪੰਜਾਬ ਵੀ ਸੋਚ ਸਕਦੈ!
ਲਾਣਾ ਆਏ ਪੰਜਾਬ ਦਾ ਆਈ ਉੱਤੇ ਫੱਟੀ ਬਾਦਲਾਂ ਸੰਦੀ ਵੀ ਪੋਚ ਸਕਦੈ!!

## 494. ਬੱਕਰਾ

ਹਾਲ ਪੁੱਛੀਏ ਮੀਆਂ ਮੁਸ਼ੱਰਫ਼ ਵਾਲਾ ਆਈਆਂ ਪੁੱਠੀਆਂ ਜੀਹਨੂੰ ਭਵਾਲੀਆਂ ਜੀ।
ਬੱਕਰੀ ਵਾਂਗ ਅਮਰੀਕਾ ਜਿਸ ਚਾਰਿਆਂ ਸੂ ਜੀਹਨੇ ਚੱਲੀਆਂ ਸਦਾ ਦੋ-ਚਾਲੀਆਂ ਜੀ।
ਹੱਥ ਦਿੱਤਾ ਸੀ ਜੀਹਨੂੰ ਜ਼ਮਹੂਰੀਆਂ ਨੇ ਨਾਲੇ ਚਾਹਿਆ ਵੀ ਗਰਮ-ਖਿਆਲੀਆਂ ਜੀ।
ਕਰਨੀਆਂ ਗੋਲੀਆਂ ਕਿੱਧਰ ਦੀ ਸਾਰ-ਪਾਰੀਂ ਦੱਸਿਆ ਸਾਹਬ ਨੂੰ ਹੈਸੀ ਦੁਨਾਲੀਆਂ ਜੀ।
ਫ਼ੱਕਰ ਲੈਣ ਦੇ ਪਏ ਹਨ ਹੁਣੇ ਦੇਣੇ ਮੂੰਹ ਮੀਏਂ ਦਾ ਜ਼ਰਦ-ਵਸਾਰ ਹੋਇਆ!
ਥਾਂਓਂ ਫ਼ੀਤੀਆਂ ਸੀਖਾਂ ਹੁਣ ਦਿਸਣ ਸਾਹਵੇਂ ਬੱਕਰਾ ਈਦ ਦਾ ਮਰਨ ਤਿਆਰ ਹੋਇਆ!!

## 495. ਮਨਾਹੀ

ਮਨ੍ਹਾਂ ਹੋਈ ਸ਼ਰਾਬ ਗੁਜਰਾਤ ਅੰਦਰ ਸ਼ਾਮਤ ਆਈ ਸੂ ਕਿਵੇਂ ਸ਼ਰਾਬੀਆਂ ਦੀ।
ਠੇਕੇ ਬੰਦ ਤੇ ਕੋਈ ਨਾ ਦੇਵੇ ਢੋਈ ਘਰੇ ਆਈ ਸੂ ਰੁੱਤ ਗ਼ੁਰਗਾਬੀਆਂ ਦੀ।
ਠੇਕੇਦਾਰਾਂ ਦੀ ਅਕਲ ਨਾ ਹੱਥ ਆਵੇ ਗੱਲਾਂ ਪੈ ਗੀਆਂ ਬੇ-ਹਿਸਾਬੀਆਂ ਦੀ।
ਸੋਚ ਸੋਚ ਕੇ ਆਖਰਾਂ ਲੱਭ ਹੀ ਲਈ ਚਾਬੀ -ਮਾਂ ਇਕ ਸਾਰੀਆਂ ਚਾਬੀਆਂ ਦੀ!
ਲਾਏ ਦਾਰੂ ਦੇ ਟੀਕੇ ਟਮਾਟਰਾਂ ਨੂੰ ਚੜ੍ਹੇ ਉੱਤੇ ਟਮਾਟਰਾਂ ਭਾਅ ਵੇਖੋ!
ਸ਼ੌਕੀ ਖਾਣ ਟਮਾਟਰ ਤੇ ਕਰਨ ਚੋਹਲਾਂ ਚੜ੍ਹਨ ਵਹੁੱਟੀ-ਵਪਾਰੀਆਂ ਚਾਅ ਵੇਖੋ!!

## 496. ਐਨਕਾਂ

ਨੱਚਦੀ ਨਿਕਲੀ ਕਿਵੇਂ ਕਪੂਰਥਲਿਓਂ ਚੱਲ ਕੇ ਸੇਖਵਾਂ ਪਿੰਡ ਮਸ਼ਾਲ ਆਈ।
'ਸਰਬ ਸਿੱਖਿਆ-ਅਭਿਆਨ' ਸੁਨੇਹਾ ਲੈ ਕੇ ਪੋਲੇ-ਪੱਬੜੀਂ ਨਖ਼ਰੇ ਦੇ ਨਾਲ ਆਈ।
ਸੇਵਾ ਸਿੰਘ ਜੀ ਵੰਡਦੇ ਜਿਵੇਂ ਚਾਨਣ ਬਣਕੇ ਵੰਡਦੀ ਇਹ ਵੀ ਭਿਆਲ ਆਈ।
ਹੁਣ ਤਾਂ ਵਿੱਦਿਆਂ ਦਾ ਜਿਵੇਂ ਕੋਈ ਹੜ੍ਹ ਆਜੂ ਲੈ ਕੇ ਲੋਕਾਂ ਲਈ ਨਵਾਂ ਖਿਆਲ ਆਈ।
ਸ਼ਮ੍ਹਾਂ ਬੁੱਝੀ ਨੂੰ ਸੇਖਵਾਂ ਹੱਥ ਲੈ ਕੇ ਫ਼ੱਕਰਾ ਮੂਰਤਾਂ ਕਿਵੇਂ ਲੁਹਾਈਆਂ ਨੇ!
ਉਹੋ ਜਿਹਾ ਹੀ ਰੌਸ਼ਨ ਪੰਜਾਬ ਹੋਸੀ ਜਿਵੇਂ ਕਾਲੀਆਂ ਐਨਕਾਂ ਲਾਈਆਂ ਨੇ!!

(14 ਫਰਵਰੀ, 11)



## 497. ਦੇਵੀ!

ਮਨੋਕਾਮਨਾ ਸਭਸ ਦੀ ਕਰੇ ਪੂਰੀ ਮਾਇਆਵਤੀ ਦੀ ਜ਼ਰਾ ਚੜ੍ਹਾਈ ਦੇਖੋ।
ਕਿਧਰੇ ਬੁੱਤ ਬਣਵਾਏ ਕਰਾਵਾਏ ਪੂਜਾ ਲੱਗੇ ਛਮਕ ਪਰ ਇਹਦੀ ਤਕੜਾਈ ਦੇਖੋ।
ਕੀਤੇ ਐਨ ਮੁਲੈਮ ਮੁਲਾਇਮ ਵਰਗੇ ਇਹਦੀ ਡਿਗਰੀ ਤੇ ਇਹਦੀ ਪੜ੍ਹਾਈ ਦੇਖੋ।
ਵੱਡੇ ਵੱਡੇ ਵੀ ਸਮਝਦੇ ਹਨ ਦੇਵੀ ਇਹਦੀ ਜੁੱਤੀ ਦੀ ਕਰਨ ਰਗੜਾਈ ਦੇਖੋ।
ਕਾਂਸ਼ੀ ਰਾਮ ਨੂੰ ਭੇਜਿਆ ਵੱਲ ਕਸ਼ੀ ਕਦੇ ਉਹਦੇ ਸੀ ਗਲੇ ਦਾ ਹਾਰ ਹੋਗੀ!
ਤੁਰੀ ਕਿਵੇਂ ਕਤੇਰ-ਕਤੇਰ ਦੇਖੋ ਬੀਬੀ ਕੁਰਸੀ ਤੇ ਕਿਵੇਂ ਸਵਾਰ ਹੋਗੀ!!

## 498. ਜੋਕ

ਮਨਪ੍ਰੀਤ ਨੂੰ ਸੁਪਨੇ ਵਿੱਚ ਮਿਲਿਆ ਫ਼ੱਕਰ ਕਿਹਾ -ਬੈਠ ਆ ਕਰੀਏ ਸਲਾਹ ਭਾਈ।
ਬੇੜੀ ਪੰਥ-ਪੰਜਾਬ ਦੀ ਡੁੱਬਦੀ ਹੈ ਇਹਨੂੰ ਚਾਹੀਦੈ ਕੋਈ ਮਲਾਹ ਭਾਈ।
ਸਾਂਢੂ ਲੜੀ ਜਾਂਦੇ ਪੰਥਕ ਝੜੀ ਜਾਂਦੇ ਜੱਥੇਦਾਰਾਂ ਦਾ ਨਹੀਂ ਵਿਸਾਹ ਭਾਈ।
ਤੈਨੂੰ ਸਾਰਾ ਪੰਜਾਬ ਅੱਜ ਵੇਖਦਾ ਹੈ ਤੇਰੇ ਆਉਣ ਦੀ ਸਭਸ ਨੂੰ ਚਾਹ ਭਾਈ।
ਮੈਂ ਹਾਂ ਘਾਇਲ ਤੇ ਹੱਥ ਬੰਨ੍ਹ ਆਖਦਾ ਹਾਂ ਕਿਤੇ ਲਾਈਂ ਨਾ ਅਸਾਂ ਨੂੰ ਚੋਕ ਮੀਆਂ!
ਲੋਕੀ ਸੂਰਮਾ ਮੰਨਣਗੇ ਤਦੇ ਤੈਨੂੰ ਲਾਹੇਂ ਪੰਥ ਦੇ ਪਿੰਡਿਓਂ ਜੋਕ ਮੀਆਂ!!

## 499. ਸੇਵਾ?

ਕਾਰ-ਸੇਵਾ ਦੀ ਵੇਖਲਾ ਗੱਲ ਫ਼ੱਕਰ ਸੰਤ ਵੇਖ ਇਹ ਕਿਵੇਂ ਵਿਵਹਾਰ ਕਰਦੇ।
ਕੰਧਾਂ ਢਾਂਵਦੇ ਰੁੱਖ ਵੱਢਵਾਂਵਦੇ ਹਨ ਕਿਵੇਂ ਸਿੱਖੀ 'ਤੇ ਡਾਹਢੜੇ ਵਾਰ ਕਰਦੇ।
ਠੇਕੇਦਾਰੀ ਅਜ ਬਣੀ ਹੈ ਕਾਰ-ਸੇਵਾ ਹਨ ਇਹ ਸਿੱਖੀ ਨੂੰ ਖੱਜਲ-ਖੁਆਰ ਕਰਦੇ।
ਇਕ ਤਾਂ ਤਰਸ ਆਉਂਦਾ ਅੰਦਰੋਂ ਫ਼ਿਕਰ ਖਾਂਦਾ ਸਿੱਖ ਕਾਸਤੋਂ ਨਹੀਂ ਵਿਚਾਰ ਕਰਦੇ?
ਹੁਣ ਤਾਂ ਰੋਣ ਆਉਂਦੈ ਪੜ੍ਹਕੇ ਦਿਲ ਘਿਰਦੈ ਪੰਥ ਹੋ ਰਿਹੈ ਖੱਖੜੀਆਂ ਖੱਖੜੀਆਂ ਜੀ!
ਤੋਤਾ ਸਿੰਘ ਟਕਸਾਲੀ ਵੀ ਗਏ ਠੂੰਗੇ ਨੂਣ ਤੇਲ ਤੇ ਖਾ ਗੀਆਂ ਲੱਕੜੀਆਂ ਜੀ!!

## 500. ਨਮੋਸ਼ੀ

ਗੱਲ ਖ਼ਰੀ ਨਮੋਸ਼ੀ ਦੀ ਬਹੁਤ ਕੀਤੀ ਕਿਵੇਂ ਆਣ ਅਧਿਆਪਕ ਨੇ ਅੜੇ ਵੇਖੋ।
ਚੱਕ ਫ਼ਤਹ ਸਿੰਘ ਬਾਦਲ ਦੇ ਜਾ ਸਹੁਰੀਂ ਵਾਟਰ-ਵਰਕਸ ਦੀ ਟੈਂਕੀ ਤੇ ਚੜ੍ਹੇ ਵੇਖੋ।
ਆਖਣ-ਕਾਹਦਾ ਪ੍ਰਾਹੁਣਾ ਇਹ ਕੰਮ ਦਾ ਹੈ? ਵਾਅਦੇ ਏਸ ਦੇ ਮੁੱਖੋਂ ਨਾ ਝੜੇ ਵੇਖੋ।
ਰੋਸ ਕਰਨ ਲਈ ਹੋਰ ਵੀ ਢੰਗ ਸੈਆਂ ਹੇਠੀ ਕਰਨ ਲਈ ਕਵਨ-ਬਿਧ ਲੜੇ ਵੇਖੋ।
ਡਰ-ਡੁੱਕਰ ਕੀ ਫ਼ੱਕਰਾ ਲੀਡਰਾਂ ਨੂੰ? ਇਹ ਤਾਂ ਸਮਝਣ ਇਓਂ ਬਣਦੀ ਹੈ ਟੌਹਰ ਸਾਡੀ!
ਸਾਡੀ ਸਿਹਤ 'ਤੇ ਏਸਦਾ ਅਸਰ ਕੀ ਹੈ! ਮਿੱਟੀ ਪੱਟਦੇ ਭਲਾ ਜੇ ਭੌਰ ਸਾਡੀ!!

(20 ਫਰਵਰੀ, 11)

## 501. ਸਲਾਹ

ਫ਼ੱਕਰ ਆਖਿਆ-ਭਾਈ ਮਨਮੋਹਣ ਸਿੰਘਾ ਖ਼ੁਸ਼ ਹਾਂ ਬਣਿਆ ਹੈ ਤੇਰਾ ਸਤਿਕਾਰ ਸੋਹਣਾ।
ਤੇਰੀ ਪੱਗ ਦੇ ਪੇਚਾਂ ਦੇ ਜਾਂ ਸਦਕੇ ਜੱਗ ਤੇ ਛਾਇਆ ਹੈ ਕਿਵੇਂ ਪਿਆਰ ਸੋਹਣਾ।
ਨਜ਼ਰ ਨੀਂਵੀਂ ਤੇ ਮੁਸਕਣੀ ਮੋਹ-ਖੋਰੀ ਜਿਵੇਂ ਰੋਟੀ ਦੇ ਨਾਲ ਅਚਾਰ ਸੋਹਣਾ।
ਜਿਵੇਂ ਟਹਿਲਕੇ ਮੇਲ੍ਹ ਕੇ ਤੂੰ ਤੁਰਦੈਂ ਲੱਗੇਂ ਚੰਚਲ ਜਿਹਾ ਬੜਾ ਹੁਸ਼ਿਆਰ ਸੋਹਣਾ।
ਜਿਹੜਾ ਰਾਹੁਲ ਭਤੀਜੜਾ ਪਾਲਿਓ ਨੇ ਆਪਣੇ ਸੂਬੇ ਦੀ ਉਹਨੂੰ ਕਪਾਹ ਦੇਵੀਂ!
ਵਰਤੇ ਕਦੇ ਨਾ ਸਿੱਖਾਂ ਨਾਲ ਪਿਓ ਵਾਂਗੂੰ ਉਹਨੂੰ ਸੋਨੀਆ-ਸੰਦੀ ਸਲਾਹ ਦੇਵੀਂ!!

## 502. ਖੁੱਡ

ਤੇਰੇ ਰਾਜ ਵਿੱਚ ਸ਼ੀਲਾ ਜੀ ਵੈਣ ਪੈਂਦੇ ਵੇਖ ਦਿੱਲੀ ਵਿੱਚ ਔਰਤਾਂ ਰੋਂਦੀਆਂ ਨੀ।
ਬਲਾਤਕਾਰ ਤੇ ਕਿਵੇਂ ਦੁਰਾਚਾਰ ਹੁੰਦੇ ਗੱਲਾਂ ਦੱਸ ਕੀ ਭਲਾ ਇਹ ਸੋਂਹਦੀਆਂ ਨੀ?
ਜਿਹੜੀਆਂ ਧੋਂਦੀਆਂ ਮਾਂਓ ਤੇ ਬਾਪ ਦੇ ਸਨ ਕੱਪੜੇ ਲੀਡਰਾਂ ਔਰਤਾਂ ਧੋਂਦੀਆਂ ਨੀ।
ਹੋਵੇ ਆਪ ਔਰਤ ਰੋਕੇਂ ਇਹ ਨਾਂਹੀ ਤੈਨੂੰ ਦੱਸ ਇਹ ਕਿਧਰੋਂ ਪੋਂਹਦੀਆਂ ਨੀ?
ਫ਼ੱਕਰ ਆਖ ਕੇ ਅਕਲ ਨੂੰ ਹੱਥ ਮਾਰੇ-ਕਿਰਲੀ ਜੱਫਲੂ ਕਿਵੇਂ ਸ਼ਤੀਰੀਆਂ ਜੀ!
ਹਾਥ ਇਹਨੂੰ ਕੀ-ਪੁੱਟਣੀ ਖੁੱਡ ਕੀਕੂੰ? ਪੁੱਠੀਆਂ ਮਾਰਦੀ ਦਿੱਲੀ ਤਤੀਰੀਆਂ ਜੀ!!

## 503. ਮਸਲੇ

ਮਸਲੇ ਸਿੱਖਾਂ ਦੇ ਫੱਕਰਾ ਬਹੁਤ ਡੂੰਘੇ ਤੂੰ ਇਸ ਡੂੰਘੇ-ਸੰਸਾਰ ਤੋਂ ਕੀ ਲੈਣੈਂ?
ਜਿੱਥੇ ਗੁਰਾਂ ਦਾ ਨਾਮ ਤੇ ਵਿਕੇ ਬਾਣੀ ਭਲਿਆ! ਭਲਾ ਵਪਾਰ ਤੋਂ ਕੀ ਲੈਣੈਂ?
ਲੱਭਣ ਹੁੰਦੇ ਸ਼ਹੀਦ, ਨਾ ਬਾਤ ਪੁੱਛਣ, ਐਸੇ ਕੌਮੀ-ਕਿਰਦਾਰ ਤੋਂ ਕੀ ਲੈਣੈਂ?
ਨਾਮ ਖੇਡਾਂ ਦੇ ਲੀਡਰ ਸ਼ਹੀਦ ਵੇਚਣ ਤੂੰ ਇਸ ਕਾਲੇ-ਬਾਜ਼ਾਰ ਤੋਂ ਕੀ ਲੈਣੈਂ?
ਲੈਣਾ ਹੈ, ਲੈ ਸਬਕ ਸੁਖਬੀਰ ਕੋਲੋਂ ਰਹਿੰਦੇ ਅੰਕੜੇ ਭਾਵੇਂ ਨਾ ਯਾਦ ਮੀਆਂ!
ਚੋਣ ਆਉਂਦੀ ਤੋਂ ਭਗਤ ਸਿੰਘ ਯਾਦ ਆਇਆ, ਮਨਪ੍ਰੀਤ ਨਾ ਕੌੜ ਦੇ ਸੁਆਦ ਮੀਆਂ!!

## 504. ਚੌਧਰੀ

ਫ਼ੱਕਰਾ ਦੇਸ ਤੋਂ ਚੱਲ ਪ੍ਰਦੇਸ ਆਇਐਂ ਸੱਚ ਦੱਸ! ਕੀ ਸਿੱਖ-ਕਿਰਦਾਰ ਡਿੱਠਾ?
ਹੋ ਕੇ ਸਿੱਖ, ਲਿਫ਼ਾਫੇ ਨਹੀਂ ਸਿੱਖ ਡਿੱਠੇ? ਭਰਿਆ ਸਿੱਖਾਂ ਦਾ ਕੈਸਾ ਬਾਜ਼ਾਰ ਡਿੱਠਾ!
ਬਣ ਕੇ ਮੂਰਤਾਂ ਡਿੱਠਾ ਨਹੀਂ ਸਿੱਖ ਵਿਕਦਾ? ਸਿੱਖ ਵਿਕਦਾ ਨਹੀਂ ਵਿੱਚ ਅਖ਼ਬਾਰ ਡਿੱਠਾ?
ਹਰਿਆ ਬੂਟ ਕੋਈ ਸਿੱਖੀ ਨਾ' ਦਿਲੋਂ ਜੁੜਿਆ ਹੋਰ ਹਉਮੈਂ ਜਾਂ ਕੁਰਸੀ ਦਾ ਯਾਰ ਡਿੱਠਾ।
ਤੇਰੇ ਚਾਰ-ਚੁਫ਼ੇਰੇ ਹੀ ਚੌਧਰੀ ਹਨ ਆਸੇ-ਪਾਸੇ ਹੀ ਹਨ ਇਸ਼ਤਿਹਾਰੀਏ ਜੀ!
ਪਾਸਾ ਵੱਟਕੇ ਕੋਲ ਦੀ ਲੰਘ ਜਾਈਏ ਐਸੇ ਚੌਧਰੀ ਨਹੀਂ ਨਿਹਾਰੀਏ ਜੀ!!

(27 ਫਰਵਰੀ, 11)



## 505. ਚੂਕਣਾ

ਚਾਪਲੂਸੀ ਇਹੋ ਕਹੋ ਜਾਂ 'ਵਫ਼ਾਦਾਰੀ' ਖ਼ੂਬ ਆਪਣਾ ਰੰਗ ਦਿਖਾਂਵਦੀ ਹੈ।
ਏਸ ਕਲਾ ਵਿੱਚ ਜਿਹੜਾ ਨਿਪੁੰਨ ਹੋਵੇ ਚੁੱਕ ਕੇ ਗਧੇ ਨੂੰ ਤਖ਼ਤ ਬਿਠਾਂਵਦੀ ਹੈ।
ਝਾੜੂ ਲਾਉਣ ਲਈ ਕੋਈ ਤਿਆਰ ਹੋਵੇ ਰਾਸ਼ਟਰਪਤੀ ਵੀ ਓਸ ਬਣਾਂਵਦੀ ਹੈ।
ਜੇ ਕੋਈ ਕਰੇ ਰਸੋਈ ਦੀ ਨਿਗਾਹਬਾਨੀ ਏਸੇ ਕੁਰਸੀ ਦੇ ਤੱਕ ਪਹੁੰਚਾਂਵਦੀ ਹੈ।
ਕੌੜਾ ਸੱਚ ਆਮੀਨ ਨੇ ਆਖਿਆ ਕੀ ਕੁਰਸੀ ਆਪਣੀ ਮਿਲੀ ਗੁਆ ਬੈਠਾ!
ਉੱਚੀ ਕੰਧ 'ਤੋਂ ਦੀ ਮਾਰ ਛਾਲ ਫੱਕਰ ਝੱਲਾ ਚੂਕਣਾ ਕਿਵੇਂ ਤੁੜਾ ਬੈਠਾ!!

## 506. ਘਚਾਨੀ

ਜਿਵੇਂ ਪੰਥ ਨਿਆਰਾ ਹੈ ਗੁਰਾਂ ਸੰਦਾ ਓਵੇਂ ਵੱਖਰੀ ਏਸਦੀ ਦਾਸਤਾਂ ਜੀ।
ਇਕ ਤਾਂ ਹੁੰਦੇ ਸ਼ਹੀਦ ਹਨ ਏਸ ਖਾਤਰ ਇਕ ਜੋ ਭੋਗਦੇ ਪਏ ਰਿਆਸਤਾਂ ਜੀ।
ਸਾੜੇ, ਮਾਰੇ ਤੇ ਇਕ ਹਨ ਗਏ ਪੱਟੇ ਹੋਂਦ ਚਿੱਲੜ ਇਕ ਕਰਨ ਸਿਆਸਤਾਂ ਜੀ।
ਇੱਕ ਤਾਂ ਸਿੱਖੀ ਦੀ ਸ਼ਾਨ ਲਈ ਚੜ੍ਹਨ ਸੂਲੀ ਗਹਿਣੇ ਇਕਨਾਂ ਨੇ ਪਾਈਆਂ ਵਿਰਾਸਤਾਂ ਜੀ।
ਭਿੰਡਰਾਂ ਵਾਲੇ ਨੂੰ ਪੁੱਜਕੇ ਨਿੰਦਦੇ ਹਨ ਪੁੱਤ 'ਖਾਲਸਾ-ਰਾਜ' ਦੇ ਬਾਨੀਆਂ ਦੇ!
ਫ਼ੱਕਰਾ ਡਾਹੀ ਕੀ ਇਹਨਾਂ ਦੀ ਲਏਂਗਾ ਤੂੰ? ਸਿੱਖ ਕੱਟਦੇ ਮੋੜ ਘਚਾਨੀਆਂ ਦੇ!!

## 507. ਘੁੱਗੀਆਂ

ਲੰਬੀ ਹਲਕੇ ਲਈ ਲੰਬੀ ਇਕ ਖ਼ਬਰ ਆਈ, ਹੈ ਇਹ ਖ਼ਬਰ? ਕਿ ਖ਼ਬਰ ਹੈ ਖਾਸ ਭਾਈ।
ਵਾਂਗੂੰ ਕਾਟੋਆਂ ਜਿਥੇ ਭਰਾ ਲੜਨੇ ਇਕ ਪ੍ਰਕਾਸ਼ ਤੇ ਦੂਜਾ ਗੁਰਦਾਸ ਭਾਈ।
ਆਗੀ ਕੁਰਸੀ ਨੂੰ ਫਿਰਨ ਦਾ ਵਕਤ ਆਇਆ ਜਿਹੜੀ ਆਈ ਸੀ ਕਦੋਂ ਦੀ ਰਾਸ ਭਾਈ।
ਇਹਦੇ ਜਾਣ ਦਾ ਭਲਾ ਵਿਸਾਹ ਕਿਹੜਾ? ਨਿਕਲਣ ਬੰਦੇ ਦੇ ਜਿਵੇਂ ਸੁਆਸ ਭਾਈ।
ਕੰਮ ਵੇਖਲੈ ਫੱਕਰਾ ਕਾਕਿਆਂ ਦੇ ਇਕਨਾਂ ਕੰਮ ਲਾਵਣ, ਇਕਨਾਂ ਛੁੱਟੀਆਂ ਜੀ!
ਵੱਡੀ ਕੁਰਸੀ ਲਈ ਤਾਂਘਦੇ ਤਮ੍ਹਾਂ ਅੰਦਰ ਜਿਹਨਾਂ ਛਿੱਤਰੀਂ ਘੁੱਗੀਆਂ ਕੁੱਟੀਆਂ ਜੀ!!

## 508. ਕਾਂਗਰਸੀਆ!

ਫ਼ੱਕਰਾ ਰਸਮ ਦੇ ਵਾਂਗ ਅੱਜ ਆਮ ਬਣਿਆ ਖੱਦਰ ਜਿਹੜਾ ਹੰਢਾਏ ਉਹ ਕਾਂਗਰਸੀਆ।
ਨੀਲੀ ਬੰਨ੍ਹ ਕੇ 'ਕਾਲੇ' ਵੀ ਮਾਫ਼ ਹੁੰਦੇ ਜਾਕਟ ਚਿੱਟੀ ਜੇ ਪਾਏ ਉਹ ਕਾਂਗਰਸੀਆ।
ਭੰਨੋ, ਵੰਡ ਕੇ ਗੁਪਤ ਵਿੱਚ ਛਕੋ ਗੋਲਕ ਐਪਰ ਰੌਲਾ ਜੋ ਪਾਏ ਉਹ ਕਾਂਗਰਸੀਆ।
ਮੰਨੇ ਹੁਕਮ ਜੋ ਅਸਾਂ ਦਾ ਹੈ 'ਪੰਥਕ' ਜਿਹੜਾ ਹੁਕਮ ਉਲਟਾਏ ਉਹ ਕਾਂਗਰਸੀਆ।
ਪਰਚੀ-ਯੁੱਗ ਵਿੱਚ ਕਿੱਥੋਂ ਉਡੀਕਦੈਂ ਤੂੰ? ਅੱਡੀਆਂ ਚੁੱਕ ਚੁੱਕ ਪੰਚ-ਪ੍ਰਧਾਨੀਆਂ ਨੂੰ!
ਸੱਚੇ, ਵਾਂਗ ਚਮਗਿੱਦੜਾਂ ਜਾਣ ਟੰਗੇ ਪੈਂਦੇ ਬੂਰ ਹਨ ਏਥੇ ਬੇਈਮਾਨੀਆਂ ਨੂੰ!!

(5 ਮਾਰਚ, 11)

## 509. ਸੁਨਾਮੀ

ਰੱਬੀ ਕਹਿਰ ਕਿਜੇਹਾ ਇਹ ਵਰਤਿਆ ਹੈ ਮੰਦਾ ਹਾਲ ਹੈ ਹੋਇਆ ਜਪਾਨ ਵਾਲਾ।
ਘਰ-ਬਾਰ ਤੇ ਜਿੰਦੜੀਆਂ ਉੱਜੜੀਆਂ ਹਨ ਬੇੜਾ ਡੁੱਬਿਆ ਮਾਲ ਤੇ ਜਾਨ ਵਾਲਾ।
ਦੁੱਧ-ਚੁੰਘਦਿਆਂ ਬਾਲਾਂ ਨਾ ਮਿਲੇ ਪਾਣੀ ਦੱਸਣ ਰੋਇ ਰੋਇ ਹਾਲ ਨੁਕਸਾਨ ਵਾਲਾ।
ਸੀ ਜੋ ਹਾਸਿਆਂ ਫੁੱਲਾਂ ਦਾ ਦੇਸ਼ ਸੋਹਣਾ ਮਾਤਮ ਛਾ ਗਿਐ ਓਥੇ ਸਮਸ਼ਾਨ ਵਾਲਾ।
ਰੱਬ ਕਰੇ ਕਿ ਖ਼ਤਰਾ ਰੀਐਕਟਰਾਂ ਦਾ ਰੇਡੀਏਸ਼ਨ ਗਰੀਬਾਂ ਨਾ ਪੱਟ ਜਾਵੇ!
ਫ਼ੱਕਰ ਸਿੱਖਾਂ ਦੇ ਕੇਲ ਹੈ ਜੋ ਰਹਿੰਦਾ ਬਾਦਲ-ਟਿੱਡੀ-ਦਲ ਵਾਂਗ ਨਾ ਚੱਟ ਜਾਵੇ!!

## 510. ਯਾਦਗਾਰ

ਜੱਥੇਦਾਰ-ਪ੍ਰਧਾਨ ਹਨ ਮਿਲ ਬੋਲੇ-ਹੋਂਦ ਵਾਲਿਆਂ ਯਾਦ ਬਣਾਵਾਂਗੇ ਜੀ
ਗੱਜ-ਵੱਜ ਕੇ ਕਰਾਂਗੇ ਫ਼ਰਜ਼ ਪੂਰਾ ਫੁੱਲ ਕੀਰਤਪੁਰ ਇਹਨਾਂ ਦੇ ਪਾਵਾਂਗੇ ਜੀ।
ਅੱਗੇ ਅੰਮ੍ਰਿਤਸਰ ਵਾਲੇ ਤਾਂ ਹਨ ਰੋਲੇ ਘੱਟੇ ਇਹਨਾਂ ਨੂੰ ਓਵੇਂ ਰੁਲਾਵਾਂਗੇ ਜੀ।
ਰੇਗਮਾਰ ਪਰ ਇਹਨਾਂ ਦਾ ਹੱਥ ਆਇਐ ਰਗੜ ਲੀਡਰੀ ਚੰਗੂੰ ਚਮਕਾਵਾਂਗੇ ਜੀ।
ਛੱਬੀ ਸਾਲ ਜੇ ਰਹੇ ਹਨ ਸਿੱਖ ਧੁਖਦੇ ਸਰਕੀ ਆਕਿਆਂ- ਕੰਨ ਤੇ ਜੂੰ ਨਾਹੀਂ!
ਰਲ ਕੇ ਕੁਰਸੀਆਂ ਪੱਕੀਆਂ ਕਰਨੀਆਂ ਹਨ ਫ਼ੱਕਰ ਕਰਾਂਗੇ ਕਿਓਂ ਹਾਂ-ਹੂੰ ਨਾਹੀਂ!!

## 511. ਤਾਰਾ

ਵੇਖੋ ਕਾਕੇ ਦੀ ਸੋਚ ਦਾ ਕਾਰਨਾਮਾ 'ਲਾਲ-ਪਰੀ' ਨਾਲ ਹੋਵੇ ਮਸ਼ਹੂਰ ਭਾਈ।
ਦਸ, ਬੋਤਲ 'ਚੋਂ ਬਚਣ ਤਾਂ ਪਏ ਪੂਰੀ ਹੋਵੇ ਤਾਂਹੀ ਖਜ਼ਾਨਾ ਭਰਪੂਰ ਭਾਈ।
ਆਪਣੇ ਆਪ ਨੂੰ ਕੀ ਮਨਪ੍ਰੀਤ ਸਮਝੇ? ਰੋਟੀ ਵਾਂਗਰਾਂ ਖਾਵਾਂਗੇ ਚੂਰ ਭਾਈ।
ਨਾਲ ਬਾਪੂ ਦੇ ਵਹਿੜਕਾ ਮੈਂ ਜੁੜਿਆ ਮੈਨੂੰ ਵੇਖਦੈ ਕਿਸਤਰ੍ਹਾਂ ਘੂਰ ਭਾਈ?
ਸਾਡੀ ਜੇਬ ਸਰਕਾਰ ਕਮੇਟੜੀ ਹੈ ਤਾਰੇ ਏਸਨੂੰ ਅਸੀਂ ਦਿਖਾ ਦਿਆਂਗੇ!
ਪੰਜ-ਤਾਰੇ ਉਸਾਰਨੇ ਆਉਣ ਸਾਨੂੰ ਚੜ੍ਹਦਾ ਤਾਰਾ ਇਹ ਖੂੰਜੜੇ ਲਾ ਦਿਆਂਗੇ।

## 512. ਮਸਲਾ

ਮਸਲਾ ਪੰਥ ਕੋਈ ਸਦਾ ਹੀ ਖੜ੍ਹਾ ਰਖਦੈ ਰਾਗਮਾਲਾ ਜਾਂ ਹੋਵੇ ਕਲੰਡਰ ਦਾ ਜੀ।
ਅੱਜ ਕਲ੍ਹ ਸਾਊ ਦੀ ਪੰਥ ਪੁੱਛ ਨਾਹੀਂ ਡੰਡਾ ਖੜਕਦਾ ਏਥੇ ਹੈ ਲੰਡਰ ਦਾ ਜੀ।
ਮੋਇਆ ਪੁੱਛਦਾ ਏਥੇ ਹੈ ਗੁਰਮੁਖਾਂ ਨੂੰ? ਟਕੂਆ ਚਲਦਾ ਮਨਮੁਖ ਤੇ ਕੰਜਰ ਦਾ ਜੀ।
ਬਾਲੂਸ਼ਾਹੀਆਂ, ਰਸਗੁੱਲੇ ਤੇ ਸ਼ੱਕਰਪਾਰੇ ਹਾਲ ਅੱਜ ਵਿਦੇਸ਼ੀ ਇਹ ਲੰਗਰ ਦਾ ਜੀ।
ਵਿਰਲਾ ਕੋਈ ਪ੍ਰਬੰਧਕ ਹੀ ਸੁਣੇ ਬਾਣੀ ਬਾਕੀ ਅੰਦਰ ਨੂੰ ਈਰਖਾ ਸਾੜਦੇ ਹਨ!
ਵੀਕ-ਐਂਡ ਤੇ ਸਿੱਖਾਂ ਦਾ ਸ਼ੌਕ ਬਣਿਆ ਸਿੱਖ ਜੋੜੇ ਨਹੀਂ, ਅੱਖੀਆਂ ਝਾੜਦੇ ਹਨ!!
(13 ਮਾਰਚ, 11)



## 513. ਤੱਤਾ-ਖੁਰਚਣਾ

ਇੱਕੋ ਜਾਤ ਹੈ ਜੱਗ 'ਤੇ ਲੀਡਰਾਂ ਦੀ ਬਾਪੂ ਗਧੇ ਨੂੰ ਗਰਜ਼ ਲਈ ਕਹਿਣ ਭਾਈ।
ਪੈਰੀਂ ਗੋਡੀਂ ਤੇ ਕਿਤੇ ਵੀ ਹੱਥ ਲਾਵਣ ਰਗੜਨ ਨੱਕ ਤੇ ਪੈਰਾਂ ਵਿੱਚ ਢਹਿਣ ਭਾਈ।
ਸੱਟ ਨਿੱਕਲੇ ਮੰਜੇ ਦੇ ਸਾਧ ਬਣ ਸਣ ਪਾਸਾ ਵੱਟ ਕੇ ਸੁੱਤੜੇ ਰਹਿਣ ਭਾਈ।
ਕੁਰਸੀ ਉੱਤੇ ਇਕੇਰਾਂ ਜੇ ਬੈਠ ਜਾਵਣ ਤੱਤੇ ਖੁਰਚਣੇ ਨਾਲ ਹੀ ਲਹਿਣ ਭਾਈ।
ਜਿਹੜੀ ਹੋਸਨੀ ਨਾਲ ਹੈ ਹੁਣੇ ਹੋਈ ਲੱਗੀ ਨਾਲ ਗੱਦਾਫ਼ੀ ਦੇ ਹੋਣ ਬੇਲੀ!
ਫ਼ੱਕਰਾ ਧੰਨ ਹੈ ਨਸਲ ਇਹ ਲੀਡਰਾਂ ਦੀ ਜਿਹੜੀ ਆਪਣੀ ਹੀ ਭਾਲਦੀ ਚੋਣ ਬੇਲੀ!!

## 514. ਨਹੁੰ-ਮਾਸ

ਵੇਖੋ ਲਾਲੂ ਨੇ ਕੇਹੀ ਇਹ ਖਰੀ ਆਖੀ -ਰਾਮਦੇਵ ਨੇ ਅੱਡੀਆਂ ਚਾਈਆਂ ਜੀ।
ਹੱਡੀਆਂ ਵਿੱਚ ਦੁਆਈਆਂ ਦੇ ਵੇਚਦਾ ਸੀ ਕੱਲ੍ਹ ਸੀ ਪਾਂਵਦਾ ਪਿਆ ਦੁਹਾਈਆਂ ਜੀ।
ਮੋੜੋ ਤਿਲ੍ਹਕਿਆ ਅਸਾਂ ਬਚਾਏ ਲੀਤਾ ਕਿਵੇਂ ਗੁੱਝੀਆਂ ਕੁੰਡੀਆਂ ਲਾਈਆਂ ਜੀ।
ਐਪਰ ਸਾਰੀਆਂ ਗੱਲਾਂ ਹੀ ਭੁੱਲ ਬੈਠਾ ਨਾਲ ਅਸਾਂ ਹੀ ਕਰੇ ਚਤਰਾਈਆਂ ਜੀ।
ਫ਼ੱਕਰ ਆਖਿਆ ਲੀਡਰੋ ਅਤੇ ਸਾਧੋ ਪੜ੍ਹਿਆ ਆਪਣਾ ਆਪੇ ਵਿਚਾਰਦੇ ਰਹੋ!
ਥੋਡਾ ਨਹੁੰ ਤੇ ਮਾਸ ਦਾ ਹੈ ਰਿਸ਼ਤਾ ਇਕ ਦੂਜੇ ਨੂੰ ਜੁੱਤੀਆਂ ਮਾਰਦੇ ਰਹੋ!!

## 515. ਬਹਿਜਾ-ਬਹਿਜਾ

ਮਨਪ੍ਰੀਤ ਨੂੰ ਫ਼ੱਕਰ ਸਲਾਹ ਦਿੱਤੀ-ਪਾ ਤਾਂ ਲਈਆਂ ਹਨ ਗਲੇ ਤਵੀਤੀਆਂ ਜੀ।
ਤਿਹੁ ਤਾਏ ਦਾ ਦਿਲੇ ਵਿੱਚ ਦੱਬ ਰੱਖੀਂ ਭੁੱਲ ਜਾਈਂ ਸਭ ਹੋਈਆਂ ਨੇ ਬੀਤੀਆਂ ਜੀ।
ਰੱਖੀਂ ਯਾਦ ਪਰ ਕਦੇ ਨਾ ਭੁੱਲ ਜਾਵੀਂ ਜੋ ਸੁਖਬੀਰ ਤੇ ਬਿਕਰਮ ਨੇ ਕੀਤੀਆਂ ਜੀ।
ਸਾਬਤ-ਕਦਮ ਜੇ ਰਹੇਂਗਾ ਪੰਧ ਉੱਤੇ ਮੋਢੇ ਫੇਰ ਹੀ ਲੱਗਣੀਆਂ ਫੀਤੀਆਂ ਜੀ।
ਲਿਆ ਪੰਗਾ ਇਹ ਤਾਹੀਂ ਹੁਣ ਰਹੂ ਚੰਗਾ ਤਕੜਾ ਰਹੀਂ ਤੇ ਢੂਈ ਲਵਾ ਦੇਵੀਂ!
ਪਿਤਾ ਅਤੇ ਪੰਜਾਬ ਦੀ ਪੱਤ ਰੱਖੀਂ ਬਹਿਜਾ ਬਹਿਜਾ ਬਸ ਹੁਣ ਕਰਵਾ ਦੇਵੀਂ!!

## 516. ਦਾਰੋ-ਮਦਾਰ

ਮੁੱਛਾਂ ਖੜ੍ਹੀਆਂ ਕਰ ਗੁਰਾਂ ਦੇ ਨਾਮ ਉੱਤੇ ਸਿੰਘ ਸਾਹਿਬ ਜੀ ਇਓਂ ਲਲਕਾਰ ਬੋਲੇ।
ਮਸਲਾ ਕਿਹੜਾ ਅੱਜ ਮੂਹਰੇ ਹੈ ਅੜਨ ਵਾਲਾ? ਲੈ ਕੇ ਹੱਥ ਵਿੱਚ ਢਿੱਲੀ ਤਲਵਾਰ ਬੋਲੇ।
'ਸਿੱਖ ਮਰਨ ਪਰ ਨਾਲ ਸਰਕਾਰ ਸਾਡੇ' ਬਣਕੇ ਮੁੜਵਾਂ ਜਿਹਾ ਕੋਈ ਹਥਿਆਰ ਬੋਲੇ।
'ਸਾਰਾ ਪੰਥ ਅਕਾਲ ਦਾ ਹੁਕਮ ਮੰਨੇ' ਫੇਰ ਵੇਖਕੇ ਦਾਰੋ-ਮਦਾਰ ਬੋਲੇ।
ਫ਼ੱਕਰਾ ਸਿੱਖ ਤਾਂ ਬਣੇ ਹਨ ਅੱਜ ਭੇਡਾਂ ਭੇਡੂ ਸ਼ੇਰ ਬਣ ਕਰਨ ਸਰਦਾਰੀਆਂ ਜੀ!
ਮਾਲ੍ਹ-ਪੂੜੇ ਭਠੂਰੇ ਹੀ ਪੰਥ ਬਣਿਆ ਰਲ਼ਕੇ ਛਕ ਲਿਆ ਲੀਡਰ-ਪੁਜਾਰੀਆਂ ਜੀ!!
(21 ਮਾਰਚ, 11)

## 517. ਭੁਚਾਲ

ਵਾਤਾਵਰਣ ਸੰਸਾਰ ਦਾ ਬਦਲਿਆ ਕੀ ਸਾਰੇ ਪਾਸੇ ਹੀ ਵੇਖੋ ਭੁਚਾਲ ਆਇਆ।
ਮਿਡਲ ਈਸਟ ਵਿੱਚ ਖੜਕਦੀ ਡਾਂਗ ਕੀਕੂ ਲੈ ਜਪਾਨ ਲਈ ਮੰਦੜੇ ਹਾਲ ਆਇਆ।
ਆਪੋਜ਼ੀਸ਼ਨ ਤੇ ਕਾਂਗਰਸ ਖੁੱਲ ਖੇਡੇ ਲੈ ਕੇ ਹੋਲੀ ਦੇ ਰੰਗਾਂ ਦਾ ਥਾਲ ਆਇਆ।
ਹੋਗੇ ਤਾਇਆ-ਭਤੀਜਾ ਹੀ ਹੇਠ-ਉੱਤੇ ਇਹ ਪੰਜਾਬ ਵਿੱਚ ਕੈਸੜੇ ਤਾਲ ਆਇਆ।
ਰੱਬ ਰਿਜ਼ਕ ਦਿੰਦਾ ਬੰਦਾ ਭੁੱਲ ਜਾਂਦਾ ਪੁੱਛਦਾ ਕੌਣ ਹੈ ਫ਼ੱਕਰਾ ਫੀਡਰਾਂ ਦੀ?
ਤੂਤੀ ਬੋਲਦੀ ਜੱਗ ਜੇ ਲੀਡਰਾਂ ਦੀ ਵੱਜਦੀ ਚੀਕ ਵੀ ਅੰਤ ਨੂੰ ਲੀਡਰਾਂ ਦੀ!

## 518. ਡੰਡੀਆਂ

ਕੀ ਅੰਗਰੇਜ਼ਾਂ ਸੀ 'ਭਗਤ' ਸ਼ਹੀਦ ਕੀਤਾ? ਜਿਵੇਂ ਕੀਤਾ ਹੈ ਅਸਾਂ ਪੰਜਾਬੀਆਂ ਨੇ।
ਖਟਕੜ ਕਲਾਂ ਵਿਚ ਓਸਦੀ ਕਰੀ ਬੋਲੀ ਇਹਨਾਂ ਲੀਡਰਾਂ ਵੱਡੇ ਜਨਾਬੀਆਂ ਨੇ।
ਅੱਧੀ ਕਿੱਕ ਸਟਾਰਟ ਨੇ ਹੋਏ ਯਾਮੇ ਇਕਨਾਂ ਨਾਲੇ ਨਾਲ ਬੰਨ੍ਹੀਆਂ ਚਾਬੀਆਂ ਨੇ।
ਮਰੇ ਦਿਓਰਾਂ ਦੇ ਨਾਂ 'ਤੇ ਵੋਟ ਮੰਗਣ ਨੱਚੀਆਂ ਪਾਰਟੀਆਂ ਬਣ ਕੇ ਭਾਬੀਆਂ ਨੇ।
ਵੱਢਿਆ ਦੇਸ ਤੇ ਫੇਰ ਪ੍ਰਦੇਸ਼ ਵੱਢੇ ਪਾਈਆਂ ਫੇਰ ਸ਼ਹੀਦਾਂ ਦੀਆਂ ਵੰਡੀਆਂ ਜੀ!
ਫ਼ੱਕਰਾ ਖ਼ੈਰ ਦੀ ਆਸ ਕੀ ਲੀਡਰਾਂ ਤੋਂ? ਵੇਚ ਜਾਣ ਇਹ ਮਾਂਵਾਂ ਦੀਆਂ ਡੰਡੀਆਂ ਜੀ!!

## 519. ਲ਼ਲ਼ਕ

ਮਾਹਵਾਰੀ ਕੀ ਸੋਚ ਇਹ ਰੋਜ਼ ਆਵੇ ਪੀ.ਐਮ. ਬਣਾਂ ਅਡਵਾਨੀ ਨੂੰ ਪਵੇ ਦੌਰਾ।
ਮਸਜਿਦ ਢਾਏ ਤੇ ਮੰਦਰ ਬਣਵਾਏ ਕਿਧਰੇ ਹੋਇਆ ਕੁਰਸੀ ਲਈ ਕਦੋਂ ਦਾ ਹੈ ਬੌਰਾ।
ਗਈ ਸਾਰੀ ਜਵਾਨੀ ਇਸ ਚਾਅ ਅੰਦਰ ਅਜੇ ਟਿਕੇ ਨਾ ਵੇਖੋ ਜੀ ਦਿਲ ਚੌਰਾ।
ਰਥ ਹੱਕੇ ਤੇ ਹਵਨ ਵੀ ਕਰੇ ਕਿੰਨੇ ਘੁੰਮੇ ਕੁਰਸੀ ਦੁਆਲੇ ਹੀ ਮਨ ਭੌਰਾ।
ਮੋਹਣ ਕਹੇ-ਇਨ ਕੁਰਸੀ ਦੀ ਲ਼ਲ਼ਕ ਲੱਗੀ ਨਿਉਂ ਨਿਉਂ ਕੁਰਸੀ ਇਹ ਮੇਰੀ ਵੱਲ ਆਂਵਦੇ ਹਨ!
ਕਿਹੜੀ ਚੀਜ਼ ਨੂੰ ਇਹਨਾਂ ਦਾ ਜੀਅ ਕਰਦਾ? ਮੈਨੂੰ ਪਤੈ ਅਡਵਾਨੀ ਕੀ ਚਾਂਹਵਦੇ ਹਨ!!

## 520. ਘਪਲੇ

ਫ਼ੱਕਰਾ ਰੁੱਤ ਹੈ ਭਾਰਤ ਵਿੱਚ ਘਪਲਿਆਂ ਦੀ ਥਾਂ ਥਾਂ ਤੇ ਮਿਲਦਾ ਹੈ ਆ ਘਪਲਾ।
ਛੱਡੋ ਗੱਲ ਨਿਰਯਾਤ ਵਾਲੀ ਖੇਡਾਂ ਤੱਕ ਨੂੰ ਮਿਲਿਆ ਹੈ ਧਾਅ ਘਪਲਾ।
ਲੈ ਕੇ ਬੋਫ਼ਰਜ਼ ਤੋਂ ਗਾਂਧੀ-ਕੰਨ ਨੋਟ ਤਾਈਂ ਨਕਲੀ ਅਸਲੀ ਤੇ ਗਿਆ ਹੈ ਛਾਅ ਘਪਲਾ।
ਭਗਤ ਸਿੰਘ ਸ਼ਤਾਬਦੀ ਜੋ ਮਿਲਿਆ ਚੋਰਾਂ ਲਿਆ ਹੈ ਛਕ-ਛਕਾਅ ਘਪਲਾ।
ਮੰਗਿਆ ਮੈਥੋਂ ਸਪੱਸ਼ਟੀ-ਕਰਣ ਜੇਕਰ 'ਨੰਦਗੜ੍ਹ' ਕਹੇ ਮੈਂ 'ਬਾਤ' ਬਤਾ ਦਿਆਂਗਾ!
ਘਪਲੇ ਪੰਥ ਵਿੱਚ ਕਿਹੜਾ ਹਨ ਘੱਟ ਹੁੰਦੇ? ਬੂੰਦੀ ਸਾਰਿਆਂ ਸੰਦੀ ਉਡਾ ਦਿਆਂਗਾ!!

(26 ਮਾਰਚ, 11)



## 521. ਮੂਸਾ

ਮੂਸਾ ਕੂਸਾ ਗਦਾਫ਼ੀ ਤੋਂ ਟੁੱਟ ਭੱਜਾ ਕਿਵੇਂ ਆਪ ਹੀ ਗਿਆ ਅਟੇਰਿਆ ਏ।
ਭੱਜਿਆ ਮੂਸਾ ਸੀ ਮੌਤ ਤੋਂ ਜਿਵੇਂ ਵੇਖੋ ਅੱਗਿਓਂ ਆਣ ਕੇ ਮੌਤ ਨੇ ਘੇਰਿਆ ਏ।
ਪੈਨ ਐਮ ਫ਼ਲਾਈਟ ਦਾ ਕੇਸ ਕੱਢ ਕੇ ਤਾਂਬਲ ਮੂਹਰਿਓਂ ਅਗਲਿਆਂ ਫੇਰਿਆ ਏ।
ਕਿਹੜੀ ਕਰਵਟ ਹੁਣ ਬੈਠਦਾ ਊਠ ਵੇਖੋ ਜਿਹੜਾਂ ਸਾਰੀਆਂ ਧਿਰਾਂ ਸ਼ਸ਼ਕੇਰਿਆ ਏ।
ਮੂਸੇ ਕੂਸੇ ਨਾਲ ਬਾਂਦਰ ਦੇ ਵਾਂਗ ਹੋਈ ਆਇਆ ਚੀੜ੍ਹ ਦੇ ਵਿੱਚ ਸਮਾਨ ਭਾਈ!
ਸਾਰੀ ਉਮਰ ਅਠਖੇਲ੍ਹੀਆਂ ਕੀਤੀਆਂ ਸੂ ਫ਼ੱਕਰ ਆਈ ਕੜਿੱਕੀ ਵਿੱਚ ਜਾਨ ਭਾਈ!!

## 522. ਤਰੀਕਾਂ

ਕਿੱਥੇ ਇਹ ਅਦਾਲਤਾਂ ! ਉਹ ਕਿੱਥੇ! ਗੱਲ ਸੀ ਵੱਖਰੀ ਤਖ਼ਤ ਅਕਾਲ ਵਾਲੀ।
ਗੁਰਾਂ ਵੱਖਰੀ ਚਿਤਵੀਂ ਸੀ ਕਦੇ ਕੀਕੀਰ ਬਣ ਚੱਲੀ ਹੈ ਆਪ ਇਹ ਚਾਲ ਵਾਲੀ।
ਸਿੱਖ ਮਸਲੇ ਲਿਆਣ ਤੇ ਰੋਣ-ਕੂਕਣ ਨੀਤੀ ਏਥੇ ਮਟੋਲ ਅੱਜ ਟਾਲ ਵਾਲੀ।
ਅੱਗੇ ਪੈਣ ਤਰੀਕਾਂ ਤੇ ਟਲਣ ਮਸਲੇ ਹੁੰਦੀ ਗੱਲ ਹੈ ਆਕਾ-ਨਿਹਾਲ ਵਾਲੀ।
ਫ਼ੱਕਰਾ ਵਿੰਹਦਿਆਂ ਕੈਸੜੇ ਵਕਤ ਆਏ ਸਿੱਖ ਝੋਟਿਆਂ ਤੋਂ ਭਾਲਣ ਲੱਸੀਆਂ ਜੀ!
ਸਾਹਿਬ ਛੱਡ ਪੁਜਾਰੀਆਂ ਪੈਰ ਪਰਸਣ ਏਹੀਆਂ ਸੰਗਤਾਂ ਘੁੱਗ ਨਾ ਵੱਸੀਆਂ ਜੀ!!

## 523. ਬਰਸੀ

ਬਰਸੀ ਟੌਹੜੇ ਦੀ ਚੰਗੜਾ 'ਕੱਠ ਹੋਇਆ ਨਾਅਰਾ ਆਹ ਦਾ ਕਈਆਂ ਆ ਮਾਰਿਆ ਸੂ।
ਜਿਵੇਂ ਕਰਨ ਲੀਡਰ ਸਭਨਾਂ ਆਣ ਕੀਤਾ ਮਨ ਚਾਹਿਆ ਜੋ ਆਇ ਪ੍ਰਚਾਇਆ ਸੂ।
ਬੁੱਢੇ-ਵਾਰੇ ਨਾ ਵਿਹਲੇ ਦਾ ਚਿੱਤ ਲੱਗੇ ਆ ਤਲਵੰਡੀ ਵੀ ਵੇਖੋ ਤਬਕਾਰਿਆ ਸੂ।
'ਇੱਕ ਢੀਂਡਸਾ-ਭੂੰਦੜ ਟਕਸਾਲੀ ਰਹਿਗੇ?' ਬ੍ਰਾਬੜ ਬੋਲਿਆ ਬੇ-ਹਥਿਆਰਿਆ ਸੂ।
ਜੱਥੇਦਾਰ ਜੀ! ਸੱਚੇ ਹੋਂ -ਕਿਹਾ ਫ਼ੱਕਰ 'ਅੜਬ-ਕੁੱਕੜ' ਦਾ ਲਕਬ ਉਤਾਰੀਏ ਜੀ!
ਰਲ਼ਕੇ ਨਿੰਬੂ-ਵਤ ਪੰਥ ਨਿਚੋੜਿਆ ਸੀ ਜਾਂਦੇ ਜਾਂਦੇ ਇਹ ਤੜ੍ਹਾਂ ਨਾ ਮਾਰੀਏ ਜੀ!!

## 524. ਬਦਲ

ਆਈ ਪਾਰਟੀ ਪੀਪਲ-ਪੰਜਾਬ ਵਾਲੀ ਫ਼ੱਕਰ ਆਖਿਆ-ਭਾਈ ਵਧਾਈ ਹੋਵੇ।
ਤੀਜੇ ਬਦਲ ਦਾ ਮਜ਼ਾ ਵੀ ਚੱਖ ਲਈਏ ਸ਼ਾਇਦ ਵਧੀਆ ਹੀ ਇਹ ਮਠਿਆਈ ਹੋਵੇ।
ਅੱਗੇ ਪੰਥ ਪ੍ਰਵਾਰ ਨੇ ਵੇਚ ਖਾਧਾ ਹੁਣ ਨਾ ਏਸਦੀ ਖ਼ਬਰੇ ਰਗੜਾਈ ਹੋਵੇ।
ਹੋਕਾ ਵੰਗਾਂ ਦਾ ਦਿੱਤੈ ਵਣਜਾਰਿਆਂ ਨੇ ਚੱਕੀ-ਰਾਹੇ ਦੀ ਨਹੀਂ ਦਿਖਿਆਈ ਹੋਵੇ।
ਫ਼ੱਕਰ ਆਖਿਆ ਮਾਨ ਭਗਵੰਤ ਤਾਈਂ-ਸੋਹਣੇ ਪਾਸੇ ਹੈ ਸੋਹਣਿਆ ਛਾਲ ਮਾਰੀ!
ਮਨਪ੍ਰੀਤ ਜੇ ਹਾਰ ਉਦਾਸ ਹੋਵੇ ਢਿੱਡ 'ਤੇ ਕੱਢੇਂਗਾ ਕੋਈ ਤਾਂ ਕੁਤ-ਕੁਤਾਰੀ!!

(4 ਅਪ੍ਰੈਲ, 11)

## 525. ਝੰਡੀ

ਅੱਖ ਖੁੱਲ੍ਹਗੀ ਹਾਕਮਾਂ ਸੁੱਤਿਆਂ ਦੀ ਪੁੱਛਣ ਆਪ ਆ ਅੰਨਾ ਹਜ਼ਾਰਿਆਂ ਨੂੰ।
ਨਾਲ਼ਾ ਬੰਨ੍ਹਣਾ ਵੇਖੋ ਸਰਕਾਰ ਭੁੱਲੀ ਰਾਹ ਲੱਭੇ ਨਾ ਨਜ਼ਰ ਦੇ ਮਾਰਿਆਂ ਨੂੰ।
ਝੰਡੀ ਅੰਨਾ ਹਜ਼ਾਰੇ ਨੇ ਆਣ ਪੱਟੀ ਰਾਮਦੇਵ ਜੇਹ ਭੁੱਲੇ ਜੈਕਾਰਿਆਂ ਨੂੰ।
ਓਧਰ ਜੇਠ ਮਿਲਾਨੀ ਜੀ ਪਏ ਕਾਹਲੇ ਕੱਟ ਗਿਆ ਹਜ਼ਾਰਾ ਹੈ ਸਾਰਿਆਂ ਨੂੰ।
ਕਿਰਨ ਬੇਦੀ ਨੇ ਕਿਰਨਾਂ ਦੇ ਬਾਣ ਮਾਰੇ ਰੋਕ ਸਕੂ ਕੀ ਮਾਤਾ ਦਾ ਮਾਲ ਫ਼ੱਕਰ?
ਅੰਨ੍ਹੇ, ਅੰਨਾ ਹਜ਼ਾਰੇ ਆ ਕੁੱਲ ਕੀਤੇ ਨਿਕਲੀ ਲਾਲਟਣ ਜੀਹਦੇ ਹੈ ਨਾਲ ਫ਼ੱਕਰ!

## 526. ਮੁਹਾਲੀ

ਹੋਇਆ ਮੈਚ ਮੁਹਾਲੀ ਵਿੱਚ ਬਹੁਤ ਵੱਡਾ ਗੱਲਾਂ ਚੈਨਲਾਂ-ਦੇਸ਼ਾਂ ਵਿੱਚ ਚੱਲੀਆਂ ਜੀ।
ਹਿੰਦ-ਪਾਕਿ ਦੇ ਮੋਹੋਂ ਲੜਾਈ ਝਲਕੇ ਬੱਲੇ-ਵਿਕਟਾਂ ਜਾਂ ਐਟਮੀ-ਬੱਲੀਆਂ ਜੀ?
ਬਗਲਗੀਰ ਗਿਲਾਨੀ ਤੇ ਮੋਹਣ ਹੋਏ ਕੀਤੇ ਡਿੱਨਰ ਤੇ ਖਿੱਲਤਾਂ ਨੇ ਘੱਲੀਆਂ ਜੀ।
ਅਸਾਂ ਟੀ.ਵੀਂ 'ਤੇ ਵੇਖਿਆ ਮੈਚ ਸਾਰਾ ਮੈਚ ਵੇਖਦੇ ਚੱਬੀਆਂ ਛੱਲੀਆਂ ਜੀ।
'ਸਾਹਿਬਜ਼ਾਦਾ ਅਜੀਤ ਸਿੰਘ ਨਗਰ 'ਕਹਿਕੇ ਹੁਣ ਵੀ ਜਿਹੜੇ 'ਮੁਹਾਲੀ' ਪੁਕਾਰਦੇ ਹਨ!
ਕੁਰਸੀ ਚਾਂਹਵਦੇ ਲੂਣ ਹਰਾਮ ਕਰਦੇ ਸਮਝ ਬੱਕਰੀਆਂ ਸਿੱਖਾਂ ਨੂੰ ਚਾਰਦੇ ਹਨ!!

## 527. ਛਟੀ

ਖ਼ਰੀ ਗੱਲ ਕੁਲਦੀਪ ਸਿੰਘ ਬਹੁਤ ਕੀਤੀ ਜਸਟਿਸ ਸੱਚ ਹੀ ਮੁੱਖੋਂ ਉਚਾਰਿਆ ਹੈ।
ਗਧੀ-ਗੇੜ ਕਮੇਟੀ ਸਿੱਖ ਪਏ ਜਿਹੜੀ ਏਹਨੇ ਕੌਮ ਦਾ ਕਿਹੜਾ ਸਵਾਰਿਆ ਹੈ?
ਏਹਨੇ ਕੀਤਾ ਅਧੀਨ ਹੈ ਸਿੱਖਾਂ ਤਾਈਂ ਏਹਨੇ ਸਿੱਖੀ ਨੂੰ ਭਾਈ ਨਿਘਾਰਿਆ ਹੈ।
ਇਹਦੀ ਗੋਲਕ 'ਚੋਂ ਲੀਡਰਾਂ -ਕਾਬਜ਼ਾਂ ਨੇ ਪੂਜਾ-ਧਾਨ ਲੈ ਸਿੱਖਾਂ ਨੂੰ ਮਾਰਿਆ ਹੈ।
ਫ਼ੱਕਰਾ ਸਿੱਖ, ਦਸਤਾਰ ਦੀ ਗੱਲ ਕਰਦੇ ਪੜ੍ਹਨ-ਸੁਣਨ ਨੂੰ ਗੱਲਾਂ ਇਹ ਪਿਆਰੀਆਂ ਹਨ!
ਏਸ ਛਟੀ-ਕਮੇਟੀ ਪਰ ਪੰਥ ਤਾਈਂ ਸਦਾ ਪੁੱਠੀਆਂ ਅੱਖਾਂ ਹੀ ਮਾਰੀਆਂ ਹਨ!!

## 528. ਡੰਡਾ

ਨਿੱਕੀਆਂ ਜਦੋਂ ਜਮਾਤਾਂ ਵਿੱਚ ਸਾਂ ਪੜ੍ਹਦੇ ਕਰਦਾ ਆਉਂਦਾ ਸੀ ਜਿਵੇਂ ਮਾਰੋ-ਮਾਰ ਡੰਡਾ।
ਸੁਪਨੇ ਆਵਣੇ, ਰਾਤੀਂ ਨਾ ਨੀਂਦ ਆਉਣੀ ਵਰ੍ਹਦਾ ਸਿਰਾਂ ਤੇ ਸੀ ਵਾਰੋ-ਵਾਰ ਡੰਡਾ।
ਵੱਡੇ ਹੋਏ ਤਾਂ ਵਾਰਸ ਸਾਹ ਕਹਿਣ ਲੱਗੇ ਵਿਗੜੇ-ਤਿਗੜਿਆਂ ਪੀਰ ਹੈ ਯਾਰ ਡੰਡਾ।
'ਕੁੱਟਦੇ ਸਨ ਅਧਿਆਪਕ ਤਾਂ ਸੋਧਣੇ ਲਈ' ਏਹੀ ਸੋਚ ਬਸ ਲਿਆ ਵਿਚਾਰ ਡੰਡਾ।
ਡੰਡਾ-ਬਾਦਲੀ ਵਰ੍ਹੇ ਅਧਿਆਪਕਾਂ 'ਤੇ ਸਾਨੂੰ ਦੁੱਖ ਨਾਲ ਫ਼ੱਕਰ ਸੁਆਦ ਆਉਂਦੈ!
ਪੁੱਠੇ ਹੋਇ ਕੇ ਜਦੋਂ ਇਹ ਕੁੱਟ ਖਾਵਣ ਬਚਪਨ ਰੰਗਲਾ ਅਸਾਂ ਨੂੰ ਯਾਦ ਆਉਂਦੈ!!
(10 ਅਪ੍ਰੈਲ, 11)



## 529. ਕਾਨਾ

ਬਰਥ-ਡੇਟ ਦਾ ਟਿੰਡ ਵਿੱਚ ਪਾਇ ਕਾਨਾ ਲੱਭਿਆ ਦਾਓ ਉਬਾਮੇ ਨੂੰ ਘੇਰਨੇ ਦਾ।
ਜਰਿਆ ਜਾਂਵਦਾ ਹਿੱਕ 'ਤੇ ਨਹੀਂ ਬੈਠਾ ਜਾਲ਼ ਲੱਭ ਲਿਐ ਨਵੇਂ ਮਖੇਰਨੇ ਦਾ।
ਜਦੋਂ ਮਰਦ ਨਾ ਕਿਵੇਂ ਵੀ ਆਏ ਕਾਬੂ ਚਲਦੀ ਨਾਰ ਦਾਅ ਹੰਝੂਆਂ ਕੇਰਨੇ ਦਾ।
ਦੂਜੀ ਟਰਮ ਨਾ ਲਵੇ ਕਿ ਨਹੁੰ ਲਾਹੋ ਮੂੰਹ ਤਿੱਖੜਾ ਕਰੋ ਨਹੇਰਨੇ ਦਾ।
ਫ਼ੱਕਰਾ ਲੜਦੇ ਹਨ ਲੜਨ ਦੇਹ ਲੀਡਰਾਂ ਨੂੰ ਲੜਨਾ ਇਹਨਾਂ ਹੈ ਕੁੱਕੜਾਂ-ਹਾਰ ਮੀਆਂ!
ਇਕ ਦੂਜੜੇ ਮਾਰਨ ਜੋ ਪਏ ਮਾਰਨ ਆਪ ਇਹਨਾਂ ਪਰ ਕੁਝ ਨਾ ਮਾਰ ਮੀਆਂ!!

## 530. ਕੜ੍ਹੀ

ਵੇਖੋ ਅੰਨਾ ਹਜ਼ਾਰੇ ਕੀ ਕੜ੍ਹੀ ਘੋਲੀ ਮੂੰਹ ਆਪਣਾ ਕਿਵੇਂ ਕੁਹਾੜਿਆ ਹੈ।
ਕੀਤੀ ਮੋਦੀ ਦੀ ਸਿਫ਼ਤ ਕੁਵੇਲੜੇ ਕੀ ਗਿਆ ਟੱਕਰਾਂ ਨਾਲ ਮੁਤਾੜਿਆ ਹੈ।
ਲੋਕ ਮੋਦੀ ਦੀ ਸਾਰੇ ਔਕਾਤ ਜਾਨਣ ਅੰਨੇ ਆਪਣਾ ਪਾਜ ਉੱਘਾੜਿਆ ਹੈ।
ਬਣਨ ਲੱਗੀ ਸੀ ਲੋਕਾਂ ਵਿੱਚ ਗੱਲ ਸੋਹਣੀ ਖੋਤਾ ਜਾਇ ਕਮਾਦ ਵਿੱਚ ਵਾੜਿਆ ਹੈ।
ਕੂੜਾ ਅੰਨਾ ਹੈ ਹੂੰਝਦਾ ਇਕ ਪਾਸੇ ਦੂਜੇ ਪਾਸੜੇ ਝੱਲ ਖਿਲਾਰਦਾ ਹੈ!
ਜਿਹੜੀ ਛਤਰੀ ਤੋਂ ਉੱਡਿਆ ਸੀ ਇਹ ਫ਼ੱਕਰ ਓਸੇ ਛਤਰੀ ਤੇ ਪੈਰ ਪਸਾਰਦਾ ਹੈ!!

## 531. ਸੰਗ

ਪਹਿਲੀ ਵੇਰ ਜਾਂ ਆਂਵਦੀ ਬਹੂ ਸਹੁਰੇ ਹੁੰਦੀ ਲਾਜ਼ਮੀ ਓਸ ਨੂੰ ਸੰਗ ਮੀਆਂ!
ਫੇਰ ਆਵੇ ਸੁਹਾਗ ਦੀ ਰਾਤ ਸੋਹਣੀ ਜਦੋਂ ਟੁੱਟਦੀ ਓਸ ਦੀ ਵੰਗ ਮੀਆਂ।
ਓਹਨੂੰ ਰਾਂਝਣ ਬਿਨ ਕੋਈ ਨਾ ਨਜ਼ਰ ਆਵੇ ਭੁੱਲ ਜਾਵੇ ਸਿਆਲ ਉਹ ਝੰਗ ਮੀਆਂ।
ਓਧਰ ਔਖੜਾ ਕੋਈ ਹੈ ਜੋਗ ਲੈਂਦਾ ਜੀਹਦਾ ਕਾਫ਼ੀਆ ਹੁੰਦਾ ਹੈ ਤੰਗ ਮੀਆਂ।
ਮਨਪ੍ਰੀਤ ਦੇ ਸਬਰ ਦਾ ਬੰਨ੍ਹ ਟੁੱਟਾ ਪਹਿਲੀ ਵਾਰ ਉਸ ਤਾਏ ਨੂੰ ਭੰਡਿਆ ਏ!
ਫ਼ੱਕਰ ਆਖਿਆ-ਪੁੱਤਰਾ ਠੀਕ ਕੀਤੋ ਕੱਢੀ ਲੇਟ ਤੇ ਰੰਬੇ ਨੂੰ ਚੰਡਿਆ ਏ!!

## 532. ਚੋਰ

ਹੋਇਆ ਨਾਲ ਸ਼ਹੀਦਾਂ ਅਨਿਆਏਂ ਬਹੁਤਾ ਬਿੱਟਾ ਕੂਕਿਆ-ਵੇਖੋ ਨਾ ਹੋਰ ਹੋਵੇ।
ਸੁਪਨੇ ਉਹਨਾਂ ਦੇ ਤੋੜ ਨਹੀਂ ਚਾੜ੍ਹ ਸਕਦੇ ਉਹਨਾਂ ਵਰਗੀ ਨਾ ਜਿਹਨਾਂ ਦੀ ਤੋਰ ਹੋਵੇ।
ਖਟਕੜ ਕਲਾਂ ਵਿਚ ਕਾਵਾਂ ਨੇ ਪਾਈ ਰੌਲੀ ਲੱਭੋ ਇਹਨਾਂ ਵਿੱਚ ਕਿਤੇ ਕੋਈ ਮੋਰ ਹੋਵੇ।
ਰਾਹੀ ਜਾਂਦੇ ਨੇ ਆਖਿਆ-ਨਿਗਾਹ ਰੱਖਿਓ ਛੁਪਿਆ ਏਥੇ ਨਾ ਕੋਈ ਸਾਇਕਲ ਚੋਰ ਹੋਵੇ।
ਫ਼ੱਕਰ ਬੋਲਿਆ-ਭਾਈ ਜੀ! ਗੱਲ ਕਿਹੜੀ? ਹੁੰਦੀਆਂ ਚਾਰ-ਚੁਫ਼ੇਰੇ ਹੀ ਚੋਰੀਆਂ ਜੀ!
ਜਿਹਨਾਂ ਮੂਤਣੋਂ ਕਦੇ ਨਾ ਬਾਜ ਆਉਣਾ ਰੱਖਣ ਸੁੱਥਣ-ਪਜਾਮਿਆਂ ਮੋਰੀਆਂ ਜੀ!!
(17 ਅਪ੍ਰੈਲ, 11)

## 533. ਬੱਕਰਾ

ਫ਼ੱਕਰ ਆਖਿਆ ਵੋਟਰੋ ਹੋਸ਼ ਕਰਨੀ ਦਿਨ ਚੋਣਾਂ ਦੇ ਲੱਗੇ ਹਨ ਔਣ ਭਾਈ।
ਬੜੇ ਜੋੜ ਤੇ ਤੋੜ-ਵਿਛੋੜ ਹੋਣੇ ਦਿਨੋਂ-ਦਿਨ ਹੁਣ ਬਦਲਵੀਂ ਪੌਣ ਭਾਈ।
ਦੋਹਾਂ, ਤਾਏ-ਭਤੀਜੇ ਨੇ ਸੋਚਣਾ ਹੈ ਦੋਵੇਂ ਸੋਚਣਗੇ ਸੋਚਦੇ ਸੌਣ ਭਾਈ।
ਝੱਗੀਆਂ ਵਾਲੜੇ ਕਰਨਗੇ ਬੈਠ ਲੇਖਾ ਕੀਹਦਾ ਕਰੂ ਕੀ ਭਲਾਂ ਹੁਣ ਕੌਣ ਭਾਈ।
ਕਰਿਓ ਮਰਜ਼ੀ, ਪਰ ਸੁਣ ਲਿਓ ਸਾਰਿਆਂ ਦੀ ਐਵੇਂ ਬਹੁਤਾ ਵੀ ਨਹੀਂ ਨਿਹਾਲ ਹੋਣਾ!
ਵੋਟਰ ਬੱਕਰਾ ਹੁੰਦਾ ਹੈ ਲੀਡਰਾਂ ਦਾ ਏਧਰ ਝਟਕਾ ਤੇ ਓਧਰ ਹਲਾਲ ਹੋਣਾ!!

## 534. ਨਿੰਬੂ

ਪੰਥ ਖੱਖੜੀਆਂ-ਫਾਕੜਾਂ ਕਿਵੇਂ ਹੋਇਆ ਮਸਲਾ ਲੈ ਲਓ ਹੀ ਸਿੰਘ ਸਾਹਿਬਾਨ ਦਾ ਜੀ।
ਇਕ ਏਧਰ ਤੇ ਦੂਸਰਾ ਖਿੱਚੇ ਓਧਰ ਪਤਾ ਖ਼ਬਰਾਂ 'ਚ ਲੱਗੇ ਬਿਆਨ ਦਾ ਜੀ।
ਜੱਥੇਦਾਰ ਜੇ ਪੰਜ ਵੀ ਨਹੀਂ 'ਕੱਠੇ 'ਕੱਠ ਹੋਊ ਕੀ ਪੰਥ ਮਹਾਨ ਦਾ ਜੀ?
ਜਿਹੜੀ ਕੌਮ ਸ਼ਹੀਦ ਕਰਵਾਏ-ਮਾਰੇ, ਵਾਜਾ ਕਿਹੜਾ ਉਡੀਕੇ ਵਰਦਾਨ ਦਾ ਜੀ?
ਫ਼ੱਕਰਾ ਸਿੱਖਾਂ ਵਿੱਚ ਸਿੱਖ ਕੁਝ ਜਾਗਦੇ ਹਨ ਨਾਤਾ ਪੰਥ ਤੋਂ ਜਿਹਨਾਂ ਨੇ ਤੋੜਨਾ ਨਹੀਂ!
ਸਿੱਖ ਸਾਰੇ ਨਹੀਂ ਲੀਡਰਾਂ ਵਾਂਗ ਹੁੰਦੇ ਇਹਨਾਂ ਨੁੱਚੜਨਾ ਪੰਥ ਨਿਚੋੜਨਾ ਨਹੀਂ!!

## 535. ਬਾਰੂਦ

ਭਾਅ ਭੋਇੰ-ਮਕਾਨਾਂ ਦੇ ਬਹੁਤ ਵਧ ਗਏ ਆਈਆਂ ਫੇਰ ਵੀ ਕਿੱਲਤਾਂ ਭਾਰੀਆਂ ਨੇ।
ਗੰਢੇ ਅਦਰਕ ਤੇ ਘਿਓ ਹਨ ਹੋਏ ਮਹਿੰਗੇ ਦੁਰਲੱਭ ਹੋ ਗੀਆਂ ਕਿਵੇਂ ਤਰਕਾਰੀਆਂ ਨੇ।
ਮਹਿੰਗਾ ਹੋ ਗਿਆ ਵੇਖੋ ਪਟਰੋਲ ਕਿੰਨਾ ਸਹਿਮੇ ਚਾਲਕ ਤੇ ਨਾਲੇ ਅਸਵਾਰੀਆਂ ਨੇ।
ਐਪਰ ਖ਼ੂਨ ਸ਼ਹੀਦਾਂ ਦਾ ਬਹੁਤ ਸਸਤਾ ਲੀਡਰ ਲਾਂਵਦੇ ਜੀਹਦੇ ਵਿੱਚ ਤਾਰੀਆਂ ਨੇ।
ਹੰਸਪਾਲ ਜਿਹਿਆਂ ਫ਼ੱਕਰਾ ਪੋਲ ਖੁੱਲ੍ਹੇ ਛੁਰਾ ਪੰਥ ਦੀ ਪਿੱਠ ਜੋ ਮਾਰਦੇ ਰਹੇ!
ਐਸੇ ਡੋਗਰੇ ਰਹੇ ਬਾਰੂਦ ਭਰਦੇ ਜਿੱਤਾਂ ਜਿੱਤ ਕੇ ਤਦੇ ਸਿੱਖ ਹਾਰਦੇ ਰਹੇ!!

## 536. ਪੂਛ

ਵੇਖੋ ਸੰਤ ਅਜੀਤ ਸਿੰਘ ਖ਼ੂਬ ਉੱਚਰੇ-ਏਥੋਂ ਮੇਰੇ ਬਿਨ ਹੋਰ ਕੋਈ ਲੜੇ ਜੀ ਨਾ!
ਹਲਕਾ ਮੇਰਾ ਹੀ ਸਮਝੋ ਹੈ ਬੈਅ ਕੀਤਾ ਵਿੱਚ ਬਾਹਰਲਾ ਏਸਦੇ ਵੜੇ ਜੀ ਨਾ।
ਚੜੇ-ਚੀਮੇ ਦੀ ਮੈਂ ਨਹੀਂ ਗੱਲ ਕਰਦਾ ਮੇਰੇ ਮੌਰਾਂ 'ਤੇ ਇਹੋ ਜਿਹਾ ਚੜ੍ਹੇ ਜੀ ਨਾ
ਬੇਸ਼ੱਕ ਸੰਤ ਹਾਂ, ਦਬਕਾ ਹਾਂ ਮਾਰ ਸਕਦੇ ਚਾਹੀਏ ਅਸਾਂ ਦੇ ਨਾਲ ਕੋਈ ਲੜੇ ਜੀ ਨਾ।
ਅਸਾਂ ਦਿੱਤਾ ਸੰਦੇਸ਼ ਇਹ ਸਾਰਿਆਂ ਨੂੰ ਘੁੱਟ ਕੇ ਫੜ੍ਹਿਆ ਤੇ ਨਾਲੇ ਜੀ ਛੱਡਿਆਂ ਨੂੰ!
ਫ਼ੱਕਰਾ ਸਾਧਾਂ ਦੀ ਪੂਛ ਸਲਾਮ ਕਰੀਏ ਜਦੋਂ ਡਿੱਗੇ ਤਾਂ ਡਿੱਗਦੀ ਹੈ ਚੱਡਿਆਂ ਨੂੰ!!

(24 ਅਪ੍ਰੈਲ, 11)



## 537. ਹੰਸ?

ਵੇਖੋ ਪੁੱਠੇ ਜ਼ਮਾਨੇ ਹਨ ਆਣ ਢੁੱਕੇ ਕਿਵੇਂ ਆਦਮੀ ਤਾਲੋਂ-ਬੇਤਾਲ ਹੋਇਆ।
ਕਿਵੇਂ ਮਾੜੇ 'ਤੇ ਮਾੜਾ ਹੈ ਚੜ੍ਹੀ ਫਿਰਦਾ ਚੰਗੇ ਬੰਦਿਆਂ ਦਾ ਏਥੇ ਕਾਲ਼ ਹੋਇਆ।
ਲੈ ਕੇ ਲਾਲਟਣ ਲੱਭਣ ਨੂੰ ਕੋਈ ਤੁਰਿਆ ਮਹਾਂ-ਪੁਰਸ਼ ਨਾ ਇਕ ਵੀ ਭਾਲ ਹੋਇਆ।
ਹੰਸਪਾਲ ਸੀ ਬੀਬੜਾ ਸ਼ਕਲ ਵੱਲੋਂ ਸਿੱਧ ਅੰਤ ਨੂੰ ਕਿਵੇਂ ਕਾਂ-ਪਾਲ ਹੋਇਆ।
ਸਾਰਾ ਚਮਕਦਾ ਹੁੰਦਾ ਨਹੀਂ ਕਦੇ ਸੋਨਾ ਸਿਆਣੇ ਫ਼ੱਕਰਾ ਸੱਚ ਉਚਾਰਦੇ ਹਨ!
ਉੱਪਰੋਂ ਹੰਸ ਦਿਸਦੇ, ਚਿੱਟੇ ਹਨ ਬਗਲੇ ਮੱਛੀਆਂ ਫੜਨ ਲਈ ਚੁੱਭੀਆਂ ਮਾਰਦੇ ਹਨ!!

## 538. ਭਾਰ

ਲੱਖ ਯਤਨ ਤੇ ਕਸਰਤਾਂ ਕਰਨ ਲੋਕੀ ਕਹਿੰਦੇ ਵਧੇ ਨਾ ਅਸਾਂ ਦਾ ਭਾਰ ਮੀਆਂ।
ਮਿਲਦੀ ਨਹੀਂ ਮਾਸ਼ੂਕਾ ਤੇ ਬਣਨ ਮਜਨੂੰ ਬੂਥੀ ਸੁੱਕ ਹੋਏ ਬਾਂਦਰਾਂ-ਹਾਰ ਮੀਆਂ।
ਮੰਜਾ ਮੱਲੇ ਤੇ ਕੁੱਝ ਨਾ ਖਾਏ ਜਿਹੜਾ ਘਟਦਾ ਦਿਨੋਂ-ਦਿਨ ਜਾਏ ਬੀਮਾਰ ਮੀਆਂ।
ਪ੍ਰੇਸ਼ਾਨੀ ਦੇ ਨਾਲ ਹੈ ਭਾਰ ਘੱਟਦਾ ਮੱਕੜਾ ਊਠ ਜਾਂ ਕੁੱਤੀ ਬਹਾਰ ਮੀਆਂ।
ਦੋਂਹ ਵਿਛੋੜਿਆਂ ਦਾ ਵੇਖੋ ਦਰਦ ਡਾਢਾ ਇਕ ਕੁਰਸੀ ਤੇ ਦੂਸਰਾ ਦਾਸ ਦਾ ਜੀ!
ਦਸ ਕਿੱਲੋ ਹੈ ਫ਼ੱਕਰਾ ਭਾਰ ਘਟਿਆ ਹਸਦੇ-ਵਸਦੇ ਆਹ ਕਿਵੇਂ ਪਰਗਾਸ ਦਾ ਜੀ!!

## 539. ਚਾਅ

ਜੱਥੇਦਾਰ ਨੂੰ ਫ਼ੱਕਰਾ ਚਾਅ ਚੜ੍ਹਿਆ ਚਾਓ ਚੜ੍ਹਿਆ ਹੈ ਪੱਤਰ-ਵਿਹਾਰ ਵਾਲਾ।
ਹੁਕਮਨਾਮੇ ਤਾਂ ਹੁੰਦੇ ਹਨ ਨਹੀਂ ਲਾਗੂ ਖ਼ਾਨਾ ਪੂਰੀਏ ਕੰਮ ਤੇ ਕਾਰ ਵਾਲਾ।
ਪਦਵੀ ਤਖ਼ਤ ਦੀ ਨਾਲ ਨਹੀਂ ਮਨ ਭਰਦਾ ਭੋਰ-ਚੋਰ ਵੀ ਮਿਲੇ ਸਰਕਾਰ ਵਾਲਾ।
ਵਾਹੁੰਦੇ ਬਿਨਾਂ ਕਿਰਪਾਨ, ਮਿਆਨ ਖਾਲੀ ਅਸਰ ਭਲਾ ਕੀ ਹੋਣਾ ਹੈ ਵਾਰ ਵਾਲਾ?
ਅੰਮ੍ਰਿਤ ਵਾਸਤੇ ਤਰਸਣ ਬਲਵੰਤ ਵਰਗੇ ਕਰੀਆਂ ਜਿੰਦਾਂ ਨਾ ਜਿਨ੍ਹਾਂ ਨੇ ਪਿਆਰੀਆਂ ਜੀ!
ਭਲਾ ਪੰਥ ਦੀ ਕੀਹਨੂੰ ਪ੍ਰਵਾਹ ਰਹਿਗੀ? ਜੱਥੇਦਾਰੀਆਂ ਹੋਈਆਂ ਸਰਕਾਰੀਆਂ ਜੀ!!

## 540. ਜੁੱਤੀ

ਜੁੱਤੀ ਲੀਡਰਾਂ ਉੱਤੇ ਤਾਂ ਸੀ ਵਰ੍ਹਦੀ ਜੁੱਤੀ ਸੰਤਾਂ ਵੀ ਫ਼ੱਕਰਾ ਵਰ੍ਹਨ ਲੱਗੀ।
ਜਿਹੜੇ ਕੰਮ ਮੁਜ਼ਾਹਰੇ ਸਨ ਨਹੀਂ ਕਰਦੇ 'ਕੱਲੀ-ਕਾਹਰੀ ਹੀ ਜੁੱਤੀ ਹੈ ਕਰਨ ਲੱਗੀ।
ਚਲਦੀ ਘਰੀਂ ਸੀ ਮਹਿਫ਼ਲਾਂ ਜਲਸਿਆਂ ਵਿੱਚ ਹੁਣ ਧਰਮੀਆਂ ਵੀ ਥੱਲੇ ਧਰਨ ਲੱਗੀ।
ਮਾਰੋ ਹੁਣੇ ਤੇ ਹੁਣੇ ਹੀ ਹੱਲ ਲੱਭੋ ਖੜ੍ਹੇ ਪਹਿਰ ਹੀ ਦੁੱਖ ਨੂੰ ਹਰਨ ਲੱਗੀ।
ਰਾਮਦੇਵ ਨੂੰ ਜੁੱਤੀ ਰਾਠੌਰ ਮਾਰੀ ਕਿਹਾ-ਕਿਰਕਰਾ ਕੀਤੈ ਸੁਆਦ ਬਾਬਾ!
ਯੋਗਾ ਸਿੱਖਣ ਆਇਆਂ, ਵੰਡਦੈਂ ਰਾਜਨੀਤੀ, ਰਾਮਦੇਵ ਤੂੰ? ਨਿਰਾ ਵਿਵਾਦ ਬਾਬਾ!!

(2 ਮਈ, 11)

## 541. ਸਿੰਗ

ਸਿੰਗ ਕੁੰਢੀਆਂ ਫਸੇ ਤਾਂ ਕਦੋਂ ਦੇ ਸਨ ਇਕ ਨੇ ਤੋੜਿਆ ਸਿੰਗ ਫਸਾਇਕੇ ਜੀ।
ਮੁਰਗਾ ਸੋਨੇ ਦਾ ਪਾਕਿ ਦੇ ਗਿਆ ਹੱਥੋਂ ਲੁੱਟਦਾ ਜੀਹਦਾ ਸੀ ਖ਼ੌਫ਼ ਦਿਖਲਾਇਕੇ ਜੀ।
ਦੂਹਰੀ ਚਾਲ ਖੇਡੇ, ਲਾ ਕੇ ਥੁੱਕ ਗਿਣਦਾ ਡਾਲਰ ਵਾਂਗ ਮੁਸ਼ੱਰਫ ਮੁਸਕਾਇਕੇ ਜੀ।
ਭਾਂਡਾ ਭੱਜਾ ਚੁਰਾਹੇ ਦੇ ਵਿੱਚ ਕੀਕੂੰ ਭੱਜਾ ਫਿਰੇ ਹੁਣ ਦੁੰਬ ਦਬਾਇਕੇ ਜੀ।
ਫ਼ੱਕਰਾ ਨਿਕਲਦੈ ਸੱਚ ਤਾਂ ਪਾਰਦਰਸ਼ੀ ਪਾਈਏ ਸੁੱਥਣਾਂ ਕਿੰਨੀਆਂ ਭਾਰੀਆਂ ਵਈ!
ਬਾਰ ਬਾਰ ਨਾ ਕਾਠ ਦੀ ਚੜ੍ਹੇ ਹਾਂਢੀ ਸਦਾ ਨਿਭਣ ਨਾ ਝੂਠੇ ਸੰਗ ਯਾਰੀਆਂ ਵਈ!!

## 542. ਮੋੜਾ

ਧੀ ਤਾਏ ਦੀ ਚੱਲੀ, ਕਿਓਂ ਰਹਾਂ 'ਕੱਲੀ? ਰਾਮਦੇਵ ਨੂੰ ਵੇਖਲੋ ਖ਼ਿਆਲ ਆਇਆ।
ਮੈਥੋਂ ਪਹਿਲੋਂ ਹਜ਼ਾਰਾ ਲੈ ਗਿਆ ਬਾਜ਼ੀ ਵੇਖ ਵਿੱਚ ਕਿੰਝ ਜਾਹੋ-ਜਲਾਲ ਆਇਆ।
ਥੋੜੀ ਜਿਹੀ ਕੁਰੱਪਸ਼ਨ ਤੋਂ ਲੀਹ ਭੰਨੋਂ ਆਵੋ ਇਓਂ ਕਿ ਨਵਾਂ ਉਬਾਲ ਆਇਆ।
ਵਿੱਚ ਮੀਡੀਏ ਚੰਗੂੰ ਸਰੀਰ ਤੋੜੋ-ਜਮ੍ਹਾਂ ਕਿੱਥੋਂ ਵਿਦੇਸ਼ੀ ਹੈ ਮਾਲ ਆਇਆ?
ਦਿੱਗਵਿਜੈ ਸਿੰਘ ਦਿੱਤੜਾ ਠੀਕ ਮੋੜਾ-ਪੁੱਛੋ ਬਾਬੇ ਤੋਂ ਸਾਬ੍ਹ-ਕਿਤਾਬ ਭਾਈ!
ਇਹਦੇ ਬੈਂਕਾਂ ਵਿੱਚ ਵੱਡੜੇ ਹਨ ਖਾਤੇ ਕਿਹੜੀ ਕਰਦਾ ਸੀ ਵੱਡੜੀ ਜਾਬ ਭਾਈ?

## 543. ਸੁਆਹ

ਬਣੀ ਵਿੱਚ ਪੰਜਾਬ ਸਰਕਾਰ ਸੋਹਣੀ ਵੇਖੋ ਭਾਜਪਾ ਅਤੇ ਅਕਾਲੀਆਂ ਦੀ।
ਖੁੰਢੀਂ ਚੌਕੜੀਂ ਚੌਕਾਂ ਵਿੱਚ ਗੱਲ ਚੱਲੀ ਸੱਦ ਕੇ ਆਫ਼ਤਾਂ ਸਿਰੀਂ ਬਹਾਲੀਆਂ ਦੀ।
ਭੁੱਖੇ ਮਰਨ ਕਿਸਾਨ ਤੇ ਲੈਣ ਫ਼ਾਹੇ ਗੱਲ ਸਿਰਾਂ ਤੋਂ ਲੰਘੀ ਮੰਦ-ਹਾਲੀਆਂ ਦੀ।
ਸੰਗਤ-ਦਰਸ਼ਨ ਜਿਓਂ ਮਸਲੇ ਹਨ ਹੱਲ ਕਰਦੇ ਆਉਂਦੀ ਦੇਖ ਕੇ ਯਾਦ ਕੱਵਾਲੀਆਂ ਦੀ।
ਨਾਲ ਬਾਦਲ ਦੇ ਲਗਦੀ ਸੀ ਸਦਾ ਫ਼ੋਟੋ ਜਿਵੇਂ ਦੂਜਾ ਹੀ ਹੈਸੀ ਸੁਖਬੀਰ ਮੀਆਂ!
ਕੇਹੀ ਕਾਲੀਏ ਫ਼ੱਕਰਾ ਕੜ੍ਹੀ ਘੋਲ਼ੀ ਸੁਆਹ ਪਾਈ ਸੂ ਰਿੱਧੜੀ ਖੀਰ ਮੀਆਂ!!

## 544. ਰੇਲ

'ਪੰਥ-ਰਤਨ' ਦਾ ਹੋਇਆ ਖ਼ਿਤਾਬ ਸਸਤਾ ਜਿਹੜਾ ਭਾਏ ਕਮੇਟੀ ਉਹ ਪਾਈ ਜਾਵੇ।
ਜੀਹਦੇ ਮਰਨ ਤੋਂ ਬਾਅਦ ਵੀ ਮਿਲਣ ਵੋਟਾਂ ਅੱਜ ਹੀ ਮਰੇ ਤੇ ਅੱਜੇ ਉਗਰ੍ਹਾਈ ਜਾਵੇ।
ਮਰਿਆ ਕੌਣ ਤੇ ਕਿਸੇ ਨੂੰ ਦਰਦ ਕੀਹਦਾ? ਨਿਹੁੰ ਵਿੱਚੇ-ਵਿਚ ਵੋਟਾਂ ਦਾ ਆਈ ਜਾਵੇ।
ਮਾਰੇ ਧਾਹ ਕਮਟੇੜੀ ਫੇਰ ਲੰਮੀ ਗਲੇ ਲੱਗ ਸਰਕਾਰ ਰੁਆਈ ਜਾਵੇ।
ਤੂੰ ਵੀ ਲੈ ਸਕਦੈਂ ਫ਼ੱਕਰ ਕਰ ਕੋਸ਼ਿਸ਼ 'ਪੰਥ-ਰਤਨ' ਅੱਜ ਲੱਗਿਐ ਸੇਲ ਉੱਤੇ!
ਡੁਰਲੀ-ਜੱਥਾ ਤਿਆਰ ਕਰ ਵੋਟਰਾਂ ਦਾ ਚੜ੍ਹਜਾ ਭੱਜ ਕੇ ਕਮਲ਼ਿਆ ਰੇਲ ਉੱਤੇ!!
(8 ਮਈ, 11)



## 545. ਬੁਰਕਾ

ਬੁਰਕਾ ਅਤਿ ਪਵਿੱਤਰ ਤੇ ਚੀਜ਼ ਚੰਗੀ ਪਰਦਾ ਰੱਖਦਿਆਂ ਲੱਗੇ ਇਨਸਾਨ ਚੰਗਾ।
ਬੁਰਕਾ ਧਰਮ ਤੇ ਅਦਬ ਦਾ ਹੈ ਸੂਚਕ ਐਸਾ ਪਹਿਨੀਏ ਕਹੇ ਜਹਾਨ ਚੰਗਾ।
ਬੁਰਕਾ ਪਹਿਨ ਕੇ ਕਰੇ ਜੋ ਕੰਮ ਮਾੜੇ ਆਖੂ ਬੁਰਕੇ ਨੂੰ ਕੌਣ ਸਾਮਾਨ ਚੰਗਾ!
ਬੁਰਕਾ ਪਾਇ ਅੱਤਵਾਦ ਨੂੰ ਦਏ ਢੋਈ ਕਹੂ ਦੇਸ਼ ਨੂੰ ਕੌਣ ਮਹਾਨ ਚੰਗਾ?
ਬੁਰਕਾ ਪਹਿਨਿਆ ਬਹੁਤ ਤ੍ਰੀਮਤਾਂ ਨੇ ਪੈ ਗਈ ਮਰਦਾਂ ਨੂੰ ਬੁਰਕੇ ਦੀ ਲੋੜ ਸਾਈਂ!
ਬੁਰਕੇਦਾਰੀ ਨਾਲ ਵਣਜ-ਵਿਹਾਰ ਕੀਤੋ ਤਾਂ ਕਿ ਹਾਕਮਾਂ ਆਏ ਨਾ ਥੋੜ ਸਾਈਂ!!

## 546. ਨੀਤੀ

'ਏਥੇ ਅੰਮ੍ਰਿਤ ਦੀ ਥਾਂਓਂ ਸ਼ਰਾਬ ਵਰਤੇ' ਵੇਖੋ ਨੀਤੀ ਪੰਜਾਬ ਸਰਕਾਰ ਵਾਲੀ।
ਲੋਕੀ ਹੋਣ ਕਮਲੇ ਵੋਟਾਂ ਪਾਈ ਜਾਵਣ ਗੱਲ ਬਣੀ ਰਹੇ ਝੰਡੀ ਤੇ ਕਾਰ ਵਾਲੀ।
ਰੁੜ੍ਹੇ ਪੰਥ ਭਾਵੇਂ ਬਣਨ ਚਾਰ ਪੈਸੇ ਟੁੱਟੇ ਤਾਰ ਨਾਹੀਂ ਭ੍ਰਿਸ਼ਟਚਾਰ ਵਾਲੀ।
ਵੰਡੀਏ ਘਰੇ ਹੀ ਸ਼ੀਰਨੀ ਵਾਂਗ ਅੰਨ੍ਹੇ ਚੱਲੇ ਸੂਬੇ ਵਿੱਚ ਗੱਲ ਪ੍ਰਵਾਰ ਵਾਲੀ।
ਐਵੇਂ ਗੁਰੂ ਨੇ ਫ਼ੱਕਰ ਸਰਬੰਸ ਦਿੱਤਾ ਹੁੰਦੇ ਜੰਮੇ ਤਾਂ ਗੁਰੂ ਨੂੰ ਹੋੜ ਦਿੰਦੇ!
ਸੀਸ ਮੰਗਦਾ ਤਾਂ ਚਿੱਟਾ ਜਵਾਬ ਦਿੰਦੇ ਘਰੇ ਆਇਆ ਬਰੰਗ ਵੀ ਮੋੜ ਦਿੰਦੇ!!

## 547. ਦਰਸ਼ਨ

ਜ਼ੀਰੇ ਕੀਤੀ ਸੂ ਗੱਲ ਕਮਾਲ ਕੇਹੀ 'ਸੰਗਤ-ਦਰਸ਼ਨ' ਦਾ ਨਾਂ ਹੋਏ ਡਾਂਗ-ਦਰਸ਼ਨ!
ਡੰਡਾ ਵਰ੍ਹੇ ਅਧਿਆਪਕ ਮੁਲਾਜ਼ਮਾਂ 'ਤੇ ਪੱਕੇ ਰਾਗ ਵਾਂਗ ਨਿਕਲਦੀ ਚਾਂਗ-ਦਰਸ਼ਨ।
ਬਹੁੜੀ ਪਾਇਕੇ ਰੋਣ ਮੁਜ਼ਾਹਰੀਏ ਇਓਂ ਮੁੱਲਾਂ ਕੁੱਕੜ ਜਿਓਂ ਦੇਂਵਦੇ ਬਾਂਗ-ਦਰਸ਼ਨ।
ਵਾਅਦੇ ਵਫ਼ਾ ਨਾ ਹੋਵਣੇ ਦੂਰ ਤਾਈਂ ਹੋਣੇ ਲਾਂਗ ਤੇ ਲਾਂਗ ਤੇ ਲਾਂਗ-ਦਰਸ਼ਨ।
ਲਛਮਣ ਗਿੱਲ ਨੇ ਦਰਸ਼ਨ ਸੀ ਕਰੇ ਚਾਲੂ ਵੇਖੋ ਬਾਦਲ ਕਿੰਝ ਕੀਤੀਆਂ ਚੋਰੀਆਂ ਜੀ!
ਕਰੋ ਗੱਲ ਗਰੇਡ ਤੇ ਨੌਕਰੀ ਦੀ ਮੂਹਰੋਂ ਡਾਂਗ ਨਾਲ ਮਿਲਦੀਆਂ ਲੋਰੀਆਂ ਜੀ!!

## 548. ਟਾਇਰ

'ਮੈਂ ਜਵਾਨ ਹਾਂ' ਕਿਹਾ ਪ੍ਰਕਾਸ਼ ਬਾਦਲ ਮੈਨੂੰ ਕਿਸੇ ਦਵਾਈ ਦੀ ਲੋੜ ਨਾਹੀਂ।
ਨਾਲ ਕੁਰਸੀ ਦੇ ਮੇਰਾ ਹੈ ਸਭ ਸਰਦਾ ਮੈਨੂੰ ਕਿਸੇ ਵੀ ਚੀਜ਼ ਦੀ ਥੋੜ ਨਾਹੀਂ।
ਐਪਰ ਕੱਟਿਆ ਭਤੀਜ ਨੇ ਮੋੜ ਜਿਹੜਾ ਹੋਰ ਕਿਸੇ ਉਹ ਕੱਟਿਆ ਮੋੜ ਨਾਹੀਂ।
ਮੈਂ ਤਾਂ ਹੇਠ ਸਿਰਹਾਣੇ ਸੀ ਬਾਂਹ ਰੱਖੀ ਜੁੜਨਾ ਕਿਤੋਂ ਵੀ ਐਸੜਾ ਜੋੜ ਨਾਹੀਂ।
ਫਿਰ ਵੀ ਮੈਂ ਜਵਾਨ ਹਾਂ, ਜਿਉਣ ਤੀਕਰ ਚਿੱਤ ਚਾਹਵੇ ਨਾ ਹੋਵਾਂ ਰਿਟਾਇਰ ਮੀਆਂ!
ਐਪਰ ਚੰਗੇ ਮਨਪ੍ਰੀਤ ਦੇ ਨਹੀਂ ਚਾਲੇ ਕਿਤੇ ਕਰੇ ਨਾ ਪੰਜਵਾਂ ਟਾਇਰ ਮੀਆਂ!!
(15 ਮਈ, 11)

## 549. ਕੰਘੀ

ਕੰਘੀ ਵਾਹੇ ਤਾਂ ਜਸ਼ਮੀ ਦੇ ਵਾਲ ਝੜਦੇ ਡਿੱਠਾ ਜਸ਼ਮੀ ਨੇ ਟੀ.ਵੀ. ਇਸ਼ਤਿਹਾਰ ਮੀਆਂ।
ਕੀਤਾ ਆਰਡਰ ਪੀਠ-ਪਤੰਜਲੀ ਨੂੰ ਦਵਾ ਡਾਕ ਆਏ ਤੇਜ਼ -ਤਰਾਰ ਮੀਆਂ।
ਜਦੋਂ ਆਈ ਦਵਾਈ ਤੇ ਲਈ ਜਸ਼ਮੀ ਹੋਵੇ ਬੋਲ ਨਾ ਆਵੇ ਡਕਾਰ ਮੀਆਂ।
ਰਾਮਦੇਵ ਨੇ ਮਾਰਿਆ ਤੀਰ ਐਸਾ ਕਰਕੇ ਛਾਨਣੀ ਹੋ ਗਿਆ ਪਾਰ ਮੀਆਂ।
ਫ਼ੱਕਰਾ ਜਸ਼ਮੀ ਨੂੰ ਕੀਤੜਾ ਇਓਂ ਜ਼ਖ਼ਮੀ ਖਿੱਝਕੇ ਓਸ ਮੁਕੱਦਮਾ ਠੋਕਿਆ ਏ!
ਵਾਲ ਵਾਹਿ ਕੇ ਸਾਡੜੀ ਥਾਂਓਂ ਭਾਲ਼ੇ ਖ਼ਬਰੇ ਮਰਦਾਂ ਨੇ ਕਾਹਤੋਂ ਨਾ ਰੋਕਿਆ ਏ?

## 550. ਨਾਂਹ

ਆਦਤ ਮੁਗ਼ਲਾਂ ਦੇ ਵਾਲੜੀ ਪਈ ਸਿੱਖਾਂ ਕੁਰਸੀ ਛੱਡਣ ਲਈ ਕੋਈ ਤਿਆਰ ਨਾਹੀਂ।
ਪਿਓ ਪੁੱਤਰ ਨੂੰ ਬਹੁਤ ਪਿਆਰ ਕਰਦੈ ਐਪਰ ਕੁਰਸੀ ਤੋਂ ਵੱਧ ਪਿਆਰ ਨਾਹੀਂ।
ਸਰਪ੍ਰਸਤੀਆਂ ਉੱਪੀਆਂ ਵਰਤਦੇ ਵੀ ਪੰਥ ਆਉਂਦਾ ਕੋਈ ਵਿਚ-ਵਿਚਕਾਰ ਨਾਹੀਂ।
ਲਾਇਆ ਗੁਰੂ ਕਾ ਪੰਥ ਹੈ ਸੇਲ ਉੱਤੇ ਜੱਥੇਦਾਰਾਂ ਨੂੰ ਫ਼ੱਕਰਾ ਸਾਰ ਨਾਹੀਂ।
ਆਖੇ ਕੁਰਸੀ ਮੈਂ ਕਿਸੇ ਨਹੀਂ ਦੇ ਸਕਦਾ ਜਦੋਂ ਤੱਕ ਹੈ ਜਾਨ ਵਿੱਚ ਜਾਨ ਮੀਆਂ!
ਕੁਰਸੀ ਲਈ ਕੱਵਾਲੀਆਂ ਖ਼ੂਬ ਲੱਗਣ ਮੈਂ ਕੁਰਬਾਨ! ਕੁਰਬਾਨ!! ਕੁਰਬਾਨ ਮੀਆਂ!!

## 551. ਚੁੱਪ

ਕਿਹਾ ਕੈਪਟਨ ਹਾਂਸੀ-ਬੁਟਾਣਾ ਉੱਤੇ ਬਾਦਲ ਭਲਾ ਜੇ ਚੁੱਪ ਹੈ, ਚੁੱਪ ਹੈ ਕਿਓਂ?
ਜੇਕਰ ਏਨੀਆਂ ਮੋਟੀਆਂ ਐਨਕਾਂ ਹਨ ਫੇਰ ਭਲਾ ਹਨ੍ਹੇਰਾ ਇਹ ਘੁੱਪ ਹੈ ਕਿਓਂ?
ਕੋਰਟ ਦਿੱਤਾ ਸੁਪਰੀਮ ਨੇ ਫ਼ੈਸਲਾ ਜਦ ਬਣੇ ਬਾਈ ਜੀ ਤੂੜੀ ਦਾ ਕੁੱਪ ਹੈ ਕਿਓਂ?
ਰਿਸ਼ਵਤ ਖੋਰੀ ਨਹੀਂ ਤੰਦੂਏ ਦਾ ਜਾਲ਼ ਬਣਗੀ ਵੱਡੇ ਸਾਹਬ ਇਹ ਚੁੱਪ-ਗੜੁੱਪ ਹੈਂ ਕਿਓਂ।
ਫ਼ੱਕਰ ਆਖਿਆ-ਭਾਈ ਕਪਤਾਨ ਸਾਹਿਬ ਇਹਨਾਂ ਸਤਿਆਂ ਨੂੰ ਕਾਸਤੋਂ ਛੇੜਦੇ ਹੋ!
ਮਨਪ੍ਰੀਤ ਨੇ ਲਾਏ ਹਨ ਜ਼ਖ਼ਮ ਡੂੰਘੇ ਕਾਹਨੂੰ ਅੱਲ੍ਹੜੇ ਜ਼ਖ਼ਮ ਉਚੇੜਦੇ ਹੋ?

## 552. ਰੰਨ

ਅੱਜਕਲ੍ਹ ਗਰਮ ਬਾਜ਼ਾਰ ਹੈ ਬਹੁਤ ਫ਼ੱਕਰ-ਲੈ ਲਓ ਢੱਡਰੀਆਂ ਆਓ ਪਿਹੋਏ ਲੈ ਲੋ।
ਕੱਚੀ ਬਾਣੀ ਜੋ ਵੇਚਦੇ ਲਓ ਕੱਚੇ ਤਲਣ ਸਾਖੀਆਂ ਹੋਏ-ਅਣਹੋਏ ਲੈ ਲੋ।
ਛੱਡੋ ਲੰਗਰ ਪੁਰਾਣਾ ਉਹ ਗੁਰੂ ਸੰਦਾ ਸਾਥੋਂ ਬਰਫ਼ੀਆਂ ਅਸਾਂ ਤੋਂ ਖੋਏ ਲੈ ਲੋ।
ਦੁੱਧ ਪੁੱਤ ਤੇ ਕੋਠੀਆਂ ਬਖਸ਼ਦੇ ਹਾਂ ਕੋਡੇ ਹੋਇਕੇ ਮੰਗੋ ਤੇ ਸੋਏ ਲੈ ਲੋ।
ਗੁਰੂ-ਗ੍ਰੰਥ ਵੀ ਮਿਲੂ ਪ੍ਰਕਾਸ਼ ਕੀਤਾ ਮੱਥਾ ਟੇਕਿਆ ਸਾਨੂੰ ਕਿਸ ਟੋਕਣਾ ਹੈ!
ਰੰਨ ਬਣੀ ਸ਼੍ਰੋਮਣੀ ਹਾਕਮਾਂ ਦੀ ਸਾਨੂੰ ਮੋਏ ਨੇ ਮਰਜ਼ੀ ਤੋਂ ਰੋਕਣਾ ਹੈ?
(21 ਮਈ, 11)



## 553. ਮੇਚ

ਵੇਖੋ ਮਮਤਾ ਨੇ ਕੇਹੀ ਕਮਾਲ ਕੀਤੀ ਕੇਹੀਆਂ ਪਾ ਤੀਆਂ ਵੇਖਲੋ ਪੂਰੀਆਂ ਨੇ।
ਕਾਮਰੇਡ ਜੀ ਮਾਂਜਤੇ ਡੋਲ ਵਾਂਗੂੰ ਬੁੱਕਲਾਂ ਖੋਹਲੀਆਂ ਲਾਹ ਲੀਆਂ ਭੂਰੀਆਂ ਨੇ।
ਓਧਰ ਅੰਮਾ ਨੇ ਅੱਪਾ ਨੂੰ ਮਾਤ ਦਿੱਤੀ ਲਈਆਂ ਖੋਹ ਰਲਾਈਆਂ ਸਭ ਚੂਰੀਆਂ ਨੇ।
ਦੋਹੀਂ ਸੂਬੀਂ ਦੁਹੱਥੜੀ ਮਰਦ ਪਿੱਟਣ ਰੰਨਾਂ ਰੱਜ ਕਿੰਝ ਘੂਰ-ਮਸੂਰੀਆਂ ਨੇ।
ਕਦੇ ਸਮਾਂ ਸੀ ਹੁੰਦੀ ਸੀ ਰੰਨ ਜੁੱਤੀ ਅੱਜ ਕਲ੍ਹ ਸਿਰਾਂ ਤੇ ਰੰਨ ਵਰ੍ਹਾਏ ਜੁੱਤੀ!
ਬਾਬੇ ਨਾਨਕ ਨੇ ਉੱਚੀ ਜਿਸ ਆਖਿਆ ਸੀ ਕਾਹਤੋਂ ਮਰਦ ਦੇ ਮੇਚ ਨਾ ਆਏ ਜੁੱਤੀ?

## 554. ਕੈਂਸਰ

ਗਏ ਬੀਬੀ ਸੁਰਿੰਦਰ ਕੁਰ ਜਗ ਉੱਤੋਂ ਪੜ੍ਹਿਆ ਸੁਣਿਆ ਤੇ ਚਿੱਤ ਉਦਾਸ ਹੋਇਆ।
ਖੱਟੀ ਕੀਰਤੀ ਹਿੰਮਤ ਨਾਲ ਘਾਲ ਘਾਲੀ ਏਸੇ ਘਾਲ 'ਚੋਂ ਸਮਝੋ 'ਪਰਗਾਸ' ਹੋਇਆ।
ਨਾਅਰਾ ਆਹ ਦਾ ਮਾਰ ਕੇ ਫ਼ੱਕਰ-ਮੌਤ ਸੱਚ! ਕਿਓਂ ਦਿਲਾ ਉਦਾਸ ਹੋਇਆ?
ਮੌਤ ਹੁੰਦਾ ਇਮਤਿਹਾਨ ਹੈ ਜ਼ਿੰਦਗੀ ਦਾ ਕੋਈ ਫੇਲ੍ਹ ਤੇ ਕੋਈ ਹੈ ਪਾਸ ਹੋਇਆ।
ਜਿਸ ਕੈਂਸਰ ਨਾਲ ਬੀਬੀ ਜੀ ਤੁਰੇ ਏਥੋਂ ਏਸ ਕੈਂਸਰ ਦਾ ਵਾਹਿਗੁਰੂ ਨਾਸ ਹੋਵੇ!
ਕੈਂਸਰ ਪੰਥ ਪੰਜਾਬ ਦੇ ਸਿਰੋਂ ਲੱਥੇ ਬੀਬੀ ਚਰਨਾਂ ਦੇ ਵਿੱਚ ਨਿਵਾਸ ਹੋਵੇ!!

## 555. ਰਕਾਨ

ਇਕ ਦਿਨ ਬਾਈ ਜੀ ਟੀ.ਵੀ. ਜਾਂ ਖੋਲ੍ਹਿਆ ਤਾਂ ਆਈ ਟੀ.ਵੀ. 'ਤੇ ਇਕ ਰਕਾਨ ਸੋਹਣੀ।
ਵਿੱਦਵਾਨ ਸਰੀਰੋਂ ਵੀ ਅਤਿ ਸੋਹਣੀ ਲੱਗੇ ਗੁਦਗੁਦੀ ਬਹੁਤ ਬਲਵਾਨ ਸੋਹਣੀ।
ਕੌਣ ਕੋਈ ਜੋ ਵੇਖ ਕੇ ਨੁਕਸ ਕੱਢੇ ਨਿਕਲੀ ਮਿਆਨ 'ਚੋਂ ਨਵੀਂ ਕਰਪਾਨ ਸੋਹਣੀ।
ਸਤਿਆ ਸ਼ਿਵਮੰ ਤੇ ਸੁੰਦਰਮ ਦੀ ਸਾਖ-ਮੂਰਤ ਧਰਮ ਗਿਆਨ ਦੀ ਅਤੀ ਵਿਦਵਾਨ ਸੋਹਣੀ।
ਨਖ਼ਰੇ ਸੋਹਣਿਆਂ ਦੇ ਫ਼ੱਕਰ ਬਹੁਤ ਹੁੰਦੇ ਜ਼ਰਾ ਗ਼ੌਰ ਦੇ ਨਾਲ ਨਿਹਾਰੀਏ ਜੀ!
ਟੀ. ਵੀ. ਮੂਰਤਾਂ ਵੇਖਕੇ ਚਿੱਤ ਲਾਈਏ ਚਿੱਤੋਂ ਰੱਬ ਦੀ ਗੱਲ ਵਿਚਾਰੀਏ ਜੀ!!

## 556. ਗੁਰਦੁਆਰੇ

ਜਿਹੜੇ ਕੋਹੜ ਨੂੰ ਗੁਰਾਂ ਨੇ ਵੱਢਿਆ ਸੀ ਸਿੱਖ ਓਸੇ ਨੂੰ ਆਪੇ ਵਡਿਆਉਣ ਲੱਗੇ।
ਗੁਰਦੁਆਰਾ ਤਾਂ ਹੁੰਦਾ ਹੈ ਸਰਬ-ਸਾਂਝਾ ਸਿੱਖ ਜਾਤਾਂ ਦੇ ਨਾਈਂ ਬਣਾਉਣ ਲੱਗੇ।
ਲੜਨ ਆਪਸ ਵਿੱਚ ਫੜਦੇ ਹਨ ਦਾਹੜੀਆਂ ਵੀ ਲਾਹ-ਪਾਹ ਹਨ ਕਿਵੇਂ ਕਰਵਾਉਣ ਲੱਗੇ।
ਹੁੰਦੀ ਸੰਤਾਂ ਦੇ ਨਾਂਓਂ ਤੇ ਰਾਜਨੀਤੀ ਵਿੱਚ ਟੀਵੀਆਂ ਕਿੰਝ ਮੁਸਕਾਉਣ ਲੱਗੇ।
ਫ਼ੱਕਰਾ ਤੂੰ ਇਸ ਕਜ਼ੀਏ 'ਚੋਂ ਕੀ ਲੈਣੈ? ਛਾਈਆਂ ਸਿੱਖੀ ਦੇ ਮੰਡਲ ਸਿਆਸਤਾਂ ਨੇ!
ਕੇਵਲ ਭੇਟਾ ਲਈ ਚੜ੍ਹਦੇ ਹਨ ਸਿੱਖ ਭੇਟਾ! ਇਹ ਪ੍ਰਬੰਧਕਾਂ ਦੀਆਂ ਰਿਆਸਤਾਂ ਨੇ!!
(29 ਮਈ, 11)

## 557. ਖੱਲ

ਫ਼ੱਕਰ ਟੀ.ਵੀ. 'ਤੇ ਹਾਲ-ਹਵਾਲ ਡਿੱਠਾ ਆਪ ਅੱਜ ਦੇ ਇਹਨਾਂ ਅਕਾਲੀਆਂ ਦਾ।
ਕਿਵੇਂ ਵਿੱਚ ਸਮਾਗਮ ਦੇ ਪਿਆ ਲੋਹੜਾ ਹੁਸਨ ਲੁੱਟ ਗਿਆ ਪੰਥ ਦੇ ਮਾਲੀਆਂ ਦਾ।
ਮਗਰ-ਮੱਛ ਦੇ ਹੰਝੂ ਇਓਂ ਚੋਣ ਸੰਘੀ ਲੱਗੇ ਭੋਰਾ ਇਹ ਕੋਈ ਟਕਸਾਲੀਆਂ ਦਾ।
ਧਾੜ ਗਰਜ਼ੀਆਂ ਦੀ ਈਕਰ ਉੱਮਡ ਆਈ ਬਣਿਆ ਜਮਘਟਾ ਖ਼ੂਬ ਸੱਵਾਲੀਆ ਦਾ।
ਲੀਡਰ ਚੀਜ਼ ਇਹ ਹੁੰਦੇ ਹਨ ਬਹੁਤ ਕੁੱਤੀ ਸਮਝ ਲੀਡਰਾਂ ਫ਼ੱਕਰ ਨਾ ਹੇਚ ਮੀਆਂ!
ਕਿਸੇ ਨਾਲ ਇਹ ਨਹੀਂ ਲਿਹਾਜ਼ ਕਰਦੇ ਜਾਂਦੇ ਮੋਇਆਂ ਦੀ ਖੱਲ ਵੀ ਵੇਚ ਮੀਆਂ!!

## 558. ਰਿੱਛ

ਸਮਾਰੋਹ-ਸ਼ਰਧਾਂਜਲੀ ਵੇਖਿਆ ਜਾਂ ਬੈਠੀ ਮੰਚ 'ਤੇ ਸਾਧਾਂ ਦੀ ਪਾਲ ਬੇਲੀ।
ਸੁੱਚਾ ਕੀਰਤਨ ਹੋਏ ਗੁਰਬਾਣੀ ਸੰਦਾ ਸਾਧ ਦੇਣ ਸਰਕਾਰ ਨੂੰ ਤਾਲ ਬੇਲੀ।
ਲਾਣਾ ਝੂਠ ਦਾ, ਨਾਲ ਪਰ ਰਲੀ ਬੈਠੀ ਵਿੱਚ ਦਮਦਮੀ ਸੁੱਚੀ ਟਕਸਾਲ ਬੇਲੀ।
ਧੁੰਮਾ ਬੋਲਿਆ ਕੀਤੜੀ ਚਾਪਲੂਸੀ ਪੂਰਾ ਰਲ਼ ਗਿਆ ਬਾਦਲਾਂ ਨਾਲ ਬੇਲੀ।
ਤੇਗਾਂ ਕਲ੍ਹ ਜਰਨੈਲ ਨੇ ਮਾਰੀਆਂ ਜੋ ਵੇਖੋ ਕਿਵੇਂ ਟਕਸਾਲੀਆਂ ਭੁੱਲੀਆਂ ਨੇ!
ਫ਼ੱਕਰ ਸ਼ੇਰਾਂ ਤੋਂ ਕਿਸਤਰ੍ਹਾਂ ਰਿੱਛ ਬਣਗੇ ਜਦੋਂ ਤੋਂ ਪਈਆਂ ਸਰਕਾਰ ਦੀਆਂ ਝੁੱਲੀਆਂ ਨੇ!!

## 559. ਰੰਗ

ਦੇਣ ਆਇਆ ਅਡਵਾਨੀ ਸ਼ਰਧਾਂਜਲੀ ਜਦ ਕੇਹਾ ਵੈਂਗਣੀ ਰੰਗ ਉਘਾੜਿਆ ਈ।
ਗੱਲ ਬੀਬੀ ਸੁਰਿੰਦਰ ਦੀ ਘੱਟ ਕੀਤੀ ਕਿਵੇਂ ਖਿਚੜੀ ਵਿੱਚ ਖੁਰਚਣਾ ਵਾੜਿਆ ਈ।
ਆਖੇ ਬਾਦਲ ਤੇ ਸੰਘ ਦੀ ਸਾਂਝ ਡੂੰਘੀ ਏਸ ਸਾਂਝ ਨੂੰ ਕਿਸੇ ਨਾ ਪਾੜਿਆ ਈ।
ਸਾਰੇ ਪੰਥ ਪੰਜਾਬ ਦੇ ਆਣ ਮੂਹਰੇ ਝੋਨਾ ਚੰਦਰਾ-ਚਾਤਰੀ ਝਾੜਿਆ ਈ।
ਮੋਦੀ ਵਰਗੇ ਵੀ ਧਾਇ ਕੇ ਆਣ ਪੂੱਜੇ ਘੱਟ-ਗਿਣਤੀਆਂ ਜਿਹਨਾਂ ਪੁੱਜ ਮਾਰੀਆਂ ਨੇ!
ਭੈੜੇ ਯਾਰ ਹਨ ਫੱਤੋ ਦੇ ਸਭ ਫ਼ੱਕਰ ਸਿਆਸੀ-ਯਾਰੀਆਂ ਧਰਮ ਤੋਂ ਪਿਆਰੀਆਂ ਨੇ!!

## 560. ਨੀਂਦ

ਕਹੇ ਭਾਜਪਾ-ਭੁੱਲਰ ਨੂੰ ਦਿਓ ਫਾਂਸੀ ਗਲ਼ੇ ਬਾਦਲ ਨੇ ਐਪਰ ਚਿਪਕਾਈ ਵੇਖੋ।
ਇਕ ਪਾਸੇ ਤਾਂ ਸੈਣੀ ਨੂੰ ਦਏ ਛਤਰੀ ਦੂਜੇ ਭੁੱਲਰ ਲਈ ਪਾਈ ਦੁਹਾਈ ਵੇਖੋ।
ਕੁਰਸੀ ਖਾਤਰਾਂ ਪੰਥ ਨੂੰ ਪਾ ਗਹਿਣੇ ਕੀਤੀ ਸਿੱਖਾਂ ਦੇ ਨਾਲ ਚਤੁਰਾਈ ਵੇਖੋ।
ਸਿੱਖ ਕਿਵੇਂ ਹਨ ਗਫ਼ਲਤ ਦੀ ਨੀਂਦ ਸੁੱਤੇ ਸੰਨ੍ਹ ਚੋਰਾਂ ਦੁਪਹਿਰੇ ਹੀ ਲਾਈ ਵੇਖੋ।
ਅਜੇ ਲੋਲ੍ਹਾ ਪ੍ਰਕਾਸ਼ ਨੂੰ ਆਖਦੇ ਹਨ ਖੇਡਾਂ ਖਚਰੀਆਂ ਕਿਵੇਂ ਖਿਲਾਰੀਆਂ ਨੇ!
ਸੁਸਤ ਸਿੱਖ ਇਹ ਜਾਗਣਗੇ ਕਦੋਂ ਫ਼ੱਕਰ ਕਦੋਂ ਆਉਣੀਆਂ ਇਹਨਾਂ ਹੁਸ਼ਿਆਰੀਆਂ ਨੇ?
(5 ਜੂਨ, 11)



## 561. ਛਾਲ਼

ਰਾਮਦੇਵ ਨੇ ਕੱਪੜੇ ਕਿਵੇਂ ਬਦਲੇ ਕੀਤੀ ਵੇਖਲਾ ਕਿਵੇਂ ਕਮਾਲ ਮੀਆਂ।
ਕਿਵੇਂ ਭਗਤਣੀ-ਪੱਲੂ ਨੇ ਯਾਦ ਆਏ ਰਲਿਆ ਸੰਗਤ-ਸਹੇਲੀਆਂ ਨਾਲ ਮੀਆਂ।
ਕੰਮ ਆਏ ਤਾਂ ਆਏ ਕਿੰਝ ਔਖ ਵੇਲੇ ਵੇਖੋ ਬਾਬੇ ਨੂੰ ਰੱਖੇ ਹੋਏ ਵਾਲ ਮੀਆਂ।
ਯੋਗ-ਸਾਧਨਾ ਕਿੱਡੜਾ ਸਾਥ ਦਿੱਤਾ ਕਿਵੇਂ ਮਾਰੀ ਸਟੇਜ ਤੋਂ ਛਾਲ ਮੀਆਂ।
ਖਚਰਾ ਅੰਨਾ ਕਹਿ ਫ਼ੱਕਰਾ ਖ਼ੂਬ ਹੱਸੇ-ਨੱਥਿਆ ਗਿਐਂ ਤੂ ਸਾਨੂੰ ਹੰਕਾਰਿਆ ਓਏ!
ਹਸ਼ਰ ਵੇਖਕੇ ਬਾਬੇ ਨੇ ਧਾਹ ਮਾਰੀ-ਗਲ਼ੇ ਲੱਗ ਜਾ ਅੰਨਾ ਹਜ਼ਾਰਿਆ ਓਏ!!

## 562. ਵਾਪਸੀ

ਉਮਾ ਰੰਭਕੇ ਗਾਂਓਂ ਦੇ ਵਾਂਗ ਪਰਤੀ ਲੱਗੀ ਭਾਜਪਾ ਗਲ਼ੇ ਨੂੰ ਧਾਅ ਬੇਲੀ।
ਪਵੇ ਹੱਥ ਨਾ ਕਿਤੇ ਵੀ ਭਾਜਪਾ ਦਾ ਜਦੋਂ ਆਈ ਤਾਂ ਚੜ੍ਹ ਗਿਆ ਚਾਅ ਬੇਲੀ।
ਲੱਭਿਆ ਪਾਂਸਕੂ ਉਮਾ ਦਾ ਮਨ-ਭਾਉਂਦਾ ਭਾਰ ਗਡਕਰੀ ਲਿਆ ਵਧਾਅ ਬੇਲੀ।
ਨਲ਼ਕਾ ਉੱਤਰ ਪ੍ਰਦੇਸ਼ ਦਾ ਉੱਤਰਿਆ ਹੈ ਪਾਣੀ ਬੀਬੀ ਹੁਣ ਦੇਊ ਚੜ੍ਹਾਅ ਬੇਲੀ।
ਰੁੱਸੀ ਲਗਦੀ ਸੀ ਫ਼ੱਕਰਾ ਵਿਹੁ ਵਰਗੀ ਮੰਨੀ ਹੋਈ ਹੈ ਪੂਜਣੇ ਯੋਗ ਲਗਦੀ!
ਮਾਇਆਵਤੀ ਨਾਲ ਜੋੜ ਜੁ ਛੱਡਣਾ ਹੈ ਕਲ੍ਹ ਦੀ ਰੋਗੀ ਹੈ ਅੱਜ ਅਰੋਗ ਲਗਦੀ!!

## 563. ਨਾਚ

ਰਾਜਘਾਟ 'ਤੇ ਸੁਸ਼ਮਾ ਜਾਂ ਖ਼ੂਬ ਨੱਚੀ ਸੁੱਟੀ ਹਰੀ ਪ੍ਰਸ਼ਾਦ ਨੇ ਝੱਗ ਵੇਖੋ।
ਹੱਤਕ ਕੀਤੀ ਆਜ਼ਾਦੀ ਘੁਲਾਟੀਆਂ ਦੀ ਲਾਹੀ ਦੇਸ਼ ਦੇ ਸਿਰੋਂ ਇਸ ਪੱਗ ਵੇਖੋ।
ਰੱਖਿਆ ਅਦਬ-ਆਦਾਬ ਨਾ ਕੋਈ ਇਹਨੇ ਮਗਰ ਭਾਜਪਾ ਵਾਲਿਆਂ ਲੱਗ ਵੇਖੋ।
ਜਿਹਨਾਂ ਦੇਸ਼ ਨੂੰ ਅੱਜ ਤੱਕ ਠੱਗਿਆ ਹੈ ਇਹ ਹਨ ਸਾਰੇ ਜ਼ਮਾਨੇ ਦੇ ਠੱਗ ਵੇਖੋ।
'ਮੈਂ ਤੋਂ ਨਾਚੂੰਗੀ! ਨਾਚੂੰਗੀ!!' ਕਿਹਾ ਸੁਸ਼ਮਾ ਮੈਨੂੰ ਕਿਸੇ ਦੀ ਕੋਈ ਪ੍ਰਵਾਹ ਨਾਹੀਂ!
ਚਾਹਾਂ ਇਕ ਕੁਰਸੀ, ਲੀਡਰ ਮਨ-ਭਾਉਂਦੇ ਹੋਰ ਤੀਸਰੀ ਮੇਰੀ ਕੋਈ ਚਾਹ ਨਾਹੀਂ!!

## 564. ਕੋਚਿੰਗ

ਜੁੱਤੀ ਸੁੱਟਦਾ ਉੱਤੋਂ ਹੀ ਗਿਆ ਫੜਿਆ, ਗਿਆ ਕਿਵੇਂ ਸੁਨੀਲ ਦਬੋਚਿਆ ਈ।
ਸਾਹ ਵਿੱਚ ਦਿਵੇਦੀ ਦੇ ਸਾਹ ਆਇਆ ਫੱਟੀ ਦੇ ਵਾਂਗ ਜਦ ਪੋਚਿਆ ਈ।
ਆਖਣ ਸੰਘ ਦਾ ਸਕਾ ਇਹ ਸੋਦਰਾ ਸੀ ਗਿਆ ਆਪ ਹੀ ਘਰੜ ਖਰੋਚਿਆ ਈ।
ਲੱਗਾ ਹੈਸੀ ਦਿਵੇਦੀ ਦੇ ਕਿਵੇਂ ਠੋਕਣ ਰਾਮਦੇਵ ਜਿਓਂ ਗਿਆ ਕਿੰਝ ਬੋਚਿਆ ਈ!
ਇਕ ਦੂਜੇ 'ਤੇ ਕਿਵੇਂ ਹਨ ਵਾਰ ਕਰਦੇ ਲੀਡਰ ਲਾਂਵਦੇ ਫ਼ੱਕਰਾ ਬਾਲ਼ੀਆਂ ਨੇ!
ਵਿੱਚ ਗੱਤਕੇ ਕਿਵੇਂ ਹਨ ਤੱਕ ਹੋਗੇ ਕੋਚਿੰਗ ਦਿੱਤੀ ਹੋਏ ਜਿਵੇਂ ਅਕਾਲੀਆਂ ਨੇ!!
(11 ਜੂਨ, 11)

## 565. ਪੀਠ

ਵੇਖੋ ਹਿਜੜਾ-ਸਮਾਜ ਨੇ ਕੇਹੀ ਆਖੀ-ਬਾਬਾ ਜਮ੍ਹਾਂ ਹੀ ਸਾਡੇ ਇਹ ਨਾਲ ਦਾ ਹੈ।
ਆਸਣ ਸਾਰੇ ਹੀ ਏਸਨੂੰ ਹਨ ਆਉਂਦੇ ਗਾਹਕ ਅਸਾਂ ਦੇ ਵਾਂਗ ਹੀ ਭਾਲਦਾ ਹੈ।
ਜਿਹੜਾ ਰਾਸ ਆਵੇ ਢੰਗ ਵਰਤਦਾ ਹੈ ਹਰ ਇਕ ਸਾਂਚੇ ਵਿਚ ਆਪੇ ਨੂੰ ਢਾਲਦਾ ਹੈ।
ਇਹਨੂੰ ਲੀਡਰੀ ਵਾਲੀ ਹੈ ਲੂਹਣ ਲੱਗੀ ਔਖੀ ਘਾਲ ਇਹ ਤਾਹੀਂ ਤਾਂ ਘਾਲਦਾ ਹੈ।
ਫ਼ੱਕਰਾ ਹਿਜੜਿਆਂ ਆਖਿਆ-ਗਲੇ ਲੱਗਜੋ ਪਿਆਰੀ ਤੁਸਾਂ ਦੀ ਪੀਠ ਪੰਤਜਲੀ ਜੀ!
ਗਿੱਧਾ ਪਾਵਾਂਗੇ ਕਰਾਂਗੇ ਚਾਅ ਪੂਰੇ ਹੋ ਜੂ ਜ਼ਿੰਦਗੀ ਰੰਗ-ਬਰੰਗਲੀ ਜੀ!!

## 566. ਲੁੱਟ

ਸੱਚ ਆਖਿਐ ਪੰਚ-ਪ੍ਰਧਾਨੀਆਂ ਨੇ-ਯਾਦ ਰਹੂਗੀ 'ਬਾਦਲੀ-ਲੁੱਟ' ਮੀਆਂ।
ਜਿਵੇਂ ਲੁੱਟਿਆ ਇਹਨਾਂ ਪੰਜਾਬ ਸਾਰਾ ਨਾਦਰਸ਼ਾਹ ਦੇ ਬਣੇ ਇਹ ਜੁੱਟ ਮੀਆਂ।
ਰੇਤਾ ਸੋਨੇ ਦੇ ਭਾਅ ਦਾ ਹਜ਼ਮ ਕੀਤਾ ਲਿਆ ਆਪਣੇ ਘਰਾਂ ਵਿੱਚ ਸੁੱਟ ਮੀਆਂ।
ਚੋਣਾਂ ਨੇੜ ਤਾਂ ਬਚਦਾ ਵਰਤਾਉਣ ਲੱਗੇ ਪਹਿਲੋਂ ਸਭੋ ਕੁਝ ਰੱਖਿਆ ਘੁੱਟ ਮੀਆਂ।
ਭ੍ਰਿਸ਼ਟਾਚਾਰ ਹੈ ਜਿਹਨਾਂ ਨੇ ਰੱਜ ਕੀਤਾ ਭ੍ਰਿਸ਼ਟਾਚਾਰੀਆਂ ਫਾਂਸੀ ਚੜ੍ਹਾਉਣ ਲੱਗੇ!
ਜਿਹੜੇ ਸੈਣੀ ਸੁਮੇਧ ਨੂੰ ਦੇਣ ਥਾਪੀ ਮਗਰਮੱਛ ਦੇ ਹੰਝੂ ਵਹਾਉਣ ਲੱਗੇ!!

## 567. ਤਾਰਾਂ

ਬਿੱਟਾ ਪਿੱਟਿਆ ਮਾਰ ਦੁਹੱਥੜਾਂ ਇਉਂ-ਭੁੱਲਰ ਵਾਲੜੀ ਫਾਂਸੀ ਨਾ ਮਾਫ਼ ਹੋਵੇ।
ਹੋਊ ਰਾਜਸੀ ਕਤਲ ਹੀ ਇਹ ਮੇਰਾ ਕਿਤੇ ਪੱਤਾ ਹੀ ਮੇਰਾ ਨਾ ਸਾਫ਼ ਹੋਵੇ।
ਪਾਟ ਗਿਆ ਸਿਰਹਾਣਾ ਹੈ ਲੀਡਰੀ ਦਾ ਕਿਤੇ ਹੱਥੋਂ ਨਾ ਚਲਦਾ ਗਿਲਾਫ਼ ਹੋਵੇ।
ਫਾਂਸੀ ਭੁੱਲਰ ਨੂੰ ਜਲਦ ਤੋਂ ਜਲਦ ਚਾੜ੍ਹੋ ਤਾਹੀਂ ਅਸਾਂ ਦੇ ਨਾਲ ਇਨਸਾਫ਼ ਹੋਵੇ।
ਫ਼ੱਕਰ ਆਖਿਆ ਬਿੱਟਿਆ ਤਾਂ ਬੋਲੇਂ ਕਾਰਾਂ ਸਾਈਕਲ ਕੀ ਥਾਂ ਜੁ ਮਿਲਦੀਆਂ ਹਨ!
ਲੋਕ ਭੁੱਲੇ ਨਹੀਂ ਲੋਕੀ ਸਭ ਜਾਣਦੇ ਹਨ ਤਾਰਾਂ ਤੇਰੀਆਂ ਕਿੱਧਰੋਂ ਹਿਲਦੀਆਂ ਹਨ?

## 568. ਤੀਰ

ਫ਼ਿਜ਼ਾ ਆਖਿਆ-ਸੁਣੀਂ ਵੇ ਸੁਣੀਂ ਲੋਕਾ ਹੁਣ ਮੈਂ ਫ਼ਿਜ਼ਾ ਨਹੀਂ 'ਫ਼ਿਜ਼ਾ-ਏ ਹਿੰਦ' ਹਾਂ ਮੈਂ।
ਚੰਦਰ ਮੋਹਨ ਨੂੰ ਹੁਸਨ ਲੁਟਾਇ ਬੈਠੀ ਮੈਨੂੰ ਲੱਗਿਆ ਹੋਈ ਨਿਰਜਿੰਦ ਹਾਂ ਮੈਂ।
ਸੱਟ ਕੱਢ ਜਾ ਬਿਸਤਰੇ ਸਾਧ ਵੜਿਆ ਲੱਗੇ ਝੱਟ ਹਾਂ ਕਿ ਹੁਣ ਬਿੰਦ ਹਾਂ ਮੈਂ।
ਭਾਵੇਂ ਨੁੱਚੜੀ, ਫੇਰ ਵੀ ਭਰੀ ਪੂਰੀ ਬਣ ਕੇ ਲੋਕਾਂ ਲਈ ਨਿੱਤਰੀ ਜਿੰਦ ਹਾਂ ਮੈਂ।
ਆਖੇ-ਫ਼ੱਕਰਾ ਹਿੰਦ ਫ਼ਿਜ਼ਾ ਬਣ ਕੇ ਸਭ ਕੁਝ ਜੜ੍ਹਾਂ ਤੋਂ ਐਨ੍ਹ ਹਿਲਾ ਦਿਆਂਗੀ!
ਨਾਲ ਵੋਟ ਦੇ ਨੇਤਾ ਨਾ ਹੋਏ ਸਿੱਧੇ ਫੇਰ ਸਾਬਕਾ-ਤੀਰ ਚਲਾ ਦਿਆਂਗੀ!!

(19 ਜੂਨ, 11)



## 569. ਲਾਰਾ

ਫ਼ੱਕਰ ਆਖਿਆ ਅੰਨਾ ਹਜ਼ਾਰਿਆ ਓਏ ਝੰਡਾ ਜੇਕਰ ਤੂੰ ਦਿੱਤਾ ਹੈ ਗੱਡ ਗਾਂਧੀ!
ਰਾਮਦੇਵ ਨਾ ਨਿਕਲਜੀਂ ਕਿਤੇ ਦੂਜਾ ਜਾਈਂ ਗੱਲ ਵਿਚਾਲੇ ਨਾ ਛੱਡ ਗਾਂਧੀ।
ਛਾਲ ਮਾਰਨੀ ਜੀਹਦੇ ਵਿੱਚ ਤੂੰ ਚਾਹੁੰਨੈਂ ਇਹ ਹੈ ਮੌਤ ਦੀ ਡੂੰਘੜੀ ਖੱਡ ਗਾਂਧੀ।
ਫੇਰੂਮਾਨ ਜੇ ਬਣੇ ਤਾਂ ਤਾਂ ਜਾਣਾ ਬਣ ਜਾਈਂ ਨਾ ਖੋਖਲੀ ਢੱਡ ਗਾਂਧੀ।
ਸਮਾਂ ਦੱਸੇਗਾ ਵੇਖਦੇ ਲੋਕ ਸਾਰੇ ਅੰਨਾ ਹੈਂ ਕਿ ਅੰਨ੍ਹਾ-ਹਜ਼ਾਰਾ ਹੈਂ ਤੂੰ!
ਰਾਹ ਲੋਕਾਂ ਨੂੰ ਲੱਭ ਕੇ ਦੇਣ ਤੁਰਿਐਂ ਜਾਂ ਕਿ ਲੀਡਰਾਂ ਵਾਂਗ ਹੀ ਲਾਰਾ ਹੈਂ ਤੂੰ!!

## 570. ਤੋਪ

ਭਾਈ ਰੋਡੇ ਨੇ ਵੇਖੋ ਐਲਾਨ ਕੀਤਾ-ਮੇਰੇ ਦਿਲ ਹੁਣ ਉੱਠਦੀਆਂ ਲੂਰ੍ਹੀਆਂ ਜੀ।
'ਪੰਥਕ-ਦਲ' ਵਿੱਚ ਅਸਾਂ ਹੈ ਜਾਨ ਪਾਉਣੀ ਸਾਨੂੰ ਵੱਟਿਓ ਸਿੱਖੋ ਨਾ ਘੂਰੀਆਂ ਜੀ।
ਵਧੀ ਭੁੱਖ ਹੈ ਪੈਸੇ ਤੇ ਲੀਡਰੀ ਦੀ ਸਾਨੂੰ ਚਾਹੀਦੀਆਂ ਹੋਰ ਹਨ ਚੂਰੀਆਂ ਜੀ।
ਜੱਥੇਦਾਰ ਬਣ ਸਾਥੋਂ ਨਾ ਤੋਪ ਚੱਲੀ ਸਾਥੋਂ ਮੂਲ ਵੀ ਪਈਆਂ ਨਾ ਪੂਰੀਆਂ ਜੀ।
ਸਾਡੇ ਚਾਚੇ 'ਤੇ ਸਿੱਖ ਹਨ ਨਾਜ਼ ਕਰਦੇ ਅਸੀਂ ਉਹਨਾਂ ਦੇ ਸਕੇ ਭਤੀਜ ਭਾਈ!
ਕਦੇ ਖਾੜਕੂ, ਬਾਦਲ ਦੇ ਕਦੇ ਬੰਦੇ ਅਸੀਂ ਬਦਲਦੇ ਵਾਂਗ ਕਮੀਜ਼ ਭਾਈ!!

## 571. ਸਲਾਹ

ਫ਼ੱਕਰ ਕੈਪਟਨ ਨੂੰ ਇਕ ਸਲਾਹ ਦਿੱਤੀ-ਏਸ ਗੱਲ ਨੂੰ ਦੇਵੀਏ ਵੇਟ੍ਹ ਮਿੱਤਰ।
ਕੁਰਸੀ ਛੱਡੀ, ਅਸਤੀਫ਼ੇ ਵੀ ਕਿਵੇਂ ਦਿੱਤੇ ਕੱਢੀ ਪਾਣੀਆਂ ਮਸਲੇ 'ਤੇ ਲੇਟ ਮਿੱਤਰ।
ਚੰਗੇ ਕੰਮੀਂ ਪੰਜਾਬੀਆਂ ਮਾਣ ਦਿੱਤਾ ਕੀਤੀ ਉਲਟ ਪਰ ਬਾਦਲਾਂ ਹੇਟ ਮਿੱਤਰ।
ਭੁੱਲੀਂ ਲਾਭ ਤੇ ਹਾਣ ਸਿਆਸਤਾਂ ਦੇ ਕਰੀਂ ਨਾ ਸੁਖਬੀਰ ਨਾਲ ਡੇਟ ਮਿੱਤਰ।
ਮਹਿੰਗੇ ਪੈਣਗੇ ਸੌਦੜੇ ਮਹਾਰਾਜੇ ਫੜਨੀ ਸਿੱਖਾਂ ਫਿਰ ਮੂਲ ਨਾ ਬਾਂਹ ਬਾਈ!
'ਉੱਤਰ ਕਾਟੋ, ਮੈਂ ਚੜ੍ਹਾਂ' ਦੀ ਖੇਡ੍ਹ ਮੁੱਕੂ ਲੋਕ ਦੋਹਾਂ ਨੂੰ ਲਾਹੁਣਗੇ 'ਠਾਂਹ ਬਾਈ!!

## 572. ਮੰਜਾਈ

ਰੋਸ-ਮਾਰਚ 'ਅੰਬ ਸਾਹਿਬ' ਤੋਂ ਸ਼ੁਰੂ ਹੋਇਆ ਜੇਬ-ਕਤਰਿਆ ਕੈਂਚੀਆਂ ਮਾਰੀਆਂ ਜੀ।
ਵਿਜੈ ਸਿੰਘ ਦੀ ਕੀਤੀ ਮੰਜਾਈ ਸੋਹਣੀ ਮਹਿਤੇ-ਖੀਸੇ ਦੀਆਂ ਕਰੀਆਂ ਕਟਿਆਰੀਆਂ ਜੀ।
ਚਾਤਰ ਚਾਵਲੇ ਵਰਗੇ ਵੀ ਰਗੜ ਘੱਤੇ ਖ਼ੂਬ ਕੀਤੀਆਂ ਬੂਟਆ-ਉਤਾਰੀਆਂ ਜੀ।
ਜੇਬ-ਕਤਰਿਆਂ ਕਿਵੇਂ ਭਰਾ ਟੱਕਰੇ ਕਰੀਆਂ ਪੰਥ ਨਾਲ ਜਿਹਨਾਂ ਹੁਸ਼ਿਆਰੀਆਂ ਜੀ।
ਚੱਟ ਲਿਆ ਹੈ ਪੰਥ ਚੁਟਾਲੜੇ ਨੂੰ ਬਾਦਲ-ਦਲੀਆਂ ਤੇ ਰੋਡਿਆਂ ਵਾਲਿਆਂ ਨੇ।
ਫ਼ੱਕਰਾ ਫ਼ਿਕਰ ਦੀ ਮਾਰ ਲੈ ਤੂੰ ਬੁੱਕਲ ਦਿੱਲੀ ਲੁੱਟ ਲਈ ਓਧਰ ਘੁਟਾਲਿਆਂ ਨੇ!!

(26 ਜੂਨ, 11)

## 573. ਪਾਸਕੂ

ਠੀਕ ਆਖਿਐ ਸੱਚ ਸਿਆਣਿਆਂ ਨੇ ਮੁਰਦਾ ਬੋਲੇ ਤਾਂ ਖੱਫਣ ਦਏ ਪਾੜ ਮੀਆਂ।
ਦਿੱਤਾ ਬਿਆਨ ਚਿੰਦਬਰਮ ਅਜਬ ਵੇਖੋ ਝੋਨਾ ਅਕਲ ਦਾ ਦਿੱਤਾ ਸੁ ਝਾੜ ਮੀਆਂ।
ਅਖੇ ਸਿੱਖ ਚੁਰਾਸੀ ਨੂੰ ਭੁੱਲ ਜਾਵਣ ਭੁੱਲਣ ਸਾਡੜੀ ਕਾਤਲਾਂ-ਧਾੜ ਮੀਆਂ।
ਗ੍ਰਹਿ-ਮੰਤਰੀ ਹੋਇਆ ਕਿ ਗ੍ਰੋਹ ਹੋਇਆ? ਖੇਤ ਚਰੇ ਜਿਓਂ ਖੇਤ ਦੀ ਵਾੜ ਮੀਆਂ।
ਇਕ ਪਾਸੇ ਤਾਂ ਕਾਤਲਾਂ ਦੇਣ ਥਾਪੀ ਦੂਜੇ ਸਿੱਖਾਂ ਲਈ ਫੰਦੜੇ ਤਿਆਰ ਕਰਦੇ!
ਫ਼ੱਕਰਾ ਸੋਚ 'ਚ ਪਾਸਕੂ ਨਹੀਂ ਜਾਂਦਾ ਵੇਖੋ ਬਾਣੀਏ ਕਿਵੇਂ ਵਿਓਪਾਰ ਕਰਦੇ!!

## 574. ਮਿਲਣੀ

ਪਿਓ-ਪੁੱਤਾਂ ਮਨਮੋਹਨ ਨਾਲ ਕਰੀ ਮਿਲਣੀ ਜਾਲ ਚਮਕਦਾ ਕਿਵੇਂ ਖਿਲਾਰਿਆ ਹੈ।
ਆਈ ਚੋਣ ਤੇ ਸਿੱਖਾਂ ਨੂੰ ਨੱਥਣਾ ਹੈ ਨਿਆਣਾ ਕੇਂਦਰ ਦੀ ਗਾਂਓਂ ਨੂੰ ਮਾਰਿਆ ਹੈ।
ਛੱਡੋ ਭੁੱਲਰ, ਕਮੇਟੀ ਦੀਆਂ ਹੋਣ ਚੋਣਾਂ ਹੋਰ ਕਈ ਕੁਝ ਆਇ ਪ੍ਰਚਾਰਿਆ ਹੈ।
ਪੈਸਾ ਕੇਂਦਰ ਦਾ ਸੰਗਤੀਂ ਆਪ ਦਿੱਤਾ ਮੂੰਹੋਂ ਭੋਰਾ ਨਾ ਸੱਚ ਉਚਾਰਿਆ ਹੈ।
ਪਿਉ-ਪੁੱਤ ਹਨ ਦੋਵੇਂ ਹੀ ਤੁਰੇ ਫਿਰਦੇ 'ਤੀਸਰ-ਪੰਥ' ਦੀ ਇਹਨਾਂ ਕੋਈ ਸਾਰ ਨਾਹੀਂ!
ਫ਼ੱਕਰਾ ਹਿੱਕ 'ਤੇ ਮਾਰ ਕੇ ਹੱਥ ਦੱਸਣ ਪੰਥ ਕੀਤਾ ਕਿ ਇਹਨਾਂ ਬੀਮਾਰ ਨਾਹੀਂ!!

## 575. ਨਲ਼ਕਾ

ਬੜ੍ਹਕ ਭਾਈ ਜਸਬੀਰ ਸਿੰਘ ਖ਼ੂਬ ਮਾਰੀ-ਬੁੱਢੇ-ਯੂਥ ਜੀ! ਖਿੱਚੋ ਤਿਆਰੀਆਂ ਜੀ।
ਕਿੰਨੇ ਵਰ੍ਹੇ ਹੈ ਤੁਸਾਂ ਆਰਾਮ ਕੀਤਾ ਛਕੀਆਂ ਬਹੁਤ ਹਨ ਤੁਸਾਂ ਤਰਕਾਰੀਆਂ ਜੀ।
ਨਲ਼ਕਾ ਮਾਇਆ ਦਾ ਉੱਤਰਿਆ ਫੇਰ ਸਾਡਾ ਸਾਨੂੰ ਕਿੱਲਤਾਂ ਆ ਗੀਆਂ ਭਾਰੀਆਂ ਜੀ।
ਖੰਡ, ਫੰਡ ਦੀ ਅਸਾਂ ਨੂੰ ਚਾਹੀਦੀ ਹੈ 'ਕੱਠੀ ਕਰੋ ਹੁਣ ਬੰਨ੍ਹ ਕੇ ਵਾਰੀਆਂ ਜੀ।
ਮੂਹਰੇ ਹੋਇ ਗੁਰਧਾਮਾਂ ਦੀ ਕਰੋ ਸੇਵਾ ਚੁੱਕੋ ਛੈਣੇ ਤੇ ਚੁੱਕ ਲਓ ਢੋਲਕਾਂ ਜੀ!
ਬੇਰੀ-ਸੰਗਤ ਹਲੂਣਿਓਂ ਜ਼ੋਰ ਲਾ ਕੇ ਭਰਨ ਮੂੰਹ-ਤੱਕ ਊਣੀਆਂ ਗੋਲਕਾਂ ਜੀ!!

## 576. ਹਵਾਲ

ਫ਼ੱਕਰਾ ਘੁੰਮਿਆ ਦੇਸ-ਪ੍ਰਦੇਸ ਸਾਰਾ ਜੂਹਾਂ ਰੱਜ ਕੇ ਵੇਖ ਤੂੰ ਚੀਰੀਆਂ ਨੇ।
ਡਿੱਠਾ ਹਾਲ-ਹਵਾਲ ਸੰਸਾਰ ਵਾਲਾ ਗਧੇ ਜੱਗ 'ਤੇ ਕਰਦੇ ਪਏ ਪੀਰੀਆਂ ਨੇ।
ਪੱਗ ਬੰਨ੍ਹਣ ਦੀ ਜਿਹਨਾਂ ਨੂੰ ਜਾਚ ਨਾਹੀਂ ਓਹ ਵੀ ਭੋਗਦੇ ਪਏ ਵਜ਼ੀਰੀਆਂ ਨੇ।
ਆਲਮ-ਫ਼ਾਜ਼ਲਾਂ ਰੱਜ ਨਾ ਮਿਲੇ ਰੋਟੀ ਹਲਵੇ ਖਾਂਦੀਆਂ ਚੋਰ-ਚਕੀਰੀਆਂ ਨੇ।
ਫ਼ੱਕਰਾ ਸਿੱਖਾਂ ਦਾ ਸਾਡੜਾ ਅੱਤ ਮੰਦਾ ਦਿੱਤੈ ਆਪਣਾ ਸੱਭੋ ਵਿਸਾਰ ਬੇਲੀ!
ਸੇਲ੍ਹੀ ਮਰਦਾਂ ਦੀ ਵੀ ਹੋਈ ਕਾਟਵੀਂ ਹੈ ਤੇੜੋਂ ਕੁੜੀਆਂ ਦੇ ਗਈ ਸਲਵਾਰ ਬੇਲੀ!!
(27 ਜੂਨ, 11)



## 577. ਯਾਰੀਆਂ

ਇੱਕੋ ਸੋਫ਼ੇ 'ਤੇ ਰਾਜਾ ਸੁਖਬੀਰ ਬੈਠੇ ਦੇਖੇ ਫ਼ੱਕਰ ਨੇ ਬੈਠੇ ਵਿਚਾਰ ਕਰਦੇ।
ਇਕ ਦੂਸਰੇ ਦੇ ਕਿੰਨੇ ਨੇੜ ਹੋਏ ਬੁਰੀ ਤਰ੍ਹਾਂ ਜੋ ਰਹੇ ਤਕਰਾਰ ਕਰਦੇ।
ਅੰਨ੍ਹਾ ਅਕਲ ਦਾ ਵੀ ਦੇਖ ਜਾਣ ਸਕਦੈ ਕਾਹਤੋਂ ਇਸਤਰ੍ਹਾਂ ਦੋਵੇਂ ਵਿਵਹਾਰ ਕਰਦੇ।
ਦੁਸ਼ਮਣ, ਦਸ਼ਮਣ ਦਾ ਆਪਣਾ ਹੋਏ ਮਿੱਤਰ ਇਕ ਦੂਜੇ ਨਾਲ ਤਾਹੀਂ ਪਿਆਰ ਕਰਦੇ।
ਮਨਪ੍ਰੀਤ ਨੇ ਗੱਲ ਇਹ ਖਰੀ ਆਖੀ ਗਲੇ ਮਿਲ ਪੀਆਂ ਇਹ ਭ੍ਰਿਸ਼ਟਾਚਾਰੀਆਂ ਨੇ!
ਨਾਲ ਚੋਰਾਂ ਦੇ ਰਲ਼ੀ ਹੈ ਕਿਵੇਂ ਕੁੱਤੀ ਪਾਈਆਂ ਦੁਸ਼ਮਾਂ ਕਿਸਤਰ੍ਹਾਂ ਯਾਰੀਆਂ ਨੇ!!

## 578. ਧਰਨਾ

ਧਰਨਾ ਦਿੱਤਾ ਬਠਿੰਡੇ ਵਿੱਚ ਭਾਜ-ਭਾਈਆਂ ਲੀਡਰ ਬੈਠਗੇ ਗੱਦਿਆਂ ਪੋਲਿਆਂ 'ਤੇ।
ਭ੍ਰਿਸ਼ਟਾਚਾਰ ਲਈ ਦਿੰਦੇ ਜੋ ਇਹ ਧਰਨੇ ਹਾਸਾ ਆਂਵਦਾ ਖਚਰੇ ਬੜ-ਬੋਲਿਆ 'ਤੇ।
ਭੁੱਜਣ ਪੁਲਸੀਏ ਛੋਲਿਆਂ ਵਾਂਗ ਧੁੱਪੇ ਪਾਣੀ ਪਿਆ ਨਾ ਮੁਘਦਿਆਂ ਕੋਲਿਆਂ 'ਤੇ।
ਭੁੰਜੇ ਬੈਠੇ ਟਕਸਾਲੀ ਬੇਹਾਲ ਹੋਏ ਡੰਗ ਸਾਰਿਆਂ ਜਿਹਨਾਂ ਨੇ ਛੋਲਿਆਂ 'ਤੇ।
ਫ਼ੱਕਰਾ ਪੰਥ ਦਾ ਵੇਖਲਾ ਕੀ ਬਣਿਆ ਇਹ ਅਕਾਲੀ ਕਿੰਝ ਕਾਗ਼ਜ਼ੀ-ਫੁੱਲ ਬਣਗੇ!
ਪੰਥ ਅਤੇ ਪੰਜਾਬ ਨੂੰ ਪਾ ਗਹਿਣੇ ਭਾਬੀ-ਭਾਜਪਾ ਸੰਦੜੇ ਟੁੱਲ ਬਣਗੇ!!

## 579. ਟੀਟਣੇ

ਕਾਇਮ ਹੋਊ ਕਮਿਸ਼ਨ-ਐਲਾਨ ਹੋਇਆ, ਹੋਊ ਸੁਖ ਪੰਜਾਬੀ-ਪ੍ਰਵਾਸੀਆਂ ਨੂੰ।
ਇਹ ਵੀ ਕੁੱਤਿਆਂ ਦੇ ਰੌਲ਼ੇ ਵਿੱਚ ਚਲੇ ਜਾਣਾ ਮੱਥਾ ਟੇਕਿਆ ਜਿਹੜਾ ਹੈ ਮਾਸੀਆਂ ਨੂੰ।
ਅੱਗੇ ਥੁੱਕ ਪ੍ਰਵਾਸੀਆਂ ਬਹੁਤ ਲੱਗੇ ਰੋਕ ਜੱਗ ਵੀ ਸਕਿਆ ਨਾ ਹਾਸੀਆਂ ਨੂੰ।
ਭਾਲਣ ਚੋਣ-ਫੰਡ ਨਾਲੇ ਨਿਵੇਸ਼ ਭਾਲਣ ਲੀਡਰ ਚੋਂਵਦੇ ਬਾਹਰਲੇ ਵਾਸੀਆਂ ਨੂੰ।
ਫ਼ੱਕਰ ਕਿਹਾ-ਪ੍ਰਦੇਸੀ ਹਨ, ਨਹੀਂ ਬਾਂਦਰ ਖਿੱਲਾਂ ਜਿਹਨਾਂ ਨੂੰ ਤੁਸੀਂ ਖਿਲਾਰਦੇ ਹੋਂ!
ਏਅਰਪੋਰਟੀਂ ਤੁਸਾਂ ਇਹ ਹਾਰ ਪਾਵਣ ਓਥੇ ਗਿਆਂ ਨੂੰ ਟੀਟਣੇ ਮਾਰਦੇ ਹੋਂ!!

## 580. ਮੂਰਤ

ਲਕਸ਼ਮੀ ਕਾਂਤਾ ਚਾਵਲਾ ਕੂਕ ਉੱਠੀ-ਮੇਰਾ ਮਹਿਕਮਾ, ਮੇਰਾ ਖ਼ਿਆਲ ਨਾਹੀਂ।
ਜਦੋਂ ਵੰਡੇ ਵਿਦਿਆਰਥਣਾਂ ਤਾਈਂ ਸਾਇਕਲ ਕੀਤੀ ਮੇਰੇ ਹੀ ਨਾਲ ਇਹ ਚਾਲ ਨਾਹੀਂ?
ਮੂਰਤ ਬਾਦਲ ਦੀ ਲਾਈ ਹੈ ਸਾਈਕਲਾਂ 'ਤੇ ਮੇਰੀ ਲਾਈ ਹੈ ਕਾਸਤੋਂ ਨਾਲ ਨਾਹੀਂ।
ਜਿਉਂਦੀ-ਜਾਗਦੀ ਨੂੰ ਮੈਨੂੰ ਛੱਡ ਦਿੱਤੈ ਮੈਂ ਹਾਂ ਮੰਤਰੀ, ਮਾਤਾ ਦਾ ਮਾਲ ਨਾਹੀਂ।
ਫ਼ੱਕਰ ਹੱਸ ਕੇ ਬੀਬੀ ਨੂੰ ਆਖਿਓ ਨੇ-ਫ਼ੋਟੋ ਲੱਗੀ ਤੋਂ ਬੀਬਾ ਧਰਵਾਸ ਹੋ ਜੂ?
ਏਸ ਖਾਹਸ਼ ਨਾਲ ਤੁਸਾਂ ਦਾ ਸੌਰਨਾ ਕੀ? ਕਿਹੜੀ ਪੂਰੀ ਦੀ ਪੂਰੀ ਹੀ ਆਸ ਹੋ ਜੂ!
(8 ਜੁਲਾਈ, 11)

## 581. ਇਤਿਹਾਸ

ਪੁੱਤਰ ਪੰਥ ਤੋਂ ਵਾਰਕੇ ਫੇਰ ਹੱਸੇ ਪਿਤਾ ਹੋਵੇ ਤਾਂ ਪੁਰਖ ਭਗਵੰਤ ਵਰਗਾ।
ਓਸ ਮਾਂ ਦੀ ਕੁੱਖ ਤੋਂ ਜਾਂ ਸਦਕੇ ਪੁੱਤ ਜੰਮੇਂ ਬਿਅੰਤ-ਸਤਵੰਤ ਵਰਗਾ।
ਮੰਡੀ ਸਾਧਾਂ ਦੀ ਸ਼ੇਰ ਸਿਆਂ ਭਰੀ ਫਿਰਦੀ ਵਿਰਲਾ ਜਨਮੇ ਜਰਨੈਲ ਸਿੰਘ ਸੰਤ ਵਰਗਾ।
ਖ਼ਰੀ ਗੱਲ ਰਾਜਿੰਦਰ ਸਿੰਘ ਖ਼ੂਬ ਆਖੀ-ਸਿੰਘ ਹੋਏ ਤਾਂ ਭਾਈ ਬਲਵੰਤ ਵਰਗਾ।
ਸਿੱਖੋ! ਵਿਰਸਾ ਤੇ ਤੁਸੀਂ ਇਤਿਹਾਸ ਭੁੱਲੇ ਭਲਿਓ ਭੁੱਲਰੀਆਂ ਵਿਸਰੀਆਂ ਮਾਰਦੇ ਹੋਂ!
ਕਲ੍ਹ ਨੂੰ ਤੁਸਾਂ ਨੂੰ ਖ਼ੂਨੀ-ਇਤਿਹਾਸ ਪੁੱਛੂ-ਤੁਸੀਂ ਪਾਣੀ ਵਿੱਚ ਕਿਸ਼ਤੀਆਂ ਤਾਰਦੇ ਹੋਂ?

## 582. ਦਰਸ਼ਣ

ਆਈ ਚੋਣ ਅਕਾਲੀਆਂ ਪਈ ਭਾਜੜ ਵੇਖੋ ਚੌਂਕ ਤੇ ਚੌਂਕ ਲੁਟਾਉਣ ਲੱਗੇ।
ਸੰਗਤ-ਦਰਸ਼ਣਾਂ ਕਿਸਤਰ੍ਹਾਂ ਧੂੜ ਪੱਟੀ ਜਿੱਥੇ ਗਏ ਨਾ ਮੂੰਹ ਦਿਖਾਉਣ ਲੱਗੇ।
ਐਨ੍ਹ ਖਾਲੀ ਖਜ਼ਾਨਾ ਤੇ ਦਾਨ ਕਰਦੇ ਕਪੜਾ ਡਾਂਗੀ ਜਿਉਂ ਚੋਰ ਵਰਤਾਉਣ ਲੱਗੇ।
ਲੱਗਣੇ ਸੱਤਾਸੀ ਸੌ ਪੰਜ ਕਰੋੜ ਭਾਵੇਂ ਵੇਖੋ ਮੈਟਰੋ ਗੱਲੀਂ ਚਲਾਉਣ ਲੱਗੇ।
ਕਿਵੇਂ ਕੰਮ ਗਿਣਵਾਣ ਵਿਕਾਸ ਸੰਦੇ ਕੋਹਲੂ ਕਾਗ਼ਜ਼ੀ ਕਿਵੇਂ ਚਲਾਂਵਦੇ ਹਨ!
ਟੱਟੂ ਧੂੜ ਵਿੱਚ ਕੀਤਾ ਹੈ ਕਿਵੇਂ ਛਾਲ਼ੀਂ ਘੱਟਾ ਲੋਕਾਂ ਦੀਆਂ ਅੱਖਾਂ ਵਿੱਚ ਪਾਂਵਦੇ ਹਨ!!

## 583. ਯਾਦਗਾਰ

ਯਾਦਗਾਰ ਸ਼ਹੀਦਾਂ ਦੀ ਨਹੀਂ ਬਣਦੀ ਮਸਲਾ ਕਦੋਂ ਤੱਕ ਲਟਕਦਾ ਰਹੂ ਭਾਈ?
ਬਹੁਤ ਘੱਟ ਹਨ ਰਹੇ ਹੁਣ ਕਹਿਣ ਵਾਲੇ ਕਿਹੜਾ ਸੱਚੜੀ ਜਾਇਕੇ ਕਹੂ ਭਾਈ?
ਕਲਗੀ ਅਣਖ ਦੀ ਵਿਹੜਿਓਂ ਉੱਠ ਜਾਂਦੀ ਜਿੱਥੇ ਰੰਡਜ਼ੀ ਬੈਠ ਜਾਏ ਬਹੂ ਭਾਈ।
ਸਹੇਲੀ-ਪੱਟਣਾਂ ਦੀ ਜਿੱਥੇ ਗੱਲ ਚੱਲੇ ਸਸਤੇ ਹੋਣ ਸ਼ਹੀਦਾਂ ਦੇ ਲਹੂ ਭਾਈ।
ਖੱਟਿਆ ਖਾਂਵਦੇ ਸੰਤ ਜਰਨੈਲ ਸੰਦੀ ਵੇਖੋ ਸੰਤ ਨੂੰ ਹੱਥੀਂ ਮਰਵਾਉਣ ਵਾਲੇ!
ਅੱਜ ਉਹ ਪਿੰਜਰ-ਸ਼ਹੀਦਾਂ 'ਤੇ ਹਨ ਕਾਬਜ਼ ਆਪੂੰ ਪੰਥ ਦਾ ਕਿਲ੍ਹਾ ਢਵਾਉਣ ਵਾਲੇ!!

## 584. ਬੇ-ਲਿਹਾਜ਼

ਘਰ ਵਾਲੀ ਨੇ ਫ਼ੱਕਰ ਦੇ ਹੁੱਝ ਮਾਰੀ-ਜੱਟਾ! ਝੁੰਬ ਤੂੰ ਮਾਰਿਐ ਖੇਸ ਦਾ ਵੇ।
ਜਣੇ-ਖਣੇ ਨੂੰ ਤੁੰਬਦੈਂ ਨਾਲ ਕਾਨੀ ਫ਼ਿਕਰ ਤੈਨੂੰ ਨਾ ਰੱਤੀ ਤੇ ਲੇਸਦਾ ਵੇ।
ਬਣਕੇ ਬੇਲਿਹਾਜ਼ ਕਮਾਦ ਘੜਦੈਂ ਕਰੇਂ ਕਿਸੇ ਲਿਹਾਜ਼ ਨਾ ਵੇਸ ਦਾ ਵੇ।
ਤੇਰੇ ਤੌਰ-ਤਰੀਕੇ ਮੁਖ-ਮੰਤਰੀ ਦੇ ਪੱਟੀ ਰਗੜ ਕੇ ਪੰਥ ਦੀ ਮੇਸਦਾ ਵੇ।
ਫ਼ੱਕਰ ਆਖਿਆ- 'ਝੱਕਰਾ' ਨਾ ਕਹੀਂ ਮੈਨੂੰ ਕਿਹੜੇ ਲੀਡਰ ਤੋਂ ਦੱਸ ਨੀਂ ਘੱਟ ਹਾਂ ਮੈਂ?
ਮੈਨੂੰ ਯੂਰਪ 'ਚੋਂ ਆਵੇ ਕਪਾਹ ਚੁਗਣੀ ਮਚਲਾ ਨੇਤਾ ਤੇ ਵਿਗੜਿਆ ਜੱਟ ਹਾਂ ਮੈਂ!!
(15 ਜੁਲਾਈ,11)



## 585. ਏਜੰਡਾ

ਰਾਹੁਲ ਉੱਤਰ-ਪ੍ਰਦੇਸ਼ ਵਿੱਚ ਘੁੰਮਿਆ ਕੀ ਪੁੱਜ ਸੈਨਤਾਂ ਸੋਹਣੀਆਂ ਮਾਰੀਆਂ ਨੇ।
ਕਿਤੇ ਨਾਲ ਕਿਰਸਾਨਾਂ ਦੇ ਰਾਤ ਕੱਟੀ ਰਾਤੀਂ ਤਿਹੁਲੀਆਂ ਖ਼ੂਬ ਉਚਾਰੀਆਂ ਨੇ।
ਇੱਕੋ-ਇਕ ਏਜੰਡਾ ਸੀ ਢਿੱਡ ਅੰਦਰ ਮਾਇਆਵਤੀ ਜਾ ਕਹੀਆਂ ਕਰਾਰੀਆਂ ਨੇ।
ਬਾਹਾਂ ਚਾੜ੍ਹਦਾ ਕਾਕਾ ਪ੍ਰਤੱਖ ਆਖੇ-ਹੁਣ ਤਾਂ ਵਾਰੀਆਂ ਮੇਰੀਆਂ ਵਾਰੀਆਂ ਨੇ।
ਭਾਸ਼ਣ ਸੁਣਨ ਤੇ ਫ਼ੱਕਰ ਨੇ ਹੱਸ ਕਹਿਆ-ਰਾਹੁਲ ਪਿਆ ਹੈ ਅਜੇ ਜੁਆਨ ਚਾਚਾ!
ਖਿਚੜੀ ਜਦੋਂ ਤੱਕ ਪੂਰੀ ਨਹੀਂ ਰਿੱਝ ਜਾਂਦੀ ਹੱਸ ਓਦੋਂ ਤੱਕ ਕਰੋ ਪ੍ਰਵਾਨ ਚਾਚਾ!!

## 586. ਪੀੜ

ਹੋ ਕੇ ਮਚਲੇ ਜਿਹੇ ਕਿਹਾ ਪ੍ਰਕਾਸ਼ ਬਾਦਲ-ਪੀੜ ਦਿਲੇ ਦੀ ਕਿਸਤਰ੍ਹਾਂ ਜਰਾਂਗਾ ਮੈਂ?
ਘਰ ਵਾਲੀ ਤਾਂ ਮੇਰੀ ਹੈ ਗੁਜ਼ਰ ਚੁੱਕੀ ਘਰੇ ਜਾਇਕੇ ਦੱਸੋ ਕੀ ਕਰਾਂਗਾ ਮੈਂ?
ਸਾਰਾ ਟੱਬਰ ਸਿਆਸਤ ਵਿੱਚ ਝੋਕ ਦਿੱਤਾ ਘਾਹ ਕਿਹੜੀ ਹੁਣ ਚਾਹਤ ਦਾ ਚਾਰਾਂਗਾ ਮੈਂ?
ਏਸੇ ਲਈ ਹੈ ਭਾਜਪਾ ਨਾਲ ਲਾਈ ਪਾਣੀ ਏਸਦਾ ਸਦਾ ਹੀ ਭਰਾਂਗਾ ਮੈਂ।
ਫ਼ੱਕਰ ਆਖਿਆ-ਭਾਈ ਪ੍ਰਕਾਸ਼ ਸਿੰਘਾ ਕਰੀਏ ਕੁਰਸੀਆਂ ਐਡ ਪਿਆਰੀਆਂ ਨਾ।
ਲਾਹੁਣਾ ਤੁੱਕੇ ਦੇ ਵਾਂਗ ਇਹ ਜਾਣਦੇ ਹਨ ਇਹਨਾਂ ਵੋਟਰਾਂ ਬੱਕਰੀਆਂ ਚਾਰੀਆਂ ਨਾ!!

## 587. ਮਸਲੇ

ਮਸਲੇ ਪੰਥ ਦੇ ਕੇਸਾਂ ਦੇ ਵਾਂਗ ਉਲਝੇ ਕੰਘਾ ਵਾਹੁਣ ਦਾ ਕਿਸੇ ਖਿਆਲ ਨਾਹੀਂ।
ਮਾੜ੍ਹਜ਼ ਜਿਵੇਂ ਬੇਦਾਵੇ ਹਨ ਦੇਈ ਜਾਂਦੇ ਲਗਦੈ ਰਹਿਣਾ ਕੋਈ ਗੁਰਾਂ ਦੇ ਨਾਲ ਨਾਹੀਂ।
ਲੋਟੂ ਪੰਥ ਨੂੰ ਪਏ ਹਨ ਦੋਂਹ-ਹੱਥੀਂ ਕੋਈ ਪੰਥ ਦੀ ਮੁੱਛ ਦਾ ਵਾਲ ਨਾਹੀਂ।
ਕੀੜੇ ਸਾਧ ਬਣਕੇ ਚਿੰਬੜੇ ਕੌਮ ਤਾਈਂ ਸਕਦਾ ਕੋਈ ਵੀ ਖ਼ਤਰੇ ਨੂੰ ਟਾਲ ਨਾਹੀਂ।
ਛੋਕਰ-ਵਾਧਾ ਹੈ ਪੰਥ 'ਤੇ ਪਿਆ ਭਾਰੂ ਧੌਣ ਸੁੱਟ ਲਈ ਵੇਖੋ ਟਕਸਾਲੀਆਂ ਨੇ!
ਭਗਵੀਂ-ਕੁੜਤੀ ਨੇ ਪੱਟਤਾ ਪੰਥ ਨੀਲਾ ਕੇਹੀਆਂ ਗੁੱਝੀਆਂ ਯਾਰੀਆਂ ਪਾਲੀਆਂ ਨੇ!!

## 588. ਬੇੜੀਆਂ

ਪਵੇ ਗਰਮੀ ਜਾਂ ਕਦੇ ਪਵੇ ਪਾਲ਼ਾ ਦੋਸ਼ ਕੇਂਦਰ ਦੇ ਸਿਰ ਜੀ ਮੜ੍ਹੇ ਬਾਦਲ।
ਕੁੱਤਾ ਕਿਸੇ ਦੀ ਲੱਤ ਨੂੰ ਵੱਢ ਜਾਵੇ ਪਿੱਟੇ ਸੈਂਟਰ ਨੂੰ ਬੈਠਕੇ ਰੜੇ ਬਾਦਲ।
ਸੰਗਤ-ਦਰਸ਼ਣੀਂ ਛਿੱਟੜੇ ਆਪ ਦੇਵੇ ਨੋਟ ਕੇਂਦਰ ਤੋਂ ਭੱਜ ਕੇ ਫੜੇ ਬਾਦਲ।
ਅੰਮ੍ਰਿਤਸਰ ਤਾਂ ਕੁਰਸੀ ਲਈ ਯਾਦ ਆਵੇ ਜਦੋਂ ਚੜ੍ਹੇ ਤਾਂ ਦਿੱਲੀ ਨੂੰ ਚੜ੍ਹੇ ਬਾਦਲ।
ਓਧਰ ਮਾਰ ਭਤੀਜੇ ਨੇ ਤੰਗ ਕੀਤਾ ਦਿੰਦਾ ਚਾਰ-ਚੁਫੇਰੜੇ ਗੇੜੀਆਂ ਜੀ!
ਪਾਣੀ ਦਿਨੋਂ-ਦਿਨ ਕਿਸਤਰ੍ਹਾਂ ਚੜ੍ਹੀ ਜਾਂਦੇ ਡੋਲਣ ਪਿਉ ਤੇ ਪੁੱਤ ਦੀਆਂ ਬੇੜੀਆਂ ਜੀ!
(24 ਜੁਲਾਈ, 11)

## 589. ਵਿਆਹ

ਕਿਹਾ ਰਾਖੀ ਸਾਵੰਤ ਅਭਿਨੇਤਰੀ ਨੇ ਰਾਮਦੇਵ ਨਾਲ ਵਿਆਹ ਕਰਵਾਵਾਂਗੀ ਮੈਂ।
ਜਿਹੜੇ ਚਾਅ ਰਹਿੰਦੇ ਸਾਰੇ ਪੂਰ ਲਾਂਗੀ ਆਸਣ ਬਾਬੇ ਦੇ ਸਾਰੇ ਅਜ਼ਮਾਵਾਂਗੀ ਮੈਂ।
'ਸਵੰਬਰ ਰਾਖੀ ਕਾ' ਵਿੱਚ ਲੱਭਿਆ ਸੀ 'ਰਾਜਕੁਮਾਰ' ਨੂੰ ਦਿਲੋਂ ਭੁਲਾਵਾਂਗੀ ਮੈਂ।
ਮੈਂ ਮਾਸ਼ੂਕ ਤੇ ਆਸ਼ਕਾਂ ਹੇੜ੍ਹ ਲੱਗੀ ਜਿਹੜਾ ਚਾਹਾਂਗੀ ਓਹੀ ਪ੍ਰਨਾਵਾਂਗੀ ਮੈਂ।
ਚਿੱਤ ਕਰਦਾ ਸੀ ਰਾਹੁਲ ਨਾਲ ਵਿਆਹ ਕਰਲਾਂ ਬਣਨੀ ਨਹੀਂ ਸੀ ਸੋਨੀਆ ਨਾਲ ਮੇਰੀ!
ਮੈਂ ਤਾਂ ਮੇਲ੍ਹਦੀ, ਜਿਵੇਂ ਮਨ ਮੇਲ੍ਹਦਾ ਹੈ ਨਹੀਂ ਮਨਮੋਹਨ ਦੇ ਨਾਲ਼ ਦੀ ਚਾਲ ਮੇਰੀ!!

## 590. ਗ਼ਲਤੀ

ਫ਼ੱਕਰ ਕਿਹਾ ਕਪਤਾਨਾ ਇਹ ਕਰੀ ਮਾੜੀ ਦਰਜਾ ਆਪਣਾ ਆਪ ਘਟਾ ਲਿਐ ਤੂੰ।
ਵੱਡੇ ਬਾਦਲ ਦੇ ਨਾਲ ਤੂੰ ਰਿਹਾ ਖਹਿੰਦਾ ਕੀਤਾ-ਕੱਤਰਿਆ ਖ਼ੂਹ ਵਿੱਚ ਪਾ ਲਿਐ ਤੂੰ।
ਚੂਹੇ ਤੇਰੀ ਪਜਾਮੀ ਜੋ ਛੱਡਦਾ ਸੀ ਉਹ 'ਬਲੂੰਗੜਾ' ਗਲ਼ੇ ਲਗਾ ਲਿਐ ਤੂੰ।
ਲੈਂਦਾ ਰਿਹੋਂ ਤੂੰ ਪਿਓ ਨਾਲ ਦਸਤਪੰਜਾ ਕਾਹਤੋਂ ਪੁੱਤ ਤੋਂ ਪੰਜਾ ਹਟਾ ਲਿਐ ਤੂੰ।
ਕਿਹੈ-ਕਰਾਂਗੇ ਗੱਲ ਵਿਕਾਸ ਵਾਲੀ ਗੱਲ ਗਿਐ ਕੁਰਪੱਸ਼ਨ ਦੀ ਭੁੱਲ ਰਾਜਾ?
ਗੁੱਲੀ-ਡੰਡੇ ਦੀ ਖੇਡ੍ਹ ਨੂੰ ਲੋਕ ਜਾਨਣ ਲੀਡਰ ਲਾਂਵਦੇ ਕਿਵੇਂ ਘੜਕੁੱਲ ਰਾਜਾ!

## 591. ਏਜੰਡਾ

ਫ਼ੱਕਰ ਕਿਹਾ ਮਨਪ੍ਰੀਤ ਨੂੰ ਜਾਂ ਸਦਕੇ! ਗੱਲਾਂ ਤੇਰੀਆਂ ਗੰਨੇ-ਗਨੇਰੀਆਂ ਨੇ।
ਤਾਏ ਪਿੰਡੇ ਪੰਜਾਬ ਦੇ ਲਾਸ ਪਾਈ ਕਰੀਆਂ ਪੰਥ ਦੇ ਨਾਲ ਘਨੇਰੀਆਂ ਨੇ।
ਐਨੇ ਸਾਲ ਤੂੰ ਚੱਲਿਐਂ ਨਾਲ ਫਿਰ ਕਿਓਂ? ਪੁੱਛਦੇ ਲੋਕ ਮਜ਼ਬੂਰੀਆਂ ਤੇਰੀਆਂ ਨੇ।
ਬੇਹੀ, ਚੰਗੀ ਸ਼ਹੀਦਾਂ ਦੀ ਗੱਲ ਕਰਨੈਂ ਅੱਖਾਂ ਪੰਥ ਤੋਂ ਕਾਸਤੋਂ ਫੇਰੀਆਂ ਨੇ।
ਦਿਲੋਂ ਲੋਕ ਏਜੰਡੇ ਨੂੰ ਜਾਣਦੇ ਹਨ! ਪੰਥ-ਦੋਖੀਆਂ ਕੁਰਸੀ ਨਾ ਬਹਿਣ ਦੇਵੀਂ!
ਹੋਕਾ ਵੰਗਾਂ ਦਾ, ਕੱਢ ਦਏਂ ਚੱਕੀਰਾਹਾ ਦੁੱਖ ਫੇਰ ਪੰਜਾਬ ਨਾ ਸਹਿਣ ਦੇਵੀਂ!!

## 592. ਚੂਕਣਾ

ਛੋਟੇ ਭਾਈ ਭਗਵੰਤ ਸਿੰਘ ਜੀ-ਆਇਆਂ 'ਨਵੀਂ ਛਾਲ' ਦੀ ਭਾਈ ਵਧਾਈ ਹੋਵੇ।
ਉਂ ਤਾਂ ਪੈਰ ਸੰਭਾਲ ਕੇ ਰੱਖਿਆ ਹੋਊ 'ਹੰਸ' ਵਾਲੀ ਨਾ ਬਾਈ ਮੰਜਾਈ ਹੋਵੇ।
ਨੀਤੀ-ਭੇੜ ਨਾ ਰਗੜਿਆ ਜਾਏ ਕੱਟਾ ਕਲ੍ਹ ਨੂੰ ਜੱਗ ਵਿੱਚ ਹੱਸ-ਹਸਾਈ ਹੋਵੇ।
ਮੂੰਹ-ਮੱਥੇ ਵੀ ਲੱਗਣੋਂ ਰਹੇਂ ਜਾਂਦਾ ਚਾਹੁਣ ਵਾਲਿਆਂ ਨਾਲ ਰੁਸਵਾਈ ਹੋਵੇ।
ਸੁੱਖ ਮੰਗਦਾਂ ਮਾਨ ਮੈਂ ਚੂਕਣੇ ਦੀ ਚੰਗਾ ਭਲਾ ਇਹ ਕਿਤੇ ਨਾ ਟੁੱਟ ਜਾਵੇ!
ਜਿਹੜੀ ਭੀੜ ਨੂੰ ਕਦੇ ਤੂੰ ਲੁੱਟਿਆ ਸੀ 'ਇੱਕੋ ਜੱਫ਼ੀ' ਲਈ ਹੇਠਾਂ ਨਾ ਸੁੱਟ ਜਾਵੇ!!

(30 ਜੁਲਾਈ, 11)



## 593. ਗੁਲਾਮੀ

ਗੁਰਦੁਆਰੇ ਆਜ਼ਾਦ ਕਰਵਾਏ ਸਿੱਖਾਂ ਗਲੇ ਪਾ ਲੀਆਂ ਐਪਰ ਗੁਲਾਮੀਆਂ ਨੇ।
ਕਾਹਦੇ ਕੱਢੇ ਮਹੰਤ ਤੇ ਪਏ ਗਹਿਣੇ ਪਈਆਂ ਕੌਮ ਵਿੱਚ ਕਿੰਡੀਆਂ ਖਾਮੀਆਂ ਨੇ।
ਗੁਰਮਤਿ ਮਾਂਓਂ ਨੂੰ ਕਿਸਤਰ੍ਹਾਂ ਪਿੱਠ ਦਿੱਤੀ ਕੁੰਜੀਆਂ ਸਾਂਭੀਆਂ ਭਾਬੀਆਂ-ਮਾਮੀਆਂ ਨੇ।
ਸਭੇ ਧਰਮ ਦੇ ਮਸਲੇ ਉਲਝਾਅ ਲੀਤੇ ਇਹ ਨਮੋਸ਼ੀਆਂ ਵੱਡ ਨਾਕਾਮੀਆਂ ਨੇ।
ਜਿਹੜਾ ਪਾ ਲਿਐ ਗਲੇ ਗੁਰਦੁਆਰਾ ਐਕਟ ਮਸਲਾ ਖਾਸ ਹੈ ਗੱਲ ਕੋਈ ਆਮ ਨਾਹੀਂ!
ਕਲਗੀਧਰ ਦੇ ਸਿੱਖੋ ਹੋਂ ਸ਼ੇਰ-ਪੁੱਤਰ ਦਿੱਲੀ-ਬਿੱਲੀ ਦੇ ਤੁਸੀਂ ਗੁਲਾਮ ਨਾਹੀਂ!!

## 594. ਫਾਨਾ

ਸਭ ਕੁਝ ਦੁਨੀਆਂ 'ਤੇ ਸਰਸਰੀ ਹੋਈ ਜਾਂਦੈ ਜੇਕਰ ਸਮਾਂ ਖੜ੍ਹਿਆਏ ਖੜ੍ਹਿਆਏ ਫ਼ਾਨਾ।
ਓਨੀ ਦੇਰ ਨਾ ਕਦੇ ਵੀ ਗੱਲ ਬਣਦੀ ਜੇਕਰ ਵਿੱਚ ਨਾ ਕੋਈ ਅੜਾਏ ਫਾਨਾ।
ਕਿੰਨੀਂ ਸਾਲੀਂ ਕਮੇਟੀ ਦੀ ਚੋਣ ਆਈ ਕਿਓਂ ਨਾ ਮਾਨ ਫਿਰ ਦੱਸੋ ਫਸਾਏ ਫਾਨਾ?
ਸੱਚੇ ਪੰਥ ਨੂੰ ਦਿਲੋਂ ਸਲਾਹ ਦੇਵਾਂ ਅੱਧੋ-ਅੱਧ ਇਸ ਵਾਰ ਅਜ਼ਮਾਏ ਫ਼ਾਨਾ।
ਮੱਕੜੀ-ਜਾਲਾ ਜਗੀਰੂ ਜੇ ਲਾਹਵਣੇ ਹਨ ਸਿੱਖੋ ਭੁੱਲ ਕੇ ਗੱਲ ਵਿਸਾਰਿਓ ਨਾ!
ਦੋ ਦੋ ਖੜ੍ਹੋ ਤਾਂ ਬਾਦਲ ਨੂੰ ਹਾਰ ਪਾਵੋਂ ਪਹਿਲਾਂ ਵਾਂਗਰਾਂ ਝੱਲ ਖਿਲਾਰਿਓ ਨਾ!!

## 595. ਸੁਧਾਈ

ਸੱਤੇ ਖ਼ੈਰਾਂ ਪ੍ਰਦੇਸ ਦੀਆਂ ਕਰੋ ਸੈਰਾਂ ਸੁੱਕਾ ਜ਼ੋਰ ਮਨਪ੍ਰੀਤ ਸਿੰਘ ਲਾਈ ਚੱਲੋ।
ਓਧਰ ਚੋਣਾਂ ਤੇ ਨਾਲ ਦੇ ਜਾਣ ਕਿਰਦੇ ਸੋਹਣੀ ਬਾਹਰ ਹੀ ਟੌਅਰ ਬਣਾਈ ਚੱਲੋ।
ਮਿਲ ਲੋ ਗਲ਼ੇ ਲੱਗ ਬਾਹਰ ਪ੍ਰਵਾਸੀਆਂ ਨੂੰ ਪਿੱਛੇ ਝੁੱਗੜਾ ਚੌੜ ਕਰਵਾਈ ਚੱਲੋ।
ਆਏ ਸਮੇਂ ਨਾ ਪੰਥ ਨੂੰ ਦਿਓ ਮੋਢਾ ਛਾਲ੍ਹੀਂ ਧੂੜ ਵਿੱਚ ਟੱਟੂ ਭਜਾਈ ਚੱਲੋ।
ਸ਼ਾਲਾ! ਹੋਵੇ ਨਾ ਪਿੱਛੇ ਜਦ ਮੁੜੋਂ ਬੀਬਾ ਚੌਥਾ ਹਿੱਸਾ ਹੀ ਰਹੀ ਹਵਾਈ ਹੋਵੇ!
ਭਾਵੇਂ ਤਖਤੋਂ ਸੁਧਵਾਈ ਕਰਵਾਵੋਂ ਵੀ ਨਾ, ਚੰਗੀ ਵੋਟਰਾਂ ਵੱਲੋਂ ਸੁਧਾਈ ਹੋਵੇ!!

## 596. ਚੋਰ

ਵੇਖੋ ਵੇਖੋ ਜੀ ਦਿੱਲੀ ਦੇ ਰੰਗ ਦੇਖੋ ਖੁੱਲ੍ਹੀਆਂ ਫਿਰਦੀਆਂ ਸੱਜਣ ਕੁਮਾਰੀਆਂ ਨੇ।
ਭੋਲ਼ੇ-ਭਾਲੇ ਕਬੂਤਰਾਂ ਢੂੰਡ ਸਿੱਖਾਂ ਮੋਢੇ ਜਾਲ਼ ਹਨ ਧਰੇ ਸ਼ਿਕਾਰੀਆਂ ਨੇ।
ਪੈ ਗਏ ਪੰਥ ਦੀਆਂ ਲੱਤਾਂ ਨੂੰ ਵਾਂਗ ਸਾਧਾਂ ਸਾਜਿਸ਼ ਰਚੀ ਕੋਈ ਸ਼ੰਕਰਾਂਧਾਰੀਆਂ ਨੇ।
ਪੰਥ ਘੂਕ ਘੁਰਾੜੇ ਸੌਂ ਮਾਰਦਾ ਹੈ ਹੁੰਦੀਆਂ ਪੁੱਜਕੇ ਬਾਦਲ-ਬਦਕਾਰੀਆਂ ਨੇ।
ਮਾਂਓਂ ਪੰਥ ਨੂੰ ਥਾਪੜ ਕੇ ਕਹਿਣ ਲੱਗੀ-ਸੌਂ ਜਾਹ ਕਾਕਾ ਜੀ ਘਰੇ ਨੇ ਚੋਰ ਲੱਗੇ!
ਜਿਹੜਾ ਚੁੱਕਦੇ ਹਨ ਚੁੱਕਣ ਦੇਹ ਦੋਂਹ-ਹੱਥੀਂ ਹਨ ਇਹ ਆਪਣੇ ਕਿਹੜੇ ਨੇ ਹੋਰ ਲੱਗੇ?

(6 ਅਗਸਤ, 11)

## 597. ਮਿਰਚਾਂ

ਮਾਇਆਵਤੀ ਨੂੰ ਲੜੀਆਂ ਨੇ ਕਿਵੇਂ ਮਿਰਚਾਂ ਏਨੀ ਤਪੀ ਕਿ ਲਾਲ ਹੀ ਲਾਲ ਹੋ ਗੀ।
ਜੱਗ ਜ਼ਾਹਰ ਤੇ ਪਰਦਾ ਜਾਂ ਫ਼ਾਸ਼ ਹੋਇਆ ਵੇਖੋ ਹਾਲ ਤੋਂ ਕਿਵੇਂ ਬੇ-ਹਾਲ ਹੋ ਗੀ।
ਉੱਚੀ ਅੱਡੀ ਦੇ ਸੈਂਡਲਾਂ ਵਖਤ ਪਾਇਆ ਧੀਮੀ ਮਟਕਦੀ ਕਿਸਤਰ੍ਹਾਂ ਚਾਲ ਹੋ ਗੀ।
ਫੜੀ ਗਈ ਨਾ ਭੱਜੀ ਨੂੰ ਰਾਹ ਲੱਭੇ ਪਾਣੀ ਪਾਣੀ ਤੇ ਮੰਦੜੇ ਹਾਲ ਹੋ ਗੀ।
ਕਾਂਸ਼ੀ ਰਾਮ ਨੂੰ ਲਾਇਓ ਸੂ ਜਿਵੇਂ ਚੂਨਾ ਭਾਣਾ ਯੂ.ਪੀ. ਨਾਲ ਓਹੀ ਵਰਤਾਉਣ ਲੱਗੀ!
ਥਾਂਓਂ ਨਖ਼ਰਿਆਂ ਦੇ ਲੈ ਲਏ ਦਬਕਿਆਂ ਨੇ ਰੰਨ ਰੰਗ ਕੀ ਫ਼ੱਕਰ ਦਿਖਾਉਣ ਲੱਗੀ!!

## 598. ਮੱਛਰ

ਫ਼ੱਕਰਾ ਅਮਰ ਸਿਹੁੰ ਵੱਡਾ ਸਮਾਜਵਾਦੀ ਮੱਲਾਂ ਵੱਡੀਆਂ ਸੂਰਮੇ ਮਾਰੀਆਂ ਨੇ।
ਐਕਟਰ ਅਤੇ ਨੇਤਾਵਾਂ ਨੂੰ ਜੱਫੀਆਂ ਪਾ ਖਿੱਲਾਂ ਚਿੱਟੀਆਂ ਕਿਵੇਂ ਖਿਲਾਰੀਆਂ ਨੇ।
ਕਿਵੇਂ ਵੋਟਾਂ ਲਈ ਨੋਟ-ਵਿਓਪਾਰ ਕੀਤੇ ਮਾਇਆ ਨਦੀ ਵਿੱਚ ਚੁੱਭੀਆਂ ਮਾਰੀਆਂ ਨੇ।
ਚੂਹੇ ਵਾਂਗ ਕੁੜਿੱਕੀ ਜਾਂ ਸਿਰ ਆਇਆ ਤਾਂ ਫਿਰ ਜਾਗੀਆਂ ਕੁੱਲ ਬੀਮਾਰੀਆਂ ਨੇ।
ਜੇਹਲ ਵਿੱਚ ਤਿਹਾੜ ਦੇ ਜਾਇ ਬੈਠਾ ਆਖੇ-ਮੱਛਰਾਂ ਖਾ ਲਿਆ ਤੋੜ ਮਾਏ!
ਕਿਸੇ ਪਾਸਿਓਂ ਕੋਈ ਵੀ ਵਰਤਦਾ ਨਹੀਂ ਮੇਰੀ ਕਿਸੇ ਨੂੰ ਰਹੀ ਨਾ ਲੋੜ ਮਾਏ!!

## 599. ਸਾਹਬ

ਹਿਕ 'ਤੇ ਹੱਥ ਧਰ ਦਿਲੋਂ ਇਹ ਕਹੇ ਫ਼ੱਕਰ-ਸੁਣ ਲਈਂ ਬਾਦਲਾ ਦਿਲੋਂ ਉਚਾਰੀਆਂ ਇਹ।
ਚੰਦ-ਦਿਨਾਂ ਦੀ ਚਾਨਣੀ ਸਿਰਾਂ ਉੱਤੇ ਸਿਰ ਤੋਂ ਲਹਿਣੀਆਂ ਨੇ ਸੂਬੇ-ਦਾਰੀਆਂ ਇਹ।
ਲੇਖਾ ਬੈਠ ਕੇ ਕਰਨਗੇ ਸਿੱਖ ਮਗਰੋਂ ਜੋ ਤੈਂ ਕੀਤੀਆਂ ਪੁੱਜ ਗੱਦਾਰੀਆਂ ਇਹ।
ਪੰਥ ਵੇਚਿਆ ਆਵਣਾ ਪੇਸ਼ ਤੇਰੇ ਤੇਗਾਂ ਕੇਵਲ ਪ੍ਰਵਾਰ ਲਈ ਮਾਰੀਆਂ ਇਹ।
ਦੁੱਧ ਦੀ ਕਾਹੜਨੀ ਬਿੱਲੇ ਨਾ ਸਦਾ ਬਹਿਣੇ ਸਦਾ ਸੱਚ ਨਾ ਕੁਰਸੀਆਂ ਖ਼ਾਬ ਰਹਿਣੇ!
ਝੱਗ ਮੂਤ ਦੀ ਵਾਂਗਰਾ ਉੱਡ ਜਾਣੇ ਛੋਟੇ-ਵੱਡੜੇ ਸਦਾ ਨਾ ਸਾਹਬ ਰਹਿਣੇ!!

## 600. ਸ਼ਰਮ

ਵਿੱਕੀਲੀਕਸ ਨੇ ਖੋਲ੍ਹਿਆ ਭੇਤ ਸਾਰਾ ਬਿਨਾਂ ਪਾਇਲਟ ਤੋਂ ਵੇਖੋ ਪੰਜਾਬ ਚੱਲੇ।
ਸਿਰ 'ਤੇ ਪੈਰ ਰੱਖ ਭੱਜੀ ਇੰਡਸਟਰੀ ਹੈ ਗੱਲ ਖੇਤੀ ਦੀ ਬਹੁਤ ਖਰਾਬ ਚੱਲੇ।
ਅੱਖਾਂ ਚਾੜ੍ਹ ਕੇ ਹੁਕਮ ਜੋ ਚਾਹੜਦੇ ਹਨ ਗੱਲ ਹਾਕਮਾਂ ਬਿਨਾਂ-ਹਿਸਾਬ ਚੱਲੇ।
ਪਾਈ ਭਾਜਪਾ ਘਰੇ ਤੇ ਸ਼ਰਮ ਲਾਹੀ ਗੱਲ ਪੰਥ ਦੀ ਕਿਵੇਂ ਜਨਾਬ ਚੱਲੇ।
ਟੀ.ਸ਼ੀ. ਕਰੇ ਅਡਵਾਨੀ ਦੀ ਜਿਵੇਂ ਬਾਦਲ ਇਹ ਤੋਂ ਵੱਧ ਕੀ ਹੋਣ ਗ਼ੱਦਾਰੀਆਂ ਜੀ!
ਕੀ ਮਰਵਾਇਆ ਨਹੀਂ ਸਿੱਖਾਂ ਦੇ ਲੀਡਰਾਂ ਨੇ? ਮੱਲਾਂ ਫ਼ੱਕਰਾ ਕਿਹੜੀਆਂ ਮਾਰੀਆਂ ਜੀ?
(11 ਸੰਤਬਰ,11)



## 601. ਉੱਸਲਵੱਟੇ

ਪ੍ਰਧਾਨ ਮੰਤਰੀ ਸੰਦੜੀ ਗੱਲ ਚੱਲੀ ਉੱਸਲਵੱਟੇ ਵਿੱਚ ਭਾਜਪਾ ਆਉਣ ਲੱਗੇ।
ਰਥ ਨੂੰ ਤੇਲ ਅਡਵਾਨੀ ਨੇ ਫੇਰ ਦਿੱਤਾ ਲਾਂਗੜ ਮਾਰਕੇ ਤਿਲਕ ਲਗਾਉਣ ਲੱਗੇ।
ਮੋਦੀ ਵਰਗੇ ਹਤਿਆਰੇ ਵੀ ਵੇਖ ਵੇਲਾ ਵਰਤ ਵਾਲੇ ਸਟੰਟ ਵਰਤਾਉਣ ਲੱਗੇ।
ਘੱਟ-ਗਿਣਤੀਆਂ ਨੂੰ ਛੁਰੀਏਂ ਕੋਹ ਪਹਿਲੋਂ ਉੱਤੇ ਮਰ੍ਹਮ ਸਦ-ਭਾਵਨਾ ਲਾਉਣ ਲੱਗੇ।
ਕੇਰੇ ਹੰਝੂ ਚੁਰਾਸੀ ਦੇ ਦੰਗਿਆਂ 'ਤੇ ਜ਼ਾਰੋ-ਜ਼ਾਰ ਰੋਵੇ ਮਗਰਮੱਛ ਬਾਦਲ!
ਭਰਨ ਹਾਜ਼ਰੀ ਮੋਦੀ-ਦਰਬਾਰ ਪੁੱਜਾ ਲਾਏ ਪੰਥ ਨੂੰ ਕਿਸਤਰ੍ਹਾਂ ਪੱਛ ਬਾਦਲ!!

## 602. ਧਾੜਵੀ

ਹੋਈ ਚੋਣ ਕਮੇਟੀ ਵਿੱਚ ਜੋ ਹੋਇਆ ਗੱਲਾਂ ਦਾਨਿਆਂ ਬੈਠ ਵਿਚਾਰੀਆਂ ਨੇ।
ਇਕ ਪਾਸੇ ਤਾਂ ਧਾੜਵੀ-ਧੜਾ ਹੈਸੀ ਜਿਸਨੂੰ ਕੁਰਸੀਆਂ ਸਦਾ ਪਿਆਰੀਆਂ ਨੇ।
ਸਾਧ ਅਤੇ ਭਗੌੜੇ ਵੀ ਨਾਲ ਰਲ਼ਗੇ ਕਰੀਆਂ ਪੰਥ ਨਾਲ ਜਿਹਨਾਂ ਗ਼ੱਦਾਰੀਆਂ ਨੇ।
ਦੂਜੇ ਪਾਸੇ ਪੰਸੇਰੀ ਸੀ ਡੱਡੂਆਂ ਦੀ ਛਾਲਾਂ ਮਰਜ਼ੀ ਨਾਲ ਜਿਹਨਾਂ ਨੇ ਮਾਰੀਆਂ ਨੇ।
ਵਧਦੇ ਗੱਲਾਂ ਦੇ ਨਾਲ ਸਨ 'ਗਾਂਹ ਜਿਹੜੇ ਪੈ ਗਏ ਮਾਮਲੇ ਉਹਨਾਂ ਨੂੰ ਬੈਕ ਦੇ ਹਨ!
ਜਿਹੜੇ ਸ਼ੇਰਾਂ ਤੋਂ ਬਣੇ ਹਨ ਅੱਜ ਗਿੱਦੜ ਫ਼ੱਕਰ ਸਿੱਖ ਵੀ ਏਸੇ ਹੀ ਲੈਕ ਦੇ ਹਨ!!

## 603. ਬੜ੍ਹਕ

ਜੱਥੇਦਾਰ ਨੇ ਵੱਡੀ ਸੀ ਬੜ੍ਹਕ ਮਾਰੀ-ਸਿੱਖ ਜਿਹੜੇ ਵੀ ਚੋਣਾਂ ਵਿੱਚ ਖੜ੍ਹਨਗੇ ਜੀ।
ਅੰਮ੍ਰਿਤ ਛਕਣਗੇ ਸਣੇ-ਪ੍ਰਵਾਰ ਪਹਿਲਾਂ ਮਗਰੋਂ ਫੇਰ ਉਹ ਚੋਣਾਂ ਨੂੰ ਲੜਨਗੇ ਜੀ।
ਸਾਡੇ ਹੁਕਮ ਨੂੰ ਮੰਨਣਗੇ ਨਹੀਂ ਜਿਹੜੇ ਸਮਝੋ ਪਹਿਲੋਂ ਹੀ ਚੋਣ ਤੋਂ ਝੜਨਗੇ ਜੀ।
ਏਸ ਸੂਈ ਦੇ ਨੱਕੇ 'ਚੋਂ ਨਿਕਲ ਕੇ ਹੀ ਵਿਚ 'ਹਾਲ-ਸਮੁੰਦਰੀ' ਵੜਨਗੇ ਜੀ।
ਦਿੱਤਾ ਹੁਕਮ ਤੇ ਆਪ ਜੀ ਹੋਏ ਤਿੱਤਰ ਸੋਹਣਾ ਸੁੱਖਾਂ ਦਾ ਸਮਾਂ ਬਿਤਾਉਣ ਲੱਗੇ!
ਸਾਡਾ ਮੰਨੇ ਜਾਂ ਮੰਨੇ ਨਾ ਅਸਾਂ ਨੂੰ ਕੀ? ਅਸੀਂ ਆਕਾ ਦਾ ਹੁਕਮ ਬਜਾਉਣ ਲੱਗੇ!!

## 604. ਬਰਫ਼

ਦੋਹੀਂ ਥਾਂਈਂ ਹੀ ਬੈਠ ਗਈ ਕਿਵੇਂ ਬੋਤੀ ਗੱਲ ਖਿਲਰਦੀ ਖਿੱਲਰਗੀ ਮਾਨ ਵਾਲੀ।
ਰਹਿ ਗਿਆ ਮੁੱਠਾ ਹੀ ਹੱਥ ਦੇ ਵਿੱਚ ਫੜਿਆ ਗੱਲ ਪਈ ਜਾ ਅਹੁ ਕਿਰਪਾਨ ਵਾਲੀ!
ਚੋਣ ਧਰਮੀ, ਸਿਆਸਤ ਦਾ ਡਾਹ ਮੰਜਾ ਫ਼ਾਲ ਠੋਕਤੀ ਖਾਲਿਸਤਾਨ ਵਾਲੀ।
ਖੜ੍ਹ ਕੇ ਬਰੋ-ਬਰੋਬਰ ਹੈ ਵੋਟ ਵੰਡੀ ਗੱਲ ਰੱਖਲੀ ਬਾਦਲ ਦੀ ਸ਼ਾਨ ਵਾਲੀ।
ਪੰਥਕ-ਮੋਰਚੇ ਨੂੰ ਕਿਹਾ 'ਕਾਂਗਰਸੀਆ' ਸੁਰ ਬਾਦਲ ਦੇ ਨਾਲ ਮਿਲਾਈ ਸੋਹਣੀ!
ਖਾਲਿਸਤਾਨ ਵੀ ਬਰਫ਼ ਦੇ ਵਿੱਚ ਲਾਇਆ ਨਾਲੇ ਆਪ ਕਰਵਾਈ ਰਗੜਾਈ ਸੋਹਣੀ!!
(18 ਸਤੰਬਰ, 11)

## 605. ਮੁਕੱਦਮੇ

ਪੈ ਗਈ ਅੰਨੇ ਨੂੰ ਟੁੱਟ ਸਰਕਾਰ ਵੇਖੋ ਲੱਗੇ ਹੋਣ ਮੁਕੱਦਮੇ ਦਰਜ ਭਾਈ।
ਅੰਨੇ ਆਪਣਾ ਪਹਿਲੋਂ ਨਿਭਾਇ ਦਿੱਤਾ ਲੱਗੀ ਦਿੱਲੀ ਨਿਭਾਉਣ ਹੁਣ ਫ਼ਰਜ਼ ਭਾਈ।
ਭੂਸ਼ਣ ਕੇਜਰੀ ਬੇਦੀ 'ਤੇ ਪਏ ਪਰਚੇ ਆਖਰ ਅੰਨੇ 'ਤੇ ਡਿੱਗੀ ਆ ਮਰਜ ਭਾਈ।
ਰਾਮ-ਲੀਲ੍ਹਾ ਦੀ ਰੌਣਕ ਦੇ ਮੁੱਕਦਿਆਂ ਹੀ ਲਹਿਣ ਲੱਗੇ ਹਨ ਚਾਹੜੇ ਹੋਏ ਕਰਜ ਭਾਈ।
ਓਧਰ ਯੋਗਾ ਦੇ ਕੰਮ ਵੀ ਪਏ ਠੰਢੇ ਰਾਮਦੇਵ ਦੀਆਂ ਸੁਰਤਾਂ ਵੀ ਭੁੱਲੀਆਂ ਨੇ!
ਫ਼ੱਕਰ ਫ਼ਿਕਰ ਕਰੋੜਾਂ ਦਾ ਆਣ ਲੱਗਾ ਪੈਣ ਲੱਗੀਆਂ ਟੰਗਣੀਆਂ ਜੁੱਲੀਆਂ ਨੇ!!

## 606. ਬਿਆਨ

ਜੱਥੇਦਾਰ ਜੀ ਖਰਾ ਬਿਆਨ ਦਿੱਤਾ-ਸੋਚ ਸਮਝ ਮਾਈ-ਭਾਈ ਤਿਆਰ ਹੋਵੇ।
ਚੋਣ ਲੜਨ ਦਾ ਜਾਗਿਆ ਪ੍ਰੇਮ ਜੀਹਨੂੰ ਅੰਮ੍ਰਿਤਧਾਰੀ ਉਹ ਸਣੇ-ਪ੍ਰਵਾਰ ਹੋਵੇ।
ਸਾਡੇ ਕਹੇ ਦਾ ਵਾਰ ਨਾ ਜਾਏ ਖਾਲੀ ਕਲ੍ਹ ਨੂੰ ਉੱਲਟੜਾ ਸਾਡੇ 'ਤੇ ਵਾਰ ਹੋਵੇ।
ਤਾਲਮੇਲ ਕਮੇਟੀ ਫਿਰ ਆਣ ਪੁੱਛੇ ਗੱਲ ਦੀ ਅਸਾਂ ਦੇ ਨਾਲ ਵਿਚਾਰ ਹੋਵੇ!
ਕਿੰਨੇ ਅੰਮ੍ਰਿਤ-ਵਿਹੂਣੇ ਪ੍ਰਵਾਰ ਵੱਲੋਂ ਜੱਥੇਦਾਰ ਦੇ ਫ਼ੱਕਰ ਬਿਆਨ ਰਹਿ ਗਏ!
ਨਹੀਂਓਂ ਹੁਕਮ ਦੀ ਕੋਈ ਕਿਰਪਾਨ ਚੱਲੀ ਹੱਥ ਵਿੱਚ ਫੜੇ ਹੀ ਫੜੇ ਮਿਆਨ ਰਹਿ ਗਏ!!

## 607. ਆਜੜੀ

ਕੌਣ ਜਾਣਦਾ ਅਤੇ ਪਛਾਣਦਾ ਨਹੀਂ? ਹੇਠੋਂ 'ਤਾਂਹਾਂ ਤੱਕ ਹੀ ਭ੍ਰਿਸ਼ਟਾਚਾਰੀਆਂ ਨੇ।
ਈਕਰ ਲੀਡਰਾਂ ਜਨਤਾ ਨੂੰ ਚਾਰਿਓ ਨੇ ਜਿਵੇਂ ਆਜੜੀਆਂ ਬੱਕਰੀਆਂ ਚਾਰੀਆਂ ਨੇ।
ਜਾਂ ਫਿਰ ਬਾਦਲ ਨੇ ਵੇਚਿਆ ਪੰਥ ਤਾਈਂ ਕਿਸ਼ਤਾਂ ਸਿੱਖਾਂ ਦੇ ਖ਼ੂਨ ਨਾਲ ਤਾਰੀਆਂ ਨੇ।
ਦੇਈਏ ਮਾਨ ਨੂੰ ਹੋਰ ਸਨਮਾਨ ਦੇਈਏ? ਮੂਹਰੇ ਦਿਸਦੀਆਂ ਜੀਹਨੇ ਵਿਸਾਰੀਆਂ ਨੇ।
ਸਿੱਖ ਵੀ ਭੱਜ ਕੇ ਵੋਟ ਤੇ ਨੋਟ ਦਿੰਦੇ, ਵੇਲਾ ਆਏ, ਨਾ ਵਕਤ ਵਿਚਾਰਦੇ ਹਨ!
ਸੱਚੀਂ-ਮੁੱਚੀਂ ਦੇ ਸੂਰੇ ਹਨ ਸਿੱਖ ਫ਼ੱਕਰ ਮੂਹਰੇ ਕੰਧ ਤੇ ਸੀਸ ਵਿੱਚ ਮਾਰਦੇ ਹਨ!!

## 608. ਹਨ੍ਹੇਰ

ਚਿੱਟੀਆਂ ਟੋਪੀਆਂ ਆਈਆਂ ਤੇ ਆਉਣਗੀਆਂ ਵੀ ਗੱਲ ਫਿੱਕੀ ਇਕ ਨੀਲੀ ਦਸਤਾਰ ਦੀ ਰਹੂ!
ਲੁੱਟਣ ਗੋਲਕਾਂ ਨੀਲੀਆਂ-ਗੂਹੜੀਆਂ ਬੰਨ੍ਹ, ਸਦਾ ਭੱਲ ਨਾ ਐਸੇ ਕਿਰਦਾਰ ਦੀ ਰਹੂ।
ਜਿਹੜਾ ਲੀਡਰ ਬਣ ਪੰਥ ਦੀ ਪੱਤ ਰੌਲੇ ਪੱਤ ਝੂਠੇ ਨਾ ਲੀਡਰ ਸਰਦਾਰ ਦੀ ਰਹੂ।
ਬਾਣੀ ਗੁਰਾਂ ਦੀ ਵੇਚੇ ਜੋ ਸਾਧ ਬਣ ਕੇ ਮੌਜ ਸਦਾ ਨਾ ਗਰਮ ਬਾਜ਼ਾਰ ਦੀ ਰਹੂ।
ਸਾਧ ਹੋਇ ਵੀ ਕੁਰਸੀਆਂ ਪੈਰ ਛੂਹੇ ਪੰਥ ਰਗੜਤੈ ਰਲ਼ ਹੰਕਾਰੀਆਂ ਨੇ!
ਦੂਜੇ ਪਾਸੇ ਮਨ-ਮਾਨੀਆਂ ਕਰਨ ਫ਼ੱਕਰ ਪੰਥਕ-ਫੋਰਸਾਂ ਸਮਝਲਾ ਹਾਰੀਆਂ ਨੇ!!

(24 ਸਤੰਬਰ, 11)



## 609. ਧਾਂਦਲੀ

ਧਰਮ-ਚੋਣ ਵਿੱਚ ਰੋਕੇ ਨਾ ਧਾਂਦਲੀ ਜੋ ਕਹੀਏ ਮੁਨਸਿਫ਼ ਕੀ ਓਸ ਨੂੰ ਜੱਜ ਕਹੀਏ?
ਅੱਖਾਂ ਹੁੰਦਿਆਂ ਅੰਨ੍ਹਾ ਜੋ ਰਹੇ ਬਣਿਆ ਨਹੀਂ ਛਾਨਣੀ ਓਸ ਨੂੰ ਛੱਜ ਕਹੀਏ!
ਸੁਆਰਥ ਵਾਸਤੇ ਕੌਮ ਨਾਲ ਕਰੇ ਧੋਖਾ 'ਮਚਲਾ ਚੋਰ' ਉਸ ਛੱਜ ਦੀ ਵੱਜ ਕਹੀਏ।
ਸਾਰੀ ਜੰਨ ਕੁਪੱਤੀ ਆਪ ਭਲਾਮਾਣਸ ਐਸੇ ਸੁਥਰੇ ਨੂੰ ਭਾਈ ਨਿਰਲੱਜ ਕਹੀਏ।
ਜਿਸਦੇ ਮੁਨਸਿਫ਼ ਹੀ ਕੱਦੂਆਂ ਭਾਅ ਵਿਕਸਣ ਓਸ ਕੌਮ ਦੀ ਕਿਵੇਂ ਤਕਦੀਰ ਸੰਵਰੂ?
ਇਕ ਨੌਕਰੀ ਤੋਂ ਵਾਰਨ ਕੌਮ ਜਿਹੜੇ ਫ਼ੱਕਰਾ ਉਹਨਾਂ ਦੀ ਕਿੱਥੋਂ ਜ਼ਮੀਰ ਸੰਵਰੂ?

## 610. ਬੱਤੀ

ਕਰੀ ਕੇਹੀ ਅਰਵਿੰਦ ਅਣਹੋਈ ਦੇਖੋ ਆਟੇ-ਦਾਲ ਵਿੱਚ ਖ਼ੁਰਚਣਾ ਵਾੜਿਆ ਏ।
ਮਸਲੇ ਬੱਸਾਂ 'ਤੇ ਘੇਰਿਆ ਬਾਦਲਾਂ ਨੂੰ ਝੱਗਾ ਆਣ ਚੁਰਾਹੇ ਵਿੱਚ ਪਾੜਿਆ ਏ।
ਸਿੱਖ ਵੱਡੀ ਕਿਰਪਾਨ ਵੀ ਵਾਹ ਥੱਕੇ ਗਿਆ ਕਦੇ ਨਾ ਕੁਝ ਵਿਗਾੜਿਆ ਏ।
ਅਰਵਿੰਦ ਕਾਗ਼ਜ਼ਾਂ ਸੰਦਾ ਕਮਾਲ ਕੀਤਾ ਵੱਟੀ ਬੱਤੀ ਤੇ ਬੱਤੀ ਨੂੰ ਚਾਹੜਿਆ ਏ।
ਬਿਨਾਂ ਪਰਮਿਟ ਤੋਂ ਚਲਦੀਆਂ ਹਨ ਬੱਸਾਂ-ਓਧਰ ਕੈਪਟਨ ਨੇ ਦਾਗਿਆ ਫ਼ਾਇਰ ਮੀਆਂ!
ਅਜੇ ਚੋਣਾਂ ਦੀ ਡਗਰ ਹੈ ਦੂਰ ਥੋੜ੍ਹੀ ਕਿਤੇ ਪਹਿਲੋਂ ਨਾ ਪਾਟਜੇ ਟਾਇਰ ਮੀਆਂ!!

## 611. ਤੇਲ

ਜਿਹੜਾ ਚਾਕਰੀ ਕਰੇ ਤੇ ਬਣੇ ਚਾਕਰ ਭਾਉਂਦੀ ਸੇਜ ਵਿਛਾਏ ਤਾਂ ਉਹ ਕਿਹੜਾ?
ਬੁੱਢ-ਪ੍ਰਧਾਨ ਬਣ ਮੁੰਡੇ ਨੂੰ ਮੰਨ ਆਕਾ ਹੱਥ ਪੈਰਾਂ ਨੂੰ ਲਾਏ ਤਾਂ ਉਹ ਕਿਹੜਾ?
ਕਰੇ ਧਰਮ-ਪ੍ਰਚਾਰ ਨਾ ਤੇਲ ਫੂਕੇ ਮੁਫ਼ਤੀ ਮਾਇਆ ਉਡਾਏ ਤਾਂ ਉਹ ਕਿਹੜਾ?
ਮੂੰਹ 'ਚੋਂ ਗਾਹਲਾਂ ਤੇ ਗੱਡੀ ਜਿਉਂ ਭਾਫ਼ ਛੱਡੇ ਦੋਹਰੀ ਅੱਗ ਵਰਸਾਏ ਤਾਂ ਉਹ ਕਿਹੜਾ?
ਕਾਹਦੀ ਅਹੁਦੇ ਦੀ ਫ਼ੱਕਰਾ ਰਹੀ ਇੱਜ਼ਤ? ਚਾਪਲੂਸਾਂ ਨੇ ਗੱਦੀਆਂ ਮੱਲੀਆਂ ਨੇ!
ਖਿੱਲਾਂ ਖਾਇਕੇ ਮਾਲਕਾਂ ਹੁਕਮ ਮੰਨਣ ਥਾਂਓਂ ਚੌਰ ਫੜਾਂਵਦੇ ਟੱਲੀਆਂ ਨੇ!!

## 612. ਮੰਡੀ

ਸਿੱਖ-ਮੰਡੀ ਵਿੱਚ ਅੱਜਕਲ੍ਹ ਸਭ ਵਿਕਦਾ ਲੀਡਰ ਵਾਂਗ ਤਰਬੂਜ਼ ਜੀ ਲਾਲ ਲੈ ਲਓ।
ਜੱਥੇਦਾਰ, ਹਰਫੂਲ ਬਰਾੜ ਵਿਕਦੇ ਬਹੁਤ ਸਸਤੇ ਹਨ ਸਿੰਘ ਜੀ! ਭਾਲ ਲੈ ਲਓ।
ਏਥੇ ਛੋਲੇ-ਭਠੂਰੇ ਹਨ ਸਭ ਮਿਲਦੇ ਮਹਿਤੇ-ਚਾਵਲੇ ਮਾਤਾ ਦਾ ਮਾਲ ਲੈ ਲਓ।
ਏਥੇ ਦਮਦਮੀਂ ਤਾਈਂ ਟਕਸਾਲ ਵਿਕਦੀ ਹਰੀਆਂ-ਵੇਲਾਂ ਤੇ ਧੁੰਮਾਂ-ਧਮਾਲ ਲੈ ਲਓ।
ਅਸੀਂ ਪੰਥ ਲਗਾਇਆ ਹੈ ਸੇਲ ਸਾਰਾ ਏਥੇ ਹੀ ਫਲੋ-ਫ਼ਰੂਟ ਮਿਲਦੇ!
ਧੱਕੇ ਪੰਥ-ਪ੍ਰੱਸਤਾਂ ਟਕਸਾਲੀਆਂ ਨੂੰ ਏਥੇ ਲੋਟੂਆਂ ਤਾਈਂ ਸਲੂਟ ਮਿਲਦੇ!!

(25 ਸਤੰਬਰ, 11)

## 613. ਪਖੰਡ

ਫਿਰਕਾ-ਪ੍ਰੱਸਤੀ ਦਾ ਨਿੱਕਾ ਹੈ ਨਾਂ ਮੋਦੀ ਬਿਲਕੁਲ ਨਿਰਾ ਪਖੰਡ ਸਟੰਟ ਮੀਆਂ।
ਮੁਸਲਮਾਨਾਂ 'ਤੇ ਪੁੱਜ ਵਰਤਾਈ ਭਾਵੀ ਲੱਗਾ ਉਹਨਾਂ ਨੂੰ ਵੱਡਾ ਕਰੰਟ ਮੀਆਂ।
ਐਸਾ ਭੇੜੀਆ ਵਿੱਚ ਗੁਜਰਾਤ ਵੜਿਆ ਘੱਟ-ਗਿਣਤੀਆਂ ਨੂੰ ਕੀਤਾ ਹੰਟ ਮੀਆਂ।
ਉੱਡਕੇ ਵਿੱਚੋਂ ਪੰਜਾਬ ਉਸ ਨਾਲ ਮਿਲਿਆ ਜੱਟ ਵਿਗੜਿਆ-ਨਿੱਘਰਿਆ ਘੰਟ ਮੀਆਂ।
ਪਹਿਨੀ ਮੋਦੀ ਨੇ ਨਹੀਂ ਇਸਲਾਮ-ਟੋਪੀ ਕਪਟ ਦਿਲੇ ਦਾ ਫ਼ੱਕਰ ਨਿਤਾਰਿਆ ਏ!
ਗਾਂਧੀ-ਟੋਪੀ ਹੀ ਇਹਨਾਂ ਨੂੰ ਹੈ ਭਾਉਂਦੀ ਘੱਟ-ਗਿਣਤੀਆਂ ਨੂੰ ਜਿਹਨਾਂ ਮਾਰਿਆ ਏ!!

## 614. ਸਰਕਾਰੀ -ਬੇੜੀਆਂ

ਹੁੰਦੇ ਸਨ 'ਅਕਾਲੀ' ਦੇ ਅਰਥ ਸੁੱਚੇ ਹੁਣ ਇਹ ਬਦਲਦੇ ਬਦਲਦੇ ਹੋਰ ਹੋਗੇ।
'ਸੰਤ-ਪੁਰਸ਼ਾਂ' ਤੋਂ ਚੱਲੀ ਸੀ ਗੱਲ ਫ਼ੱਕਰ ਮ੍ਰਆਨੇ ਬਦਲਦੇ ਬਦਲਦੇ 'ਚੋਰ' ਹੋਗੇ।
ਸੇਵਾ ਧਰਮ ਦੀ ਕਰਦੇ ਸਨ ਕਦੇ ਜਿਹੜੇ ਰਾਜਨੀਤੀ ਵਿੱਚ ਗ਼ਰਕ ਉਹ ਘੋਰ ਹੋਗੇ।
ਗੁਰਾਂ, ਸਿੱਖਾਂ ਨੇ ਔਖੜੀ ਘਾਲ ਘਾਲੀ ਨੀਲੀ ਬੰਨ੍ਹ ਬਨੇਰੇ ਦੇ ਮੋਰ ਹੋਗੇ।
ਦੇਰ ਰੱਬ ਦੇ ਘਰ ਹਨ੍ਹੇਰ ਨਾਹੀਂ ਚੁਟਕੀ ਮੁੱਕਣੀਆਂ ਸਭੇ ਜ਼ਰਦਾਰੀਆਂ ਨੇ!
ਜਿਹਨਾਂ ਪੰਥ ਨੂੰ ਵੇਚਿਆ ਕੌਡੀਆਂ ਭਾਅ ਡੁੱਬਣੀਆਂ ਬੇੜੀਆਂ ਕੁੱਲ ਸਰਕਾਰੀਆਂ ਨੇ!

## 615. ਦਿਉਰ-ਭਾਬੀ

ਇਕ ਦਿਨ ਟੀ.ਵੀ. 'ਤੇ ਮਾਨ ਨੂੰ ਵੇਖਿਆ ਜਾਂ ਹਾਸਾ ਫ਼ੱਕਰ ਦਾ ਰੋਕਿਆ ਰੁੱਕੇ ਨਾਹੀਂ।
ਹੇਠੀ ਪੰਥ ਕਰਵਾਈ ਤੇ 'ਤਾਂਹ ਮੁੱਛਾਂ ਦਿਸੇ ਏਵੇਂ ਕਿ ਕਦੇ ਵੀ ਝੁੱਕੇ ਨਾਹੀਂ।
'ਖਾਲਿਸਤਾਨ ਦੇ ਇੰਜਣ ਵਿੱਚ ਤੇਲ ਪਾਵੋ' ਮਰੇ ਨਹੀਂ ਨਕਾਲ ਇਕ ਸੁੱਕੇ ਨਾਹੀਂ।
ਇੱਜ਼ਤ-ਬੇਇਜ਼ਤੀ ਅਸਾਂ ਨੇ ਇਕ ਜਾਣੀ ਗੱਲ ਸਿੱਖੀ ਦੀ ਅਸਾਂ 'ਤੇ ਢੁੱਕੇ ਨਾਹੀਂ।
ਫ਼ੱਕਰਾ ਪੰਥ ਖਲਪਾੜਾਂ ਹੈ ਕਿਵੇਂ ਹੋਇਆ ਲੀਡਰ ਵੇਖ ਕੀ ਝੱਲ ਖਿਲਾਰਦੇ ਹਨ!
ਦਿਉਰ-ਭਾਬੀਆਂ ਖਿਚੜੀ ਹੈ ਪਈ ਪੱਕਦੀ ਹਵਾ ਵਿੱਚ ਤਲਵਾਰਾਂ ਸਿੱਖ ਮਾਰਦੇ ਹਨ!!

## 616. ਸਾਈਕਲ-ਸਵਾਰ

ਲੱਤ ਬਾਦਲਾਂ 'ਸ਼ੈਕਲ' 'ਤੇ ਆਣ ਦਿੱਤੀ ਸਾਇਕਲ ਵਰਤਦੇ ਸਾਈਕਲ ਵਰਤਾਈ ਜਾਂਦੇ।
ਹੱਥ ਪਿਆ ਸਰਕਾਰ ਦੇ ਹੈਂਡਲ ਨੂੰ ਹੈ ਪੈਡਲ ਮਰਜ਼ੀ ਦੇ ਨਾਲ ਘੁਮਾਈ ਜਾਂਦੇ।
ਮੂਰਤ ਆਪਣੀ ਠੋਕ ਕੇ ਸਾਈਕਲਾਂ 'ਤੇ ਅਗਲਾ ਕਿਵੇਂ ਪ੍ਰਬੰਧ ਬਣਾਈ ਜਾਂਦੇ।
ਮੋਇਆ ਪੁੱਛਦਾ ਹੈ ਲੱਛਮੀ ਚਾਵਲਾ ਨੂੰ? ਕਾਨਾ ਆਪਣਾ ਟਿੰਡ ਵਿੱਚ ਪਾਈ ਜਾਂਦੇ।
ਪਾ ਲੈ ਖੀਸੇ ਨੂੰ ਆਪਣੇ ਹੱਥ ਫ਼ੱਕਰ ਲੁੱਟਿਆ ਜਾਏਂਗਾ ਤੂੰ ਜੇ ਸਾਵਧਾਨ ਨਾਹੀਂ!
ਚੜ੍ਹੇ ਸਾਇਕਲ 'ਤੇ ਵੇਖ ਸਵਾਰ ਆਉਂਦੇ ਕੋਈ ਜਿਹਨਾਂ ਦਾ ਧਰਮ-ਈਮਾਨ ਨਾਹੀਂ!!

(3 ਅਕਤੂਬਰ, 11)



## 617. ਸਰਬ-ਪਾਰਟੀ

ਸਰਬ-ਪਾਰਟੀ ਮੀਟਿੰਗ ਨੇ ਮਤਾ ਕੀਤਾ-ਨਾਲ ਨਹੀਂ ਅਮਰੀਕਾ ਦੇ ਖੜ੍ਹਾਂਗੇ ਜੀ।
ਅੱਤਵਾਦ ਦੇ ਨਾਲ ਨਹੀਂ ਅਸੀਂ ਲੜਨਾ ਸਗੋਂ ਨਾਲ ਅਮਰੀਕਾ ਦੇ ਲੜਾਂਗੇ ਜੀ।
ਸਾਨੂੰ ਤੰਗ ਅਮਰੀਕਾ ਨੇ ਬਹੁਤ ਕੀਤਾ ਦਹਿਲਾ ਨਹਿਲੇ ਦੇ ਉੱਤੋਂ ਦੀ ਜੜਾਂਗੇ ਜੀ।
ਜੇਕਰ ਕਰੂ ਕਸੂਤੀ ਕੀ ਆਊ ਲੋਹੜਾ? ਜਿੱਥੋਂ ਨਿਕਲਾਂਗੇ ਓਥੇ ਹੀ ਵੜਾਂਗੇ ਜੀ।
ਅਸੀਂ ਭਾੜੇ ਦੇ ਟੱਟੂ ਹਾਂ ਕਿਤੇ ਫ਼ੱਕਰ? ਡਾਲਰ ਮੁੱਛਕੇ ਆਪੇ ਨੂੰ ਵਾਰਦੇ ਹਾਂ!
ਮੂੰਹ ਮਿੱਠਾ ਕਰਵਾਏ ਉਹ ਯਾਰ ਸਾਡਾ ਕਿਸੇ ਦੂਜੇ 'ਤੇ ਧਾਰ ਨਾ ਮਾਰਦੇ ਹਾਂ!!

## 618. ਬਿਆਨ

ਵੇਖੋ ਗਡਕਰੀ ਮੋਟਾ ਬਿਆਨ ਦਿੱਤਾ-ਘਪਲੇ ਸੈਂਟਰ ਦੇ ਸਾਹਮਣੇ ਆਈ ਜਾਂਦੇ।
ਕਾਰਾਂ ਬਾਹਰ ਨਾ ਅੱਜਕਲ੍ਹ ਛੂਟਦੇ ਨੇ ਹਵਾ ਅੰਦਰ ਦੀ ਮੰਤਰੀ ਖਾਈ ਜਾਂਦੇ।
ਸੇਕ ਸਾਰਿਆਂ ਤੱਕ ਹੀ ਪਹੁੰਚਦਾ ਹੈ ਬਚਦੇ ਆਪ ਤੇ ਕੁਝ ਬਚਾਈ ਜਾਂਦੇ।
ਜਿਹੜਾ ਪਟੇ ਵਿੱਚ ਆਏ ਉਹ ਜਾਏ ਅੰਦਰ ਦੂਜੇ ਬਾਹਰ ਹਨ ਮਾਇਆ ਉਗਰ੍ਹਾਈ ਜਾਂਦੇ।
ਕਿਹਾ ਗਡਕਰੀ-ਰਿਹਾ ਇਹ ਹਾਲ ਫ਼ੱਕਰ ਹੋਣੀ ਕੇਂਦਰ ਸਰਕਾਰ ਬਹੁ-ਜਿੱਚ ਮੀਆਂ!
ਮੰਤਰੀ-ਮੰਡਲ ਦੀ ਅਗਲੀ ਜੋ ਹੋਊ ਮੀਟਿੰਗ ਹੋਊ ਜੇਹਲ ਤਿਹਾੜ ਦੇ ਵਿੱਚ ਮੀਆਂ!!

## 619. ਪਲਟੀ

ਸੁਬਹ ਉੱਠ ਨਾ ਲੀਡਰ ਦਾ ਨਾਂ ਲਈਏ ਰਿਹਾ ਲੀਡਰਾਂ ਕੋਈ ਇਤਬਾਰ ਨਾਹੀਂ।
ਵੋਟਾਂ ਵੇਲੇ ਇਹ ਗਧੇ ਨੂੰ ਬਾਪ ਕਹਿੰਦੇ ਮਗਰੋਂ ਪਿਓ ਕੀ? ਕਿਸੇ ਦੇ ਯਾਰ ਨਾਹੀਂ।
ਕੁਰਸੀ ਇਹਨਾਂ ਲਈ ਅਤੇ ਪਰਵਾਰ ਪਹਿਲੋਂ ਕੋਈ ਪੰਥ ਨਾਲ ਪੜਾ-ਪਿਆਰ ਨਾਹੀਂ।
ਛੁਰੀ ਪੰਥ-ਪ੍ਰੱਸਤਾਂ ਗਲ ਆਪ ਵਾਹੁੰਦੇ ਲੈਂਦੇ ਕਦੇ ਵੀ ਉਹਨਾਂ ਦੀ ਸਾਰ ਨਾਹੀਂ।
ਫ਼ੱਕਰਾ ਬਾਦਲ ਨੇ ਪਹਿਲੋਂ ਬਿਆਨ ਦਿੱਤਾ-ਮਤਾ ਭੁੱਲਰ ਦਾ ਸਭਾ ਵਿੱਚ ਧਰਾਂਗੇ ਜੀ!
ਸਾਨੂੰ ਕੁੱਤੇ ਨੇ ਵੱਢਿਐ? 'ਪ੍ਰਕਾਸ਼' ਸਿਹੁੰ ਹਾਂ ਗੁੱਲ ਪੰਥ ਦੀ ਬੱਤੀ ਨੂੰ ਕਰਾਂਗੇ ਜੀ!!

## 620. ਮੀਤ

ਮਨਪ੍ਰੀਤ ਨੂੰ ਫ਼ੱਕਰ ਸਲਾਹ ਦੇਵੇ-ਆਪਣੇ ਨਾਮ ਦੇ ਨਾਲੋਂ ਉਡਾਏ 'ਬਾਦਲ'।
ਜਿਹੜਾ ਨਾਮ ਹੈ ਐਨਾ ਬਦਨਾਮ ਹੋਇਆ ਭੁੱਲ ਕੇ ਨਾਮ ਦੇ ਨਾਲ ਨਾ ਲਾਏ 'ਬਾਦਲ'।
ਐਸੇ ਤਾਏ ਦਾ ਦਿਲੋਂ ਖ਼ਿਆਲ ਛੱਡੇ ਤਾਲ ਕੋਈ ਨਾ ਨਾਲ ਮਿਲਾਏ 'ਬਾਦਲ'।
ਹਿੱਕ ਤਾਣ ਕੇ ਬਾਦਲਾਂ ਕਹੇ ਝੂਠਾ ਝੂਠੀ ਪਿੰਡੋਂ ਜੋ ਵੋਟ ਪਵਾਏ 'ਬਾਦਲ'।
ਮਨਪ੍ਰੀਤ ਦੇ ਨਾਂ ਨਾਲ ਲੱਗੇ 'ਬਾਦਲ' ਆਉਂਦੀ ਸਿੱਖਾਂ ਨੂੰ ਕਾਈ ਪ੍ਰਤੀਤ ਨਾਹੀਂ!
ਫ਼ੱਕਰ ਜੀਹਦੇ ਨਾਲ 'ਬਾਦਲ' ਦਾ ਭੂਤ ਚਿੰਬੜੇ ਓਹਨੂੰ ਸਮਝੀਏ ਸਿੱਖਾਂ ਦਾ ਮੀਤ ਨਾਹੀਂ!!

(10 ਅਕਤੂਬਰ, 11)

## 621. ਉਮਾ ਭਾਰਤੀ

ਉਮਾ ਭਾਰਤੀ ਫ਼ੱਕਰਾ ਗਰਮ ਹੋਈ ਤਿਹੁ ਕਿਵੇਂ ਅਡਵਾਨੀ ਦਾ ਜਾਗਿਆ ਹੈ।
ਪੱਥਰ ਚੱਟ ਕੇ ਮੱਛੀ ਹੈ ਆਈ ਵਾਪਸ ਮਨ ਬਹੁਤ ਹੀ ਰਿਹਾ ਵਿਰਾਗਿਆ ਹੈ।
ਰੰਭ ਭਾਜਪਾ ਮਾਂਓਂ ਨੂੰ ਚਿੰਬੜੀ ਆ ਲੰਮੇ ਕਿਵੇਂ ਵਿਛੋੜੇ ਨੂੰ ਝਾਗਿਆ ਹੈ।
ਕਿਵੇਂ ਸਾਹ ਦੇ ਵਿੱਚ ਹੈ ਸਾਹ ਆਇਆ ਜਦੋਂ ਹੋਇਆ ਇਸ਼ਾਰਾ ਕਿ ‘ਆਗਿਆ ਹੈ’।
ਅਖੇ -ਲੱਭਣਾ ਵੱਡਾ ਵਜ਼ੀਰ ਜੇਕਰ ਬਿਨਾਂ ਹੋਰ ਅਡਵਾਨੀ ਨਹੀਂ ਹੋ ਸਕਦਾ!
ਤੋਕੜ-ਨੇਤਾ ਹੀ ਐਸੜਾ ਭੇਤ ਜਾਣੇ ਕੋਈ ਦੂਸਰਾ ਬੋਕ ਨਹੀਂ ਚੋ ਸਕਦਾ!!

## 622. ਸੇਵਾ

ਕਿਹਾ ਬਾਦਲਾਂ -ਖੋਹਲ ਕੇ ਕੰਨ ਸੁਣਲੋ ਅਸੀਂ ‘ਰਾਜ ਨਹੀਂ ਸੇਵਾ’ ਕਮਾਂਵਦੇ ਹਾਂ।
ਕਿਉਂਕਿ ਸੂਬਾ ਹੈ ਖੇਤੀ-ਪ੍ਰਧਾਨ ਸਾਡਾ ਵਾੜ ਬਣੇ ਹਾਂ ਖੇਤ ਨੂੰ ਖਾਂਵਦੇ ਹਾਂ।
ਝੋਨਾ ਚੱਕਣ ਦਾ ਸਾਨੂੰ ਨਾ ਚਾਅ ਕੋਈ ਦਿੱਸੀਏ ਝੋਨੇ ਪਰ ਚੂਨਾ ਹੀ ਲਾਂਵਦੇ ਹਾਂ।
ਸਾਡੀ ਨਹੀਂ ਨਿਕਦਰੀ ਵਾਂਗ ਆਲੂਆਂ ਦੇ ਮੇਚ ਸਾਰੀਆਂ ਸਬਜ਼ੀਆਂ ਆਂਵਦੇ ਹਾਂ।
ਨਿੱਕਾ ਅਸੀਂ ਕਿਸਾਨ ਨਹੀਂ ਰਹਿਣ ਦੇਣਾ ਹੁੰਦੇ ਪਏ ਤਾਂ ਹੋਣ ਬਰਬਾਦ ਲੋਕੀ!
ਬੰਦਾ ਹੋਏ ਬਦਨਾਮ ਨਹੀਂ ਨਾਮ ਹੁੰਦਾ? ਸਾਨੂੰ ਫ਼ੱਕਰਾ ਕਰਨਗੇ ਯਾਦ ਲੋਕੀ!!

## 623. ਠੱਗ

ਹੰਝੂ ਰੱਤ ਦੇ ਅੱਖਾਂ ਵਿੱਚ ਆਣ ਟਪਕੇ ਹਾਲ ਵੇਖਕੇ ਸੁੱਚੀ ਟਕਸਾਲ ਦਾ ਜੀ।
ਗਿਆ ਕੋਟਲੇ ਚੋਣ ਲਈ ਲੈਣ ਵੋਟਾਂ ਧੁੰਮਾਂ ਦਾਣਾ ਬਣ ਕਾਲੜੀ ਦਾਲ ਦਾ ਜੀ।
ਬੈਠਾ ਬਿਫ਼ਰ ਕੇ ਨਾਲ ਇਜ਼ਹਾਰ ਆਲਮ ਖੋਟਾ-ਮੁਹਰਾ ਬਣ ਚੰਦਰੀ ਚਾਲ ਦਾ ਜੀ।
ਟੁੱਟਕੇ ਪੰਥ ਤੋਂ ਪਿਆ ਸਰਕਾਰ ਝੋਲੀ ਕਿਹੜੇ ਵੈਂਗਣ ਹੈ ਪਤਾ ਨਹੀਂ ਭਾਲਦਾ ਜੀ?
ਅਣਖ ਵਾਲੇ ਤਾਂ ਫ਼ੱਕਰਾ ਚੜ੍ਹੇ ਸੂਲੀ ਲੋਟੂ-ਸਾਧ ਇਹ ਪਿੱਛੇ ਪਿਛਲੱਗ ਰਹਿ ਗੇ!
ਕੌਣ ਸੱਚੇ ਕਬੀਰ ਦੀ ਗੱਲ ਸੁਣਦੈ? ਜਦੋਂ ਬਹੁਤੇ ਬਨਾਰਸ ਦੇ ਠੱਗ ਰਹਿ ਗੇ!!

## 624. ਡਾਂਗ

ਹੱਥਾਂ ਪੈਰਾਂ ਦੀ ਪਈ ਸਰਕਾਰੀਆਂ ਨੂੰ ਰੁੱਤ ਆ ਗਈ ਮਾਰਨ ਜਾਂ ਮਰਨ ਵਾਲੀ।
ਟੱਟੂ ਧੂੜ ਦੇ ਵਿੱਚ ਭਜਾਉਣ ਵਾਲੀ ਭਾਸ਼ਣ ਝਾੜਨੇ ਦੀ ਵਾਅਦੇ ਕਰਨ ਵਾਲੀ।
ਢਾਅ ਕੇ ਛਿੱਲ ਮੁਜ਼ਾਹਰੀਆਂ ਲਾਹੁਣ ਵਾਲੀ ਡਾਂਗ ਫੇਰਕੇ ਪੀੜਾ ਨੂੰ ਹਰਨ ਵਾਲੀ।
ਛੇਤੀ ਕਰੋ ਪਰ ਪੱਥਰ ’ਤੇ ਧਰੋ ਪੱਥਰ ਲੰਘੇ ਘੜੀ ਨਾ ਪੱਥਰ ਕੋਈ ਧਰਨ ਵਾਲੀ।
ਜੇਕਰ ਐਤਕੀਂ ਹਾਰ ਗਏ ਚੋਣ ਅੰਦਰ ਕਿਹੜੇ ਜਨਮ ਵਿੱਚ ਧਰਾਂਗੇ ਫੇਰ ਪੱਥਰ?
ਮਗਰੋਂ ਲੋਕਾਂ ਵਰ੍ਹਾਉਣੇ ਜੋ ਮੀਂਹ ਵਾਂਗੂੰ ਕਿਵੇਂ ਫ਼ੱਕਰਾ ਜਰਾਂਗੇ ਫੇਰ ਪੱਥਰ?

(17 ਅਕਤੂਬਰ, 11)



## 625. ਸਦਾਮ ਗੱਦਾਫ਼ੀ

ਅੱਖਾਂ ਸਾਂਹਵੇਂ ਸਦਾਮ ਗੱਦਾਫ਼ੀ ਤੁਰਗੇ ਗੱਲ ਚਲਦੀ ਸੀ ਜਿਹਨਾਂ ਦਹਾਕਿਆਂ ਦੀ।
ਕੀਕਰ ਦੌਲਤਾਂ ਸੰਦੇ ਅੰਬਾਰ ਲਾਏ ਕਸਰ ਕੱਢਤੀ ਜਿਹਨਾਂ ਨੇ ਡਾਕਿਆਂ ਦੀ।
ਹਿੰਦ-ਚਿੜੀ ਦੇ ਜੜ੍ਹਾਂ ਤੋਂ ਖੰਭ ਪੁੱਟੇ ਗੱਲ ਭਾਰਤੀ ਚੋਰ-ਉੱਚਾਕਿਆਂ ਦੀ।
ਰੋਗ ਚੰਦਰਾ ਸਿੱਖੀ ਵੀ ਆਣ ਵੜਿਆ ਜਿੱਥੇ ਚਲਦੀ ਹੈ ਅੱਜਕਲ੍ਹ ਕਾਕਿਆਂ ਦੀ।
ਫ਼ੱਕਰਾ ਬੁੱਢਿਆਂ ਨੇ ਸ਼ਰਮ ਹਿਯਾਓ ਲਾਹੀ ਦਿੱਤੇ ਥਾਪ ਨੇ ਕਿਵੇਂ ਪ੍ਰਧਾਨ ਕਾਕੇ!
ਪੰਥ ਡੋਬ ਕੇ ਮਾਪਿਆਂ ਦੇਣ ’ਗੂਠਾ ਵੇਖੀਂ ਮੌਤ ਦਾ ਬਣਨ ਸਾਮਾਨ ਕਾਕੇ!!

## 626. ਚੋਰ

ਫ਼ੱਕਰ ਕਿਹਾ-ਕਪਤਾਨ ਜੀ ਗੱਲ ਸੁਣੀਏਂ ਕੇਸੀਂ ਨ੍ਹਾਇਕੇ ਬੈਠ ਵਿਚਾਰੀਏ ਜੀ।
ਢੱਟੇ ਬਣਿਆਂ ਹੀ ਪੈਂਦੇ ਹਨ ਮੁੱਲ ਮਹਿੰਗੇ ਢੱਟੇ ਰਹੀਏ ਤੇ ਮੋਕ ਨਾ ਮਾਰੀਏ ਜੀ।
ਅੱਗੇ ਪੰਥ ਪੰਜਾਬ ਦੀ ਜਿਵੇਂ ਕੀਤੀ ਓਸ ਰੀਤ ਨੂੰ ਨਹੀਂ ਵਿਸਾਰੀਏ ਜੀ।
ਕਰੀਏ ਕਰਮ ਪੰਜਾਬ ਦੀ ਬਾਂਹ ਫੜੀਏ ਗੰਧਲ-ਚੌਂਦੇਂ ਜੋ ਪੈਂਦੀ ਨਿਤਾਰੀਏ ਜੀ।
ਕਾਹਤੋਂ ਪਾਏਂ ਸੁਖਬੀਰ ਨਾਲ ਜੱਫੀਆਂ ਤੂੰ ਕਾਹਤੋਂ ਰਾਜਿਆ ਐਨਾ ਕਮਜ਼ੋਰ ਹੋਇਐ?
ਕਿਓਂ ਤੂੰ ਆਪਣਾ ਕੂੰਡਾ ਕਰਵੌਣ ਲੱਗੈਂ ਲੋਕ ਕਹਿਣਗੇ ਚੋਰਾਂ ਨਾਲ ਚੋਰ ਹੋਇਐ!

## 627. ਆਨ?

ਜਿਵੇਂ ਮਾਨ ਜੀ ਸਦਾ ਬਿਆਨ ਦਿੰਦੇ ਆਇਐ ਉਹਨਾਂ ਦਾ ਸੋਹਣਾ ਬਿਆਨ ਮੀਆਂ।
ਹਾਰ ਮਗਰੋਂ ਹੀ ਹੌਂਸਲੇ ਹਨ ਉੱਚੇ ਮੈਂ ਕੁਰਬਾਨ! ਤੇ ਮੈਂ ਕੁਰਬਾਨ ਮੀਆਂ!!
ਕਿਵੇਂ ਬਾਦਲ ਜਿਤਾਇਐ ਸ਼ਤਰੰਜ-ਚਾਲੀਂ ਓਹਦੀ ਰੱਖਲੀ ਕਿਸਤਰ੍ਹਾਂ ਸ਼ਾਨ ਮੀਆਂ।
ਕਹਿਣ ਰਥ ਅਡਵਾਨੀ ਦਾ ਰੋਕਣੈਂ ਹੁਣ ਅਸੀਂ ਰੱਖਣੀ ਪੰਥ ਦੀ ਆਨ ਮੀਆਂ।
ਫ਼ੱਕਰਾ ਪੰਥ ਨੂੰ ਵੇਖਲਾ ਪੁਲਸ ਪੈਗੀ ਪੰਥ ਉੱਤੇ ਦੁ-ਧਾਰੀਆਂ ਚੱਲੀਆਂ ਨੇ!
‘ਸ਼ੇਰ’ ਵੱਟਦੇ ਹਨ ਮੁੱਲ ਕੁਰਬਾਨੀਆਂ ਦੇ ‘ਗੀਦੀ-ਗਿੱਦੜਾਂ’ ਗੱਦੀਆਂ ਮੱਲੀਆਂ ਨੇ!!

## 628. ਝੰਡਾ

ਅਮਰਗੜ੍ਹੋਂ ਤਲਵੰਡੀ ਨੂੰ ਖੜ੍ਹਾ ਕਰੀਏ ਫੱਟੀਆਂ ਗੋਡਿਆਂ ਨਾਲ ਲਗਾਇ ਕੇ ਜੀ।
ਗਾਹਲਾਂ ਕੱਢੇ ਕੀ? ਪੰਥ ’ਤੇ ਭੀੜ ਭਾਰੀ ਰੱਖੀਏ ਅੜਬ ਦੇ ਨਾਲ ਬਣਾਇ ਕੇ ਜੀ।
ਤੁਰ ਹੋਵੇ ਨਾ ਫਿੱਟੇ-ਮੂੰਹ ਗੋਡਿਆਂ ਦਾ ਇਹਨੂੰ ਰਗੜੀਏ ਨਾਲੇ ਰਿੜ੍ਹਾਇ ਕੇ ਜੀ।
ਮਰਨ-ਕੰਢੇ ਬਰਨਾਲਾ ਡਰਾਉਣ ਖਾਤਰ ਇਹਦੀ ਟੰਗੀਏ ਖੱਲ ਵਿਛਾਇ ਕੇ ਜੀ।
ਇਕ ਪਾਸੇ ਤਾਂ ਯੂਥ ਨੂੰ ਵਰਤਦੇ ਹਨ ਇਕ ਪਾਸੇ ਐਂਟੀਕਾਂ ਨੂੰ ਕੱਢਦੇ ਹਨ?
ਫ਼ੱਕਰਾ ਵੇਖ ਲਾ ਗੱਲ ਅਕਾਲੀਆਂ ਦੀ ਮੇਚ ਥਾਂਓਂ ’ਤੇ ਝੰਡੜੇ ਗੱਡਦੇ ਹਨ!!

(23 ਅਕਤੂਬਰ,11)

## 629. ਰੋਟੀਆਂ

ਫ਼ੱਕਰਾ ਵੇਖਲਾ ਸਿੱਖਾਂ ਨੂੰ ਕੀ ਹੋਇਆ, ਕਿਵੇਂ ਕੋਕ ਵਿੱਚ ਰੋਟੀਆਂ ਚੂਰਦੇ ਹਨ।
'ਕਾਹਤੋਂ ਨਹੀਂ ਓਬਾਮਾ ਦਰਬਾਰ ਜਾਂਦਾ?' ਕਿਵੇਂ ਵੇਖ ਵਿਚਾਰੇ ਨੂੰ ਹੂਰਦੇ ਹਨ।
ਲੋਕੀ ਸ਼ਰਧਾ ਨਾਲ ਤੀਰਥੀਂ ਹਨ ਜਾਂਦੇ ਆਪਣੀ ਗੱਲ ਮੰਨਵਾਣ ਲਈ ਘੂਰਦੇ ਹਨ।
ਚਿੱਤ ਕਰੇ ਕੋਈ ਜਾਂਦਾ ਨਾ ਜਾਏ ਓਥੇ ਕਾਹਤੋਂ ਖੁਸ਼ੀ ਲਈ ਆਸਾਂ ਨੂੰ ਪੂਰਦੇ ਹਨ?
ਆਖਣ ਨਹੀਂ ਜੇ ਭਲਾ ਦਰਬਾਰ ਜਾਣਾ ਪਾਕਿਸਤਾਨ-ਗੁਰਧਾਮੀਂ ਹੀ ਜਾ ਆਵੇ!
ਸਾਡੇ ਲੀਡਰੀ-ਬਿਆਨ ਦੀ ਲਾਜ ਰੱਖੇ ਸਾਡੀ ਭੋਰਾ ਤਾਂ ਟ੍ਰੌਅਰ ਬਣਾ ਆਵੇ!!

## 630. ਪਿਆਰ

ਚੂਹੇ ਕੱਲ੍ਹ ਪਜਾਮੀ ਵਿੱਚ ਛੱਡਦੇ ਸੀ ਜੱਫ਼ੀਆਂ ਪਾਉਣ ਲਈ ਵੇਖੋ ਤਿਆਰ ਹੋ ਗਏ।
ਕਿਵੇਂ ਬਦਲ ਗਏ ਜ਼ਾਵੀਏ ਦਿਨਾਂ ਅੰਦਰ ਥਾਂਵੇਂ ਨਫ਼ਰਤਾਂ ਕਿਵੇਂ ਪਿਆਰ ਹੋ ਗਏ।
ਪਿਆ ਖ਼ੌਫ਼ ਮਨਪ੍ਰੀਤ ਦਾ ਦੋਹਾਂ ਤਾਈਂ ਕੰਨ ਚੁੱਕਕੇ ਦੋਵੇਂ ਹੁਸ਼ਿਆਰ ਹੋ ਗਏ।
ਮਾਂਜਾ ਫਿਰੇ ਨਾ ਦੋਹਾਂ ਨੂੰ ਕਿਤੇ ਆ ਕੇ ਛੱਡ ਕੇ ਦੁਸ਼ਮਣੀ ਦੋਵੇਂ ਦਿਲਦਾਰ ਹੋ ਗਏ।
ਦੁਸ਼ਮਣ ਦੁਸ਼ਮਣ ਦਾ ਮਿੱਤਰ ਹੈ ਬਣ ਜਾਂਦਾ ਗੱਲਾਂ ਸਿਆਣਿਆਂ ਸੱਚ ਉਚਾਰੀਆਂ ਜੀ!
ਦੀਨ-ਧਰਮ ਨਾ ਹੁੰਦਾ ਕੋਈ ਲੀਡਰਾਂ ਦਾ ਫ਼ੱਕਰਾ ਕੁਰਸੀਆਂ ਜਿਨ੍ਹਾਂ ਨੂੰ ਪਿਆਰੀਆਂ ਜੀ!!

## 631. ਪੈਂਚਰ

ਫ਼ੱਕਰਾ ਮਾਨ ਦਾ ਜਦੋਂ ਬਿਆਨ ਆਵੇ ਬੰਦਾ ਹੱਸੇ ਤੋਂ ਬਿਨਾਂ ਨਹੀਂ ਰਹਿ ਸਕਦਾ।
'ਕਰਨਾ ਮੈਂ ਅਡਵਾਨੀ ਦਾ ਰੱਥ ਪੈਂਚਰ' ਕੋਈ ਮਾਨ ਦੇ ਬਿਨਾਂ ਨਹੀਂ ਕਹਿ ਸਕਦਾ।
ਪੰਥਕ-ਮੋਰਚੇ ਦਾ ਕੀਤਾ ਜਿਉਂ ਟਾਇਰ ਪੈਂਚਰ ਪੰਥ-ਦਰਦੀ ਕੋਈ ਦਿਲੋਂ ਨਹੀਂ ਸਹਿ ਸਕਦਾ।
ਕੰਮ ਸ਼ੇਰ ਦਾ ਹੁੰਦਾ ਹੈ ਭਬਕਣਾ ਹੀ ਉੱਡੇ ਚਿੜੀ ਨਿਚੱਲਾ ਨਹੀਂ ਬਹਿ ਸਕਦਾ।
ਭਾਵੇਂ ਮਾਨ ਤੇ ਭਾਵੇਂ ਨਾ ਮਾਨ ਭਾਈ ਗਲ਼ ਪਵਾਂਗੇ ਅਸੀਂ ਮਹਿਮਾਨ ਬਣ ਕੇ!
ਆਪਣੀ ਆਦਤ ਤੋਂ ਅਸੀਂ ਨਹੀਂ ਬਾਜ਼ ਆਉਣਾ ਥੋਨੂੰ ਟੱਕਰਾਂਗੇ ਪੁੱਠੇ ਬਿਆਨ ਬਣ ਕੇ!!

## 632. ਬਾਂਦਰ

ਆਉਂਦੀ ਜਾਂਦੀ ਹੈ ਜਿਓਂ ਜਿਓਂ ਚੋਣ ਨੇੜੇ ਲਾਟੂ ਆਪਣੇ ਰੰਗ ਦਿਖਲਾਣ ਲੱਗੇ।
ਇੱਕ ਪਾਰਟੀ ਛੱਡਣ ਤੇ ਵਰਨ ਦੂਜੀ ਨਾਲ ਤੇਜ਼ੀ ਦੇ ਘੁੰਮਣ-ਘੁਮਾਣ ਲੱਗੇ।
ਲੀਡਰ ਵੱਡੀਆਂ ਕੁਰਸੀਆਂ ਚਾਹੁਣ ਵਾਲੇ ਪੈਰੀਂ ਹੱਥ ਲਾ ਰੁੱਸੇ ਮਨਾਣ ਲੱਗੇ।
ਝੂਠੇ ਵਾਅਦਿਆਂ ਨਾਲ ਨਿਹਾਲ ਕਰਕੇ ਖਿੱਲਾਂ ਬਾਂਦਰਾਂ ਤਾਈਂ ਹਨ ਪਾਣ ਲੱਗੇ।
ਬੇ-ਰੁਜ਼ਗਾਰਾਂ ਨੂੰ ਪੈਂਦੀਆਂ ਖ਼ੂਬ ਡਾਂਗਾਂ ਚਾਂਦੀ ਫ਼ੱਕਰਾ ਲੀਡਰਾਂ-ਲਾਟੂਆਂ ਦੀ!
ਐਸੇ ਕੰਮ ਨਾ ਕਰਨ ਜ਼ਮੀਰ ਵਾਲੇ ਇਹ ਤਾਂ ਖੇਡ੍ਹ ਹੈ ਵਾਧੂਆਂ-ਘਾਟੂਆਂ ਦੀ!!
(30 ਅਕਤੂਬਰ, 11)



## 633. ਗੁੱਲੀ-ਡੰਡਾ

ਪਾਣੀ ਵਰਗੀ ਪਵਿੱਤਰ ਤੇ ਪਾਕ ਕੌਡੀ ਕੌਡੇ-ਰਾਖਸ਼ਾਂ ਹੱਥੀਂ ਮਜ਼ਬੂਰ ਹੋ ਗਈ।
ਦਿਲ-ਦਾਦੇ ਜਿਸ ਦੇਖਣ ਲਈ ਤਰਸਦੇ ਸਨ ਵੇਖੋ ਹਾਕਮਾਂ ਸੰਦੀ ਮਜ਼ਦੂਰ ਹੋ ਗਈ।
ਅੱਜ ਕਲ੍ਹ ਮੀਡੀਆ ਬੁਰਛਿਆਂ ਹੱਥ ਆਇਐ ਮਾਂਓਂ ਰਹੀ ਨਾ 'ਰੰਨ' ਮਸ਼ਹੂਰ ਹੋ ਗਈ।
ਜਿਹਨਾਂ ਖੇਡਿਆ ਕਦੇ ਨਾ ਗੁੱਲੀ-ਡੰਡਾ ਆਸ ਉਹਨਾਂ ਦੀ ਪੂਰ ਜ਼ਰੂਰ ਹੋ ਗਈ।
ਫ਼ੱਕਰਾ ਵਰਤ ਗਏ ਆਪਣੀ ਮਾਂ ਲੀਡਰ ਛੱਡਿਆ ਕੀ ਹੈ ਇਹਨਾਂ ਵਿੱਭਚਾਰੀਆਂ ਨੇ?
"ਮੈਨੂੰ ਵੇਚ ਗਏ ਦਿਨੇ-ਦਪਹਿਰੇ ਲੋਕੋ" ਧਾਹਾਂ ਮਾਂ ਕਬੱਡੀ ਨੇ ਮਾਰੀਆਂ ਨੇ!!

## 634. ਜਲੂਸ

ਸਿੱਖ-ਪੀੜਤਾਂ ਦਾ ਹਫ਼ਤਾ ਇਕ ਪਾਸੇ ਹਫ਼ਤੇ ਓਸ ਹੀ ਨੰਗੀਆਂ ਨੱਚੀਆਂ ਨੇ।
ਸ਼ਾਹਰੁਖ ਖ਼ਾਨ ਨੂੰ ਚਿੰਬੜੇ ਪਿਓ-ਪੁੱਤਰ ਸ਼ੁਹਰਤ-ਵਹਿਸ਼ਤਾਂ ਅੱਗ ਬਣ ਮੱਚੀਆਂ ਨੇ।
'ਛੱਡੀ ਨਹੀਂ' ਛਡਵਾਣ ਦੇ ਕਰਨ ਦਾਅਵੇ ਵਿੱਚ ਨਸ਼ੇ ਦੇ ਮਾਰਦੇ ਕੱਚੀਆਂ ਨੇ।
ਕੌਡੀ ਸਦਾ ਪ੍ਰਵਾਸੀ ਪੰਜਾਬ ਖੇਡਣ ਕੇਹੀਆਂ ਪਾਈਆਂ ਇਹ ਪੁੱਠੀਆਂ ਬੱਚੀਆਂ ਨੇ।
ਢਾਡੀ ਅਤੇ ਕਵੀਸ਼ਰ ਤਾਂ ਗਏ ਬੀਤੇ ਸੇਲ੍ਹੀ-ਪੱਟ ਹੀ ਵੇਖੋ ਪ੍ਰਧਾਨ ਹੋਈਆਂ!
ਪਿਓ-ਪੁੱਤ ਸਿੱਖਾਂ ਦਾ ਕਿਵੇਂ ਜਲੂਸ ਕੱਢਣ ਫ਼ੱਕਰਾ ਸੰਗਤਾਂ ਬਹੁਤ ਹੈਰਾਨ ਹੋਈਆਂ!!

## 635. ਧੌਲਰ

ਫ਼ੱਕਰਾ ਕੌਮਾਂ 'ਚੋਂ ਸਿੱਖ ਹੀ ਕੌਮ ਹੈ ਨਾ? ਜਿਹੜੀ ਲੋੜਦੀ ਆਪਣਾ ਅੰਤ ਹੋਵੇ।
ਜੀਹਨੂੰ ਵਾਹਿਗੁਰੂ ਕਰ ਕਰਤਾਰ ਬਖਸ਼ਿਸ਼ ਦਿੱਤਾ ਬਖਸ਼ ਜਰਨੈਲ ਜਿਹਾ ਸੰਤ ਹੋਵੇ।
ਜੀਹਨੂੰ ਮਿਲੇ ਬਿਅੰਤ ਸਿੰਘ ਜਿਹਾ ਹੀਰਾ ਜਿਹੜੀ ਫੇਰ ਵੀ ਨਹੀਂ ਧਨਵੰਤ ਹੋਵੇ।
ਓਸ ਕੌਮ ਦੇ ਧੌਲਰ ਕੀ ਅੱਗ ਲਾਉਣੇ! ਜੀਹਨੂੰ ਭੁੱਲਿਆ ਭਲਾ ਸਤਵੰਤ ਹੋਵੇ।
ਬਰਸੀ ਨਹੀਂ ਬਿਅੰਤ ਤੇ ਪਹੁੰਚ ਸਕੇ ਉਹਨਾਂ ਬਾਬੜ੍ਹਕੇ ਆਖ ਗੱਦਾਰ ਮੀਆਂ!
ਜਿਹੜੀ ਕੌਮ ਸ਼ਹੀਦਾਂ ਨੂੰ ਭੁੱਲ ਜਾਂਦੀ ਪੈਂਦੀ ਰੱਬ ਦੀ ਲਾਜ਼ਮੀ ਮਾਰ ਮੀਆਂ!!

## 636. ਧੁਮਾਲ

ਖੇਡਣ ਬੜੇ-ਬਾਦਲ, ਰਾਮਦੇਵ ਖੇਡੇ ਵੇਖੋ ਬਣੀ ਹੈ ਕਿਵੇਂ ਪ੍ਰਧਾਨ ਕੌਡੀ।
ਪੀ.ਟੀ.ਸੀ. ਦੀ ਵੇਖੋ ਧੁਮਾਲ ਪੈਂਦੀ- ਸਾਡੀ ਮਾਂ ਤੇ ਮਾਂ ਮਹਾਨ ਕੌਡੀ।
ਚੜ੍ਹ ਗਈ ਜਿਹੜੀ ਹੈ ਪਟੇ ਸ਼ੈਤਾਨੜੀ ਦੇ ਜਾਣੇ ਸਿੱਖਾਂ ਕੀ ਬੁੱਧ ਤੇ ਗਿਆਨ ਕੌਡੀ।
ਕੰਮ ਕੌਮ ਪੰਜਾਬ ਦਾ ਸੰਵਰਨਾ ਕੀ ਘੁਕਦੀ ਮਾਨ ਦੇ ਵਾਂਗ ਮਿਆਨ ਕੌਡੀ।
ਸਿੱਖ ਭੁੱਲੇ ਨਹੀਂ ਕੌਡੀ ਦੇ ਆਸ਼ਕਾਂ ਨੂੰ ਜਿਹਨਾਂ ਬਹੁਤ ਪਿਆਰੈ ਇਜ਼ਹਾਰ ਆਲਮ!
ਟਿਕਟ ਫ਼ੱਕਰਾ ਓਸੇ ਨੂੰ ਦੇਣ ਫਿਰਦੇ ਪੁੱਤ ਸਿੱਖਾਂ ਜਿਸ ਮਾਰੇ ਇਜ਼ਹਾਰ ਆਲਮ!!
(6 ਨਵੰਬਰ,11)

## 637. ਨੌਂ ਸੌ ਚੂਹੇ

ਆਉਂਦੇ-ਸਾਰ ਹਨੇਰੜੀ ਅੰਨਾ ਵਾਲੀ ਬਾਦਲ ਹਵਾ ਦੇ ਲੋਟ ਤਿਆਰ ਹੋ ਗਏ।
ਭ੍ਰਿਸ਼ਟਾਚਾਰੀਆਂ ਜਿਹਨਾਂ ਨੂੰ ਪਿਆਰੀਆਂ ਸਨ ਇਕਦਮ ਉਨ੍ਹਾਂ ਦੇ ਉਲਟ ਵਿਵਹਾਰ ਹੋ ਗਏ।
ਦਿੰਦੇ ਧਰਨੇ ਤੇ ਕਾਂਗਰਸ ਪਏ ਕੋਸਣ ਚਿੱਟੇ ਦੁੱਧ ਦੀ ਆਪ ਨੇ ਧਾਰ ਹੋ ਗਏ।
ਚੱਟਿਆ ਪੰਥ ਪੰਜਾਬ ਨੂੰ ਆਹਣ ਵਾਂਗੂੰ ਆਹ ਹੁਣ ਅੰਨੇ ਦੇ ਬਚਪਨ ਦੇ ਯਾਰ ਹੋ ਗਏ।
ਰੱਜੇ ਨਾਲ ਨਾ ਲੁੱਟਾਂ ਤੇ ਗੋਲਕਾਂ ਦੇ ਬੋਲਣ ਛਾਨਣੀ ਤੋਂ ਉੱਚੇ ਛੱਜ ਭਾਈ!
ਨੌਂ ਸੌ ਚੂਹੇ ਹੜੱਪ ਕੇ ਵੇਖ ਫ਼ੱਕਰ ਕਿਵੇਂ ਬਿੱਲੀਆਂ ਚੱਲੀਆਂ ਹੱਜ ਭਾਈ!!

## 638. ਸੱਚ

ਤਾਲ-ਮੇਲ ਕਮੇਟੀ ਨੇ ਖਰੀ ਆਖੀ ਸੱਚ ਸਮੇਂ ਦਾ ਆਣ ਨਿਤਾਰਿਆ ਹੈ।
ਸਿੰਘ ਸੱਜਣ ਤੇ ਬਣਨਗੇ ਓਹੀ ਮੈਂਬਰ ਫੂਲਕਿਆਂ ਨੇ ਭਲਾ ਲਲਕਾਰਿਆ ਹੈ।
ਜੱਥੇਦਾਰ ਵੀ ਚੰਗਾ ਆਦੇਸ਼ ਦਿੱਤੈ ਲੱਗੇ ਵਧੀਆ ਹੀ ਮੁੱਖੋਂ ਉਚਾਰਿਆ ਹੈ।
ਜੀਕੂੰ ਗੱਲ ਹੈ ਸਿੱਖਾਂ ਦੀ ਗਈ ਮੰਨੀਂ ਸਭਨਾਂ ਏਸਨੂੰ ਦਿਲੋਂ ਸਤਿਕਾਰਿਆ ਹੈ।
ਫ਼ੱਕਰਾ ਕਹੇ ਖਹਿਰਾ-ਬੀਬੀ ਸਿੱਖ ਨਾਹੀਂ ਫੇਰ ਏਸਨੂੰ ਕਾਹਤੋਂ ਖਲਿਹਾਰਦੇ ਹੋ?
ਜਿਹੜਾ ਕਹਿੰਨੇ ਹੋਂ ਓਸਨੂੰ ਕਰੋ ਲਾਗੂ ਹਵਾ ਵਿੱਚ ਤਲਵਾਰਾਂ ਕਿਓਂ ਮਾਰਦੇ ਹੋ?

## 639. ਕਾਕਾ

ਕੁਝ ਤਾਂ ਟੁੱਟਗੇ ਹੋਰ ਕੁਝ ਟੁੱਟਣਗੇ ਵੀ, ਪੀ.ਪੀ. ਛੱਡਤੀ ਵੇਖੋ ਬਥੇਰਿਆਂ ਨੇ।
ਜੱਟ ਦਿੰਦਾ ਪ੍ਰਦੇਸਾਂ ਦੇ ਰਿਹਾ ਗੇੜੇ ਬਦਲੇ ਖੇਤ ਹਨ ਫ਼ਸਲੀ ਬਟੇਰਿਆਂ ਨੇ।
ਸੁਰ ਜਦ ਅੰਨਾ ਹਜ਼ਾਰੇ ਨਾਲ ਮੇਲਣੀ ਸੀ ਪੱਥਾ ਪਾਇਆ ਸੁ ਬਾਹਰਲੇ ਫੇਰਿਆਂ ਨੇ।
ਜਿਹੜਾ ਮੰਨਦਾ ਮਿਲਾਣ ਜਾਂ ਕਰਨ ਅੰਦਰ ਕੀਹਨੂੰ ਹੈਸੀ ਉਡੀਕਣਾ ਘੇਰਿਆਂ ਨੇ?
ਪਹਿਲਾਂ ਪੀ.ਪੀ. ਦੀ ਬੰਨ੍ਹਦਾ ਭਰੀ ਏਥੇ ਕਰਦਾ ਬਾਹਰਲਾ ਫੇਰ ਖਿਆਲ ਕਾਕਾ!
ਹਭੀ-ਨਭੀ ਸਿਆਸਤ ਵਿੱਚ ਸਦਾ ਹੁੰਦੀ ਬੰਦੇ ਚਾਰ ਤਾਂ ਚਾਹੀਦੇ ਨਾਲ ਕਾਕਾ!!

## 640. ਢੱਟੇ

ਸਾਡਾ ਨਾਂ ਤਾਂ ਹੈ ਬਰਿਆੜ ਸਿੰਘ ਜੀ ਪੈਂਦੀ ਧਮਕ -ਸਰਕਾਰੀ ਤਾਂ ਧੜਕਦੇ ਹਾਂ।
ਜੇ ਨਾ ਪਾਰਟੀ ਕਰੇ ਐਡਜੈਸਟ ਸਾਨੂੰ ਖਾਲੀ ਪੀਪੇ ਦੇ ਵਾਂਗਰਾਂ ਖੜਕਦੇ ਹਾਂ।
ਪੀ.ਪੀ. ਲੱਗੇ ਫਿਰ ਅਸਾਂ ਨੂੰ ਬਹੁਤ ਪਿਆਰੀ ਐਪਰ ਅੱਖ ਸਰਕਾਰ ਦੀ ਰੜਕਦੇ ਹਾਂ।
ਫੇਰ ਹੋਇਆ ਕੀ ਲਿੱਬੜਦੀਆਂ ਜੇ ਲੱਤਾਂ? ਢੱਟੇ ਕਿਸੇ ਦੇ ਹੋਈਏ, ਪਰ ਬੜ੍ਹਕਦੇ ਹਾਂ।
ਦ੍ਰਿੜ੍ਹਤਾ ਪੱਲੇ ਨਾ, ਅਸਾਂ ਦਾ ਮਨ ਡੋਲੇ ਤਦੋਂ ਆਂਵਦੀ ਪਾਰਟੀ ਮਾਂ ਚੇਤੇ!
ਪਵੇ ਕੇਸ ਨਾ, ਨਾਲ਼ ਨੂੰ ਕਿਸੇ ਕੁਰਸੀ ਸਾਨੂੰ ਆਂਵਦੀ ਮਾਂ ਹੈ ਤਾਂ ਚੇਤੇ!!
(20 ਨਵੰਬਰ,11)



## 641. ਨੇਕ ਸਲਾਹ

ਦਿਲੋਂ ਸੱਚੀ ਇਕ ਨੇਕ-ਸਲਾਹ ਦੇਵਾਂ ਹਿੱਲ ਜਾਈਂ ਨਾ ਅੰਨਾ ਹਜ਼ਾਰਿਆ ਤੂੰ।
ਉਮਰ ਖਾਧੀ ਹੈ ਰਹਿੰਦੀ ਨੂੰ ਲਾ ਲੇਖੇ ਗਿਆ ਥਿੜਕ ਜੇ ਜਾਏਂਗਾ ਮਾਰਿਆ ਤੂੰ।
ਜਿਹੜਾ ਕਿਹੈ ਤੂੰ ਓਸਤੇ ਪੈਰ ਗੱਡੀਂ ਤਿਲ੍ਹਕ ਗਿਆ ਤਾਂ ਸਮਝ ਤ੍ਰਿਸਕਾਰਿਆ ਤੂੰ।
ਤੂੰ ਹੈਂ ਅੰਨਾ ਤੇ ਬਚਨ ਦਾ ਰਹੀਂ ਪੱਕਾ ਪਿੱਛਾ ਰੱਖ ਲਈਂ ਸਾਫ਼-ਸੰਵਾਰਿਆ ਤੂੰ।
ਤੇਰੀ ਖਾਤਰ ਕੜਿੱਕੀ ਹੈ ਆਣ ਲੱਗੀ ਧੌਣ ਆਪਣੀ ਵੇਖੀਂ ਫਸਵਾ ਨਾ ਲਈਂ!
ਰਾਮਦੇਵੀ ਦੇ ਵਾਂਗਰਾਂ ਲੈ ਚੁੰਨੀ ਕੂੰਡਾ ਆਪਣਾ ਕਿਤੇ ਕਰਵਾ ਨਾ ਲਈਂ!!

## 642. ਤਿੰਨ-ਫੁੱਟੀ

ਮਸਾਂ ਮਸਾਂ ਕਮੇਟੀ ਦੀ ਚੋਣ ਆਈ ਜਗਣ ਲੱਗੀ ਆਜ਼ਾਦੀ ਦੀ ਸ਼ਮ੍ਹਾ ਭਾਈ।
ਐਪਰ ਸੰਗ ਤੇ ਅਕਲ ਦੀ ਗੱਲ ਮੁੱਕੀ ਜਾਵੇ ਲੀਡਰੀ ਦੀ ਨਾਹੀਂ ਤਮ੍ਹਾਂ ਭਾਈ।
ਆਖਣ-ਲਾਹਵਾਂਗੇ ਬਾਦਲ ਨੂੰ ਐਸ ਵਾਰੀਂ ਮਸਾਂ ਢੁੱਕਿਆ ਆਣ ਹੈ ਸਮਾਂ ਭਾਈ।
ਕੋਹੜ-ਕਿਰਲੀਆਂ ਲੀਡਰੀ ਨਾਲ ਜੱਫ਼ੇ ਨਾਲ ਪੰਥ ਦੇ ਵਫ਼ਾ ਨਾ ਜਮਾਂ ਭਾਈ।
ਫ਼ੱਕਰ ਕਿਹਾ-ਸੀ ਚੋਣ 'ਸ਼੍ਰੋਮਣੀ' ਦੀ 'ਕੱਠੇ ਹੋਇਕੇ ਜਿੱਤ ਵਿਖਾ ਦਿੰਦੇ!
ਕਾਨਾ ਟਿੰਡ ਵਿੱਚ ਹੁਣੇ ਹੀ ਪਾਵਣਾ ਸੀ? ਤਿੰਨ-ਫੁੱਟੀ ਇਹ ਫੇਰ ਲਹਿਰਾਅ ਦਿੰਦੇ!!

## 643. ਬਾਜ਼-ਸਿੱਖ

ਹੋਏ ਵਿੱਚ ਇੰਗਲੈਂਡ ਦੇ ਆਣ ਦੰਗੇ ਅੱਗਾਂ ਲੱਗੀਆਂ ਮੰਦੜੇ ਹਾਲ ਦੇਖੋ।
ਮਿਲੇ ਨੌਕਰੀ ਨਾ ਲੋਕੀ ਖਾਣ ਧੱਕੇ ਪਿਆ ਕਿਵੇਂ ਰੁਜ਼ਗਾਰ ਦਾ ਕਾਲ ਦੇਖੋ।
ਨਿੱਕਲੇ ਗੈਂਗ ਤੇ ਗੁੰਡੜੇ ਆਣ ਸੜਕੀਂ ਸਿੱਟੜੇ ਦਹਿਸ਼ਤਾਂ ਸੰਦੜੇ ਜਾਲ ਦੇਖੋ।
ਬਾਜ਼-ਸਿੱਖ ਗਭਰੇਟ ਆ ਡਟੇ ਮੂਹਰੇ ਬਣੇ ਸਿੱਖਾਂ ਗੁਰਧਾਮਾਂ ਦੀ ਢਾਲ ਦੇਖੋ।
ਫ਼ੱਕਰ ਆਖਿਆ-ਸੂਰਿਓ ਜਾਂ ਸਦਕੇ ਸੋਹਣੇ ਗੱਭਰੂਓ ਤੁਸਾਂ ਅਸੀਸ ਦੇਈਏ!
ਜਿਹੜੇ ਪੰਥ ਦੇ ਐਵੇਂ ਜਲੂਸ ਕੱਢਣ ਲੀਡਰ ਕੂੰਡੇ ਵਿੱਚ ਰਗੜ ਕੇ ਪੀਸ ਦੇਈਏ!!

## 644. ਪ੍ਰਸ਼ਾਦ-ਪੈਕਟ

ਦੱਸੋਂ ਮਿੱਤਰ ਅਸਾਡੜੇ ਇੱਕ ਆਏ ਤੋਹਫ਼ਾ ਅਸਾਂ ਦੇ ਲਈ ਲਿਆਏ ਵਾਰੀ।
'ਬੰਗਲਾ ਸਾਹਿਬ' ਦਾ ਸਾਨੂੰ ਪ੍ਰਸ਼ਾਦ ਦਿੱਤਾ ਪੈਕਟ ਅਸਾਂ ਦੇ ਹੱਥ ਪਕੜਾਏ ਵਾਰੀ।
ਪੈਕਟ ਫੜਦਿਆਂ ਪੜ੍ਹੀ ਜਾਂ ਲਿਖਤ ਉਤਲੀ ਤੋਤੇ ਹੱਥਾਂ ਦੇ ਲਿਖਤ ਉੜਾਏ ਵਾਰੀ।
'ਭੇਟਾ ਦਸ ਰੁਪੱਈਏ' ਪ੍ਰਸ਼ਾਦ ਸੰਦੀ ਚਿੱਤ ਪੜ੍ਹੇ ਤੇ ਨਾਲੇ ਮੁਸਕਾਏ ਵਾਰੀ।
ਫ਼ੱਕਰਾ ਵੇਖਲੈ ਕੰਮ ਕਮੇਟੀਆਂ ਦੇ ਕੰਮ ਸਿੱਖੀ ਦੇ ਕਿਵੇਂ ਵਪਾਰ ਬਣਗੇ!
ਜੇਬ ਖਾਲੀ, ਕੀ ਲਾਲੋ ਪ੍ਰਸ਼ਾਦ ਲੈ ਲੂ? ਅੱਜ ਪ੍ਰੰਬਧਕ ਨੇ ਭਾਗੋ ਦੇ ਯਾਰ ਬਣਗੇ!!
(14 ਦਸੰਬਰ,11)

## 645. ਰਾਮ-ਲੀਲ੍ਹਾ

ਜਿੱਤ ਲੱਗੇ ਹਜ਼ਾਰੇ ਦੀ ਹੋਈ ਵੱਡੀ ਰਾਮ-ਲੀਲ੍ਹਾ ਵਿੱਚ ਵੱਜੀਆਂ ਤਾੜੀਆਂ ਨੇ।
ਛੁੱਟੀ ਧਿਰ ਵਿਰੋਧੀ ਸਰਕਾਰ ਛੁੱਟੀ ਪਾਰਲੀਮੈਂਟ  ਨੇ ਤੱਪੜੀਆਂ ਝਾੜੀਆਂ ਨੇ।
ਨੱਚਣ ਲੋਕ ਵੀ ਚਾਅ ਮੁਕਲਾਵਿਆਂ ਦੇ ਧਿਰਾਂ ਸਾਰੀਆਂ ਦੁਲਹਨਾਂ-ਲਾੜੀਆਂ ਨੇ।
ਕੌਣ ਢਿੱਡ ਦੀ ਗੱਲ ਨੂੰ ਜਾਣ ਸਕਦੈ ਨੀਤਾਂ ਲੀਡਰਾਂ ਕਿੰਨੀਆਂ ਮਾੜੀਆਂ ਨੇ।
ਕਰਿਆ ਕੰਮ ਹੈ ਅੰਨੇ ਨੇ ਖ਼ੂਬ ਚੰਗਾ ਪੁੱਛਦਾ ਮੋਇਆ ਹੈ ਫ਼ੱਕਰਾ ਚੰਗਿਆਂ ਨੂੰ!
ਕੀ ਹੈ ਸੰਵਰਨਾ? ਅੰਨੇ ਦੀ ਜਾਨ ਛੁੱਟੀ, ਲੀਡਰ ਟੰਗਦੇ, ਲਾਹੁੰਦੇ ਨਾ ਟੰਗਿਆਂ ਨੂੰ!!

## 646. ਲੰਬੜਦਾਰੀ

ਇੱਛਾ ਸਦਾ ਅਡਵਾਨੀ ਦੇ ਮਨ ਮਚਲੇ-ਗੱਦੀ ਛੱਡਣੀ ਚਾਹੀਏ ਮਨਮੋਹਣ ਤਾਈਂ।
ਕੋਈ ਪਵੇ ਪੰਗਾ ਸਾਡਾ ਲੱਗੇ ਨੰਬਰ ਕੀ ਉਡੀਕਣਾ ਭਲਾ ਹੈ ਚੋਣ ਤਾਈਂ?
ਮਸਾਂ ਅੰਨੇ ਕੁੜਿਕੀ ਵਿੱਚ ਸਿਰ ਦਿੱਤੈ ਆਇਐ ਧੌਣ ਅਸਾਡੜੇ ਧੌਣ ਤਾਈਂ।
ਦੇਵੋ ਪੂਛ ਨੂੰ ਵਟਾ ਤੇ ਲਾਓ ਬੰਨ੍ਹੇ ਝੱਗੀਓਂ ਕੱਢੋ ਰੁਮਾਲ ਫਿਰ ਰੋਣ ਤਾਈਂ।
ਫ਼ੱਕਰ ਕਿਹਾ-ਅਡਵਾਨੀ ਜੀ ਪਿੰਡ ਮਰਜੇ ਰੱਬ ਨੇ ਤੁਸਾਂ ਦੀ ਆਸ ਪੁਗਾਵਣੀ ਨਹੀਂ!
ਦੇਵੋ ਲੱਖ ਘਚਾਨੀਆਂ ਰਥ ਜੋੜੋ ਲੰਬੜਦਾਰੀ ਇਹ ਤੁਸਾਂ ਹੱਥ ਆਵਣੀ ਨਹੀਂ!!

## 647. ਟੋਪੀ

ਗਾਂਧੀ-ਟੋਪੀ ਇਹ ਅਤਿ ਦੀ ਹੈ ਖਚਰੀ ਨੰਗੇ ਗੰਜੇ ਨੂੰ ਇਹ ਸੁਹਾਏ ਟੋਪੀ।
ਨਾਓਂ ਗਾਂਧੀ ਦਾ ਨਹਿਰੂ ਨੇ ਪਾਈ ਚਾਦਰ ਚਾਚਾ ਬਣ ਗਿਆ ਸਿਰੇ ਸਜਾਏ ਟੋਪੀ।
ਸੂਤ ਮੂਲ ਅਡਵਾਨੀ ਨਾ ਆਈ ਜਿਹੜੀ ਮੇਚ ਅੰਨੇ ਨੂੰ ਗਈ ਕਿੰਝ ਆਏ ਟੋਪੀ।
ਐਪਰ ਸਿੱਖਾਂ ਨੂੰ ਫ਼ੋਬੀਆ ਲੀਡਰੀ ਦਾ ਬਾਦਲ ਪੱਗ ਦੀ ਵੇਖੋ ਬਣਾਏ ਟੋਪੀ।
ਥਾਪੀ ਦੇਵਾਂ ਮੈਂ 'ਪੀਪਲ-ਪਾਰਟੀ' ਨੂੰ ਦਿੱਲੀ ਜਾਇਕੇ ਰੱਖੀ ਪੱਗ-ਲਾਜ ਯਾਰੋ!
ਛਾਉਣ ਪੀਲੀਆਂ ਫ਼ੱਕਰਾ ਨੀਲੀਆਂ 'ਤੇ ਸੁਣੀ ਜਾਏ ਸ਼ਹੀਦਾਂ ਦੀ 'ਵਾਜ ਯਾਰੋ!!

## 648. ਚੋਰ

ਦਸਮ ਪਿਤਾ ਨੂੰ ਦਰਦਮੰਦ ਆਖਿਓ ਨੇ-ਸਿੱਖ ਇਹ ਗ਼ੁਲ ਕੀ ਦਾਤਾ ਖਿਲਾਉਣ ਲੱਗੇ?
ਮਸਾਂ ਮਸਾਂ ਕਮੇਟੀ ਦੀ ਚੋਣ ਆਈ ਖੇਹ ਹਨ ਆਪਣੇ ਸਿਰੀਂ ਇਹ ਪਾਉਣ ਲੱਗੇ।
ਬਾਦਲ-ਬੁਰਛਿਆਂ ਸਾਧਾਂ ਨੇ ਸਿਰ ਜੋੜੇ ਪੰਥਕ-ਸੋਚ ਨੂੰ ਮੁੱਢੋਂ ਦਫ਼ਨਾਉਣ ਲੱਗੇ।
ਮਾਨ ਹੈਂਕੜ ਦੀ ਵੱਡੀ ਕਿਰਪਾਨ ਲੈ ਕੇ ਪੰਥਕ-ਮੋਰਚੇ ਤਾਈਂ ਨੇ ਆਉਣ ਲੱਗੇ।
ਚੋਰੀ ਹੋਣ ਇਹ ਸਿੱਖਾਂ ਦੇ ਬਲਦ-ਲੀਡਰ ਪਹਿਲਾਂ ਜਿਹਨਾਂ ਨੂੰ ਪੁੱਤਰ-ਪਰਵਾਰ ਹੋ ਗੇ!
ਦਸਮ ਪਿਤਾ ਦੀ ਗੱਲ ਵਿਸਾਰ ਜਿਹੜੇ ਆਪਣੀ ਲੀਡਰੀ ਮਾਂਓਂ ਦੇ ਯਾਰ ਹੋ ਗੇ!!

(29 ਦਸੰਬਰ, 11)